BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237




Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.

CANTON REALTY
Raj S. Shergill
Broker
5820 N Canton Center Rd, Suite 141
734-751-4455 (Cell)
Rajsshergill@Yahoo.com

Twenty-Third Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 51, December 17, 2022 20451 N. Plum Grove Rd., Palatine, IL 60074 Ph:847-359-0746, Fax:847-705-9388

# ਬਾਦਲਾਂ ਨੂੰ ਹੁਣ ਵਿੱਤੀ ਖੋਰਾ

## ਚੰਡੀਗੜ੍ਹ 'ਚ ਬੱਸਾਂ ਦਾ ਦਾਖਲਾ ਬੰਦ

**ਚੰਡੀਗੜ੍ਹ:** ਸਿਆਸੀ ਮੈਦਾਨ ਵਿਚ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਬਾਦਲ ਪਰਿਵਾਰ ਨੂੰ ਹੁਣ ਵਿੱਤੀ ਪੱਖੋਂ ਵੀ ਮਾਰ ਪੈਣ ਲੱਗੀ ਹੈ। ਪੰਜਾਬ ਸਰਕਾਰ ਨੇ ਕਮਾਈ ਵਾਲੇ ਰੂਟਾਂ ਉਤੇ ਚੱਲਦੀਆਂ ਬਾਦਲ ਪਰਿਵਾਰ ਦੀਆਂ ਬੱਸਾਂ ਦਾ ਰਾਹ ਰੋਕਣਾ ਸ਼ੁਰੂ ਕਰ ਦਿੱਤਾ ਹੈ। ਭਗਵੰਤ ਮਾਨ ਸਰਕਾਰ ਨੇ ਬਾਦਲਾਂ ਦੀਆਂ ਬੱਸਾਂ ਦਾ ਚੰਡੀਗੜ੍ਹ ਵਿਚ ਦਾਖਲਾ ਬੰਦ ਕਰ ਦਿੱਤਾ ਹੈ। ਸਰਕਾਰ ਦਾ ਦਾਅਵਾ ਹੈ ਕਿ ਬਾਦਲ ਪਰਿਵਾਰ ਨੇ 2007 ਤੋਂ 2017 ਦੀਆਂ ਆਪਣੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਆਪਣੇ ਨਿੱਜੀ ਕਾਰੋਬਾਰ ਚਲਾਉਣ ਦੀ ਸੌੜੀ ਨੀਤੀ ਤਹਿਤ ਸਕੀਮਾਂ ਬਣਾਈਆਂ ਜਿਸ ਵਿਚ ਉਨ੍ਹਾਂ ਤੋਂ ਬਾਅਦ ਦੀ ਕਾਂਗਰਸ ਸਰਕਾਰ ਨੇ ਵੀ ਬਾਦਲਾਂ ਦੇ ਟਰਾਂਸਪੋਰਟ ਕਾਰੋਬਾਰ ਚਲਾਉਣ ਵਿਚ ਮਦਦ ਕੀਤੀ। ਸਰਕਾਰ ਨੇ ਹੁਣ ਸਖਤੀ ਕਰਦੇ ਹੋਏ ਇੰਟਰ-ਸਟੇਟ ਰੂਟਾਂ ਉਤੇ ਬਾਦਲ ਪਰਿਵਾਰ ਤੇ ਵੱਡੇ ਬੱਸ ਆਪ੍ਰੇਟਰਾਂ ਦੀਆਂ ਨਿੱਜੀ ਬੱਸਾਂ ਦਾ ਏਕਾਧਿਕਾਰ ਖਤਮ ਕਰ ਦਿੱਤਾ ਹੈ।



ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਦਾ ਕਹਿਣਾ ਹੈ ਕਿ ਕਾਂਗਰਸ ਵੱਲੋਂ ਇਸੇ ਮਨਸ਼ੇ ਤਹਿਤ 'ਪੰਜਾਬ ਟਰਾਂਸਪੋਰਟ ਸਕੀਮ-2018' ਬਣਾਈ ਗਈ ਜਿਸ ਵਿਚ ਸਟੇਟ ਸ਼ੇਅਰ ਘਟਾ ਕੇ ਵੱਡੇ ਬੱਸ ਆਪ੍ਰੇਟਰਾਂ ਨੂੰ ਫਾਇਦਾ ਤਾਂ ਪਹੁੰਚਾਇਆ ਹੀ ਗਿਆ ਜਿਸ ਦਾ ਸਿੱਧਾ ਫਾਇਦਾ ਬਾਦਲ ਪਰਿਵਾਰ ਨੂੰ ਮਿਲਿਆ ਸਗੋਂ ਚੰਡੀਗੜ੍ਹ ਵਿਚ ਬਾਦਲ ਪਰਿਵਾਰ ਦੀਆਂ ਬੱਸਾਂ ਦਾ ਦਾਖਲਾ ਬਾਦਸਤੂਰ ਜਾਰੀ ਰਿਹਾ। ਇਸ ਨਾਲ ਸਰਕਾਰੀ ਖਜਾਨੇ ਨੂੰ ਵੱਡੀ ਪੱਧਰ ਉਤੇ ਢਾਹ ਲਾਈ ਲਗਦੀ ਰਹੀ। ਹੁਣ ਸਰਕਾਰ ਨੇ 'ਪੰਜਾਬ ਟਰਾਂਸਪੋਰਟ ਸਕੀਮ-2018' ਵਿਚ ਸੋਧ ਕਰਕੇ ਇਸ ਨੂੰ 'ਪੰਜਾਬ ਟਰਾਂਸਪੋਰਟ (ਸੋਧ) ਸਕੀਮ-2022' ਕਰ ਦਿੱਤਾ ਗਿਆ ਹੈ। ਸਕੀਮ ਦੇ ਕਲਾਜ-3 ਦੀ ਲੜੀ ਨੰਬਰ-ਬੀ ਵਿਚ ਤਰਮੀਮ ਨਾਲ ਹੁਣ 100 ਫੀਸਦੀ ਸ਼ੇਅਰ ਨਾਲ ਸਿਰਫ ਸੂਬਾ ਸਰਕਾਰ ਦੀਆਂ ਬੱਸਾਂ ਹੀ ਚੰਡੀਗੜ੍ਹ ਵਿਚ ਦਾਖਲ ਹੋ ਸਕਣਗੀਆਂ। ਅੰਤਰ-ਰਾਜੀ ਰੂਟਾਂ ਉਤੇ 39 ਜਾਂ ਇਸ ਤੋਂ ਵੱਧ ਸਵਾਰੀਆਂ ਦੀ ਸਮਰੱਥਾ ਵਾਲੀਆਂ ਏਅਰ-ਕੰਡੀਸਨਡ ਸਟੇਜ ਕੈਰਿਜ ਬੱਸਾਂ ਸਿਰਫ ਸਟੇਟ ਟਰਾਂਸਪੋਰਟ ਅੰਡਰਟੇਕਿੰਗਜ ਵੱਲੋਂ ਹੀ ਹਰ ਸ਼੍ਰੇਣੀ ਵਿਚ ਉਨ੍ਹਾਂ ਦੇ ਸਮੁੱਚੇ ਸ਼ੇਅਰ ਵਿਚੋਂ ਹੀ ਚਲਾਈਆਂ ਜਾਣਗੀਆਂ।

ਟਰਾਂਸਪੋਰਟ ਮੰਤਰੀ ਨੇ ਦੋਸ਼ ਲਾਇਆ ਕਿ ਬਾਦਲ ਪਰਿਵਾਰ ਆਪਣੇ ਨਿੱਜ ਲਈ ਖਜ਼ਾਨੇ ਨੂੰ ਨਿਰੰਤਰ ਖੋਰਾ ਲਾਉਂਦਾ ਰਿਹਾ ਅਤੇ ਆਪਣੇ ਤੇ ਆਪਣੇ ਸਾਥੀਆਂ ਦੇ ਕਾਰੋਬਾਰ ਨੂੰ ਵਧਾਉਣ ਲਈ ਮਨਮਰਜ਼ੀ ਦੀਆਂ ਸਕੀਮਾਂ ਬਣਾਉਂਦਾ ਰਿਹਾ ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ, ਸਰਕਾਰੀ ਖਜ਼ਾਨੇ ਦੀ ਕੀਮਤ ਉਤੇ ਬਾਦਲਾਂ ਦੇ ਸੌੜੇ ਹਿੱਤਾਂ ਦੀ ਪੂਰਤੀ ਨਹੀਂ ਹੋਣ ਦੇਵੇਗੀ। ਯਾਦ ਰਹੇ ਕਿ ਬਾਦਲ ਪਰਿਵਾਰ ਦਾ ਬੱਸ ਕਾਰੋਬਾਰ ਹਮੇਸ਼ਾ ਚਰਚਾ ਵਿਚ ਰਿਹਾ ਹੈ। ਸਰਕਾਰੀ ਬੱਸਾਂ ਦਾ ਘਾਟਾ ਤੇ ਬਾਦਲ ਟ੍ਰਾਂਸਪੋਰਟ ਵਿਚ ਮੁਨਾਫਾ ਹਮੇਸ਼ਾ ਸਵਾਲ ਖੜ੍ਹੇ ਕਰਦਾ ਰਿਹਾ ਹੈ। ਪਿਛਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੇ ਆਖਰੀ ਵਰ੍ਹੇ ਸੂਬੇ ਦੇ ਟ੍ਰਾਂਸਪੋਰਟ ਮੰਤਰੀ ਵਜੋਂ ਕਮਾਨ ਸੰਭਾਲਣ ਤੋਂ ਬਾਅਦ ਰਾਜਾ ਵੜਿੰਗ ਨੇ ਵੀ ਬਾਦਲਾਂ ਦੀਆਂ ਬੱਸਾਂ ਘੇਰਨ ਦੀ ਮੁਹਿੰਮ ਵਿੱਢੀ ਸੀ ਪਰ ਬਹੁਤੀ ਸਫਲ ਨਹੀਂ ਹੋਈ। ਸੂਤਰਾਂ ਦੱਸਦੇ ਹਨ ਕਿ ਰਾਜਾ ਵੜਿੰਗ ਨੂੰ ਇਸ ਮਾਮਲੇ ਵਿਚ ਆਪਣੀ ਹੀ ਸਰਕਾਰ ਤੋਂ ਜ਼ਿਆਦਾ ਹਮਾਇਤ ਨਹੀਂ ਮਿਲੀ ਤੇ ਉਹ ਹੌਲੀ-ਹੌਲੀ ਇਸ ਮੁਹਿੰਮ ਤੋਂ ਪਾਸਾ ਵੱਟ ਗਏ। 'ਆਪ' ਸਰਕਾਰ ਬਣਦੇ ਹੀ ਬਾਦਲਾਂ ਨੂੰ ਸਭ ਤੋਂ ਪਹਿਲਾ ਝਟਕਾ ਦਿੱਲੀ ਹਵਾਈ ਅੱਡੇ ਲਈ ਸਰਕਾਰੀ ਬੱਸਾਂ ਚਲਾ ਕੇ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ ਕੋਈ ਸਰਕਾਰੀ ਬੱਸ ਦਿੱਲੀ ਅੱਡੇ ਵਿਚ ਦਾਖਲ ਨਹੀਂ ਹੁੰਦੀ ਸੀ ਤੇ ਇਸ ਮਲਾਈਦਾਰ ਰੂਟ ਉਤੇ ਸਿਰਫ ਬਾਦਲਾਂ ਦੀਆਂ ਬੱਸਾਂ ਹੀ ਚੱਲਦੀਆਂ ਸਨ। ਹੁਣ ਚੰਡੀਗੜ੍ਹ ਵਰਗੇ ਮਲਾਈਦਾਰ ਰੂਟ ਉਤੇ 'ਨੋ ਐਂਟਰੀ' ਨੂੰ ਟ੍ਰਾਂਸਪੋਰਟ ਮਾਫੀਆ ਖਿਲਾਫ ਵੱਡੀ ਕਾਰਵਾਈ ਮੰਨਿਆ ਜਾ ਰਿਹਾ ਹੈ। ਸਰਕਾਰ ਦੇ ਨਵੇਂ ਹੁਕਮਾਂ ਪਿੱਛੋਂ ਹੁਣ ਸਿਰਫ ਸਰਕਾਰੀ ਬੱਸਾਂ ਹੀ ਚੰਡੀਗੜ੍ਹ ਵਿਚ ਦਾਖਲ ਹੋ ਸਕਣੀਆਂ। ਮਾਨ ਸਰਕਾਰ ਇਸ ਨੂੰ ਪੰਜਾਬ ਵਿਚ ਟ੍ਰਾਂਸਪੋਰਟ ਮਾਫਿਆ ਖਿਲਾਫ ਵੱਡਾ ਕਦਮ ਦੱਸ ਰਹੀ ਹੈ।

# ਲਾਕਾਨੂੰਨੀ ਦੇ ਮਸਲੇ ਉਤੇ ਪੰਜਾਬ ਸਰਕਾਰ ਬੇਵੱਸ?

**ਚੰਡੀਗੜ੍ਹ:** ਪੰਜਾਬ ਵਿਚ ਲਾਕਾਨੂੰਨੀ ਦਾ ਮਸਲਾ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਵੱਡੀ ਸਿਰਦਰਦੀ ਬਣ ਗਿਆ ਹੈ। ਸੂਬੇ ਵਿਚ ਗੈਂਗਸਟਰਾਂ ਦੀਆਂ ਸਰਗਰਮੀਆਂ ਸਰਕਾਰ ਲਈ ਵੱਡੀ ਚੁਣੌਤੀ ਜਾਪ ਰਹੀਆਂ ਹਨ। ਫਿਰੌਤੀ ਲਈ ਕਤਲਾਂ ਦੇ ਵਧ ਰਹੇ ਮਾਮਲਿਆਂ ਉਤੇ ਸਰਕਾਰ ਵਿਰੋਧੀ ਧਿਰਾਂ ਦੇ ਨਿਸ਼ਾਨੇ ਉਤੇ ਹੈ; ਖਾਸ ਕਰ ਕੇ ਥਾਣਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਵਾਪਰ ਰਹੀਆਂ ਘਟਨਾਵਾਂ ਅੱਗੇ ਸਰਕਾਰ ਬੇਵੱਸ ਨਜ਼ਰ ਆ ਰਹੀ ਹੈ।



ਤਰਨਤਾਰਨ ਦੇ ਸਰਹਾਲੀ ਥਾਣੇ ਉਤੇ ਹੋਏ ਰਾਕੇਟ ਹਮਲੇ ਨੇ ਕਾਨੂੰਨ ਵਿਵਸਥਾ ਉਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ। ਸੱਤ ਮਹੀਨਿਆਂ ਦੇ ਅੰਦਰ ਇਹ ਅਜਿਹਾ ਦੂਜਾ ਹਮਲਾ ਹੈ, ਜਦੋਂ ਕਿਸੇ ਪੁਲਿਸ ਇਮਾਰਤ ਨੂੰ ਨਿਸ਼ਾਨਾ ਬਣਾਇਆ ਗਿਆ ਹੋਵੇ। 6 ਮਈ ਨੂੰ ਮੁਹਾਲੀ ਵਿਚ ਖ਼ੁਫ਼ੀਆ ਵਿਭਾਗ ਉਤੇ ਆਰ.ਪੀ.ਜੀ ਨਾਲ ਹਮਲਾ ਹੋਇਆ ਸੀ। ਸਰਹਾਲੀ ਥਾਣੇ ਨੂੰ ਉਸ ਸਮੇਂ ਨਿਸ਼ਾਨਾ ਬਣਾਇਆ ਗਿਆ ਜਦੋਂ ਕੇਂਦਰੀ ਖ਼ੁਫ਼ੀਆ ਏਜੰਸੀਆਂ ਨੇ ਪੰਜਾਬ 'ਚ ਥਾਣਿਆਂ 'ਤੇ ਸਰਕਾਰੀ ਇਮਾਰਤਾਂ ਉਤੇ ਹਮਲੇ ਦਾ ਅਲਰਟ ਪਹਿਲਾਂ ਹੀ ਜਾਰੀ ਕੀਤਾ ਹੋਇਆ ਸੀ। ਇਸ ਤੋਂ ਪਹਿਲਾਂ ਵੀ ਖ਼ੁਫ਼ੀਆ ਏਜੰਸੀਆਂ ਲਗਾਤਾਰ ਕੌਮਾਂਤਰੀ ਸਰਹੱਦ ਤੋਂ ਪਾਰ ਤੇ ਵਿਦੇਸ਼ਾਂ ਵਿਚ ਬੈਠੇ ਵੱਖਵਾਦੀ ਤੱਤਾਂ ਦੀਆਂ ਗਤੀਵਿਧੀਆਂ ਬਾਰੇ ਅਲਰਟ ਜਾਰੀ ਕਰਦੀਆਂ ਆ ਰਹੀਆਂ ਹਨ ਪਰ ਅਜਿਹੇ ਅਲਰਟ ਦੇ ਬਾਵਜੂਦ ਪੰਜਾਬ ਪੁਲਿਸ ਹਮਲਿਆਂ ਨੂੰ ਰੋਕਣ ਵਿਚ ਨਾਕਾਮ ਸਾਬਤ ਹੋਈ ਹੈ। ਪਿਛਲੇ ਦਿਨੀਂ ਨਕੋਦਰ ਵਿਚ ਵਪਾਰੀ ਭੁਪਿੰਦਰ ਸਿੰਘ ਉਰਫ਼ ਟਿੰਮੀ ਚਾਵਲਾ ਤੇ ਉਸ ਦੀ ਸੁਰੱਖਿਆ ਕਰਮੀ ਦੀ ਹੱਤਿਆ ਪਿੱਛੋਂ ਵੀ ਕਾਰੋਬਾਰੀਆਂ ਵਿਚ ਸਹਿਮ ਹੈ। ਟਿੰਮੀ ਚਾਵਲਾ ਨੂੰ ਫਿਰੌਤੀ ਲਈ ਲਗਾਤਾਰ ਧਮਕੀਆਂ ਮਿਲ ਰਹੀਆਂ ਸਨ, ਇਸੇ ਲਈ ਪੁਲਿਸ ਨੇ ਉਸ ਦੀ ਰੱਖਿਆ ਲਈ ਹਥਿਆਰਬੰਦ ਦੋ ਪੁਲਿਸ ਕਰਮੀ ਵੀ ਦਿੱਤੇ ਹੋਏ ਸਨ ਪਰ ਇਸ ਦੇ ਬਾਵਜੂਦ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਉਧਰ, ਕਾਰੋਬਾਰੀਆਂ ਨੂੰ ਧਮਕੀਆਂ ਦੇਣ ਦਾ ਇਹ ਸਿਲਸਿਲਾ ਹੋਰ ਤੇਜ਼ ਹੋ ਗਿਆ ਹੈ। ਪਿਛਲੇ 6 ਮਹੀਨਿਆਂ ਵਿਚ 60 ਦੇ ਲਗਭਗ ਫਿਰੌਤੀ ਮੰਗਣ ਦੇ ਕੇਸ ਦਰਜ ਕੀਤੇ ਗਏ ਹਨ। ਇਕੱਲੇ ਲੁਧਿਆਣਾ ਸ਼ਹਿਰ ਵਿਚ ਹੀ ਪਿਛਲੇ ਕੁਝ ਦਿਨਾਂ ਵਿਚ 35 ਦੇ ਕਰੀਬ ਕੁਝ ਕਾਰੋਬਾਰੀਆਂ ਨੂੰ ਗੈਂਗਸਟਰਾਂ ਵੱਲੋਂ ਧਮਕੀਆਂ ਮਿਲੀਆਂ ਹਨ ਜਿਸ ਸਬੰਧੀ ਕੁਝ ਕੇਸ ਵੀ ਦਰਜ ਕੀਤੇ ਗਏ ਹਨ।

ਅਪਰਾਧ ਦੀਆਂ ਇਨ੍ਹਾਂ ਘਟਨਾਵਾਂ ਨੇ ਵਿਰੋਧੀ ਧਿਰਾਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਘੇਰਨ ਦਾ ਵੱਡਾ ਮੌਕਾ ਦਿੱਤਾ ਹੋਇਆ ਹੈ। ਅਕਾਲੀ ਦਲ ਦਾ ਦਾਅਵਾ ਹੈ ਕਿ ਪਿਛਲੇ 50 ਸਾਲਾਂ ਦੌਰਾਨ ਪੰਜਾਬ ਵਿਚ ਕਦੇ ਅਜਿਹੇ ਹਾਲਾਤ ਦੇਖਣ ਨੂੰ ਨਹੀਂ ਮਿਲੇ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਨੂੰ ਖਤਰੇ ਦੀ ਘੰਟੀ ਦੱਸਿਆ ਹੈ ਅਤੇ ਪੰਜਾਬ ਸਰਕਾਰ ਨੂੰ ਆਪਣੀ ਗੂੜ੍ਹੀ ਨੀਂਦ ਤੋਂ ਜਾਗਣ ਦੀ ਸਲਾਹ ਦਿੱਤੀ ਹੈ ਹਾਲਾਂਕਿ ਆਪ ਸਰਕਾਰ ਦਾ ਦਾਅਵਾ ਹੈ ਕਿ ਉਨ੍ਹਾਂ ਦੀ ਸਰਕਾਰ ਆਉਣ ਪਿੱਛੋਂ ਕੀਤੀ ਸਖਤੀ ਕਾਰਨ ਮਾੜੇ ਅਨਸਰ ਬੁਖਲਾਏ ਹੋਏ ਹਨ ਤੇ ਉਹ ਹਨੇਰੇ-ਸਵੇਰੇ ਘਟਨਾਵਾਂ ਨੂੰ ਅੰਜਾਮ ਦੇ ਕੇ ਆਪਣੀ ਹੋਂਦ ਦਿਖਾਉਣ ਦੀ ਕੋਸ਼ਿਸ਼ ਕਰ ਰਹੇ ਹਨ।

India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People

Amber Indian Restaurant
*Restaurant-Fine Indian Cuisine*
12510 N. Meridian St., Carmel, IN
Ph: 317-580-0828

We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
*ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:*
Jaspal S. Ghotra: 765-337-5151






## ਕੁੱਕ ਕਾਊਂਟੀ ਦੀ ਖਜ਼ਾਨਚੀ ਮਾਰੀਆ ਪਪਾਸ ਅਤੇ ਏਬੀਸੀ 7 ਸ਼ਿਕਾਗੋ ਵਲੋਂ "ਆਵਰ ਹੋਮਜ਼ ਮੈਟਰ: ਹੋਲੀਡੇਅ ਫੋਨ ਬੈਂਕ' ਦੀ ਮੇਜ਼ਬਾਨੀ

**ਸ਼ਿਕਾਗੋ:** ਕੁੱਕ ਕਾਊਂਟੀ ਦੀ ਖਜ਼ਾਨਚੀ ਮਾਰੀਆ ਪਪਾਸ ਅਤੇ ਏਬੀਸੀ 7 ਸ਼ਿਕਾਗੋ ਵਲੋਂ ਘਰਾਂ ਦੇ ਮਾਲਕਾਂ ਨੂੰ ਰਿਫੰਡ ਲੱਭਣ ਅਤੇ ਪ੍ਰਾਪਰਟੀ ਟੈਕਸ ਛੋਟਾਂ ਵਿਚ ਮਦਦ ਕਰਨਾ ਜਾਰੀ ਰੱਖਣ ਲਈ "ਆਵਰ ਹੋਮਜ਼ ਮੈਟਰ: ਹੋਲੀਡੇਅ ਫੋਨ ਬੈਂਕ' ਦੀ ਮੇਜ਼ਬਾਨੀ ਕੀਤੀ ਗਈ।

ਪਪਾਸ ਨੇ ਕਿਹਾ, "ਜਦੋਂ ਤੋਂ ਅਸੀਂ ਇਨ੍ਹਾਂ ਫ਼ੋਨ ਬੈਂਕਾਂ ਨੂੰ ਰੱਖਣਾ ਸ਼ੁਰੂ ਕੀਤਾ ਹੈ, ਅਸੀਂ ਟੈਕਸਦਾਤਾਵਾਂ ਨੂੰ ਲਗਭਗ $26 ਮਿਲੀਅਨ ਵਾਪਸ ਕਰ ਦਿੱਤੇ ਹਨ। ਮੈਂ ਖੁਸ਼ ਹਾਂ ਕਿ ਅਸੀਂ ਛੁੱਟੀਆਂ ਤੋਂ ਪਹਿਲਾਂ ਅਜਿਹਾ ਕਰਨ ਦੇ ਯੋਗ ਹਾਂ ਜਦੋਂ ਪੈਸੇ ਦੀ ਤੰਗੀ ਹੁੰਦੀ ਹੈ। ਅਸੀਂ ਉਦੋਂ ਤੱਕ ਫ਼ੋਨ ਬੈਂਕਾਂ ਨੂੰ ਸੰਭਾਲਣਾ ਜਾਰੀ ਰੱਖਾਂਗੇ ਜਦੋਂ ਤੱਕ ਲੋਕਾਂ ਕੋਲ ਪੈਸੇ ਆਉਂਦੇ ਰਹਿਣਗੇ। ਖਜ਼ਾਨਚੀ ਦੇ ਦਫਤਰ ਦੁਆਰਾ ਜੂਨ ਵਿਚ ਕਰਵਾਏ ਗਏ ਆਖਰੀ ਫੋਨ ਬੈਂਕ ਨੇ ਕੁੱਕ ਕਾਉਂਟੀ ਟੈਕਸਦਾਤਾਵਾਂ ਦੀ ਪ੍ਰਾਪਰਟੀ ਟੈਕਸ ਰਿਫੰਡ ਅਤੇ ਛੋਟਾਂ ਵਿਚ $3.4 ਮਿਲੀਅਨ ਤੋਂ ਵੱਧ ਦੀ ਮਦਦ ਕੀਤੀ।

## ਵਿਰੋਧੀ ਧਿਰਾਂ ਨੂੰ ਭਾਜਪਾ ਖਿਲਾਫ ਇਕਜੁੱਟ ਹੋਣ ਦਾ ਹੋਕਾ

**ਪਟਨਾ:** ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੇ ਭਾਜਪਾ 'ਤੇ ਦੋਸ਼ ਲਾਇਆ ਹੈ ਕਿ ਉਨ੍ਹਾਂ 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਗੱਠਜੋੜ ਦੇ ਬਾਵਜੂਦ ਜੇਡੀ(ਯੂ) ਦੇ ਖਿਲਾਫ ਕੰਮ ਕੀਤਾ ਤੇ ਕੋਸ਼ਿਸ਼ ਕੀਤੀ ਕਿ ਉਸ ਦੇ ਉਮੀਦਵਾਰਾਂ ਦੀ ਹਾਰ ਹੋਵੇ। ਨਿਤੀਸ਼ ਨੇ ਦੁਹਰਾਇਆ ਕਿ ਭਾਜਪਾ ਦਾ ਵਿਰੋਧ ਕਰਨ ਵਾਲੇ ਦਲ ਜੇ ਇਕੱਠੇ ਹੋ ਜਾਣ ਤਾਂ ਉਹ 2024 ਦੀਆਂ ਲੋਕ ਸਭਾ ਚੋਣਾਂ ਵਿਚ 'ਵੱਡੇ ਬਹੁਮਤ' ਨਾਲ ਜਿੱਤ ਸਕਦੇ ਹਨ।



ਨਿਤੀਸ਼ ਨੇ ਕਿਹਾ ਕਿ ਭਾਜਪਾ ਨੇ ਵੰਡ ਪਾ ਕੇ ਤੇ ਬਗਾਵਤ ਨੂੰ ਸ਼ਹਿ ਦੇ ਕੇ ਜਨਤਾ ਜਲ (ਯੂ) ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਕਿਹਾ ਕਿ ਅਗਲੀਆਂ ਆਮ ਚੋਣਾਂ ਵਿਚ ਉਹ ਆਪਣੇ ਸਾਬਕਾ ਗੱਠਜੋੜ ਭਾਈਵਾਲ ਨੂੰ ਮੂੰਹ ਤੋੜ ਜਵਾਬ ਦੇਣਗੇ। ਨਿਤੀਸ਼ ਪਾਰਟੀ ਦੇ ਇਜਲਾਸ ਨੂੰ ਸੰਬੋਧਨ ਕਰ ਰਹੇ ਸਨ। ਜੇਡੀ (ਯੂ) ਆਗੂ ਨੇ ਕਿਹਾ, 'ਉਨ੍ਹਾਂ ਸਾਡੇ ਵਿਧਾਇਕਾਂ ਨੂੰ ਅਰੁਣਾਚਲ ਪ੍ਰਦੇਸ਼ ਵਿਚ ਰੋਕ ਲਿਆ। ਕੀ ਗੱਠਜੋੜ ਵਿਚ ਹੋਣ ਦੇ ਬਾਵਜੂਦ ਇਸ ਤੋਂ ਮਾੜਾ ਕੰਮ ਕੋਈ ਕਰ ਸਕਦਾ ਹੈ। ਇਸ ਨੇ ਮੈਨੂੰ ਗੱਠਜੋੜ ਤੋੜਨ ਲਈ ਮਜਬੂਰ ਕੀਤਾ।'

ਜੇਡੀ (ਯੂ) ਆਗੂ ਨੇ ਆਪਣੇ ਪੁਰਾਣੇ ਭਾਈਵਾਲ ਦਾ ਨਾਂ ਲਏ ਬਿਨਾਂ ਕਿਹਾ, 'ਉਨ੍ਹਾਂ (ਭਾਜਪਾ ਨੂੰ) ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਤੋਂ ਪਹਿਲਾਂ ਕਦੇ ਵੀ ਸਾਡੀ ਪਾਰਟੀ ਨੂੰ 2005 ਜਾਂ 2010 ਦੀਆਂ ਚੋਣਾਂ ਵਿਚ ਵੀ ਐਨੀਆਂ ਘੱਟ ਸੀਟਾਂ ਨਹੀਂ ਮਿਲੀਆਂ। 2020 ਵਿਚ, ਸਾਨੂੰ ਨੁਕਸਾਨ ਹੋਇਆ, ਕਿਉਂਕਿ ਉਨ੍ਹਾਂ ਸਾਡੇ ਉਮੀਦਵਾਰਾਂ ਦੀ ਹਾਰ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ।' ਉਨ੍ਹਾਂ ਕਿਹਾ ਕਿ ਉਹ ਫਿਰ ਤੋਂ ਮੁੱਖ ਮੰਤਰੀ ਨਹੀਂ ਬਣਨਾ ਚਾਹੁੰਦੇ ਸੀ ਪਰ ਭਾਜਪਾ ਦੀ ਅਪੀਲ ਉਤੇ ਅਹੁਦਾ ਸਵੀਕਾਰ ਕਰਨ ਲਈ ਸਹਿਮਤ ਹੋਏ ਸੀ।


**Singh Tax & Accounting Services LLC.**

**Individual & Business Taxes, Accounting, Payroll & Financial Consulting Services.**

**Services:** Individual & Small Businesses Tax Filing, Tax Planning, Set up of new Businesses, IRS Audit representation & Amended Tax Returns

ਫਾਰਮ ਭਰਨ, ਸਿਟੀਜ਼ਨਸ਼ਿਪ, ਇੰਡੀਆ ਦਾ ਵੀਜ਼ਾ, ਓ. ਸੀ. ਆਈ., ਰਿਨਿਊਸੀਏਸ਼ਨ ਅਤੇ ਅਮਰੀਕਨ ਸਿਟੀਜ਼ਨ ਸਬੰਧੀ ਮਦਦ



ਪੰਜਾਬੀ ਤੋਂ ਅੰਗਰੇਜ਼ੀ 'ਚ ਟਰਾਂਸਲੇਟ ਕਰਨ ਲਈ ਸੰਪਰਕ ਕਰੋ

**Ph: 248-982-2036**

**Mohan Singh**
Master in Taxation.
IRS Enrolled agent,
Notary Public

Office Locations
**Michigan:** 36167 Ford Rd.Westland, MI 48185
**Minnesota:** 6043 Hudson Rd, Suite#399A Woodbury, Minnesota 55125

Email : jhand_mohan@yahoo.com; www.SinghTaxServices.com



**Sistar Mortgage**

Minimizing Cost, Maximizing Investment
www.SistarMortgage.com



**Balbir (Bill) Grewal, Loan Officer (NMLS 353442)**
*Residential & Commercial Loans*

(734) 330-8859 Mobile
(586) 802-7385 Fax
Balbir.Grewal@SistarMortgage.com

*Loans Available In Most States!*

**Refinance up to 125% value of the house.*

- Residential Loans (Purchase, Refinance & Cash Out Refinance). • Self Employed and H1 Visa • Jumbo loans • Commercial Property With Business or Business Only. • Business Equity Line of Credit. • Multi Unit Investment Property.



**AVEER TRAVEL SOLUTIONS LLC**

ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com

ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।

*For Airport Drop-Off and Pickup Indy to Chicago Please Contact AVI at: 847-226-2323*

*Located in INDIANAPOLIS (IN)*



GoldenKey LENDING

ਗੋਲਡਨ ਕੀਅ ਲੈਂਡਿੰਗ
ਸੁਪਨਿਆਂ ਦਾ ਘਰ ਲੈਣ 'ਚ ਤੁਹਾਡੀ ਮਦਦ ਕਰਦਾ ਹੈ। ਸਸਤੇ *HOUSE LOAN* ਲੈਣ 'ਚ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ।

HOME LOANS MADE SIMPLE

The feeling of attachment, togetherness
We understand what a home means



*Manny Singh Nagra*
*Principal Broker*
*Star Alliance Brokerage, INC*

Contact Us at
317-620-4100
317-750-1900

REAL ESTATE | RESIDENTIAL & COMMERCIAL
325 S. College Avenue, Indianapolis, Indiana 46202
NMLS 147421
www.goldenkeylending.com



*No Cost Financing Available!*
*Call 919-307-7577 or 847-530-1550*
*MKhatri@PrismHomeLending.com*
*NC, IL and CA Mortgage Loans*

*Prism Lending Inc. NMLS # 1587080*
*CA, FL, GA, IL, IN, NC, TX, WI Licensee*
*850 E Higgins road, Suite #125W, Schaumburg, IL 60173*



*Madan Khatri*
*NMLS #1980752*

PropertyZoom Inc.
*Want to Buy/Sell Home or RE Investments*
*(Up to 30% Comm'n Credit – NC License # C34703)*
*17 years of Exp. / 500+ Transactions*
*700+ Residence and Investment units*
*Call Now 919-307-7577 or 847-530-1550*
Top 1st or 2nd Producer for Several Years at
Berkshire Hathaway HS AH-IL Office
1204 Nichols Creek Road, Durham NC 27703

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5'2" daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

48-51

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

Jat Sikh parents invite matrimonial alliance for their US born daughter 36, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/ 5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40

## ਲੜਕੀ ਦੀ ਲੋੜ ਹੈ

Khatri Sikh family looking for a beautiful educated Sikh girl from USA, Canada, or India for their USA citizen son, born in 1987, 5'11", mechanical engineer working in automotive company. Upper cast, no bar. Please contact us at 1-586-604-6191 or email at maninderoberoi1@gmail.com

51-54

ਜੱਟ ਸਿੱਖ ਬੋਪਾਰਾਏ 29 ਸਾਲ, 5'10" ਰੰਗ ਗੋਰਾ ਜੀਓਫਿਜ਼ਿਕਸ ਗਰੈਜੂਏਟ (ਮੈਨੀਟੋਬਾ ਯੂਨੀਵਰਸਿਟੀ ਵਿੰਨੀਪੈੱਗ ਕੈਨੇਡਾ) ਕੈਨੇਡੀਅਨ ਪੀ ਆਰ, ਮੈਨੇਜਰ ਵਜੋਂ ਕੰਮ ਕਰਦੇ ਲੜਕੇ ਲਈ ਅਮਰੀਕਾ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੇ ਦੇ ਮਾਤਾ ਪਿਤਾ ਅਮਰੀਕਾ ਵਿਚ ਪੱਕੇ ਹਨ। ਚਾਹਵਾਨ ਸੰਪਰਕ ਕਰਨ: 734-968-1195 or e-mail: kaurgurvinder1965@yahoo.com

50-53

ਯੂ.ਐੱਸ.ਏ. ਸਿਟੀਜ਼ਨ ਜੱਟ ਸਿੱਖ, 26 ਸਾਲ, ਕੱਦ 5'11" ਯੂਨੀਵਰਸਿਟੀ ਤੋਂ ਡਿਗਰੀ ਹੋਲਡਰ (ਬੈਲਚਰ ਇਨ ਬਿਜ਼ਨਸ), ਨਸ਼ਿਆਂ ਤੋਂ ਰਹਿਤ, ਬਿਜ਼ਨਸ ਡਿਵੈਲਪਰ ਵਜੋਂ ਨੌਕਰੀ ਕਰ ਰਹੇ ਅਤੇ ਰੀਅਲ ਅਸਟੇਟ ਦਾ ਆਪਣਾ ਕੰਮ ਕਰਦੇ ਰੈਂਟਲ ਪ੍ਰਾਪਰਟੀਆਂ ਦੇ ਮਾਲਕ ਲੜਕੇ ਲਈ ਅਮਰੀਕਾ ਤੋਂ ਜੱਟ ਸਿੱਖ ਸੋਹਣੀ ਪਰਿਵਾਰਕ, ਇੰਜੀਨੀਅਰ, ਅਕਾਊਂਟੈਂਟ, ਡਾਕਟਰ ਜਾਂ ਡੈਂਟਿਸਟ ਲੜਕੀ ਦੀ ਲੋੜ ਹੈ। ਕੱਦ 5'5" ਜਾਂ ਇਸ ਤੋਂ ਵੱਧ ਹੋਵੇ। ਲੜਕੇ ਦੇ ਪਿਤਾ ਦਾ ਗੈਸ ਸਟੇਸ਼ਨਾਂ ਦਾ ਬਿਜ਼ਨਸ ਹੈ। ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ। ਚਾਹਵਾਨ ਸੰਪਰਕ ਕਰਨ: 937-956-1655 (ਵ੍ਹਟਸਐਪ ਕਾਲ ਵੀ ਕੀਤੀ ਜਾ ਸਕਦੀ ਹੈ)।

50-53

ਜੱਟ ਸਿੱਖ ਪੱਗੜੀਧਾਰੀ (Trim Beard) ਯੂ.ਐੱਸ.ਏ. ਸਿਟੀਜ਼ਨ, 28 ਸਾਲ, ਕੱਦ 5'11" Teetotaler, CPA ਸਾਫਟਵੇਅਰ ਕੰਪਨੀ ਵਿਚ ਵਧੀਆ ਨੌਕਰੀ ਕਰ ਰਹੇ ਲੜਕੇ ਲਈ ਬਰਾਬਰ ਦੀ ਯੋਗਤਾ ਅਤੇ ਯੂ.ਐੱਸ.ਏ. ਸਿਟੀਜ਼ਨ ਜਾਂ H1B ਵੀਜ਼ਾ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰਨ: 415-518-0418

50-53

Ramgharia Sikh family looking for a suitable match for thier US citizen,1990 born, 6 feet son, Working as an Engineer in Michigan. Please contact us @ 734-419-3292.

49-52

Looking for a suitable Ramgarhia Sikh Dhiman match for our well-settled boy (U.S Citizen), 29 years, 5' 11", residing in Chicago area. Please contact: manpreetrupal24@gmail.com

49-52

ਯੂ.ਐੱਸ.ਏ. ਸਿਟੀਜ਼ਨ ਰਾਜਪੂਤ ਕਲੀਨਸ਼ੇਵ ਉਮਰ 35 ਸਾਲ, ਕੱਦ 5-11 ਮੈਡੀਸਨ ਵਿਸਕਾਨਸਿਨ ਰਹਿੰਦੇ ਲੜਕੇ ਲਈ ਸੋਹਣੀ-ਸੁਨੱਖੀ ਅਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 510-241-7694

49-52

Jatt, Gursikh, family living in USA, seeks an eligible, Gursikh, Educated, Family-oriented, bride from USA, Canada, or India for their American citizen son, 42 years, Gursikh, well settled, divorced, works as an engineer in a top financial company. Please send the biodata and family information of the girl via e-mail or WhatsApp in USA: AmritNaam2022@gmail.com or +1-480-906-5614.

46-49

Ramgharia Sikh boy 5'8" 1992 born, M.Eng Western University Canada, Working as Senior Software Engineer in Toronto Canada, Looking for a girl in similar profession living in Canada or US. Email: dev.kirat@gmail.com or contact us at: +1 (313) 718-0178

44-47

ਜੱਟ ਸਿੱਖ, ਯੂ ਐਸ ਏ ਸਿਟੀਜ਼ਨ 31 ਸਾਲ, ਕੱਦ 6', ਨਸ਼ਿਆਂ ਤੋਂ ਰਹਿਤ, ਨਾਨ ਡਰਿੰਕਰ, ਹਸਪਤਾਲ 'ਚ ਵਧੀਆ ਨੌਕਰੀ ਕੰਮ ਕਰਦੇ, ਬੈਚਲਰ ਆਫ ਸਾਇੰਸ, ਫਾਰਮੇਸੀਟੈਕ ਲੈਬਟੈਕ, ਲੜਕੇ ਲਈ ਪਰਿਵਾਰਕ ਲੜਕੀ ਦੀ ਲੋੜ ਹੈ। H1B ਵੀਜ਼ਾ ਹੋਲਡਰ ਵੀ ਵਿਚਾਰਨਯੋਗ (ਜਾਤ-ਪਾਤ ਦਾ ਕੋਈ ਬੰਧਨ ਨਹੀਂ)। ਲੜਕੇ ਦਾ ਪਰਿਵਾਰ, ਬੇਅ ਏਰੀਆ ਕੈਲੀਫੋਰਨੀਆ ਵਿਚ ਵਧੀਆ ਸਥਾਪਿਤ ਹੈ। ਚਾਹਵਾਨ ਸੰਪਰਕ ਕਰਨ: 510-871-0324, 510-200-1715

41-48

Looking for suitable match for 42, 6", clean shaven Jatt Sikh Neuro-surgeon boy, working in Chicago. Divorcee, one daughter custody with mother. Contact us at: 917-238-3060

35----


ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ



ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਕਾਲ ਕਰੋ: ਮਿ. ਸਿੰਘ

ਫੋਨ: 515-291-1961



SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-673-3825**

*EARLY BIRD SALE!!!!*

**Domestic fares available**



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ:

847-359-0746

Visit us on the web:**wwwpunjabtimesusa.com**

# ਬੇਅਦਬੀ ਤੇ ਹੋਰ ਮਸਲਿਆਂ ਦੇ ਹੱਲ ਲਈ ਮੋਦੀ ਸਰਕਾਰ ਤੱਕ ਪਹੁੰਚ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਉਨ੍ਹਾਂ ਬੇਅਦਬੀ ਦੇ ਘਿਣਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਵਾਲੇ ਰਾਜ ਦੇ ਦੋ ਮਹੱਤਵਪੂਰਨ ਬਕਾਇਆ ਬਿੱਲਾਂ ਲਈ ਰਾਸ਼ਟਰਪਤੀ ਦੀ ਮਨਜ਼ੂਰੀ ਲੈਣ ਵਾਸਤੇ ਭਾਰਤ ਸਰਕਾਰ ਦੇ ਦਖ਼ਲ ਦੀ ਮੰਗ ਕੀਤੀ।

ਮੁੱਖ ਮੰਤਰੀ ਨੇ ਕੰਡਿਆਲੀ ਤਾਰ ਕਰਕੇ ਕਿਸਾਨਾਂ ਨੂੰ ਦਰਪੇਸ਼ ਮੁਸ਼ਕਲਾਂ, ਡਰੋਨ ਰਾਹੀਂ ਹੁੰਦੀ ਹਥਿਆਰਾਂ ਤੇ ਨਸ਼ਿਆਂ ਦੀ ਤਸਕਰੀ ਅਤੇ ਪੰਜਾਬ ਪੁਲੀਸ ਦੇ ਆਧੁਨਿਕੀਕਰਨ ਜਿਹੇ ਮੁੱਦਿਆਂ 'ਤੇ ਚਰਚਾ ਕੀਤੀ। ਅਮਿਤ ਸ਼ਾਹ ਨਾਲ ਉਨ੍ਹਾਂ ਦੇ ਦਫ਼ਤਰ ਵਿਚ ਮੁਲਾਕਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਸੂਬੇ ਵਿਚ ਵੱਡੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਦੰਡ ਵਿਧਾਨ ਦੀਆਂ ਧਾਰਾਵਾਂ 295 ਅਤੇ 295-ਏ ਦੀਆਂ ਮੌਜੂਦਾ ਵਿਵਸਥਾਵਾਂ ਤਹਿਤ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਲਈ ਸਜ਼ਾ ਦੀ ਮਿਆਦ ਨਾਕਾਫ਼ੀ ਹੈ। ਪੰਜਾਬ ਵਿਧਾਨ ਸਭਾ ਨੇ 'ਇੰਡੀਅਨ ਪੀਨਲ ਕੋਡ (ਪੰਜਾਬ ਸੋਧ) ਬਿੱਲ, 2018' ਅਤੇ 'ਕੋਡ ਆਫ ਕ੍ਰਿਮੀਨਲ ਪ੍ਰੋਸੀਜ਼ਰ (ਪੰਜਾਬ ਸੋਧ) ਬਿੱਲ 2018' ਪਾਸ ਕਰ ਦਿੱਤਾ ਹੈ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ, ਭਗਵਦ ਗੀਤਾ, ਕੁਰਾਨ ਤੇ ਬਾਈਬਲ ਨੂੰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਦੇ ਇਰਾਦੇ ਨਾਲ ਨੁਕਸਾਨ ਪਹੁੰਚਾਉਣ ਜਾਂ ਬੇਅਦਬੀ ਕਰਨ 'ਤੇ ਉਮਰ ਕੈਦ ਦੀ ਵਿਵਸਥਾ ਕੀਤੀ ਗਈ ਹੈ। ਸ੍ਰੀ ਮਾਨ ਨੇ ਕਿਹਾ ਕਿ ਇਹ ਸੋਧ ਸਾਡੇ ਸੰਵਿਧਾਨ ਵਿਚ ਦਰਜ ਧਰਮ ਨਿਰਪੱਖਤਾ ਦੇ ਸਿਧਾਂਤਾਂ ਅਨੁਸਾਰ ਹੈ।



ਉਨ੍ਹਾਂ ਕਿਹਾ ਕਿ ਇਹ ਬਿੱਲ ਅਕਤੂਬਰ, 2018 ਤੋਂ ਭਾਰਤ ਦੇ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਲੰਬਿਤ ਪਏ ਹਨ। ਸਰਹੱਦੀ ਸੂਬਾ ਹੋਣ ਕਾਰਨ ਪੰਜਾਬ ਵਿਚ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਇਹ ਬਿੱਲ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਬਿੱਲਾਂ 'ਤੇ ਰਾਸ਼ਟਰਪਤੀ ਦੀ ਮਨਜ਼ੂਰੀ ਲਈ ਕੇਂਦਰ ਸਰਕਾਰ ਦਖ਼ਲ ਦੇਵੇ। ਸੂਬੇ ਦੀ ਭਾਈਚਾਰਕ ਸਾਂਝ ਤੇ ਸ਼ਾਂਤੀ ਵਿਚ ਵਿਗਾੜ ਪਾਉਣ ਦੀਆਂ ਕੋਸ਼ਿਸ਼ਾਂ ਕਰਨ ਵਾਲੇ ਅਪਰਾਧੀਆਂ ਨੂੰ ਨੱਥ ਪਾਉਣ ਲਈ ਕੈਦ ਬਾਮੁਸ਼ੱਕਤ ਲੋੜੀਂਦੀ ਹੈ। ਮੁੱਖ ਮੰਤਰੀ ਨੇ ਕੇਂਦਰੀ ਗ੍ਰਹਿ ਮੰਤਰੀ ਦਾ ਇਕ ਹੋਰ ਅਹਿਮ ਮੁੱਦੇ ਵੱਲ ਧਿਆਨ ਦਿਵਾਉਂਦਿਆਂ ਕਿਹਾ ਕਿ ਕੌਮਾਂਤਰੀ ਨਿਯਮਾਂ ਅਨੁਸਾਰ ਸਰਹੱਦ ਉਤੇ ਜ਼ੀਰੋ ਲਾਈਨ ਤੋਂ 150 ਮੀਟਰ ਤੱਕ ਉਸਾਰੀ ਕੀਤੀ ਜਾ ਸਕਦੀ ਹੈ, ਪਰ ਪੰਜਾਬ ਵਿਚ ਕੁਝ ਥਾਵਾਂ 'ਤੇ ਕੰਡਿਆਲੀ ਤਾਰ ਜ਼ੀਰੋ ਲਾਈਨ ਤੋਂ ਕਾਫੀ ਦੂਰੀ 'ਤੇ ਭਾਰਤ ਵਾਲੇ ਪਾਸੇ ਹੈ। ਕੇਂਦਰ ਸਰਕਾਰ ਵੱਲੋਂ ਬੀ.ਐਸ.ਐਫ. ਨੂੰ ਵਧੇਰੇ ਤਾਕਤਾਂ ਦੇਣ ਲਈ ਜਾਰੀ ਕੀਤੇ ਨੋਟੀਫਿਕੇਸ਼ਨ ਮਗਰੋਂ ਕੇਂਦਰ ਤੇ ਸੂਬਾ ਸਰਕਾਰ ਦਰਮਿਆਨ ਇਹ ਵਿਵਾਦ ਦਾ ਵਿਸ਼ਾ ਬਣ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਗੁਰਦਾਸਪੁਰ ਸੈਕਟਰ ਅਧੀਨ ਪੈਂਦੇ ਏ.ਓ.ਆਰ. 121 ਬਟਾਲੀਅਨ ਬੀ.ਐਸ.ਐਫ. ਮਾਧੋਪੁਰ ਵਿਚ ਬਾਰਡਰ ਪਿੱਲਰ ਨੰਬਰ 2/ਐਮ ਤੋਂ ਬਾਰਡਰ ਪਿੱਲਰ ਨੰਬਰ 10/12 ਤੱਕ ਦੇ ਖੇਤਰ ਵਿੱਚ ਕੰਡਿਆਲੀ ਤਾਰ ਕੌਮਾਂਤਰੀ ਸਰਹੱਦ ਤੋਂ ਕਰੀਬ ਚਾਰ ਕਿਲੋਮੀਟਰ ਦੂਰ ਹੈ। ਖੇਤੀ ਵਾਲੀ ਜ਼ਮੀਨ ਦਾ ਵੱਡਾ ਹਿੱਸਾ ਕੌਮਾਂਤਰੀ ਸਰਹੱਦ ਅਤੇ ਮੌਜੂਦਾ ਵਾੜ ਵਿਚਾਲੇ ਆਉਂਦਾ ਹੈ। ਕਿਸਾਨਾਂ ਨੂੰ ਕੰਡਿਆਲੀ ਤਾਰ ਤੋਂ ਪਾਰ ਜਾਣ ਮੌਕੇ ਰੋਜ਼ਾਨਾ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਨਾ ਸਿਰਫ ਬੀ.ਐਸ.ਐਫ. ਦਾ ਕੰਮ ਵਧਦਾ ਹੈ ਬਲਕਿ ਸਰਕਾਰ ਨੂੰ ਕਿਸਾਨਾਂ ਨੂੰ ਕਾਫੀ ਮੁਆਵਜ਼ਾ ਦੇਣਾ ਪੈਂਦਾ ਹੈ। ਮਾਨ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਕੌਮੀ ਸੁਰੱਖਿਆ ਨਾਲ ਸਮਝੌਤਾ ਕੀਤੇ ਬਿਨਾਂ ਕੰਡਿਆਲੀ ਤਾਰ ਨੂੰ ਕੌਮਾਂਤਰੀ ਸਰਹੱਦ ਉਤੇ ਵੱਧ ਤੋਂ ਵੱਧ ਜ਼ੀਰੋ ਲਾਈਨ ਵੱਲ ਤਬਦੀਲ ਕਰਨ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣ। ਉਨ੍ਹਾਂ ਕੇਂਦਰੀ ਮੰਤਰੀ ਨੂੰ ਸੂਬਾਈ ਪੁਲਿਸ ਬਲ ਦੇ ਆਧੁਨਿਕੀਕਰਨ ਲਈ ਖੁੱਲ੍ਹਦਿਲੀ ਨਾਲ ਫੰਡ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਹੱਦ ਪਾਰੋਂ ਹੁੰਦੀ ਘੁਸਪੈਠ ਅਤੇ ਡਰੋਨ ਹਮਲਿਆਂ ਨੂੰ ਰੋਕਣ ਲਈ ਪੰਜਾਬ ਪੁਲਿਸ ਨੂੰ ਅਤਿ ਆਧੁਨਿਕ ਯੰਤਰ ਅਤੇ ਹਥਿਆਰ ਮੁਹੱਈਆ ਕਰਵਾਉਣਾ ਸਮੇਂ ਦੀ ਮੁੱਖ ਲੋੜ ਹੈ।

## ਪੇਂਡੂ ਵਿਕਾਸ ਫੰਡਾਂ ਦੇ ਬਕਾਏ ਦਾ ਮੁੱਦਾ ਵੀ ਚੁੱਕਿਆ

**ਨਵੀਂ ਦਿੱਲੀ:** ਮੁੱਖ ਮੰਤਰੀ ਭਗਵੰਤ ਮਾਨ ਕੇਂਦਰੀ ਵਣਜ ਤੇ ਸਨਅਤ ਮੰਤਰੀ ਪਿਊਸ਼ ਗੋਇਲ ਨੂੰ ਵੀ ਮਿਲੇ। ਉਨ੍ਹਾਂ ਪੇਂਡੂ ਵਿਕਾਸ ਫੰਡ (ਆਰ.ਡੀ.ਐਫ.) ਅਤੇ ਮੰਡੀ ਵਿਕਾਸ ਫੰਡ (ਐਮ.ਡੀ.ਐਫ.) ਦੇ ਬਕਾਇਆ ਪਏ 3095 ਕਰੋੜ ਰੁਪਏ ਫੌਰੀ ਜਾਰੀ ਕਰਵਾਉਣ ਲਈ ਦਖਲ ਦੀ ਮੰਗ ਕੀਤੀ। ਮੁੱਖ ਮੰਤਰੀ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕੇਂਦਰ ਸਰਕਾਰ ਨੇ ਅਜੇ ਤੱਕ ਸਾਉਣੀ ਖਰੀਦ ਸੀਜ਼ਨ-2021-22, ਹਾੜ੍ਹੀ ਖਰੀਦ ਸੀਜ਼ਨ 2022-23, ਸਾਉਣੀ ਖਰੀਦ ਸੀਜ਼ਨ 2022-23 ਦੇ ਆਰ.ਡੀ.ਐਫ. ਦੇ 2880 ਕਰੋੜ ਰੁਪਏ ਅਤੇ ਐਮ.ਡੀ.ਐਫ. ਦੇ 215 ਕਰੋੜ ਰੁਪਏ ਜਾਰੀ ਨਹੀਂ ਕੀਤੇ ਹਨ। ਉਨ੍ਹਾਂ ਅਫਸੋਸ ਜ਼ਾਹਰ ਕੀਤਾ ਕਿ ਇਹ ਫੰਡ ਜਾਰੀ ਨਾ ਹੋਣ ਕਾਰਨ ਸੂਬੇ ਵਿਸ਼ੇਸ਼ ਤੌਰ ਉਤੇ ਪੇਂਡੂ ਇਲਾਕਿਆਂ ਦੇ ਵਿਕਾਸ ਉਤੇ ਮਾੜਾ ਅਸਰ ਪੈ ਰਿਹਾ ਹੈ।

## ਭਾਰਤੀ-ਅਮਰੀਕੀਆਂ ਵੱਲੋਂ ਲੋੜਵੰਦਾਂ ਲਈ ਪੰਜ ਲੱਖ ਪੌਂਡ ਤੋਂ ਵੱਧ ਦਾ ਭੋਜਨ ਦਾਨ



**ਵਾਸ਼ਿੰਗਟਨ:** ਭਾਰਤੀ-ਅਮਰੀਕੀ ਜਥੇਬੰਦੀਆਂ ਨੇ ਦੀਵਾਲੀ ਦੌਰਾਨ ਚਲਾਈ ਗਈ ਇਕ ਮੁਹਿੰਮ ਦੇ ਹਿੱਸੇ ਵਜੋਂ ਅਮਰੀਕਾ ਵਿਚ ਗਰੀਬ ਅਤੇ ਲੋੜਵੰਦ ਵਿਅਕਤੀਆਂ ਲਈ ਪੰਜ ਲੱਖ ਪੌਂਡ ਤੋਂ ਵੱਧ ਦਾ ਭੋਜਨ ਦਾਨ ਕੀਤਾ ਹੈ। ਬਿਆਨ ਅਨੁਸਾਰ ਅਮਰੀਕਾ ਵਿਚ ਧਾਰਮਿਕ ਭਾਈਚਾਰਿਆਂ ਵੱਲੋਂ ਚਲਾਈ ਗਈ 'ਸੇਵਾ ਦੀਵਾਲੀ' ਮੁਹਿੰਮ ਤਹਿਤ ਇਸ ਸਾਲ ਅਮਰੀਕਾ ਵਿਚ 6,30,000 ਪੌਂਡ ਤੋਂ ਵੱਧ ਦਾ ਭੋਜਨ ਦਾਨ ਕੀਤਾ ਗਿਆ। ਇਸ ਦੌਰਾਨ ਰੈਣਬਸੇਰਿਆਂ, ਧਾਰਮਿਕ ਸਥਾਨਾਂ, ਸਕੂਲਾਂ ਆਦਿ ਸਮੇਤ 32 ਸੂਬਿਆਂ ਵਿਚ 200 ਤੋਂ ਵੱਧ ਸੰਸਥਾਵਾਂ ਦੀ ਮਦਦ ਕੀਤੀ ਗਈ ਹੈ। 'ਸੇਵਾ ਦੀਵਾਲੀ' ਦੇ ਕੌਮੀ ਕੋਆਰਡੀਨੇਟਰ ਅਨਿਲ ਕੋਠਾਰੀ ਨੇ ਕਿਹਾ ਕਿ 'ਸੇਵਾ ਦੀਵਾਲੀ' ਜ਼ਰੀਏ ਸਾਰਿਆਂ ਦੀ ਬਿਹਤਰੀ ਲਈ ਲੋਕਾਂ ਨੂੰ ਇਕੱਠੇ ਕਰਨ ਦੇ ਮਕਸਦ ਨਾਲ ਕੰਮ ਕੀਤਾ ਜਾ ਰਿਹਾ ਹੈ।

## ਭਾਰਤੀ ਨਾਗਰਿਕ ਨੇ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਆਉਣ ਦਾ ਦੋਸ਼ ਕਬੂਲਿਆ

**ਵਾਸ਼ਿੰਗਟਨ:** ਭਾਰਤੀ ਨਾਗਰਿਕ ਨੇ ਅਦਾਲਤ ਸਾਹਮਣੇ ਦੋਸ਼ ਕਬੂਲ ਕੀਤਾ ਕਿ ਉਹ ਦੋ ਸਾਲ ਪਹਿਲਾਂ ਦੇਸ਼ ਤੋਂ ਡਿਪੋਰਟ ਕੀਤੇ ਜਾਣ ਤੋਂ ਬਾਅਦ ਗੈਰਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਇਆ ਸੀ। ਇਸ ਮਾਮਲੇ ਵਿਚ ਅਸ਼ੋਕ ਕੁਮਾਰ ਪ੍ਰਹਿਲਾਦਭਾਈ ਪਟੇਲ ਨੂੰ ਦੋ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਇਕ ਭਾਰਤੀ ਨਾਗਰਿਕ ਪਟੇਲ 24 ਨਵੰਬਰ 2021 ਨੂੰ ਸੇਂਟ ਕਰੋਇਕਸ ਦੇ ਹੈਨਰੀ ਈ ਰੋਹਲਸਨ ਹਵਾਈ ਅੱਡੇ 'ਤੇ ਕਸਟਮ ਅਧਿਕਾਰੀਆਂ ਸਾਹਮਣੇ ਪੇਸ਼ ਹੋਇਆ ਸੀ। ਨਿਆਂ ਵਿਭਾਗ ਨੇ ਦੱਸਿਆ ਕਿ ਜਾਂਚ ਦੌਰਾਨ ਪਟੇਲ ਨੇ ਫਲੋਰੀਡਾ ਦੇ ਡਰਾਈਵਰ ਦਾ ਇਕ ਫਰਜ਼ੀ ਲਾਇਸੈਂਸ ਦਿਖਾਇਆ। ਮਗਰੋਂ ਜਾਂਚ ਦੌਰਾਨ ਪਤਾ ਲੱਗਿਆ ਕਿ 17 ਅਗਸਤ 2019 ਨੂੰ ਪਟੇਲ ਨੂੰ ਕੈਲੀਫੋਰਨੀਆ ਵਿਚ ਸੀ.ਬੀ.ਪੀ. ਵੱਲੋਂ ਨਜ਼ਰਬੰਦ ਕੀਤਾ ਗਿਆ ਸੀ ਅਤੇ 21 ਨਵੰਬਰ 2019 ਨੂੰ ਉਸ ਨੂੰ ਅਮਰੀਕਾ ਤੋਂ ਭਾਰਤ ਭੇਜ ਦਿੱਤਾ ਗਿਆ।

## ਅਦਾਲਤ ਨੇ ਮੂਸੇਵਾਲਾ ਦੇ ਗੀਤ 'ਜਾਂਦੀ ਵਾਰ' ਦੀ ਰਿਲੀਜ਼ 'ਤੇ ਰੋਕ ਲਾਈ

**ਮਾਨਸਾ:** ਸਥਾਨਕ ਅਦਾਲਤ ਨੇ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਗੀਤ 'ਜਾਂਦੀ ਵਾਰ' ਨੂੰ ਰਿਲੀਜ਼ ਕਰਨ 'ਤੇ ਰੋਕ ਲਗਾ ਦਿੱਤੀ ਹੈ। ਐਡੀਸ਼ਨਲ ਸਿਵਲ ਜੱਜ ਸੀਨੀਅਰ ਡਿਵੀਜ਼ਨ ਸੁਮਿਤ ਭੱਲਾ ਦੀ ਅਦਾਲਤ ਨੇ ਇਹ ਹੁਕਮ ਮਰਹੂਮ ਗਾਇਕ ਦੀ ਮਾਤਾ ਚਰਨ ਕੌਰ ਵੱਲੋਂ ਦਾਇਰ ਪਟੀਸ਼ਨ ਦੇ ਸਬੰਧ ਵਿਚ ਕੀਤੇ ਹਨ।

ਅਦਾਲਤ ਨੇ ਆਖਿਆ ਕਿ ਗੀਤ 'ਜਾਂਦੀ ਵਾਰ' 16 ਦਸੰਬਰ ਤੱਕ ਰਿਲੀਜ਼ ਨਾ ਕੀਤਾ ਜਾਵੇ। ਇਹ ਗੀਤ ਸੰਗੀਤਕਾਰ ਸਲੀਮ ਮਰਚੈਂਟ ਨੇ ਪੰਜਾਬੀ ਗਾਇਕ ਦੀ ਮੌਤ ਤੋਂ ਪਹਿਲਾਂ ਜੁਲਾਈ 2021 ਨੂੰ ਚੰਡੀਗੜ੍ਹ ਵਿਚ ਰਿਕਾਰਡ ਕੀਤਾ ਸੀ ਜਿਸ ਵਿਚ ਗਾਇਕਾ ਅਫਸਾਨਾ ਖਾਨ ਨੇ ਵੀ ਆਪਣੀ ਆਵਾਜ਼ ਦਿੱਤੀ ਹੈ ਅਤੇ ਸਲੀਮ ਨੇ ਗੀਤ ਨੂੰ ਮੂਸੇਵਾਲਾ ਨੂੰ ਸ਼ਰਧਾਂਜਲੀ ਕਰਾਰ ਦਿੱਤਾ ਸੀ। ਭਾਵੇਂ ਇਸ ਗੀਤ ਨੂੰ ਸਲੀਮ ਮਰਚੈਂਟ 2 ਸਤੰਬਰ ਨੂੰ ਰਿਲੀਜ਼ ਕਰਨ ਦਾ ਦਾਅਵਾ ਕੀਤਾ ਸੀ, ਪਰ ਪਰਿਵਾਰ ਵੱਲੋਂ ਇਤਰਾਜ਼ ਕਰਨ 'ਤੇ ਰਿਲੀਜ਼ ਨਹੀਂ ਹੋ ਸਕਿਆ ਸੀ ਅਤੇ ਸਿੱਧੂ ਮੂਸੇਵਾਲਾ ਦੇ ਮਾਪੇ ਇਸ ਗੀਤ ਦੇ ਰਿਲੀਜ਼ ਹੋਣ ਨੂੰ ਲੈ ਕੇ ਅਦਾਲਤ ਵਿਚ ਚਲੇ ਗਏ ਸਨ। ਬਲਕੌਰ ਸਿੰਘ ਸਿੱਧੂ ਅਤੇ ਚਮਕੌਰ ਸਿੰਘ ਸਿੱਧੂ ਨੇ ਕਿਹਾ ਕਿ ਗੀਤ ਰਿਲੀਜ਼ ਕਰਨ ਸਬੰਧੀ ਉਨ੍ਹਾਂ ਕੋਲੋਂ ਕਿਸੇ ਨੇ ਆਗਿਆ ਨਹੀਂ ਲਈ ਹੈ।

## ਕੈਨੇਡਾ ਵਿਚ ਪੰਜਾਬੀ ਔਰਤ ਦੀ ਘਰ ਵਿਚ ਚਾਕੂ ਮਾਰ ਕੇ ਹੱਤਿਆ

**ਟੋਰਾਂਟੋ:** ਕੈਨੇਡਾ ਵਿਚ ਇਕ 40 ਸਾਲਾ ਪੰਜਾਬੀ ਔਰਤ ਦੀ ਘਰ ਵਿਚ ਹੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪੁਲਿਸ ਨੇ ਸ਼ੱਕ ਦੇ ਅਧਾਰ 'ਤੇ ਮਹਿਲਾ ਦੇ ਪਤੀ ਨੂੰ ਗ੍ਰਿਫਤਾਰ ਕੀਤਾ ਹੈ। ਮ੍ਰਿਤਕਾ ਦੀ ਸ਼ਨਾਖਤ ਹਰਪ੍ਰੀਤ ਕੌਰ ਵਜੋਂ ਹੋਈ ਹੈ ਤੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚਲੇ ਘਰ ਵਿਚ ਉਸ ਨੂੰ ਕਈ ਵਾਰ ਚਾਕੂ ਮਾਰਿਆ ਗਿਆ।

ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐਮ.ਪੀ.) ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤ ਕਰੀਬ 9.30 ਵਜੇ ਨਿਊਟਨ ਇਲਾਕੇ ਵਿਚ ਫੋਨ ਕਰ ਕੇ ਸੱਦਿਆ ਗਿਆ। ਜਦ ਪੁਲਿਸ ਅਧਿਕਾਰੀ ਪੁੱਜੇ ਤਾਂ ਮਹਿਲਾ ਸਖਤ ਜ਼ਖ਼ਮੀ ਹੋ ਚੁੱਕੀ ਸੀ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ।

ਮ੍ਰਿਤਕਾ ਦੇ 40 ਸਾਲਾ ਪਤੀ ਨੂੰ ਘਟਨਾ ਸਥਾਨ ਤੋਂ ਸ਼ੱਕ ਦੇ ਅਧਾਰ ਉਤੇ ਗ੍ਰਿਫਤਾਰ ਕਰ ਕੇ ਫਿਲਹਾਲ ਰਿਹਾਅ ਕਰ ਦਿੱਤਾ ਗਿਆ ਹੈ। ਪੁਲਿਸ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਦਾ ਨਾ ਸਿਰਫ ਪਰਿਵਾਰਾਂ ਤੇ ਦੋਸਤਾਂ, ਬਲਕਿ ਪੂਰੇ ਭਾਈਚਾਰੇ ਉਤੇ ਵੱਡਾ ਅਸਰ ਪੈਂਦਾ ਹੈ। ਜ਼ਿਕਰਯੋਗ ਹੈ ਕਿ ਹਾਲੇ ਕੁਝ ਦਿਨ ਪਹਿਲਾਂ ਹੀ ਮਿਸੀਸਾਗਾ ਵਿਚ 21 ਸਾਲਾ ਪਵਨਪ੍ਰੀਤ ਕੌਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ।

# ਅਨੁਸ਼ਾਸਨੀ ਕਾਰਵਾਈ ਪਿੱਛੋਂ ਜਗਮੀਤ ਬਰਾੜ ਨੇ ਚੁੱਕੇ ਵੱਡੇ ਸਵਾਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਕੀਤੀ ਕਾਰਵਾਈ ਤੋਂ ਬਾਅਦ ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਨੇ ਇਕ ਚਿੱਠੀ ਮੀਡੀਆ ਨੂੰ ਜਾਰੀ ਕਰਦਿਆਂ ਵੱਡੇ ਸਵਾਲ ਖੜ੍ਹੇ ਕੀਤੇ ਹਨ। ਸ੍ਰੀ ਬਰਾੜ ਨੇ ਇਸ ਚਿੱਠੀ ਰਾਹੀਂ ਕਿਹਾ ਕਿ ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਕੁਝ ਨੁਕਤੇ ਉਠਾਏ ਸਨ।

ਇਸ ਚਿੱਠੀ ਰਾਹੀਂ ਸ੍ਰੀ ਬਰਾੜ ਨੇ ਝੂੰਦਾ ਕਮੇਟੀ ਦੇ ਨੁਕਤੇ ਜਨਤਕ ਕੀਤੇ ਹਨ। ਉਨ੍ਹਾਂ ਇਹ ਨੁਕਤੇ ਇਸ ਚਿੱਠੀ ਰਾਹੀਂ ਅਨੁਸ਼ਾਸਨੀ ਕਮੇਟੀ ਦੇ ਧਿਆਨ 'ਚ ਵੀ ਲਿਆਂਦੇ ਹਨ। ਇਨ੍ਹਾਂ ਨੁਕਤਿਆਂ ਵਿਚ ਸਾਬਕਾ ਸੰਸਦ ਮੈਂਬਰ ਨੇ ਕਿਹਾ ਹੈ ਕਿ ਅਕਾਲੀ ਦਲ ਵੱਲੋਂ ਕਾਇਮ ਕੀਤੀ ਇਕ ਪੜਤਾਲੀਆ ਸਬ ਕਮੇਟੀ ਦੀ ਰਿਪੋਰਟ ਵਿਚ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਨੂੰ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਕੇ ਸ੍ਰੀ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਸੱਤਾ ਦੌਰਾਨ ਹੋਏ ਬੱਜਰ ਗੁਨਾਹਾਂ ਦੀ ਮੁਆਫੀ ਮੰਗਣ ਅਤੇ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ ਦੀ ਪਾਲਣਾ ਦਾ ਜ਼ਿਕਰ ਕੀਤਾ ਗਿਆ ਸੀ।



ਕਮੇਟੀ ਨੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਭਵਿੱਖ ਵਿਚ ਕੌਮੀ ਏਜੰਡਾ ਬਣਾਏ ਜਾਣ 'ਤੇ ਜ਼ੋਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਬ ਕਮੇਟੀ ਨੇ ਲੋਕ ਭਾਵਨਾਵਾਂ ਦੇ ਅਨੁਕੂਲ ਪਰਿਵਾਰਵਾਦ ਤੇ ਕੁਨਬਾਪ੍ਰਸਤੀ, ਜੋ ਸ਼੍ਰੋਮਣੀ ਅਕਾਲੀ ਦਲ ਅੰਦਰ ਕੋਹੜ ਵਾਂਗ ਫੈਲ ਗਈ ਹੈ, 'ਤੇ ਰੋਕ ਲਾ ਕੇ ਮੈਰਿਟ ਦੇ ਆਧਾਰ 'ਤੇ ਕੁਰਬਾਨੀ ਅਤੇ ਪੰਥਕ ਰਵਾਇਤਾਂ ਮੁਤਾਬਕ ਆਗੂਆਂ ਤੇ ਕਾਰਕੁਨਾਂ ਨੂੰ ਮਾਨਤਾ ਦੇਣ ਦੀ ਗੱਲ ਕਹੀ ਸੀ। ਜਗਮੀਤ ਸਿੰਘ ਬਰਾੜ ਨੇ ਇਹ ਵੀ ਲਿਖਿਆ ਹੈ ਕਿ ਪਾਰਟੀ ਪ੍ਰਧਾਨ ਦੇ ਦੁਆਲੇ ਇਕੱਤਰ ਹੋਏ ਮੌਕਾਪ੍ਰਸਤ, ਲੋਭੀ, ਲਾਲਚੀ ਅਤੇ ਭ੍ਰਿਸ਼ਟ ਲੋਕਾਂ ਨੂੰ ਲਾਂਭੇ ਕਰਕੇ ਯੋਗ ਤੇ ਕੁਰਬਾਨੀ ਵਾਲੇ ਆਗੂਆਂ ਨੂੰ ਮੂਹਰੇ ਲਿਆਂਦਾ ਜਾਵੇ।

ਦੱਸ ਦਈਏ ਕਿ ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਨੇ ਵੱਡੀ ਕਾਰਵਾਈ ਕਰਦਿਆਂ ਸਾਬਕਾ ਸੰਸਦ ਮੈਂਬਰ ਜਗਮੀਤ ਸਿੰਘ ਬਰਾੜ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਕਮੇਟੀ ਦੇ ਮੁਖੀ ਸਿਕੰਦਰ ਸਿੰਘ ਮਲੂਕਾ ਨੇ ਸ੍ਰੀ ਬਰਾੜ ਨੂੰ ਪਾਰਟੀ 'ਚੋਂ ਕੱਢਣ ਦਾ ਐਲਾਨ ਕਰਦਿਆਂ ਕਿਹਾ ਕਿ ਉਹ ਲਗਾਤਾਰ ਪਾਰਟੀ ਨੂੰ ਕਮਜ਼ੋਰ ਕਰਨ ਵਾਲੀਆਂ ਗਤੀਵਿਧੀਆਂ ਕਰ ਰਹੇ ਸਨ। ਉਨ੍ਹਾਂ ਦੀ ਮੁਢਲੀ ਮੈਂਬਰਸ਼ਿਪ ਵੀ ਛੇ ਸਾਲ ਲਈ ਰੱਦ ਕਰ ਦਿੱਤੀ ਗਈ ਹੈ। ਅਕਾਲੀ ਦਲ ਨੇ ਅਗਸਤ ਤੋਂ ਹੀ ਬਰਾੜ ਖ਼ਿਲਾਫ਼ ਕਾਰਵਾਈ ਦਾ ਮੁੱਢ ਬੰਨ੍ਹ ਦਿੱਤਾ ਸੀ। ਸ੍ਰੀ ਮਲੂਕਾ ਨੇ ਦਾਅਵਾ ਕੀਤਾ ਕਿ ਜਗਮੀਤ ਸਿੰਘ ਬਰਾੜ ਨੂੰ ਪੱਖ ਰੱਖਣ ਦੇ ਖੁੱਲ੍ਹੇ ਮੌਕੇ ਦਿੱਤੇ ਗਏ ਸਨ। 'ਉਨ੍ਹਾਂ (ਬਰਾੜ) ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ ਸੀ ਅਤੇ ਜਦੋਂ ਜਵਾਬ ਤਸੱਲੀਬਖ਼ਸ਼ ਨਾ ਪਾਇਆ ਗਿਆ ਤਾਂ ਨਿੱਜੀ ਤੌਰ 'ਤੇ ਪੱਖ ਰੱਖਣ ਦਾ ਮੌਕਾ ਦਿੱਤਾ ਗਿਆ ਸੀ।'

ਉਨ੍ਹਾਂ ਦੱਸਿਆ ਕਿ ਜਦੋਂ ਸ੍ਰੀ ਬਰਾੜ ਨੇ ਆਖਿਆ ਕਿ ਉਹ ਇਕ ਜ਼ਰੂਰੀ ਭੋਗ ਕਾਰਨ 6 ਦਸੰਬਰ ਨੂੰ ਕਮੇਟੀ ਅੱਗੇ ਪੇਸ਼ ਨਹੀਂ ਹੋ ਸਕਦੇ ਤਾਂ ਉਨ੍ਹਾਂ ਨੂੰ 10 ਦਸੰਬਰ ਨੂੰ ਪੇਸ਼ ਹੋਣ ਦਾ ਮੌਕਾ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਨੁਸ਼ਾਸਨਹੀਣਤਾ ਦੇ ਰਾਹ ਪਏ ਇਸ ਆਗੂ ਨੇ ਪਾਰਟੀ ਵਿਚੋਂ ਪਹਿਲਾਂ ਹੀ ਕੱਢੇ ਜਾ ਚੁੱਕੇ ਬੀਬੀ ਜਗੀਰ ਕੌਰ ਦੀ 6 ਦਸੰਬਰ ਨੂੰ ਜਨਤਕ ਮੀਟਿੰਗ ਵਿਚ ਸ਼ਾਮਲ ਹੋਣ ਨੂੰ ਤਰਜੀਹ ਦਿੱਤੀ। ਉਨ੍ਹਾਂ ਵੱਖ-ਵੱਖ ਅਕਾਲੀ ਧੜਿਆਂ 'ਚ ਏਕਤਾ ਕਰਾਉਣ ਲਈ ਤਾਲਮੇਲ ਕਮੇਟੀ ਦਾ ਗਠਨ ਵੀ ਕੀਤਾ ਸੀ। ਇਸ ਕਮੇਟੀ ਦੇ ਗਠਨ ਅਤੇ ਜਗਮੀਤ ਸਿੰਘ ਬਰਾੜ ਦੀਆਂ ਹੋਰ ਗਤੀਵਿਧੀਆਂ ਅਕਾਲੀ ਦਲ ਨੂੰ ਲਗਾਤਾਰ ਰੜਕ ਰਹੀਆਂ ਸਨ।

## ਸੁਖਬੀਰ ਬਾਦਲ ਦਾ ਵਿਰੋਧ ਕਰਨ ਕਰ ਕੇ ਜਗਮੀਤ ਨੂੰ ਪਾਰਟੀ 'ਚੋਂ ਕੱਢਿਆ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਤੇ ਪਾਰਟੀ ਦੇ ਸਕੱਤਰ ਜਨਰਲ ਰਣਜੀਤ ਸਿੰਘ ਤਲਵੰਡੀ ਨੇ ਕਿਹਾ ਕਿ ਬਾਦਲ ਦਲ ਵਿਚ ਜੋ ਆਗੂ ਸੁਖਬੀਰ ਸਿੰਘ ਬਾਦਲ ਦੀਆਂ ਪੰਥ ਅਤੇ ਪੰਜਾਬ ਵਿਰੋਧੀ ਨੀਤੀਆਂ ਦਾ ਵਿਰੋਧ ਕਰਦਾ ਹੈ, ਉਸ ਨੂੰ ਪਾਰਟੀ 'ਚੋਂ ਬਾਹਰ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਗਮੀਤ ਸਿੰਘ ਬਰਾੜ ਨੂੰ ਵੀ ਇਸੇ ਕਾਰਨ ਪਾਰਟੀ ਤੋਂ ਬਾਹਰ ਕੱਢਿਆ ਗਿਆ ਹੈ। ਉਨ੍ਹਾਂ ਕਿਹਾ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੇ ਚਹੇਤੇ ਪਾਰਟੀ ਨੂੰ ਇਕ ਕਾਰਪੋਰੇਟ ਕੰਪਨੀ ਵਾਂਗ ਚਲਾਉਣਾ ਚਾਹੁੰਦੇ ਹਨ ਤੇ ਉਹ ਨਹੀਂ ਚਾਹੁੰਦੇ ਕਿ ਅਕਾਲੀ ਦਲ ਵਿਚ ਏਕਤਾ ਹੋਵੇ, ਜਿਸ ਕਰਕੇ ਪਾਰਟੀ ਪ੍ਰਤੀ ਪੰਥ ਅਤੇ ਪੰਜਾਬ ਦੇ ਲੋਕਾਂ ਦਾ ਮੋਹ ਲਗਾਤਾਰ ਘਟਦਾ ਜਾ ਰਿਹਾ ਹੈ।

# ਬਾਲ ਦਿਵਸ ਨੂੰ ਸਾਹਿਬਜ਼ਾਦੇ ਸ਼ਹਾਦਤ ਦਿਵਸ ਵਜੋਂ ਮਨਾਉਣ ਦੀ ਮੰਗ ਨੇ ਫੜਿਆ ਜ਼ੋਰ

**ਅੰਮ੍ਰਿਤਸਰ:** ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਸਰਕਾਰ ਵੱਲੋਂ ਐਲਾਨੇ ਗਏ ਵੀਰ ਬਾਲ ਦਿਵਸ ਦੀ ਥਾਂ ਇਸ ਦਿਹਾੜੇ ਨੂੰ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਵਜੋਂ ਮਨਾਉਣ ਦੀ ਮੰਗ ਕੀਤੀ ਹੈ।

ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਇਸ ਸਾਲ 28 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਭਾਵੇਂ ਪਹਿਲਾਂ ਵੀ ਕੇਂਦਰ ਸਰਕਾਰ ਨੂੰ ਇਸ ਦਿਵਸ ਨੂੰ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਵਜੋਂ ਮਨਾਉਣ ਦੀ ਅਪੀਲ ਕੀਤੀ ਜਾ ਚੁੱਕੀ ਹੈ ਪਰ ਹੁਣ ਦਿਵਸ ਨੇੜੇ ਆਉਣ ਕਾਰਨ ਮੁੜ ਕੇਂਦਰ ਸਰਕਾਰ ਨੂੰ ਇਸ ਦਿਵਸ ਦਾ ਨਾਂ ਬਦਲਣ ਲਈ ਯਾਦ ਕਰਵਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਇਸੇ ਸਾਲ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਵਿਚ



ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਵੀਰ ਬਾਲ ਦਿਵਸ ਐਲਾਨਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਇਹ ਨਾਮ ਸਿੱਖ ਇਤਿਹਾਸ ਅਤੇ ਸਿੱਖ ਸਿਧਾਂਤਾਂ ਦੀ ਭਾਵਨਾ ਦੇ ਅਨੁਕੂਲ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਐਲਾਨ ਉਪਰੰਤ ਸ੍ਰੀ ਅਕਾਲ ਤਖ਼ਤ ਵੱਲੋਂ ਸਿੱਖ ਵਿਦਵਾਨਾਂ ਦੀ ਕਮੇਟੀ ਬਣਾਈ ਗਈ ਸੀ, ਜਿਸ ਨੇ ਵੀਰ ਬਾਲ ਦਿਵਸ ਦੀ ਥਾਂ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਨਾਮ ਸੁਝਾਇਆ ਹੈ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਮਤਾ ਵੀ ਪਾਸ ਕੀਤਾ ਹੈ, ਜਿਸ ਤਹਿਤ ਪਹਿਲਾਂ ਵੀ ਸਰਕਾਰ ਨੂੰ ਅਪੀਲ ਕੀਤੀ ਜਾ ਚੁੱਕੀ ਹੈ। ਉਨ੍ਹਾਂ ਇਸ ਸਬੰਧੀ ਭਾਰਤ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਵਿਚ ਸੋਧ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨੂੰ ਪੱਤਰ ਵੀ ਭੇਜਿਆ ਗਿਆ ਹੈ।

## ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖਤੀ ਮੁਹਿੰਮ ਨੂੰ ਹੁੰਗਾਰਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਅਰੰਭੀ ਗਈ ਦਸਤਖ਼ਤ ਮੁਹਿੰਮ ਦਾ ਸਮਰਥਨ ਕਰਦਿਆਂ ਬਾਪੂ ਸੂਰਤ ਸਿੰਘ ਨੇ ਵੀ ਪ੍ਰਫੋਰਮਾ ਭਰਿਆ। ਬਾਪੂ ਸੂਰਤ ਸਿੰਘ ਪਿਛਲੇ ਲੰਮੇ ਅਰਸੇ ਤੋਂ ਸਿੱਖ ਬੰਦੀਆਂ ਦੀ ਰਿਹਾਈ ਲਈ ਸੰਘਰਸ਼ਸ਼ੀਲ ਹਨ। ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਮੁਹਿੰਮ ਤਹਿਤ ਹੁਣ ਤੱਕ ਇਕ ਲੱਖ ਤੋਂ ਵੱਧ ਫਾਰਮ ਭਰਵਾਏ ਜਾ ਚੁੱਕੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਲੁਧਿਆਣਾ ਵਿਚ ਇਕ ਹਸਪਤਾਲ 'ਚ ਜੇਰੇ ਇਲਾਜ ਬਾਪੂ ਸੂਰਤ ਸਿੰਘ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ ਤੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਅਰੰਭੀ ਗਈ ਦਸਤਖ਼ਤ ਮੁਹਿੰਮ ਬਾਰੇ ਜਾਣਕਾਰੀ ਦਿੱਤੀ।

# ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ 'ਤੇ ਨਗਰ ਕੀਰਤਨ ਦੀ ਤਰੀਕ ਬਦਲੀ

**ਅੰਮ੍ਰਿਤਸਰ:** ਮੂਲ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਕੇ ਬਿਕਰਮੀ ਕੈਲੰਡਰ ਨੂੰ ਮੁੜ ਲਾਗੂ ਕੀਤੇ ਜਾਣ ਮਗਰੋਂ ਗੁਰਪੁਰਬ ਦੀ ਤਰੀਕ ਦੇ ਮਾਮਲੇ ਨੂੰ ਲੈ ਕੇ ਸੰਗਤ ਵਿਚ ਲਗਾਤਾਰ ਦੁਬਿਧਾ ਵਾਲੀ ਸਥਿਤੀ ਬਣ ਰਹੀ ਸੀ ਜਿਸ ਕਾਰਨ ਇਸ ਵਾਰ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਮੌਕੇ ਸਜਾਇਆ ਜਾਣ ਵਾਲਾ ਨਗਰ ਕੀਰਤਨ 28 ਦੀ ਥਾਂ 27 ਦਸੰਬਰ ਨੂੰ ਸਜਾਉਣ ਦਾ ਫੈਸਲਾ ਕੀਤਾ ਗਿਆ ਹੈ।

ਮੌਜੂਦਾ ਕੈਲੰਡਰ ਮੁਤਾਬਕ ਇਸ ਵਾਰ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ 28 ਦਸੰਬਰ ਅਤੇ ਗੁਰੂ ਗੋਬਿੰਦ ਸਿੰਘ ਦਾ ਪ੍ਰਕਾਸ਼ ਪੁਰਬ 29 ਦਸੰਬਰ ਨੂੰ ਇਕ ਦਿਨ ਬਾਅਦ ਹੀ ਆ ਗਿਆ ਹੈ ਜਿਸ ਕਾਰਨ ਸੰਗਤ ਵਿਚ ਪ੍ਰਕਾਸ਼ ਪੁਰਬ ਮੌਕੇ ਸਜਾਏ ਜਾਣ ਵਾਲੇ ਨਗਰ ਕੀਰਤਨ ਨੂੰ ਲੈ ਕੇ ਦੁਬਿਧਾ ਵਾਲੀ ਸਥਿਤੀ ਬਣ ਗਈ ਹੈ। ਸਿੱਖ ਰਵਾਇਤਾਂ ਮੁਤਾਬਕ ਪ੍ਰਕਾਸ਼ ਪੁਰਬ ਸਬੰਧੀ ਨਗਰ ਕੀਰਤਨ ਇਕ ਦਿਨ ਪਹਿਲਾ ਸਜਾਇਆ ਜਾਂਦਾ ਹੈ ਜਿਸ ਮੁਤਾਬਕ ਨਗਰ ਕੀਰਤਨ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਵਾਲੇ ਦਿਨ 28 ਦਸੰਬਰ ਨੂੰ ਬਣਦਾ ਸੀ ਪਰ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਵਸ ਸਾਰੇ ਸੰਸਾਰ ਵਿਚ ਵੈਰਾਗ ਮਈ ਸਥਿਤੀ ਵਿਚ ਮਨਾਇਆ ਜਾਂਦਾ ਹੈ। ਇਸ ਮਾਮਲੇ ਵਿਚ ਸੰਗਤ ਵੱਲੋਂ ਅਤੇ ਖਾਸ ਕਰਕੇ ਗੁਰਦੁਆਰਾ ਕਮੇਟੀਆਂ ਵੱਲੋਂ ਸ਼੍ਰੋਮਣੀ ਕਮੇਟੀ ਕੋਲੋਂ ਇਸ ਸਮੱਸਿਆ ਦੇ ਹੱਲ ਬਾਰੇ ਪੁੱਛਿਆ ਜਾ ਰਿਹਾ ਸੀ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ 29 ਦਸੰਬਰ ਨੂੰ ਆ ਰਹੇ ਪ੍ਰਕਾਸ਼ ਗੁਰਪੁਰਬ ਸਬੰਧੀ ਸਜਾਇਆ ਜਾਣ ਵਾਲਾ ਨਗਰ ਕੀਰਤਨ 27 ਦਸੰਬਰ ਨੂੰ ਸਜਾਉਣ ਦਾ ਆਦੇਸ਼ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਸ ਵਾਰ 28 ਦਸੰਬਰ ਨੂੰ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਦਾ ਸ਼ਹੀਦੀ ਦਿਹਾੜਾ ਹੋਣ ਕਾਰਨ ਜਥੇਦਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਨਗਰ ਕੀਰਤਨ 28 ਦੀ ਥਾਂ 27 ਦਸੰਬਰ ਨੂੰ ਸਜਾਉਣ ਲਈ ਸੰਗਤ ਨੂੰ ਸੂਚਿਤ ਕਰਨ ਲਈ ਆਖਿਆ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਗੁਰਦੁਆਰਿਆਂ ਨੂੰ ਸਰਕੂਲਰ ਜਾਰੀ ਕਰ ਦਿੱਤਾ ਗਿਆ ਹੈ।

# ਸਿਆਸੀ ਕੈਦੀਆਂ ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਮਾਰਚ



**ਚੰਡੀਗੜ੍ਹ:** ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਸਿਆਸੀ ਕਾਰਕੁਨਾਂ, ਬੁੱਧੀਜੀਵੀਆਂ, ਪੱਤਰਕਾਰਾਂ, ਲੇਖਕਾਂ, ਵਿਦਿਆਰਥੀਆਂ ਤੇ ਸਮਾਜਿਕ ਕਾਰਕੁਨਾਂ ਨੂੰ ਬਿਨਾਂ ਮੁਕੱਦਮਾ ਚਲਾਏ ਲੰਬੇ ਸਮੇਂ ਲਈ ਜੇਲ੍ਹਾਂ ਵਿਚ ਡੱਕਣ ਵਿਰੁੱਧ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ ਲਈ ਅੰਮ੍ਰਿਤਸਰ, ਫਰੀਦਕੋਟ, ਮੋਗਾ, ਸੰਗਰੂਰ, ਮੁਕਤਸਰ, ਬਠਿੰਡਾ, ਪਟਿਆਲਾ, ਹੁਸ਼ਿਆਰਪੁਰ, ਕਪੂਰਥਲਾ ਆਦਿ ਸ਼ਹਿਰਾਂ ਵਿਚ ਮੁਜ਼ਾਹਰੇ ਕੀਤੇ ਗਏ।

ਇਸ ਦੌਰਾਨ ਮੁਜ਼ਾਹਰਾਕਾਰੀਆਂ ਨੇ ਸਿਆਸੀ ਕੈਦੀਆਂ ਤੇ ਸਿੱਖ ਬੰਦੀਆਂ ਦੀ ਰਿਹਾਈ ਲਈ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਜਥੇਬੰਦੀ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਵੱਲੋਂ 10 ਦਸੰਬਰ 1948 ਨੂੰ ਪਾਸ ਕੀਤੇ ਗਏ ਮਨੁੱਖੀ ਅਧਿਕਾਰਾਂ ਦੇ ਚਾਰਟਰ ਦੀਆਂ ਪਹਿਲੀਆਂ ਸਤਰਾਂ ਵਿਚ ਹੀ ਲਿਖਿਆ ਹੋਇਆ ਹੈ ਕਿ ਮਨੁੱਖ ਜਮਾਂਦਰੂ ਤੌਰ 'ਤੇ ਆਜ਼ਾਦੀ ਅਤੇ ਬਰਾਬਰੀ ਦਾ ਹੱਕਦਾਰ ਹੈ, ਪਰ ਕੇਂਦਰ ਸਰਕਾਰ ਵੱਲੋਂ ਦੇਸ਼ ਵਾਸੀਆਂ ਦੇ ਇਨ੍ਹਾਂ ਮਨੁੱਖੀ ਅਧਿਕਾਰਾਂ ਨੂੰ ਪੈਰਾਂ ਹੇਠ ਮਿੱਧਿਆ ਜਾ ਰਿਹਾ ਹੈ।

ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਣ ਵਾਲਿਆਂ ਨੂੰ ਜੇਲ੍ਹਾਂ ਵਿਚ ਡੱਕਿਆ ਜਾ ਰਿਹਾ ਹੈ ਅਤੇ ਸਜ਼ਾਵਾਂ ਭੁਗਤ ਚੁੱਕੇ ਬੰਦੀਆਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ। ਉਨ੍ਹਾਂ ਮੰਗ ਕੀਤੀ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੱਖਾਂ ਅਤੇ ਸਿਆਸੀ ਕੈਦੀਆਂ ਨੂੰ ਫੌਰੀ ਰਿਹਾਅ ਕੀਤਾ ਜਾਵੇ।

## ਸਿਆਸੀ ਕੈਦੀਆਂ ਨੂੰ ਤੁਰੰਤ ਰਿਹਾਅ ਕਰੇ ਕੇਂਦਰ: ਦਲ ਖਾਲਸਾ

**ਚੰਡੀਗੜ੍ਹ:** ਦਲ ਖਾਲਸਾ ਨੇ 75ਵਾਂ ਵਿਸ਼ਵ ਮਨੁੱਖੀ ਅਧਿਕਾਰ ਦਿਵਸ ਪੂਰੇ ਭਾਰਤ ਦੀਆਂ ਜੇਲ੍ਹਾਂ ਵਿਚ ਬੰਦ ਸਿਆਸੀ ਕੈਦੀਆਂ ਨੂੰ ਸਮਰਪਿਤ ਕਰਦਿਆਂ ਸੈਕਟਰ-28 ਸਥਿਤ ਕੇਂਦਰੀ ਗੁਰੂ ਸਿੰਘ ਸਭਾ ਵਿਚ ਇਕ ਸਮਾਗਮ ਕਰਵਾਇਆ। ਇਸ ਮੌਕੇ ਨਾਗਾਲੈਂਡ, ਤਾਮਿਲਨਾਡੂ, ਕਸ਼ਮੀਰ, ਦਿੱਲੀ ਅਤੇ ਪੰਜਾਬ ਤੋਂ ਸੰਘਰਸ਼ਸ਼ੀਲ ਕੌਮਾਂ ਦੀ ਲੀਡਰਸ਼ਿਪ, ਮਨੁੱਖੀ ਅਧਿਕਾਰਾਂ ਲਈ ਕੰਮ ਕਰ ਰਹੇ ਕਾਰਕੁਨ, ਵਕੀਲ, ਵਿਦਿਆਰਥੀ ਅਤੇ ਪੱਤਰਕਾਰ ਸ਼ਾਮਲ ਹੋਏ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਜੇਕਰ ਭਾਰਤੀ ਹਕੂਮਤ ਸੰਘਰਸ਼ਸ਼ੀਲ ਕੌਮਾਂ ਅਤੇ ਧਾਰਮਿਕ ਤੇ ਨਸਲੀ ਘੱਟ ਗਿਣਤੀਆਂ ਨਾਲ ਆਪਣੇ ਵਿਗੜੇ ਸਬੰਧਾਂ ਨੂੰ ਸੁਧਾਰਨਾ ਚਾਹੁੰਦੀ ਹੈ ਤਾਂ ਬਿਨਾ ਮੁਕੱਦਮਾ ਚਲਾਏ ਲੰਬੇ ਸਮੇਂ ਤੋਂ ਜੇਲ੍ਹਾਂ ਵਿਚ ਡੱਕੇ ਹੋਏ ਸਿਆਸੀ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ।

# ਕੇਂਦਰੀ ਸਿੱਖ ਅਜਾਇਬ ਘਰ ਨੂੰ ਆਧੁਨਿਕ ਬਣਾਉਣ ਦੀ ਯੋਜਨਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਕੇਂਦਰੀ ਸਿੱਖ ਅਜਾਇਬ ਘਰ ਨੂੰ ਆਧੁਨਿਕ ਤਕਨੀਕਾਂ ਅਨੁਸਾਰ ਤਿਆਰ ਕਰਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਇਕ ਵਿਸ਼ਵ ਪੱਧਰੀ ਸਾਹਿਤ ਘਰ ਅਤੇ ਲਾਇਬ੍ਰੇਰੀ ਦੀ ਸਥਾਪਨਾ ਕਰਨ ਲਈ ਵੀ ਚਰਚਾ ਕੀਤੀ ਜਾ ਰਹੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕੇਂਦਰੀ ਸਿੱਖ ਅਜਾਇਬ ਘਰ ਨੂੰ ਨਵਿਆਉਣ ਸਬੰਧੀ ਜਾਇਜ਼ਾ ਲੈਣ ਮੌਕੇ ਕੀਤਾ।

ਸ੍ਰੀ ਦਰਬਾਰ ਸਾਹਿਬ ਦਾ ਕੇਂਦਰੀ ਸਿੱਖ ਅਜਾਇਬ ਘਰ ਸਿੱਖ ਇਤਿਹਾਸ ਦਾ ਅਹਿਮ ਸੋਮਾ ਹੈ, ਜਿੱਥੇ ਸੰਗਤ ਗੁਰੂ ਸਾਹਿਬਾਨ ਤੋਂ ਲੈ ਕੇ ਸਿੱਖ ਸ਼ਹੀਦਾਂ, ਸਿੱਖੀ ਲਈ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਅਤੇ ਸਿੱਖ ਕੌਮ ਦੇ ਸੰਘਰਸ਼ੀ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਕਰਦੀ ਹੈ। ਉਨ੍ਹਾਂ ਕਿਹਾ ਕਿ ਸਿੱਖੀ ਪ੍ਰਚਾਰ ਤੇ ਇਤਿਹਾਸ ਦੇ ਇਸ ਅਹਿਮ ਅਸਥਾਨ ਨੂੰ ਸੰਗਤ ਲਈ ਹੋਰ ਉਭਾਰਨਾ ਬੇਹੱਦ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਕੇਂਦਰੀ ਸਿੱਖ ਅਜਾਇਬ ਘਰ ਬਾਰੇ ਇਕ ਕਮੇਟੀ ਕਾਇਮ ਕੀਤੀ ਗਈ ਹੈ, ਜਿਸ ਦੀਆਂ ਸਿਫਾਰਸ਼ਾਂ ਨੂੰ ਲਾਗੂ ਕੀਤਾ ਜਾਵੇਗਾ। ਭਾਈ ਗਰੇਵਾਲ ਨੇ ਕਿਹਾ ਕਿ ਇਸੇ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਇਕ ਕੌਮਾਂਤਰੀ ਪੱਧਰ ਦੀ ਲਾਇਬ੍ਰੇਰੀ ਸਥਾਪਤ ਕਰਨ ਦਾ ਵੀ ਵਿਚਾਰ ਹੈ। ਇਸੇ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਵਿਖੇ ਪ੍ਰੁੱਜਦੀ ਸੰਗਤ ਲਈ ਸਾਹਿਤ ਕੇਂਦਰ (ਲਿਟਰੇਚਰ ਹਾਊਸ) ਦਾ ਵੀ ਵਿਸਥਾਰ ਕੀਤਾ ਜਾਵੇਗਾ। ਇਨ੍ਹਾਂ ਮਾਮਲਿਆਂ 'ਤੇ ਜਲਦੀ ਹੀ ਅੰਤ੍ਰਿੰਗ ਕਮੇਟੀ ਵਿਚ ਫੈਸਲਾ ਲਿਆ ਜਾਵੇਗਾ।

# ਹਲਵਾਰਾ ਹਵਾਈ ਅੱਡੇ ਦੇ ਨਿਰਮਾਣ ਨੇ ਰਫਤਾਰ ਫੜੀ

**ਲੁਧਿਆਣਾ:** ਪੰਜਾਬ ਸਰਕਾਰ ਵੱਲੋਂ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦੇ ਨਿਰਮਾਣ ਵਿਚ ਤੇਜ਼ੀ ਲਿਆਉਣ ਦੇ ਹੁਕਮ ਦਿੱਤੇ ਗਏ ਹਨ। ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਨਿਰਮਾਣ ਅਧੀਨ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦਾ ਦੌਰਾ ਕੀਤਾ।

ਉਨ੍ਹਾਂ ਅਧਿਕਾਰੀਆਂ ਨੂੰ ਕੰਮ ਵਿਚ ਤੇਜ਼ੀ ਲਿਆਉਣ ਅਤੇ ਮਾਰਚ 2023 ਤੱਕ ਕੰਮ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਇਸ ਨੂੰ ਆਪਣਾ ਅਹਿਮ ਪ੍ਰੋਜੈਕਟ ਦੱਸਦਿਆਂ ਗਲਾਡਾ ਦੀ ਮੁੱਖ ਪ੍ਰਸ਼ਾਸਕ ਅਮਨਪ੍ਰੀਤ ਕੌਰ ਸੰਧੂ ਅਤੇ ਵਧੀਕ ਮੁੱਖ ਪ੍ਰਸ਼ਾਸਕ ਅਮਰਿੰਦਰ ਸਿੰਘ ਮੱਲ੍ਹੀ, ਲੋਕ ਨਿਰਮਾਣ ਵਿਭਾਗ, ਸ਼ਹਿਰੀ ਹਵਾਬਾਜ਼ੀ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਜਲਦੀ ਕੰਮ ਪੂਰਾ ਕਰਨ ਦੇ ਹੁਕਮ ਦਿੱਤੇ। ਸ੍ਰੀ ਅਰੋੜਾ ਨੇ ਮੁੱਖ ਮੰਤਰੀ ਭਗਵੰਤ ਮਾਨ




ਦੀ ਹਵਾਈ ਅੱਡੇ ਨੂੰ ਜਲਦੀ ਮੁਕੰਮਲ ਕਰਨ ਦੀ ਵਚਨਬੱਧਤਾ ਨੂੰ ਵੀ ਚੇਤੇ ਕੀਤਾ।

ਉਨ੍ਹਾਂ ਅਧਿਕਾਰੀਆਂ ਨੂੰ ਭਰੋਸਾ ਦਿੱਤਾ ਕਿ ਇਸ ਪ੍ਰੋਜੈਕਟ ਵਿਚ ਸਰਕਾਰ ਵੱਲੋਂ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਇਸ ਕਾਰਜ ਲਈ ਲੇਬਰ ਦੀ ਗਿਣਤੀ ਵਿਚ ਵਾਧਾ ਕਰਨ ਲਈ ਵੀ ਕਿਹਾ। ਉਨ੍ਹਾਂ ਪ੍ਰੋਜੈਕਟ ਉਪਰ ਵਧੇਰੇ ਰੌਸ਼ਨੀ ਦੇ ਪ੍ਰਬੰਧ ਕਰ ਕੇ ਦੇਰ ਸ਼ਾਮ ਤੱਕ ਉਸਾਰੀ ਦਾ ਕੰਮ ਜਾਰੀ ਰੱਖਣ ਲਈ ਕਿਹਾ।

ਉਨ੍ਹਾਂ ਕੰਮ ਦੀ ਨਿਗਰਾਨੀ ਕਰਨ ਲਈ ਉਸਾਰੀ ਵਾਲੀ ਥਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦਾ ਵੀ ਸੁਝਾਅ ਦਿੱਤਾ। ਉਨ੍ਹਾਂ ਨੇ ਲੋਕ ਨਿਰਮਾਣ ਵਿਭਾਗ (ਇਮਾਰਤ ਅਤੇ ਸੜਕਾਂ) ਵੱਲੋਂ ਤਿਆਰ ਅੰਤਰਿਮ ਏਅਰਪੋਰਟ ਟਰਮੀਨਲ ਦੀਆਂ ਡਰਾਇੰਗਾਂ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਨੇ ਜਹਾਜ਼ ਦੀ ਪਾਰਕਿੰਗ ਬਾਰੇ ਵਿਸਥਾਰ ਨਾਲ ਪੁੱਛਿਆ।

# ਹਿੰਦੂ ਉਤਰਾਧਿਕਾਰ ਐਕਟ 'ਚ ਸੋਧ ਬਾਰੇ ਵਿਚਾਰ ਕਰਨ ਦੇ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਆਖਿਆ ਹੈ ਕਿ ਪੁਰਸ਼ ਆਦਿਵਾਸੀਆਂ ਦੀ ਤਰਜ਼ 'ਤੇ ਭਾਈਚਾਰੇ ਨਾਲ ਸਬੰਧਤ ਔਰਤਾਂ ਵੀ ਆਪਣੇ ਪਿਤਾ ਦੀ ਜਾਇਦਾਦ ਵਿਚ ਬਰਾਬਰ ਦੀਆਂ ਹੱਕਦਾਰ ਹਨ। ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਉਹ ਇਸ ਮਸਲੇ ਦੀ ਘੋਖ ਕਰੇ ਤੇ ਹਿੰਦੂ ਉਤਰਾਧਿਕਾਰ ਐਕਟ ਦੀਆਂ ਵਿਵਸਥਾਵਾਂ ਵਿਚ ਤਰਮੀਮ ਕਰਨ ਬਾਰੇ ਗੌਰ ਕਰੇ ਤਾਂ ਕਿ ਅਨੁਸੂਚਿਤ ਕਬੀਲਿਆਂ ਦੇ ਮੈਂਬਰਾਂ ਨੂੰ ਵੀ ਇਸ ਵਿਚ ਸ਼ਾਮਲ ਕੀਤਾ ਜਾ ਸਕੇ। ਸਿਖਰਲੀ ਕੋਰਟ ਨੇ ਕਿਹਾ ਕਿ ਜਦੋਂ ਕਿਸੇ ਗੈਰ-ਆਦਿਵਾਸੀ ਦੀ ਧੀ ਆਪਣੇ ਪਿਤਾ ਦੀ ਸੰਪਤੀ ਵਿਚੋਂ ਬਰਾਬਰ ਦਾ ਹਿੱਸਾ ਲੈਣ ਦੀ ਹੱਕਦਾਰ ਹੈ ਤਾਂ ਫਿਰ ਆਦਿਵਾਸੀ ਭਾਈਚਾਰੇ ਦੀ ਧੀ ਨੂੰ ਅਜਿਹੇ ਕਿਸੇ ਹੱਕ ਤੋਂ ਵਾਂਝਿਆਂ ਨਹੀਂ ਕੀਤਾ ਜਾ ਸਕਦਾ। ਹਿੰਦੂ ਉਤਰਾਧਿਕਾਰ ਐਕਟ ਦੀ ਧਾਰਾ 2(2) ਤਹਿਤ ਇਹ ਐਕਟ ਅਨੁਸੂਚਿਤ ਕਬੀਲਿਆਂ ਦੇ ਮੈਂਬਰਾਂ 'ਤੇ ਲਾਗੂ ਨਹੀਂ ਹੁੰਦਾ।

# ਕਣਕ ਦੀ ਬਿਜਾਈ ਹੇਠ ਆਇਆ 255.76 ਲੱਖ ਹੈਕਟੇਅਰ ਰਕਬਾ

**ਨਵੀਂ ਦਿੱਲੀ:** ਮੌਜੂਦਾ ਹਾੜ੍ਹੀ ਸੀਜ਼ਨ ਦੌਰਾਨ 255.76 ਲੱਖ ਹੈਕਟੇਅਰ ਰਕਬੇ ਵਿਚ ਕਣਕ ਬੀਜੀ ਗਈ ਹੈ, ਜੋ ਪਿਛਲੇ ਸਾਲ ਨਾਲੋਂ 25 ਫੀਸਦੀ ਵੱਧ ਹੈ। ਸਰਕਾਰੀ ਅੰਕੜਿਆਂ ਮੁਤਾਬਕ, ਉਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਿਚ ਸਭ ਤੋਂ ਵੱਧ ਕਣਕ ਦੀ ਬਿਜਾਈ ਹੋਈ।

ਕਣਕ ਹਾੜ੍ਹੀ ਦੀ ਮੁੱਖ ਫਸਲ ਹੈ। ਪਿਛਲੇ ਸਾਲ ਇਸੇ ਸਮੇਂ ਦੌਰਾਨ 203.91 ਲੱਖ ਹੈਕਟੇਅਰ ਰਕਬੇ ਵਿਚ ਕਣਕ ਬੀਜੀ ਗਈ ਸੀ।



ਹਾੜ੍ਹੀ ਦੀਆਂ ਫਸਲਾਂ ਦੀ ਬਿਜਾਈ ਅਕਤੂਬਰ ਮਹੀਨੇ ਤੋਂ ਸ਼ੁਰੂ ਹੁੰਦੀ ਹੈ। ਉੱਤਰ ਪ੍ਰਦੇਸ਼ (20.09 ਲੱਖ ਹੈਕਟੇਅਰ), ਮੱਧ ਪ੍ਰਦੇਸ਼ (13.48 ਲੱਖ ਹੈਕਟੇਅਰ), ਰਾਜਸਥਾਨ (5.32 ਲੱਖ ਹੈਕਟੇਅਰ), ਗੁਜਰਾਤ (2.61 ਲੱਖ ਹੈਕਟੇਅਰ), ਮਹਾਰਾਸ਼ਟਰ (2.43 ਲੱਖ ਹੈਕਟੇਅਰ), ਬਿਹਾਰ (2.24 ਲੱਖ ਹੈਕਟੇਅਰ), ਪੰਜਾਬ (1.32 ਲੱਖ ਹੈਕਟੇਅਰ) ਤੇ ਹਰਿਆਣਾ (1.28 ਲੱਖ ਹੈਕਟੇਅਰ) ਵਿਚ ਸਭ ਤੋਂ ਵੱਧ ਕਣਕ ਬੀਜੀ ਗਈ ਹੈ। ਇਸੇ ਦੌਰਾਨ ਤੇਲ-ਬੀਜਾਂ ਦੀ ਬਿਜਾਈ ਹੇਠਲਾ ਰਕਬਾ ਪਿਛਲੇ ਸਾਲ ਨਾਲੋਂ ਨੌਂ ਫੀਸਦੀ ਵਧਿਆ ਹੈ।

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**Indiana/MI**
Harkirat Singh Ahluwalia
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਕੋਟਕਪੂਰਾ ਕੇਸ: ਸੁਖਬੀਰ ਬਾਦਲ ਤੋਂ ਪੁੱਛ-ਪੜਤਾਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੋਂ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਤਕਰੀਬਨ ਤਿੰਨ ਘੰਟਿਆਂ ਤੱਕ ਪੁੱਛ-ਪੜਤਾਲ ਕੀਤੀ। ਵਧੀਕ ਡੀ.ਜੀ.ਪੀ. ਐਲ.ਕੇ. ਯਾਦਵ ਦੀ ਅਗਵਾਈ ਵਾਲੀ ਟੀਮ ਨੇ ਬਾਦਲ ਨੂੰ ਪੁੱਛ-ਪੜਤਾਲ ਲਈ ਸੱਦਿਆ ਸੀ। 2015 ਵਿਚ ਫਰੀਦਕੋਟ ਜ਼ਿਲ੍ਹੇ ਵਿਚ ਵਾਪਰੀਆਂ ਬੇਅਦਬੀ ਤੇ ਗੋਲੀਬਾਰੀ ਦੀਆਂ ਘਟਨਾਵਾਂ ਮੌਕੇ ਸੁਖਬੀਰ ਬਾਦਲ ਉਪ ਮੁੱਖ ਮੰਤਰੀ ਸਨ।

ਅਕਾਲੀ ਦਲ ਦੇ ਪ੍ਰਧਾਨ ਸਵੇਰੇ ਕਰੀਬ 11.40 'ਤੇ ਚੰਡੀਗੜ੍ਹ ਸਥਿਤ ਪੰਜਾਬ ਪੁਲਿਸ ਆਫੀਸਰਜ਼ ਇੰਸਟੀਚਿਊਟ ਪਹੁੰਚੇ। ਬਾਦਲ ਨੇ ਪੁੱਛ-ਪੜਤਾਲ ਤੋਂ ਬਾਅਦ ਮੀਡੀਆ ਨਾਲ ਗੱਲ ਨਹੀਂ ਕੀਤੀ। ਜ਼ਿਕਰਯੋਗ ਹੈ ਕਿ 'ਸਿਟ' ਨੇ 14 ਸਤੰਬਰ ਨੂੰ ਵੀ ਬਾਦਲ ਤੋਂ ਪੁੱਛ-ਪੜਤਾਲ ਕੀਤੀ ਸੀ। ਇਸ ਤੋਂ ਇਲਾਵਾ 2021 ਵਿਚ ਵੀ ਉਨ੍ਹਾਂ ਨੂੰ ਸੱਦਿਆ ਗਿਆ ਸੀ। ਜਾਂਚ ਟੀਮ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਵੀ 12 ਅਕਤੂਬਰ ਨੂੰ ਸਵਾਲ ਪੁੱਛੇ ਸਨ। ਛੇ ਸਤੰਬਰ ਨੂੰ ਆਈ.ਜੀ.ਪੀ. ਨੌਨਿਹਾਲ ਸਿੰਘ ਦੀ ਅਗਵਾਈ ਵਾਲੀ ਇਕ ਹੋਰ ਵਿਸ਼ੇਸ਼ ਜਾਂਚ ਟੀਮ ਨੇ ਅਕਾਲੀ ਦਲ ਦੇ ਪ੍ਰਧਾਨ ਤੋਂ 2015 ਦੇ ਬਹਿਬਲ ਕਲਾਂ ਪੁਲਿਸ ਗੋਲੀਬਾਰੀ ਕੇਸ ਬਾਰੇ ਸਵਾਲ ਪੁੱਛੇ ਸਨ।

# ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਵੱਲੋਂ ਹੁਕਮਨਾਮਾ ਰੱਦ

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਸ੍ਰੀ ਅਕਾਲ ਤਖਤ ਦੇ ਫੈਸਲੇ ਰੱਦ ਕਰਨ ਦਾ ਮਾਮਲਾ ਉਸ ਵੇਲੇ ਨਵਾਂ ਮੋੜ ਲੈ ਗਿਆ ਜਦੋਂ ਤਖਤ ਦੇ ਪ੍ਰਬੰਧਕੀ ਬੋਰਡ ਦੇ ਕਾਰਜਕਾਰੀ ਪ੍ਰਧਾਨ ਜਗਜੋਤ ਸਿੰਘ ਤੇ ਮੀਤ ਪ੍ਰਧਾਨ ਲਖਵਿੰਦਰ ਸਿੰਘ ਨੇ ਆਖਿਆ ਕਿ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਤਖਤ ਦੇ ਪੰਜ ਪਿਆਰਿਆਂ ਵੱਲੋਂ ਜਾਰੀ ਕੀਤਾ ਪੱਤਰ ਨਾ ਸਮਝਿਆ ਜਾਵੇ।

ਇਸ ਹੁਕਮਨਾਮੇ 'ਤੇ ਦਸਤਖਤ ਕਰਨ ਵਾਲੇ ਪੰਜ ਪਿਆਰਿਆਂ ਵਿਚੋਂ ਤਿੰਨ ਇਸ ਤਖਤ ਦੇ ਅਧਿਕਾਰਤ ਪੰਜ ਪਿਆਰਿਆਂ 'ਚੋਂ ਨਹੀਂ ਹਨ ਜਿਸ ਕਾਰਨ ਇਸ ਹੁਕਮਨਾਮੇ ਨੂੰ ਮਰਿਆਦਾ ਦੇ ਉਲਟ ਕਰਾਰ ਦਿੱਤਾ ਗਿਆ ਹੈ। ਇਸੇ ਦੌਰਾਨ ਸ੍ਰੀ ਅਕਾਲ ਤਖਤ, ਤਖਤ ਸ੍ਰੀ ਕੇਸਗੜ੍ਹ ਸਾਹਿਬ, ਤਖਤ ਸ੍ਰੀ ਦਮਦਮਾ ਸਾਹਿਬ ਦੇ ਪੰਜ ਪਿਆਰਿਆਂ ਨੇ ਤਖਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਸ੍ਰੀ ਅਕਾਲ ਤਖਤ ਦੀ ਸਰਬਉੱਚਤਾ ਨੂੰ ਚੁਣੌਤੀ ਦੇਣ ਵਾਲੇ ਫੈਸਲੇ ਦਾ ਸਖਤ ਵਿਰੋਧ ਕੀਤਾ ਹੈ। ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਤੇ ਮੀਤ ਪ੍ਰਧਾਨ ਵੱਲੋਂ ਜਾਰੀ ਕੀਤਾ ਗਿਆ ਇਹ ਪੱਤਰ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਚ ਵੀ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਪ੍ਰਬੰਧਕ ਬੋਰਡ ਵੱਲੋਂ ਨਿਯੁਕਤ ਕੀਤੇ ਗਏ ਪੰਜ ਪਿਆਰਿਆਂ ਵਿਚ ਗਿਆਨੀ ਬਲਦੇਵ ਸਿੰਘ, ਗਿਆਨੀ ਦਲੀਪ ਸਿੰਘ, ਗਿਆਨੀ ਸੁਖਦੇਵ ਸਿੰਘ, ਭਾਈ ਪਰਸੂਰਾਮ ਸਿੰਘ, ਭਾਈ ਰੋਸ਼ਨ ਸਿੰਘ ਸ਼ਾਮਲ ਹਨ, ਜਦੋਂਕਿ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਹੁਕਮਨਾਮਾ ਰੂਪੀ ਭੇਜੇ ਗਏ ਪੱਤਰ ਵਿਚ ਦਸਤਖਤ ਕਰਨ ਵਾਲੇ ਪੰਜ ਪਿਆਰਿਆਂ ਵਿਚ ਭਾਈ ਗੁਰਦਿਆਲ ਸਿੰਘ, ਭਾਈ ਜਸਵੰਤ ਸਿੰਘ ਅਤੇ ਭਾਈ ਅਮਰਜੀਤ ਸਿੰਘ ਸ਼ਾਮਲ ਹਨ ਜੋ ਕਿ ਪ੍ਰਬੰਧਕੀ ਬੋਰਡ ਦੇ ਵਿਧਾਨ ਮੁਤਾਬਕ ਆਪੇ ਬਣੇ ਪੰਜ ਪਿਆਰੇ ਹਨ। ਉਨ੍ਹਾਂ ਵੱਲੋਂ ਅਧਿਕਾਰਤ ਪੰਜ ਪਿਆਰਿਆਂ ਦੀ ਥਾਂ 'ਤੇ ਦਸਤਖਤ ਕੀਤਾ ਜਾਣਾ ਗੈਰ-ਕਾਨੂੰਨੀ ਹੈ। ਇਸ ਲਈ ਇਸ ਪੱਤਰ ਨੂੰ ਪੰਜ ਪਿਆਰਿਆਂ ਵੱਲੋਂ ਜਾਰੀ ਕੀਤਾ ਹੋਇਆ ਪੱਤਰ ਨਾ ਸਮਝਿਆ ਜਾਵੇ।

## ਇੰਦਰਜੀਤ ਸਿੰਘ ਨੇ ਤਨਖਾਹ ਪੂਰੀ ਕੀਤੀ

**ਅੰਮ੍ਰਿਤਸਰ:** ਤਖਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਜਨਰਲ ਸਕੱਤਰ ਇੰਦਰਜੀਤ ਸਿੰਘ ਨੇ ਸ੍ਰੀ ਅਕਾਲ ਤਖਤ ਵੱਲੋਂ ਲਾਈ ਗਈ ਤਨਖਾਹ ਨੂੰ ਪੂਰਾ ਕਰ ਲਿਆ ਅਤੇ ਖਿਮਾ ਯਾਚਨਾ ਦੀ ਅਰਦਾਸ ਮਗਰੋਂ ਆਪਣਾ ਅਹੁਦਾ ਵੀ ਸੰਭਾਲ ਲਿਆ ਹੈ। ਗੁਰਦੁਆਰਾ ਪਟਨਾ ਸਾਹਿਬ ਵਿਖੇ ਇਸ ਸਬੰਧੀ ਖਿਮਾ ਯਾਚਨਾ ਦੀ ਅਰਦਾਸ ਕਰਵਾਉਣ ਮਗਰੋਂ ਉਨ੍ਹਾਂ ਨੇ ਇਸ ਸਬੰਧੀ ਲੋੜੀਂਦੀ ਜਾਣਕਾਰੀ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਨੂੰ ਵੀ ਭੇਜੀ ਹੈ। ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਵੱਲੋਂ ਪੰਜ ਦਿਨ ਦੀ ਤਨਖਾਹ ਲਾਈ ਗਈ ਸੀ। ਉਨ੍ਹਾਂ 'ਤੇ ਤਨਖਾਹੀਆ ਕਰਾਰ ਦਿੱਤੇ ਜਥੇਦਾਰ ਗਿਆਨੀ ਰਣਜੀਤ ਸਿੰਘ ਦੀਆਂ ਸੇਵਾਵਾਂ ਬਹਾਲ ਕਰਨ ਦਾ ਦੋਸ਼ ਲੱਗਾ ਸੀ। ਇੰਦਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਤਨਖਾਹ ਪੂਰੀ ਕੀਤੀ ਹੈ ਤੇ ਗੁਰਦੁਆਰੇ ਵਿਖੇ ਖਿਮਾ ਯਾਚਨਾ ਦੀ ਅਰਦਾਸ ਵੀ ਕੀਤੀ ਹੈ ਅਤੇ ਪ੍ਰਸ਼ਾਦ ਦੀ ਦੇਗ ਕਰਵਾਉਣ ਮਗਰੋਂ ਆਪਣਾ ਅਹੁਦਾ ਵੀ ਸੰਭਾਲ ਲਿਆ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

# ਦੁਬਈ ਜਾ ਰਹੀ ਔਰਤ ਦੇ ਕਬਜ਼ੇ ਵਿਚੋਂ ਵਿਦੇਸ਼ੀ ਕਰੰਸੀ ਬਰਾਮਦ

**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਤੋਂ ਦੁਬਈ ਜਾ ਰਹੀ ਇਕ ਮਹਿਲਾ ਯਾਤਰੀ ਕੋਲੋਂ ਕਸਟਮ ਵਿਭਾਗ ਨੇ 18 ਲੱਖ ਰੁਪਏ ਤੋਂ ਵੱਧ ਮੁੱਲ ਦੀ ਵਿਦੇਸ਼ੀ ਕਰੰਸੀ ਬਰਾਮਦ ਕੀਤੀ ਹੈ। ਕਸਟਮ ਵਿਭਾਗ ਨੇ ਔਰਤ ਤੇ ਉਸ ਦੇ ਇਕ ਹੋਰ ਸਾਥੀ ਨੂੰ ਵੀ ਕਾਬੂ ਕੀਤਾ ਹੈ। ਵਿਭਾਗ ਵੱਲੋਂ ਮੁਲਜ਼ਮਾਂ ਦੀ ਪਛਾਣ ਨਹੀਂ ਦੱਸੀ ਗਈ ਹੈ।

ਕਸਟਮ ਕਮਿਸ਼ਨਰ ਰਾਹੁਲ ਨਾਂਗਰੇ ਨੇ ਦੱਸਿਆ ਕਿ ਹਵਾਈ ਅੱਡੇ ਵਿਚ ਤਾਇਨਾਤ ਸੀ.ਆਈ.ਐਸ.ਐਫ. ਦੇ ਸੁਰੱਖਿਆ ਜਵਾਨਾਂ ਨੇ ਜਾਂਚ ਦੌਰਾਨ ਉਕਤ ਔਰਤ ਨੂੰ ਕਾਬੂ ਕੀਤਾ ਤੇ ਔਰਤ ਕੋਲ ਵਿਦੇਸ਼ੀ ਕਰੰਸੀ ਹੋਣ ਦਾ ਪਤਾ ਲੱਗਣ 'ਤੇ ਉਸ ਨੂੰ ਕਸਟਮ ਵਿਭਾਗ ਦੇ ਹਵਾਲੇ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਕਸਟਮ ਵਿਭਾਗ ਵੱਲੋਂ ਕੀਤੀ ਗਈ ਜਾਂਚ ਦੌਰਾਨ ਇਸ ਔਰਤ ਕੋਲੋਂ 18 ਲੱਖ 18 ਹਜ਼ਾਰ ਰੁਪਏ ਭਾਰਤੀ ਮੁੱਲ ਦੀ ਵਿਦੇਸ਼ੀ ਕਰੰਸੀ ਬਰਾਮਦ ਹੋਈ ਹੈ। ਇਸ ਵਿਚ ਯੂਰੋ, ਪੌਂਡ, ਆਸਟਰੇਲਿਆਈ ਡਾਲਰ ਤੇ ਕੁਝ ਹੋਰ ਮੁਲਕਾਂ ਦੀ ਕਰੰਸੀ ਸ਼ਾਮਲ ਹੈ।

# ਅੰਮ੍ਰਿਤਪਾਲ ਦੇ ਸਮਰਥਕਾਂ ਨੇ ਗੁਰਦੁਆਰੇ 'ਚ ਰੱਖੀਆਂ ਕੁਰਸੀਆਂ ਨੂੰ ਅੱਗ ਲਾਈ

**ਜਲੰਧਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਵੱਲੋਂ ਸ਼ੁਰੂ ਕੀਤੀ ਗਈ ਖ਼ਾਲਸਾ ਵਹੀਰ ਦੇ ਜਲੰਧਰ ਪੁੱਜਣ 'ਤੇ ਉਸ ਵੇਲੇ ਤਣਾਅ ਪੈਦਾ ਹੋ ਗਿਆ ਜਦੋਂ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨੇ ਸਿੰਘ ਸਭਾ ਗੁਰਦੁਆਰਾ ਮਾਡਲ ਟਾਊਨ ਵਿਚ ਬਜ਼ੁਰਗਾਂ ਤੇ ਬਿਮਾਰਾਂ ਲਈ ਲੱਗੇ ਬੈਂਚਾਂ ਨੂੰ ਬਾਹਰ ਕੱਢ ਕੇ ਤੋੜਨ ਤੋਂ ਬਾਅਦ ਅੱਗ ਲਗਾ ਦਿੱਤੀ। ਜਦੋਂ ਇਹ ਘਟਨਾ ਵਾਪਰੀ ਉਦੋਂ ਅੰਮ੍ਰਿਤਪਾਲ ਸਿੰਘ ਉਥੇ ਆਪ ਵੀ ਹਾਜ਼ਰ ਸੀ ਅਤੇ ਗੁਰਦੁਆਰੇ ਦੇ ਹਾਲ ਅੰਦਰ ਸੰਗਤ ਨੂੰ ਸੰਬੋਧਨ ਕਰ ਰਹੇ ਸਨ। ਬਾਅਦ ਵਿਚ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਨੇ ਕਿਹਾ ਕਿ ਉਹ ਅੱਗ ਨਹੀਂ ਸੀ ਲਾਉਣਾ ਚਾਹੁੰਦੇ ਪਰ ਅੱਗ ਲੱਗ ਗਈ। ਗੁਰਦੁਆਰਾ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਸਾਹਿਬ ਦੇ ਮੁੱਖ ਸੇਵਾਦਾਰ ਜਥੇਦਾਰ ਜਗਜੀਤ ਸਿੰਘ ਗਾਬਾ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੇ ਕੁਝ ਸਾਥੀ ਇਸ ਗੁਰਦੁਆਰੇ ਵਿਚ ਵੀ ਆਏ ਸਨ ਪਰ ਜਦੋਂ ਉਨ੍ਹਾਂ ਨੇ ਦੇਖਿਆ ਕਿ ਗੁਰਦੁਆਰੇ ਵਿਚ ਵਿਸ਼ੇਸ਼ ਤੌਰ ਨੀਵੀਂ ਜਗ੍ਹਾ ਬਣਾ ਕੇ ਕੁਰਸੀਆਂ ਲਾਈਆਂ ਗਈਆਂ ਹਨ ਤਾਂ ਉਹ ਚਲੇ ਗਏ।

## ਆਸਟਰੇਲੀਆ 'ਚ ਪੰਜਾਬੀ ਨੌਜਵਾਨ ਦੀ ਮੌਤ

**ਮੋਗਾ:** ਨੇੜਲੇ ਪਿੰਡ ਤਤਾਰੀਏਵਾਲਾ ਦੇ ਨੌਜਵਾਨ ਸੁਖਦੀਪ ਸਿੰਘ ਦੀ ਆਸਟਰੇਲੀਆ ਵਿਚ ਇਕ ਸੜਕ ਹਾਦਸੇ 'ਚ ਮੌਤ ਹੋ ਗਈ। ਸੁਖਦੀਪ ਨੇ ਫਰਵਰੀ ਮਹੀਨੇ ਵਿਚ ਆਪਣੇ ਪਿੰਡ ਆਉਣ ਦਾ ਪ੍ਰੋਗਰਾਮ ਉਲੀਕਿਆ ਸੀ ਪਰ ਉਹ ਹਾਦਸੇ ਦਾ ਸ਼ਿਕਾਰ ਹੋ ਗਿਆ। ਸੁਖਦੀਪ 14 ਸਾਲ ਪਹਿਲਾਂ ਪੜ੍ਹਾਈ ਕਰਨ ਲਈ ਆਸਟਰੇਲੀਆ ਗਿਆ ਸੀ। ਉਸ ਤੋਂ ਬਾਅਦ ਉਹ ਉਥੇ ਕੰਮ ਕਰਨ ਲੱਗ ਗਿਆ। ਸੁਖਦੀਪ ਦੇ ਪਿਤਾ ਸਵਰਨ ਸਿੰਘ ਨੇ ਦੱਸਿਆ ਕਿ ਉਸ ਦਾ ਪੁੱਤਰ ਪਰਿਵਾਰ ਸਣੇ ਕਾਰ ਵਿਚ ਜਾ ਰਿਹਾ ਸੀ ਕਿ ਕਾਰ ਬੇਕਾਬੂ ਹੋ ਕੇ ਪਲਟ ਗਈ, ਜਿਸ ਕਾਰਨ ਸੁਖਦੀਪ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਹਾਦਸੇ ਵਿਚ ਪਰਿਵਾਰ ਦੇ ਹੋਰ ਮੈਂਬਰ ਵਾਲ-ਵਾਲ ਬਚ ਗਏ।

## ਅਕਾਲੀ ਦਲ ਦੇ ਸਰਪ੍ਰਸਤ ਰਣਜੀਤ ਸਿੰਘ ਬ੍ਰਹਮਪੁਰਾ ਦਾ ਦੇਹਾਂਤ



**ਸ੍ਰੀ ਗੋਇੰਦਵਾਲ ਸਾਹਿਬ:** ਅਕਾਲੀ ਦਲ ਦੇ ਸੀਨੀਅਰ ਆਗੂ ਤੇ ਪਾਰਟੀ ਦੇ ਸਰਪ੍ਰਸਤ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਦਾ ਦੇਹਾਂਤ ਹੋ ਗਿਆ। ਉਹ 85 ਸਾਲ ਦੇ ਸਨ। ਉਨ੍ਹਾਂ ਨੂੰ ਕੁਝ ਦਿਨ ਪਹਿਲਾਂ ਪਾਰਟੀ ਨੇ ਸਰਪ੍ਰਸਤ ਬਣਾਇਆ ਸੀ। ਸ੍ਰੀ ਬ੍ਰਹਮਪੁਰਾ ਚੰਡੀਗੜ੍ਹ ਪੀ.ਜੀ.ਆਈ. 'ਚ ਜ਼ੇਰੇ ਇਲਾਜ ਸਨ। ਉਨ੍ਹਾਂ ਦਾ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਬ੍ਰਹਮਪੁਰਾ ਵਿਖੇ ਕੀਤਾ ਗਿਆ।

# ਪੰਜਾਬੀ ਬੋਲਣ 'ਤੇ ਪਾਬੰਦੀ ਲਾਉਣ ਵਾਲੀਆਂ ਸੰਸਥਾਵਾਂ ਖਿਲਾਫ ਹੋਵੇਗੀ ਕਾਰਵਾਈ

**ਪਟਿਆਲਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬੀ ਬੋਲਣ 'ਤੇ ਪਾਬੰਦੀ ਲਾਉਣ ਵਾਲੀਆਂ ਸਿੱਖਿਆ ਸੰਸਥਾਵਾਂ ਨੂੰ ਸਖ਼ਤ ਤਾੜਨਾ ਕਰਦਿਆਂ ਅਜਿਹੀਆਂ ਸਿੱਖਿਆ ਸੰਸਥਾਵਾਂ ਦੀ ਮਾਨਤਾ ਭੰਗ ਕਰਨ ਵਰਗੀ ਸਖਤ ਕਾਰਵਾਈ ਕਰਨ ਦੀ ਚਿਤਾਵਨੀ ਦਿੱਤੀ।

ਪੰਜਾਬੀ ਯੂਨੀਵਰਸਿਟੀ ਵਿਚ ਅੰਤਰ ਯੂਨੀਵਰਸਿਟੀ ਯੁਵਕ ਮੇਲੇ ਦੇ ਸਮਾਪਤੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕੁਝ ਸਿੱਖਿਆ ਸੰਸਥਾਵਾਂ ਪੰਜਾਬੀ ਬੋਲਣ ਵਾਲੇ ਬੱਚਿਆਂ ਨੂੰ ਜੁਰਮਾਨੇ ਲਾ ਰਹੀਆਂ ਹਨ। ਪੰਜਾਬੀ ਭਾਸ਼ਾ ਪੰਜਾਬੀਆਂ ਦੀ ਮਾਂ-ਬੋਲੀ ਹੈ, ਇਸ ਲਈ ਅਜਿਹਾ ਵਰਤਾਰਾ ਬਰਦਾਸ਼ਤ ਕਰਨ ਯੋਗ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਸੂਬੇ ਦੀ ਤਰੱਕੀ 'ਚ ਨੌਜਵਾਨਾਂ ਦੀ ਅਹਿਮ ਭੂਮਿਕਾ ਹੁੰਦੀ ਹੈ, ਇਸ ਲਈ ਪੰਜਾਬ ਨੂੰ ਨਾ ਸਿਰਫ ਦੇਸ਼, ਬਲਕਿ ਦੁਨੀਆਂ ਭਰ ਵਿਚ ਅੱਵਲ ਬਣਾਉਣ ਲਈ ਨੌਜਵਾਨਾਂ ਨੂੰ ਸਰਗਰਮ ਭੂਮਿਕਾ ਨਿਭਾਉਂਦਿਆਂ, ਸਰਕਾਰ ਨਾਲ ਮੋਢਾ ਜੋੜ ਕੇ ਕੰਮ ਕਰਨਾ ਚਾਹੀਦਾ ਹੈ।

# ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ ਖਿਲਾਫ ਚਲਾਨ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਨੇ ਰਿਸ਼ਵਤਖੋਰੀ ਦੇ ਮਾਮਲੇ ਵਿਚ ਮੁੱਢਲੀ ਜਾਂਚ ਉਪਰੰਤ ਮੁਹਾਲੀ ਅਦਾਲਤ ਵਿਚ ਸਾਬਕਾ ਉਦਯੋਗ ਮੰਤਰੀ ਤੇ ਭਾਜਪਾ ਆਗੂ ਸੁੰਦਰ ਸ਼ਾਮ ਅਰੋੜਾ ਖ਼ਿਲਾਫ਼ ਚਾਰਜਸ਼ੀਟ (ਚਲਾਨ) ਪੇਸ਼ ਕਰ ਦਿੱਤੀ ਹੈ। ਵਿਜੀਲੈਂਸ ਬਿਊਰੋ ਦੇ ਮੁਹਾਲੀ ਸਥਿਤ ਫਲਾਇੰਗ ਸਕੁਐਡ-1 ਵਿਚ ਤਾਇਨਾਤ ਏ.ਆਈ.ਜੀ. ਮਨਮੋਹਨ ਕੁਮਾਰ ਦੀ ਸ਼ਿਕਾਇਤ 'ਤੇ ਸਾਬਕਾ ਮੰਤਰੀ ਵਿਰੁੱਧ ਰਿਸ਼ਵਤਖੋਰੀ ਦਾ ਕੇਸ ਦਰਜ ਕੀਤਾ ਗਿਆ ਸੀ। ਉਸ ਨੂੰ 15 ਅਕਤੂਬਰ ਨੂੰ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 8 ਅਧੀਨ ਕੇਸ ਦਰਜ ਕਰ ਕੇ ਗ੍ਰਿਫ਼ਤਾਰ ਕੀਤਾ ਸੀ।

# ਸ਼੍ਰੋਮਣੀ ਕਮੇਟੀ ਵੱਲੋਂ ਸਾਂਝੇ ਸਿਵਲ ਕੋਡ ਖਿਲਾਫ ਨਿੰਦਾ ਮਤਾ ਪਾਸ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਦੇਸ਼ 'ਚ ਸਾਂਝਾ ਸਿਵਲ ਕੋਡ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਦਾ ਸਖਤ ਵਿਰੋਧ ਕਰਦਿਆਂ ਇਸ ਖਿਲਾਫ ਨਿੰਦਾ ਮਤਾ ਪਾਸ ਕੀਤਾ ਹੈ। ਕਮੇਟੀ ਨੇ ਦੋਸ਼ ਲਾਇਆ ਕਿ ਸਰਕਾਰ ਘੱਟ ਗਿਣਤੀਆਂ ਨੂੰ ਦਬਾਉਣ ਦੀਆਂ ਨੀਤੀਆਂ ਤਹਿਤ ਇਹ ਕਾਨੂੰਨ ਲਿਆ ਰਹੀ ਹੈ। ਮੀਟਿੰਗ ਇਥੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ।


ਸਿੱਖ ਸੰਸਥਾ ਦੇ ਮੁੱਖ ਦਫਤਰ ਵਿਚ ਹੋਈ ਇਸ ਮੀਟਿੰਗ ਦੇ ਵੇਰਵੇ ਸਾਂਝੇ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਸਾਂਝਾ ਸਿਵਲ ਕੋਡ ਦਾ ਬਿੱਲ ਰਾਜ ਸਭਾ ਵਿਚ ਪੇਸ਼ ਕੀਤਾ ਗਿਆ, ਜਿਥੇ ਭਾਜਪਾ ਮੈਂਬਰਾਂ ਨੇ ਇਸ ਦੀ ਹਮਾਇਤ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਦੇਸ਼ ਵਿਚ ਘਟ ਗਿਣਤੀਆਂ ਨੂੰ ਦਬਾਉਣਾ ਚਾਹੁੰਦੀ ਹੈ, ਜਿਸ ਵਿਰੁੱਧ ਹਰ ਪੱਧਰ 'ਤੇ ਆਵਾਜ਼ ਬੁਲੰਦ ਕੀਤੀ ਜਾਵੇਗੀ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਸਾਂਝੇ ਸਿਵਲ ਕੋਡ ਰਾਹੀਂ ਰਾਜਾਂ ਦੇ ਅਧਿਕਾਰ ਪ੍ਰਭਾਵਿਤ ਹੋਣ ਦੇ ਨਾਲ-ਨਾਲ ਵੱਖ-ਵੱਖ ਕੌਮਾਂ ਤੇ ਧਰਮਾਂ ਦੇ ਨਿੱਜੀ ਕਾਨੂੰਨਾਂ ਅਤੇ ਧਾਰਮਿਕ ਅਕੀਦਿਆਂ 'ਚ ਵੀ ਦਖਲਅੰਦਾਜ਼ੀ ਹੋਵੇਗੀ। ਉਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਵਿਰੁੱਧ ਮਤਾ ਲਿਆਉਣ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਲਾਸਾਨੀ ਸਿੱਖ ਸ਼ਹਾਦਤਾਂ ਨੂੰ ਸਮਰਪਿਤ ਰਹੀ ਰਾਈਟਰਜ਼ ਫੋਰਮ ਦੀ ਮੀਟਿੰਗ

ਰਾਈਟਰਜ਼ ਫੋਰਮ ਦੀ ਮਹੀਨਾਵਾਰ ਇਕੱਤਰਤਾ 3 ਦਸੰਬਰ ਨੂੰ ਕੋਸੋ ਹਾਲ ਵਿਚ ਹੋਈ। ਸਕੱਤਰ ਗੁਰਚਰਨ ਥਿੰਦ ਨੇ ਹਾਜ਼ਰੀਨ ਨੂੰ ਜੀ ਆਇਆਂ ਆਖ ਕੇ ਪ੍ਰਧਾਨ ਜਸਵੀਰ






ਸਿੰਘ ਸਿਹੋਤਾ, ਬਲਵਿੰਦਰ ਬਰਾੜ ਅਤੇ ਸ: ਬਿੱਕਰ ਸਿੰਘ ਨੂੰ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਪਰੰਤ ਉਨ੍ਹਾਂ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹੀਦੀ ਦਿਹਾੜੇ ਨੂੰ ਨਤਮਸਤਕ ਹੁੰਦਿਆਂ, ਸਰਹੰਦ ਵਿਚ ਦੋ ਛੋਟੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਮੁਗ਼ਲਾਂ ਨਾਲ ਯੁੱਧ ਦੇ ਮੈਦਾਨ ਵਿਚ ਦੋ ਵੱਡੇ ਸਾਹਿਬਜ਼ਾਦਿਆਂ ਅਤੇ ਅਨੇਕਾਂ ਸਿੱਖ ਸ਼ਹਾਦਤਾਂ ਨੂੰ ਨਤਮਸਤਕ ਹੋ ਕੇ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕਰਦਿਆਂ ਸਭਾ ਦੀ ਦਸੰਬਰ ਮਹੀਨੇ ਦੀ ਇਹ ਮੀਟਿੰਗ ਇਨ੍ਹਾਂ ਲਾਸਾਨੀ ਸਿੱਖ ਸ਼ਹਾਦਤਾਂ ਨੂੰ ਸਮਰਪਿਤ ਕੀਤੀ।

ਬਲਵਿੰਦਰ ਬਰਾੜ ਨੇ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਵਰਣਨ ਕਰਦਿਆਂ ਕਿਹਾ ਕਿ 'ਜਿਸ ਜਨੇਊ ਨੂੰ ਪਾਉਣ ਤੋਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਚਪਨ ਵਿਚ ਹੀ ਨਾਂਹ ਕਰ ਦਿੱਤੀ ਸੀ, ਉਸੇ ਜਨੇਊ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਜੀ ਨੇ ਸੀਸ ਕਟਵਾਇਆ। ਇਹ ਅਸਲ ਵਿਚ ਮਨੁੱਖੀ ਹੱਕਾਂ ਦੀ ਰਾਖੀ ਲਈ ਉਠਾਇਆ ਕ੍ਰਾਂਤੀਕਾਰੀ ਕਦਮ ਸੀ।' ਉਨ੍ਹਾਂ 'ਜਸਵੰਤ ਜ਼ਫ਼ਰ' ਦੀ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਭਾਵਪੂਰਤ ਕਵਿਤਾ, ਜਿਸ ਵਿਚ ਕਵੀ ਨੇ 'ਸਿਰਾਂ ਦੀ ਵਰਤੋਂ ਕਰਨ' ਦੀ ਗੱਲ ਕੀਤੀ ਹੈ, ਦੀ ਸਾਂਝ ਪਾਈ। ਗੁਰਦੀਸ਼ ਗਰੇਵਾਲ ਨੇ 'ਧੰਨ ਮਾਤਾ ਗੁਜਰੀ ਤੇ ਧੰਨ ਤੇਰੇ ਲਾਲ ਨੀ' ਆਪਣੀ ਰਚਨਾ ਨਾਲ ਸਿੱਖ ਸ਼ਹਾਦਤਾਂ ਨੂੰ ਯਾਦ ਕੀਤਾ।

ਉਪਰੰਤ ਹਮੇਸ਼ਾਂ ਵਾਂਗ ਹਾਜ਼ਰ ਮੈਂਬਰਾਂ ਨੇ ਵੱਖ ਵੱਖ ਵਿਧਾਵਾਂ ਦੁਆਰਾ ਆਪਣੇ ਵਿਚਾਰ ਪ੍ਰਗਟ ਕੀਤੇ। ਮਨਮੋਹਨ ਬਾਠ ਹੁਰਾਂ ਆਪਣੀ ਮਿੱਠੀ ਸੁਰ ਵਿਚ ਇੱਕ ਉਦਾਸ ਗੀਤ ਨਾਲ ਹਾਜ਼ਰੀ ਲੁਆਈ। 'ਦਿਲ ਨਾਲੋਂ ਜ਼ੁਬਾਨ ਦਾ ਚੰਗਾ ਹੋਣਾ ਜ਼ਰੂਰੀ ਹੈ' 'ਖ਼ੂਬਸੂਰਤ ਲੋਕ ਜ਼ਰੂਰੀ ਨਹੀਂ ਕਿ ਅੱਛੇ ਹੋਂ, ਅੱਛੇ ਲੋਕ ਜ਼ਰੂਰ ਖ਼ੂਬਸੂਰਤ ਹੋਤੇ ਹੈਂ।' ਜਗਜੀਤ ਸਿੰਘ




ਰਹਿਸੀ ਨੇ ਸ਼ੇਅਰ ਅਤੇ ਖ਼ੂਬਸੂਰਤ ਟੂਕਾਂ ਪੇਸ਼ ਕਰ ਕੇ ਸੁਣਨ ਵਾਲਿਆਂ ਲਈ ਸਿਆਣਪ ਦੇ ਦਰ ਖੋਲ੍ਹੇ। ਜੋਗਾ ਸਿੰਘ ਨੇ ਦੱਸਿਆ ਕਿ ਮਨੁੱਖ ਦੇ ਜੀਵਨ ਵਿਚ ਸੰਗੀਤ ਦਾ ਬਹੁਤ ਮਹੱਤਵ ਹੈ। ਖਾਸ ਤੌਰ 'ਤੇ ਜਦੋਂ ਬੱਚਾ ਮਾਂ ਦੇ ਗਰਭ ਵਿਚ ਹੁੰਦਾ ਹੈ ਉਦੋਂ ਮਾਂ ਦਾ ਦਿਨ ਵਿਚ ਦੋ ਘੰਟੇ ਹਲਕਾ ਸੰਗੀਤ ਸੁਣਨਾ ਬੱਚੇ ਦੇ ਮਾਨਸਿਕ ਵਿਕਾਸ ਲਈ ਬਹੁਤ ਲਾਹੇਵੰਦ ਹੁੰਦਾ ਹੈ ਅਤੇ ਅਜੋਕੇ ਸਮੇਂ ਵਿਚ ਲਗਾਤਾਰ ਵਧ ਰਹੇ ਡਿਪ੍ਰੈਸ਼ਨ ਦੀ ਹੋਮਿਓਪੈਥੀ ਵਿਚ ਵੀ ਬਹੁਤ ਕਾਰਗਰ ਮੈਡੀਸਨ ਹੈ। ਉਨ੍ਹਾਂ ਖ਼ੂਬਸੂਰਤ ਗ਼ਜ਼ਲ ਪੇਸ਼ ਕੀਤੀ।

ਪੈਰੀ ਮਾਹਲ ਨੇ ਫੋਨਾਂ ਉਪਰ ਆਉਣ ਵਾਲੀਆਂ ਫੇਕ ਕਾਲਾਂ ਨਾਲ ਕੀਤੇ ਜਾਣ ਵਾਲੇ ਫਰਾਡਾਂ ਬਾਰੇ ਗੱਲ ਕੀਤੀ। ਉਨ੍ਹਾਂ ਦੀਆਂ ਗੱਲਾਂ ਸੁਣ ਹੋਰਾਂ ਨੇ ਵੀ ਆਪਣੇ ਨਾਲ ਹੋਈਆਂ ਬੀਤੀਆਂ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ। ਇਸ ਤਰ੍ਹਾਂ ਅਜੋਕੀ ਟੈਕਨੌਲੋਜੀ ਦੇ ਲਾਭਾਂ ਅਤੇ ਨੁਕਸਾਨਾਂ ਦੀ ਭਰਪੂਰ ਚਰਚਾ ਹੋਈ। ਪਰਮਜੀਤ ਭੰਗੂ ਨੇ 'ਪੁੱਤ ਕਹਾਉਣ ਕਨੇਡੀਏ ਤੇਰੀ ਮਾਂ ਹੋਈ ਲਾਚਾਰ ਵੇ, ਵਿਚ ਕਨੇਡਾ ਭਾਲਦੀ ਫਿਰਦੀ ਪਿੰਡਾਂ ਜਿਹੀ ਬਹਾਰ ਵੇ।' ਬਜ਼ੁਰਗਾਂ ਦੇ ਔਖੇ ਅਤੇ ਲਾਚਾਰ ਪ੍ਰਵਾਸੀ ਜੀਵਨ 'ਤੇ ਚੋਟ ਕਰਦੀ ਕਵਿਤਾ ਸੁਣਾਈ। ਸਰਬਜੀਤ ਉੱਪਲ ਨੇ ਬੁਢਾਪੇ ਵਿਚ ਜੁਆਨੀ ਨੂੰ ਯਾਦ ਕਰਦੇ ਬਜ਼ੁਰਗ ਦੀ ਗਾਥਾ ਪੇਸ਼ ਕਰਦੀ ਕਵੀਸ਼ਰੀ ਸੁਣਾ ਹਰੇਕ ਨੂੰ ਜੁਆਨੀ ਵੇਲਾ ਯਾਦ ਕਰਾ ਦਿੱਤਾ। ਬਿੱਕਰ ਸਿੰਘ ਸੰਧੂ ਨੇ ਮਨੁੱਖ ਦੀ ਜ਼ਿੰਦਗੀ ਦੇ ਜਜ਼ਬਾਤੀ ਅਤੇ ਆਤਮਿਕ ਪੱਖ ਦੀ ਗੱਲ ਕੀਤੀ। ਡਾ. ਸੁਖਵਿੰਦਰ ਸਿੰਘ ਥਿੰਦ ਨੇ ਨਾਰਵੇ ਦੇਸ਼ ਬਾਰੇ ਭਰਪੂਰ ਜਾਣਕਾਰੀ ਸਾਂਝੀ ਕੀਤੀ।

ਜਸਵੀਰ ਸਿਹੋਤਾ ਜੀ ਨੇ ਇਸ ਠੰਡ ਦੇ ਮੌਸਮ ਵਿਚ ਮੀਟਿੰਗ ਵਿਚ ਹਾਜ਼ਰ ਹੋਣ ਵਾਲੇ ਸਭ ਸੱਜਣਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਸੀਂ ਕੈਨੇਡਾ ਵਿਚ ਰਹਿੰਦੇ ਹਾਂ ਸਾਨੂੰ ਕੈਨੇਡਾ ਦੇ ਦਰਿਆਵਾਂ, ਪਾਰਕਾਂ, ਸੜਕਾਂ ਬਾਰੇ ਅਤੇ ਹੋਰ ਭੂਗੋਲਿਕ ਜਾਣਕਾਰੀ ਹੋਣੀ ਚਾਹੀਦੀ ਹੈ ਅਤੇ ਕੈਨੇਡਾ ਤੇ ਕੈਨੇਡਾ ਵਾਸੀਆਂ ਦੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕਰਨਾ ਵੀ ਜ਼ਰੂਰੀ ਹੈ। ਜਗਦੇਵ ਸਿੰਘ ਸਿੱਧੂ ਨੇ ਮੀਟਿੰਗ ਦਾ ਮੁਲਾਂਕਣ ਕੀਤਾ। ਲਗਪਗ ਹਰ ਪੇਸ਼ਕਾਰੀ ਨੂੰ ਆਪਣੀ ਪਾਰਖੂ ਅੱਖ ਨਾਲ ਵਾਚਦਿਆਂ ਸਾਲ 2022 ਦੀ ਇਸ ਆਖਰੀ ਮੀਟਿੰਗ ਨੂੰ ਕਾਮਯਾਬ ਮੀਟਿੰਗ ਦੱਸਿਆ। ਅੰਤ ਵਿਚ ਸਭ ਦਾ ਧੰਨਵਾਦ ਕਰ ਮੀਟਿੰਗ ਦੀ ਸਮਾਪਤੀ ਕੀਤੀ ਗਈ। ਮੀਟਿੰਗ ਵਿਚ ਸ੍ਰ. ਜੀਤ ਸਿੰਘ ਅਤੇ ਗੱਜਣ ਸਿੰਘ ਸੰਧਾਵਾਲੀਆ ਦੀ ਹਾਜ਼ਰੀ ਜ਼ਿਕਰਯੋਗ ਸੀ। ਗਰਮ ਚਾਹ ਅਤੇ ਹਲਕੇ ਸਨੈਕਸ ਦੀ ਸੇਵਾ ਜਗਦੇਵ ਸਿੰਘ ਸਿੱਧੂ ਨੇ ਕੀਤੀ।

***-ਰਿਪੋਰਟ: ਗੁਰਚਰਨ ਕੌਰ ਥਿੰਦ***
***ਸਕੱਤਰ, ਰਾਈਟਰਜ਼ ਫੋਰਮ***


ਪ੍ਰਿਥਮ ਰਹਿਤ ਯਹ ਜਾਨ ਖੰਡੇ ਕੀ ਪਾਹੁਲ ਛਕੇ ॥



ਦੇਗ ਤੇਗ ਫਤਹਿ

ਖ਼ਾਲਸਾ ਵਹੀਰ

ਪੰਥ ਕੀ ਜੀਤ

ਮਿਤੀ 24 ਦਸੰਬਰ, 2022 ਦਿਨ ਸ਼ਨਿੱਚਰਵਾਰ ਨੂੰ ਗੁਰਦੁਆਰਾ ਸਿੱਖ ਨੈਸ਼ਨਲ ਸੈਂਟਰ, ਹਿਊਸਟਨ ਟੈਕਸਜ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ ਜੀ ।

ਟੈਕਸਜ ਅਤੇ ਨਾਲ ਦੇ ਲਗਦੇ ਸਾਰੇ ਸੂਬਿਆਂ ਦੀਆਂ ਸਮੂੰਹ ਸੰਗਤਾਂ ਨੂੰ ਬੇਨਤੀ ਹੈ ਕਿ ਆਓ ਜੀ ਵਧ ਤੋਂ ਵਧ ਸੰਗਤਾਂ ਖੰਡੇ ਬਾਟੇ ਦੀ ਪਾਹੁਲ ਛਕ ਕੇ ਖਾਲਸਾ ਵਹੀਰ ਦਾ ਹਿੱਸਾ ਬਣੀਏ ਅਤੇ ਭਾਈ ਅੰਮ੍ਰਿਤਪਾਲ ਸਿੰਘ ਦਾ ਸਾਥ ਦੇਈਏ ਜੀ ।

Sikh National Center
7500 N. Sam Houston Parkway West, Houston, TX 77064
Phone: (281) 894-8484

ਆਪ ਜੀ ਲਈ ਕਕਾਰਾਂ ਅਤੇ ਸੰਗਤਾਂ ਦੇ ਰਹਿਣ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਵਲੋਂ ਕੀਤਾ ਜਾਵੇਗਾ ਜੀ।

ਗੁਰਸ਼ਰਨ ਸਿੰਘ - 832/863/6500 ਸ਼ਮਸੇਰ ਸਿੰਘ - 281/221/3596



MEHAR INSURANCE

**Health Insurance**

Qualified Health Plans Under Affordable Care Act

Don't Miss out !

Open Enrollment From 11-01-2022 to 1-15-2023

We also have short term Medical, Dental & Vision plans.

We are licensed in Indiana, Ohio & Texas.

**Contact:**
**Ph: 317-900-5151**
**Fax: 317-900-5152**
E-Mail: health@meharinsurance.com

Office Address:
12574 Promise Creek Ln.
Suite# 114
Fishers, IN 46038
www.meharinsurance.com



*Baljinder Singh Saini*

# ਸ਼ਿਕਾਗੋ ਵਿਚ ਪ੍ਰਵਾਸੀ ਭਾਰਤੀ ਦਿਵਸ ਪ੍ਰਚਾਰ ਸਮਾਗਮ ਕਰਵਾਇਆ







**ਸ਼ਿਕਾਗੋ:** ਇੰਡੀਅਨ ਅਮਰੀਕਨ ਬਿਜ਼ਨਸ ਕੋਲੀਸ਼ਨ (ਆਈਏਬੀਸੀ), ਫਰੈਂਡਜ਼ ਆਫ ਐਮ.ਪੀ. ਅਤੇ ਭਾਰਤੀ ਡਾਇਸਪੋਰਾ ਸੰਸਥਾਵਾਂ ਦੁਆਰਾ ਭਾਰਤੀ ਕੌਂਸਲੇਟ ਦੀ ਮਦਦ ਨਾਲ ਕਰਵਾਏ ਪ੍ਰਵਾਸੀ ਭਾਰਤੀ ਦਿਵਸ ਪ੍ਰਚਾਰ ਪ੍ਰੋਗਰਾਮ ਵਿਚ ਲਗਭਗ 300 ਜਣਿਆਂ ਨੇ ਸ਼ਿਰਕਤ ਕੀਤੀ। ਉਨ੍ਹਾਂ ਵਿਚੋਂ ਕੁਝ ਨੇ 8 ਤੋਂ 10 ਜਨਵਰੀ 2023 ਨੂੰ ਇੰਦੌਰ ਵਿਚ ਹੋਣ ਵਾਲੇ ਪੀਬੀਡੀ ਲਈ ਮੌਕੇ 'ਤੇ ਰਜਿਸਟ੍ਰੇਸ਼ਨ ਕਰਵਾਈ। ਕੌਂਸਲ ਜਨਰਲ ਨੇ ਆਪਣੀਆਂ ਟਿੱਪਣੀਆਂ ਵਿਚ ਪ੍ਰਵਾਸੀ ਭਾਰਤੀਆਂ ਨੂੰ ਅਪੀਲ ਕੀਤੀ ਕਿ ਉਹ ਰਾਸ਼ਟਰ ਨਿਰਮਾਣ ਵਿਚ ਹਿੱਸਾ ਲੈਣ ਲਈ ਪੀਬੀਡੀ ਵਿਚ ਸ਼ਾਮਲ ਹੋਣ ਲਈ ਅੰਮ੍ਰਿਤ ਕਾਲ ਦੌਰਾਨ ਭਾਰਤ ਆਉਣ ਦੇ ਇਸ ਮੌਕੇ ਦਾ ਲਾਭ ਉਠਾਉਣ। ਉਨ੍ਹਾਂ ਨੇ ਇੰਡੀਅਨ ਅਮਰੀਕਨ ਬਿਜ਼ਨਸ ਕੋਲੀਸ਼ਨ ਅਤੇ ਹੋਰ ਸੰਸਥਾਵਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਸ਼ਿਕਾਗੋ ਤੋਂ ਪੀਬੀਡੀ ਲਈ ਹੁਣ ਤਕ ਦੇ ਸਭ ਤੋਂ ਵੱਡੇ ਵਫ਼ਦ ਨੂੰ ਲਿਜਾਣ ਸਬੰਧੀ ਮੰਗ ਦੀ ਅਗਵਾਈ ਕੀਤੀ। ਜ਼ਿਕਰਯੋਗ ਹੈ ਕਿ ਇੰਦੌਰ ਸ਼ਹਿਰ ਦੇ ਮੇਅਰ ਸ੍ਰੀ ਪੁਸ਼ਿਆਮਿਤਰਾ ਭਾਰਗਵ ਅਤੇ ਇੰਦੌਰ ਦੇ ਸਾਬਕਾ ਮੇਅਰ ਅਤੇ ਪ੍ਰਮੁੱਖ ਸਿਆਸੀ ਆਗੂ ਕੈਲਾਸ਼ ਵਿਜੇਵਰਗੀਆ ਨੇ ਪ੍ਰਵਾਸੀ ਭਗਰਤੀਆਂ ਨੂੰ ਇੰਦੌਰ ਆਉਣ ਦਾ ਸੱਦਾ ਦਿੰਦੇ ਹੋਏ ਆਨਲਾਈਨ ਇਕੱਠ ਨੂੰ ਸੰਬੋਧਨ ਕੀਤਾ। ਫਰੈਂਡਜ਼ ਆਫ ਮੱਧ ਪ੍ਰਦੇਸ਼ ਤੋਂ ਆਨੰਦ ਤਿਵਾਰੀ ਨੇ ਪੀਬੀਡੀ ਦੀ ਰਜਿਸਟ੍ਰੇਸ਼ਨ ਅਤੇ ਹੋਰ ਪਹਿਲੂਆਂ ਬਾਰੇ ਪਾਵਰਪੁਆਇੰਟ ਪੇਸ਼ਕਾਰੀ ਦਿੱਤੀ। ਸਮਾਗਮ ਨੂੰ ਡਾ. ਭਰਤ ਬਰਾਈ, ਆਈ.ਏ.ਬੀ.ਸੀ.; ਈਵੈਂਟ ਚੇਅਰ ਅਜੀਤ ਸਿੰਘ, ਈਵੈਂਟ ਕੋ-ਚੇਅਰ ਵਿਨੇਸ਼ ਵਿਰਾਨੀ; ਸ੍ਰੀਨਿਵਾਸ ਰੈਡੀ, ਇਲੀਨੋਇਸ ਮੈਡੀਕਲ ਬੋਰਡ ਦੇ ਚੇਅਰ ਡਾ. ਮੋਹਰੀ ਕਾਰਡੀਓਲੋਜਿਸਟ ਡਾ. ਵੇਮੁਰੀ ਐਸ ਮੂਰਤੀ; ਸ੍ਰੀ ਸੁਨੀਲ ਸ਼ਾਹ, ਐਫ.ਆਈ.ਏ. ਆਗੂ; ਹੋਟਲ ਮੈਰੀਅਟ ਤੋਂ ਸ੍ਰੀ ਅਮਰਬੀਰ ਘੁੰਮਣ; ਅਤੇ ਕੀਰਤੀ ਰਾਵੂਰੀ ਨੇ ਸੰਬੋਧਨ ਕੀਤਾ।

# ਡਾ. ਰਾਜੇਸ਼ ਕੇ. ਪੱਲਣ ਦਾ 'ਮਹਾਰਾਣੀ ਐਲਿਜ਼ਾਬੈਥ ਦੋਇਮ ਪਲੈਟੀਨਮ ਜੁਬਲੀ ਪੁਰਸਕਾਰ' ਨਾਲ ਸਨਮਾਨ

ਟੋਰਾਂਟੋ: ਇੱਥੇ ਫ੍ਰੀਲਾਂਸ ਪੱਤਰਕਾਰ, ਲੇਖਕ ਅਤੇ ਹੋਸਟ, ਸਮੱਗਰੀ ਨਿਰਮਾਤਾ ਅਤੇ ਟਿੱਪਣੀਕਾਰ ਵਜੋਂ ਅਕਸਰ ਰੇਡੀਓ ਅਤੇ ਟੀਵੀ 'ਤੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਜਾਣੇ ਜਾਂਦੇ ਡਾ. ਰਾਜੇਸ਼ ਕੇ. ਪੱਲਣ ਨੂੰ ਲੋਕ ਸੇਵਾਵਾਂ ਵਿਚ ਪਾਏ ਯੋਗਦਾਨ ਲਈ 'ਮਹਾਰਾਣੀ ਐਲਿਜ਼ਾਬੈਥ ਦੋਇਮ ਪਲੈਟੀਨਮ ਜੁਬਲੀ ਪੁਰਸਕਾਰ' ਅਤੇ ਪਿੰਨ ਨਾਲ ਸਨਮਾਨਿਤ ਕੀਤਾ ਗਿਆ ਹੈ। ਰੂਬੀ ਸਹੋਤਾ, ਮੈਂਬਰ ਪਾਰਲੀਮੈਂਟ (ਬਰੈਂਪਟਨ ਨੌਰਥ) ਨੇ ਡਾ. ਪੱਲਣ ਨੂੰ ਇਹ ਪੁਰਸਕਾਰ ਦਿੰਦਿਆਂ ਵਧਾਈ ਦਿੱਤੀ।

ਰੂਬੀ ਸਹੋਤਾ ਨੇ ਕਿਹਾ, 'ਜਨ ਸੇਵਾ ਪ੍ਰਤੀ ਤੁਹਾਡੀ ਸ਼ਾਨਦਾਰ ਵਚਨਬੱਧਤਾ ਅਤੇ ਸਾਡੇ ਭਾਈਚਾਰੇ ਨੂੰ ਬਿਹਤਰ ਬਣਾਉਣ ਲਈ ਤੁਹਾਡੀ ਸਮਰਪਣ ਦੀ ਭਾਵਨਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਇਹ ਬੇਮਿਸਾਲ ਹੈ। ਇਹ ਤੁਹਾਡੇ ਵਰਗੇ ਵਿਅਕਤੀਆਂ ਦੇ ਕਾਰਨ ਹੈ ਕਿ ਅਸੀਂ ਆਪਣੇ ਸ਼ਹਿਰ ਬਰੈਂਪਟਨ ਅਤੇ ਖੂਬਸੂਰਤ ਦੇਸ਼ ਕੈਨੇਡਾ ਨੂੰ ਰਹਿਣ ਲਈ ਸਭ ਤੋਂ ਵਧੀਆ ਜਗ੍ਹਾ ਕਹਿ ਸਕਦੇ ਹਾਂ। ਮੈਂ ਪੱਤਰਕਾਰੀ ਅਤੇ ਪਬਲਿਸ਼ਿੰਗ ਵਿਚ ਤੁਹਾਡੇ ਕੰਮ ਅਤੇ ਵਿਲੱਖਣ ਭੂਮਿਕਾਵਾਂ ਰਾਹੀਂ ਸਾਡੇ ਭਾਈਚਾਰੇ ਨੂੰ ਹੋਰ ਬੁਲੰਦੀਆਂ 'ਤੇ ਲਿਜਾਣ ਦੀ ਸਮੂਹਿਕ ਜ਼ਿੰਮੇਵਾਰੀ ਲੈਣ ਵਾਲੇ ਤੁਹਾਡੇ ਵਰਗੇ ਭਾਈਚਾਰੇ ਨਾਲ ਸਬੰਧਤ ਹਰ ਮੈਂਬਰ ਦੀ ਦਿਲੋਂ ਧੰਨਵਾਦੀ ਹਾਂ।'ਰੂਬੀ ਸਹੋਤਾ ਨੇ ਅੱਗੇ ਕਿਹਾ, 'ਪਿੰਨ ਤੁਹਾਡੇ ਦੁਆਰਾ ਕੀਤੇ ਗਏ ਕੰਮ ਲਈ ਸ਼ੁਕਰਗੁਜ਼ਾਰੀ ਦਾ ਪ੍ਰਤੀਕ ਹੈ, ਅਤੇ ਤੁਹਾਡੇ ਦੁਆਰਾ ਸਾਡੇ ਭਾਈਚਾਰੇ ਨੂੰ ਹੋ ਮਾਣ ਬਖਸ਼ਣ ਲਈ ਮਾਨਤਾ ਦਾ ਪ੍ਰਤੀਕ ਹੈ।'





ਮਨੁੱਖਤਾ, ਵਾਤਾਵਰਣ, ਵਿਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ

ਭਗਤ ਪੂਰਨ ਸਿੰਘ ਜੀ ਦੀ 30ਵੀਂ ਬਰਸੀ

ਸ਼ਰਧਾਂਜਲੀ ਸਮਾਰੋਹ

ਭਗਤ ਪੂਰਨ ਸਿੰਘ ਜੀ ਨੇ ਆਪਣੀ ਸਾਰੀ ਜਿੰਦਗੀ ਬਿਨਾਂ ਕਿਸੇ ਭਿੰਨ ਭੇਦ ਤੋਂ ਅੰਗਹੀਣ, ਨਿਥਾਵਿਆਂ ਅਤੇ ਨਿਤਾਣਿਆ ਦੀ ਸੇਵਾ ਵਿੱਚ ਲਾ ਦਿੱਤੀ। ਉਹਨਾਂ ਵਲੋਂ ਕਾਇਮ ਕੀਤਾ ਪਿੰਗਲਵਾੜਾ ਅਜ ਨਿਸ਼ਕਾਮ, ਨਿਸ਼ਕਪਟ, ਨਿਮਰ ਅਤੇ ਨਿਰਸਵਾਰਥ ਸੇਵਾ ਦਾ ਚਾਨਣ ਮੁਨਾਰਾ ਹੈ। ਆਓ ਇਸ ਨੇਕ ਕਾਰਜ ਨੂੰ ਹੋਰ ਸਫਲ ਕਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾਈਏ ਅਤੇ ਸਮਰੱਥਾ ਅਨੁਸਾਰ ਪਿੰਗਲਵਾੜੇ ਦੀ ਮਦਦ ਕਰੀਏ ਜੀ।

ਸਾਧ ਸੰਗਤ ਆਪ ਜੀ ਨੂੰ ਬੇਨਤੀ ਹੈ ਕਿ
ਹੁੰਮ ਹੁਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨਾ ਜੀ

ਐਤਵਾਰ 18 ਦਸੰਬਰ 2022 ਗੁਰਦਵਾਰਾ ਸਾਹਿਬ ਪੈਲਾਟਾਈਨ

Sunday , Deember 18th at Gurdwara Sahib Palatine
1280 Winnetka Street, | Palatine, IL. 60067 | Phone: (847) 358-1117

ਪੰਜਾਬੀ ਵਿਰਾਸਤ ਸੰਸਥਾ, PUNJABI HERITAGE ORGANIZATION OF CHICAGO
P.O. BOX 2556, PALATINE, IL. 60078 Email: phochicago@hotmail.com

Contact: (847) 975-3877, (630) 313-9121, (847) 809-6145, (847) 991-7761, (224) 456-8096

# ਕੇਂਦਰ ਨੇ ਪੰਜਾਬ ਸਰਕਾਰ ਲਈ ਨਵਾਂ ਖਰਚਾ ਖੜ੍ਹਾ ਕੀਤਾ





**ਚੰਡੀਗੜ੍ਹ:** ਪੰਜਾਬ ਨੂੰ ਹੁਣ ਤਾਪ ਬਿਜਲੀ ਘਰਾਂ ਲਈ ਉੜੀਸਾ ਤੋਂ ਕੋਲਾ ਸਮੁੰਦਰੀ ਰਸਤੇ ਲੈਣਾ ਪਵੇਗਾ। ਕੇਂਦਰੀ ਬਿਜਲੀ ਮੰਤਰਾਲੇ ਨੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ ਜੇਕਰ ਕੋਲਾ ਸਮੁੰਦਰੀ ਰਸਤੇ ਨਾ ਲਿਆ ਤਾਂ ਪੰਜਾਬ ਨੂੰ ਇਸ ਦੀ ਸਪਲਾਈ ਬੰਦ ਕਰ ਦਿੱਤੀ ਜਾਵੇਗੀ।

ਕੇਂਦਰ ਸਰਕਾਰ ਦਾ ਇਹ ਹੁਕਮ ਪੰਜਾਬ ਲਈ ਵੱਡਾ ਵਿੱਤੀ ਝਟਕਾ ਹੈ। ਵੇਰਵਿਆਂ ਅਨੁਸਾਰ ਪਾਵਰਕੌਮ ਨੂੰ ਸਮੁੰਦਰੀ ਰਸਤੇ ਕੋਲਾ ਲੈਣ ਦੀ ਸੂਰਤ ਵਿਚ ਕਰੀਬ 160 ਤੋਂ 200 ਕਰੋੜ ਦਾ ਵਾਧੂ ਵਿੱਤੀ ਖਰਚਾ ਝੱਲਣਾ ਪਵੇਗਾ। ਕੇਂਦਰੀ ਊਰਜਾ ਮੰਤਰਾਲੇ ਦੇ ਸਕੱਤਰ ਦੀ ਪ੍ਰਧਾਨਗੀ ਹੇਠ 16 ਨਵੰਬਰ ਨੂੰ ਹੋਈ ਉੱਚ ਪੱਧਰੀ ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਹੈ। ਕੇਂਦਰੀ ਊਰਜਾ ਮੰਤਰਾਲੇ ਦੇ ਸੰਯੁਕਤ ਸਕੱਤਰ ਨੇ 30 ਨਵੰਬਰ ਨੂੰ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਨਵੇਂ ਫੈਸਲੇ ਤੋਂ ਜਾਣੂ ਕਰਾਇਆ ਹੈ। ਦੱਸਣਯੋਗ ਹੈ ਕਿ ਤਲਵੰਡੀ ਸਾਬੋ ਥਰਮਲ ਪਲਾਂਟ ਲਈ ਸਾਲਾਨਾ ਕਰੀਬ 67.20 ਮੀਟਰਿਕ ਟਨ ਲੱਖ ਕੋਲਾ ਉੜੀਸਾ ਤੋਂ ਵਾਇਆ ਰੇਲ ਮਾਰਗ ਆਉਂਦਾ ਹੈ ਜਿਸ ਦੀ ਸਪਲਾਈ ਮਹਾਂਨਦੀ ਕੋਲਫੀਲਡਜ਼ ਲਿਮਟਿਡ ਵੱਲੋਂ ਕੀਤੀ ਜਾਂਦੀ ਹੈ।

ਕਰੀਬ 1900 ਕਿਲੋਮੀਟਰ ਦੀ ਦੂਰੀ ਤੋਂ ਰੇਲ ਮਾਰਗ ਰਾਹੀਂ ਕੋਲਾ ਤਲਵੰਡੀ ਸਾਬੋ ਥਰਮਲ ਪਲਾਂਟ 'ਚ ਚਾਰ ਪੰਜ ਦਿਨਾਂ ਦੇ ਵਕਫ਼ੇ 'ਚ ਪਹੁੰਚਦਾ ਹੈ। ਕੇਂਦਰ ਸਰਕਾਰ ਦੇ ਨਵੇਂ ਹੁਕਮ ਹਨ ਕਿ ਉਤਰੀ/ਪੱਛਮੀ ਰਾਜ, ਜਿਨ੍ਹਾਂ 'ਚ ਪੰਜਾਬ ਅਤੇ ਰਾਜਸਥਾਨ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ, ਹੁਣ ਉੜੀਸਾ ਤੋਂ ਨਿਰਧਾਰਿਤ ਕੋਲੇ ਦਾ 15 ਤੋਂ 20 ਫ਼ੀਸਦੀ ਕੋਲਾ ਸਮੁੰਦਰੀ ਰਸਤੇ ਲੈਣ। ਇਸ ਲਿਹਾਜ਼ ਨਾਲ ਕਰੀਬ 13 ਲੱਖ ਮੀਟਰਿਕ ਟਨ ਕੋਲਾ ਪੰਜਾਬ ਨੂੰ ਵਾਇਆ ਸਮੁੰਦਰੀ ਮਾਰਗ ਲੈਣਾ ਪਵੇਗਾ।

ਪੱਤਰ ਅਨੁਸਾਰ ਉੜੀਸਾ ਤੋਂ ਪਹਿਲਾਂ ਕੋਲਾ ਪਰਾਦੀਪ ਬੰਦਰਗਾਹ 'ਤੇ ਵਾਇਆ ਰੇਲ ਮਾਰਗ ਪੁੱਜੇਗਾ। ਉਥੋਂ ਇਹ ਪਰਾਦੀਪ ਬੰਦਰਗਾਹ (ਪੂਰਬੀ ਤਟ) ਤੋਂ ਦਹੇਜ/ ਮੁੰਦਰਾ ਬੰਦਰਗਾਹ (ਪੱਛਮੀ ਤਟ) 'ਤੇ ਵਾਇਆ ਸਮੁੰਦਰੀ ਮਾਰਗ ਪੁੱਜੇਗਾ। ਉਸ ਮਗਰੋਂ ਦਹੇਜ/ਮੁੰਦਰਾ ਬੰਦਰਗਾਹ ਤੋਂ ਉੱਤਰੀ ਸੂਬਿਆਂ ਦੇ ਤਾਪ ਬਿਜਲੀ ਘਰਾਂ 'ਚ ਇਹ ਕੋਲਾ ਮੁੜ ਵਾਇਆ ਰੇਲ ਰਸਤੇ ਪੁੱਜੇਗਾ। ਮਾਹਿਰਾਂ ਅਨੁਸਾਰ ਜੋ ਕੋਲਾ ਉੜੀਸਾ ਤੋਂ ਕਰੀਬ ਚਾਰ ਪੰਜ ਦਿਨਾਂ 'ਚ ਥਰਮਲ ਪਲਾਂਟ 'ਤੇ ਪੁੱਜ ਜਾਂਦਾ ਸੀ, ਉਸ ਨੂੰ ਹੁਣ ਕਰੀਬ 25 ਦਿਨ ਦਾ ਸਮਾਂ ਲੱਗੇਗਾ ਅਤੇ ਇਹ ਦੂਰੀ ਵੀ ਕਰੀਬ 6200 ਕਿਲੋਮੀਟਰ ਪਵੇਗੀ। ਕੇਂਦਰ ਸਰਕਾਰ ਨੇ ਜਨਵਰੀ 2023 ਤੋਂ ਰੋਜ਼ਾਨਾ ਇਕ ਦੋ ਰੈਕ ਵਾਇਆ ਸਮੁੰਦਰੀ ਰਸਤੇ ਲੈਣ ਲਈ ਪਾਬੰਦ ਕੀਤਾ ਹੈ।

ਕੇਂਦਰ ਸਰਕਾਰ ਨੇ ਇਹ ਹਦਾਇਤ ਪੰਜਾਬ, ਰਾਜਸਥਾਨ, ਮਹਾਰਾਸ਼ਟਰ ਅਤੇ ਗੁਜਰਾਤ ਨੂੰ ਕੀਤੀ ਹੈ ਪਰ ਗੁਜਰਾਤ ਤੇ ਮਹਾਰਾਸ਼ਟਰ ਲਈ ਤਾਂ ਇਹ ਲਾਹੇ ਵਾਲਾ ਸੌਦਾ ਹੋਵੇਗਾ। ਸਿਆਸੀ ਹਲਕਿਆਂ ਮੁਤਾਬਕ ਪੰਜਾਬ ਅਤੇ ਰਾਜਸਥਾਨ, ਜਿੱਥੇ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਹਨ, ਲਈ ਇਹ ਸੌਦਾ ਕਾਫੀ ਮਹਿੰਗਾ ਸਾਬਤ ਹੋਵੇਗਾ। ਕੇਂਦਰ ਸਰਕਾਰ ਦਾ ਤਰਕ ਹੈ ਕਿ ਢੋਆ-ਢੁਆਈ ਲਈ ਰੇਲ ਗੱਡੀਆਂ ਦੀ ਕਮੀ ਹੈ ਅਤੇ ਇਹ ਕੋਲਾ ਵਿਦੇਸ਼ੀ ਕੋਲੇ ਤੋਂ ਸਸਤਾ ਵੀ ਪਵੇਗਾ।

### ਕੇਂਦਰ ਸਰਕਾਰ ਫੈਸਲੇ ਦੀ ਸਮੀਖਿਆ ਕਰੇ: ਮੁੱਖ ਮੰਤਰੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਊਰਜਾ ਮੰਤਰੀ ਆਰ.ਕੇ ਸਿੰਘ ਨਾਲ ਇਸ ਮੁੱਦੇ ਨੂੰ ਲੈ ਕੇ ਮੁਲਾਕਾਤ ਕੀਤੀ ਅਤੇ ਮੰਗ ਕੀਤੀ ਕਿ ਕੇਂਦਰ ਸਰਕਾਰ ਇਸ ਫੈਸਲੇ ਦੀ ਸਮੀਖਿਆ ਕਰੇ ਕਿਉਂਕਿ ਇਹ ਫੈਸਲਾ ਪੰਜਾਬ ਦੇ ਥਰਮਲਾਂ ਲਈ ਕਿਸੇ ਪੱਖੋਂ ਲਾਹੇ ਵਾਲਾ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਫੈਸਲੇ ਨਾਲ ਪੰਜਾਬ ਦੇ ਲੋਕਾਂ 'ਤੇ ਬਿਜਲੀ ਦਰਾਂ ਦਾ ਬੋਝ ਵਧੇਗਾ। ਉਨ੍ਹਾਂ ਕਿਹਾ ਕਿ ਜੇਕਰ ਰੇਲਵੇ ਰੈਕ ਘੱਟ ਹਨ ਤਾਂ ਇਸ ਦਾ ਬੋਝ ਸਾਰੇ ਸੂਬੇ ਬਰਾਬਰ ਚੁੱਕਣ।

# ਫੋਰਬਸ ਦੀ ਸੂਚੀ 'ਚ ਸੀਤਾਰਾਮਨ ਸਣੇ 6 ਭਾਰਤੀ ਸ਼ਾਮਲ



**ਨਿਊ ਯਾਰਕ:** ਫੋਰਬਸ ਦੀ ਵਿਸ਼ਵ ਦੀਆਂ 100 ਸਭ ਤੋਂ ਸ਼ਕਤੀਸ਼ਾਲੀ ਔਰਤਾਂ ਦੀ ਸੂਚੀ 'ਚ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ, ਬਾਇਓਕਾਨ ਦੀ ਕਾਰਜਕਾਰੀ ਚੇਅਰਪਰਸਨ ਕਿਰਨ ਮਜ਼ੂਮਦਾਰ-ਸ਼ਾਅ ਤੇ ਨਾਇਕਾ ਦੀ ਸੰਸਥਾਪਕ ਫਾਲਗੁਨੀ ਨਾਇਰ ਸਮੇਤ ਛੇ ਭਾਰਤੀ ਸ਼ਾਮਲ ਹਨ।

ਸੀਤਾਰਾਮਨ ਜੋ ਸੂਚੀ ਵਿਚ 36ਵੇਂ ਨੰਬਰ ਉਤੇ ਹਨ ਨੇ ਲਗਾਤਾਰ ਚੌਥੀ ਵਾਰ ਇਸ ਸੂਚੀ ਵਿਚ ਜਗ੍ਹਾ ਬਣਾਈ ਹੈ। ਸਾਲ 2021 ਵਿਚ ਉਹ 37ਵੇਂ, 2020 ਵਿਚ 41ਵੇਂ ਅਤੇ 2019 ਵਿਚ 34ਵੇਂ ਸਥਾਨ 'ਤੇ ਸਨ। ਸੂਚੀ ਵਿਚ ਸ਼ਾਮਲ ਹੋਰਨਾਂ ਭਾਰਤੀਆਂ ਵਿਚ ਐਚਸੀਐਲਟੈਕ ਦੀ ਚੇਅਰਪਰਸਨ ਰੋਸ਼ਨੀ ਨਾਦਰ ਮਲਹੋਤਰਾ (53ਵੇਂ), ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਦੀ ਚੇਅਰਪਰਸਨ ਮਾਧਬੀ ਪੁਰੀ ਬੁਚ (54ਵੇਂ), ਸਟੀਲ ਅਥਾਰਟੀ ਆਫ ਇੰਡੀਆ ਦੀ ਚੇਅਰਪਰਸਨ ਸੋਮਾ ਮੰਡਲ (67ਵੇਂ) ਸਥਾਨ 'ਤੇ ਹਨ।

ਫੋਰਬਸ ਵੱਲੋਂ ਜਾਰੀ ਸੂਚੀ ਮੁਤਾਬਕ ਮਲਹੋਤਰਾ, ਮਜ਼ੂਮਦਾਰ-ਸ਼ਾਅ ਅਤੇ ਨਾਇਰ ਪਿਛਲੇ ਸਾਲ ਕ੍ਰਮਵਾਰ 52ਵੇਂ, 72ਵੇਂ ਅਤੇ 88ਵੇਂ ਸਥਾਨ 'ਤੇ ਸਨ। ਇਸ ਸਾਲ ਮਜ਼ੂਮਦਾਰ-ਸ਼ਾਅ 72ਵੇਂ ਸਥਾਨ 'ਤੇ ਹਨ, ਜਦਕਿ ਨਾਇਰ 89ਵੇਂ ਸਥਾਨ ਉਤੇ ਹਨ। ਸੂਚੀ ਵਿਚ 39 ਸੀ.ਈ.ਓਜ, 10 ਸੂਬਿਆਂ ਦੇ ਮੁਖੀ ਤੇ 11 ਅਰਬਪਤੀ ਸ਼ਾਮਲ ਹਨ। ਵੈਬਸਾਈਟ ਅਨੁਸਾਰ ਸੂਚੀ ਚਾਰ ਮੁੱਖ ਮਾਪਦੰਡਾਂ 'ਤੇ ਆਧਾਰਤ ਹੈ: ਪੈਸਾ, ਮੀਡੀਆ, ਪ੍ਰਭਾਵ ਤੇ ਪ੍ਰਭਾਵ ਦੇ ਖੇਤਰ। ਰਾਜਨੀਤਿਕ ਨੇਤਾਵਾਂ ਲਈ ਕੁੱਲ ਘਰੇਲੂ ਉਤਪਾਦਾਂ ਅਤੇ ਆਬਾਦੀ ਨੂੰ ਦੇਖਿਆ ਗਿਆ; ਕਾਰਪੋਰੇਟ ਨੇਤਾਵਾਂ ਲਈ ਮਾਲੀਆ ਅਤੇ ਕਰਮਚਾਰੀਆਂ ਦੀ ਗਿਣਤੀ ਤੇ ਮੀਡੀਆ ਰਿਪੋਰਟਾਂ ਅਤੇ ਸਭਨਾਂ ਤੱਕ ਉਨ੍ਹਾਂ ਦੀ ਪਹੁੰਚ ਨੂੰ ਦੇਖਿਆ ਗਿਆ। ਇਹ ਨਤੀਜਾ ਉਨ੍ਹਾਂ ਔਰਤਾਂ 'ਤੇ ਆਧਾਰਿਤ ਹੈ ਜਿਨ੍ਹਾਂ ਦੀ ਮੌਜੂਦਾ ਸਮੇਂ ਦੀ ਕਾਰਗੁਜਾਰੀ ਬਿਹਤਰੀਨ ਰਹੀ ਹੈ।

# ਸ਼੍ਰੋਮਣੀ ਪੱਤਰਕਾਰ ਤੇ ਪੰਜਾਬੀ ਲੇਖਕ ਹਰਬੀਰ ਸਿੰਘ ਭੰਵਰ ਦਾ ਦੇਹਾਂਤ

### *ਸਪੀਕਰ ਕੁਲਤਾਰ ਸਿੰਘ ਸੰਧਵਾਂ, ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਵੱਲੋਂ ਸ਼ਰਧਾਂਜਲੀਆਂ*

**ਲੁਧਿਆਣਾ:** ਸ਼੍ਰੋਮਣੀ ਪੱਤਰਕਾਰ ਤੇ ਪੰਜਾਬੀ ਲੇਖਕ ਹਰਬੀਰ ਸਿੰਘ ਭੰਵਰ ਦਾ ਬੀਤੇ ਦਿਨੀਂ ਦੇਹਾਂਤ ਹੋ ਗਿਆ। ਭਾਈ ਰਣਧੀਰ ਸਿੰਘ ਨਗਰ ਸ਼ਮਸ਼ਾਨਘਰ ਵਿਚ ਲੇਖਕਾਂ, ਪੱਤਰਕਾਰਾਂ ਤੇ ਕਲਾਕਾਰਾਂ ਨੇ ਉਨ੍ਹਾਂ ਨੂੰ ਅੰਤਿਮ ਵਿਦਾਈ ਦਿੱਤੀ। ਚਿਖਾ ਨੂੰ ਅਗਨੀ ਉਨ੍ਹਾਂ ਦੇ ਇਕਲੌਤੇ ਪੁੱਤਰ ਡਾ. ਹਿਰਦੇਪਾਲ ਸਿੰਘ ਨੇ ਵਿਖਾਈ।

ਇਸ ਮੌਕੇ ਪੰਜਾਬੀ ਲੋਕ ਵਿਰਾਸਤ ਅਕਾਦਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ, ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ, ਪੰਜਾਬੀ ਸਾਹਿਤ ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਰਇਕਬਾਲ ਸਿੰਘ, ਰਾਮਗੜ੍ਹੀਆ ਵਿਦਿਅਕ ਅਦਾਰਿਆਂ ਦੇ ਪ੍ਰਧਾਨ ਸ. ਰਣਜੋਧ ਸਿੰਘ ਜੀ ਐਸ, ਉੱਘੇ ਲੇਖਕ ਡਾ. ਫ਼ਕੀਰ ਚੰਦ ਸ਼ੁਕਲਾ, ਡਾ. ਗੁਲਜ਼ਾਰ ਸਿੰਘ ਪੰਧੇਰ ਸੰਪਾਦਕ ਨਜ਼ਰੀਆ, ਅਸ਼ਵਨੀ ਜੇਤਲੀ, ਦੇਵਿੰਦਰ ਸੇਖਾ, ਅਰਜੁਨ ਬਾਵਾ, ਤ੍ਰੈਲੋਚਨ ਲੋਚੀ ਸਮੇਤ ਅਨੇਕਾਂ ਸਿਰਮੌਰ ਸ਼ਖ਼ਸੀਅਤਾਂ ਹਾਜ਼ਰ ਸਨ। ਸ. ਭੰਵਰ ਨੂੰ ਯਾਦ ਕਰਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਦੱਸਿਆ ਕਿ ਅਪਰੇਸ਼ਨ ਬਲਿਊ ਸਟਾਰ ਬਾਰੇ ਉਨ੍ਹਾਂ ਦੀ ਪੁਸਤਕ ਡਾਇਰੀ ਦੇ ਪੰਨੇ, ਧਰਮਯੁੱਧ ਮੋਰਚਾ ਤੋਂ ਇਲਾਵਾ ਨਾਟਕ ਦੀ ਨਕੜਦਾਦੀ ਨੋਰਾ ਰਿਚਰਡਜ਼, ਨਾਰੀਅਲ ਦੀ ਧਰਤੀ ਤੇ, ਸ. ਸੋਭਾ ਸਿੰਘ ਚਿੱਤਰਕਾਰ ਮਹੱਤਵਪੂਰਨ ਕਿਰਤਾਂ ਹਨ। ਮੈਨੂੰ ਮਾਣ ਹੈ ਕਿ ਮੈਂ ਸੁਰਗਵਾਸੀ ਸ. ਪੁਰਦਮਨ ਸਿੰਘ ਬੇਦੀ ਤੇ ਹਰਬੀਰ ਸਿੰਘ ਭੰਵਰ ਨਾਲ ਮਿਲ ਕੇ ਸ. ਸੋਭਾ ਸਿੰਘ ਚਿੱਤਰਕਾਰ ਸਿਮਰਤੀ ਗਰੰਥ 2003 ਵਿੱਚ ਸੰਪਾਦਿਤ ਕੀਤਾ ਸੀ। ਪੰਜਾਬੀਆਂ ਨੂੰ ਹਮੇਸ਼ਾ ਅਫ਼ਸੋਸ ਰਹੇਗਾ ਕਿ ਉਨ੍ਹਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਐਲਾਨਿਆ ਸ਼੍ਰੋਮਣੀ ਪੱਤਰਕਾਰ ਪੁਰਸਕਾਰ ਜੀਊਂਦੇ ਜੀਅ ਨਾ ਮਿਲ ਸਕਿਆ। ਸ. ਭੰਵਰ ਦੇ ਵਿਛੋੜੇ 'ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਡਾ. ਸ ਪ ਸਿੰਘ, ਪੰਜਾਬੀ ਸਾਹਿਤ ਅਕਾਦਮੀ ਦੇ ਸਾਬਕਾ ਪ੍ਰਧਾਨ ਪ੍ਰੋ. ਰਵਿੰਦਰ ਭੱਠਲ, ਪੰਜਾਬ ਦੇ ਖੇਤੀਬਾੜੀ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ, ਵਿਧਾਇਕ ਗੁਰਮੀਤ ਸਿੰਘ ਖੁੱਡੀਆਂ, ਹਰਦੀਪ



ਸਿੰਘ ਮੁੰਡੀਆਂ, ਸਾਬਕਾ ਮੰਤਰੀ ਸ. ਤੇਜ ਪ੍ਰਕਾਸ਼ ਸਿੰਘ ਕੋਟਲੀ, ਸ. ਮਲਕੀਤ ਸਿੰਘ ਦਾਖਾ, ਗੁਰਕੀਰਤ ਸਿੰਘ ਕੋਟਲੀ, ਸਾਬਕਾ ਐਮ ਪੀ ਸ਼ਮਸ਼ੇਰ ਸਿੰਘ ਦੂਲੋਂ, ਸਾਬਕਾ ਵਿਧਾਇਕ ਲਖਬੀਰ ਸਿੰਘ ਲੱਖਾ ਨੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ। ਕੈਨੇਡਾ ਦੇ ਲੇਖਕ ਮੰਗਾ ਸਿੰਘ ਬਾਸੀ ਨੇ ਆਪਣੇ ਪਿਤਾ ਸ. ਪਿਆਰਾ ਸਿੰਘ ਬਾਸੀ ਦੀ ਯਾਦ ਵਿੱਚ ਸਥਾਪਤ ਪੁਰਸਕਾਰ ਵੀ ਜੀ ਜੀ ਐਨ ਖਾਲਸਾ ਕਾਲਜ ਵਿਖੇ ਉਨ੍ਹਾਂ ਨੂੰ ਪ੍ਰਦਾਨ ਕੀਤਾ ਸੀ। ਉਹ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜੀਵਨ ਮੈਂਬਰ ਸਨ। ਹਰਬੀਰ ਸਿੰਘ ਭੰਵਰ ਦੇ ਸਪੁੱਤਰ ਡਾ. ਹਿਰਦੇਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਨਮਿਤ ਅੰਤਿਮ ਅਰਦਾਸ 17 ਦਸੰਬਰ ਸ਼ਨਿੱਚਰਵਾਰ ਗੁਰਦੁਆਰਾ ਭਾਈ ਰਣਧੀਰ ਸਿੰਘ ਨਗਰ (ਈ ਬਲਾਕ) ਵਿਖੇ ਹੋਵੇਗੀ।

### ਵੈਨਕੂਵਰ ਵਿਚਾਰ ਮੰਚ ਵੱਲੋਂ ਦੁੱਖ ਦਾ ਪ੍ਰਗਟਾਵਾ

**ਸਰੀ:** ਵੈਨਕੂਵਰ ਵਿਚਾਰ ਮੰਚ ਵੱਲੋਂ ਨਾਮਵਰ ਪੱਤਰਕਾਰ ਹਰਬੀਰ ਸਿੰਘ ਭੰਵਰ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਪ੍ਰਗਟ ਕਰਦਿਆਂ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਚਲੇ ਜਾਣ ਨਾਲ ਪੰਜਾਬੀ ਪੱਤਕਾਰਤਾ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਮੰਚ ਵੱਲੋਂ ਕੀਤੀ ਗਈ ਸ਼ੋਕ ਮੀਟਿੰਗ ਵਿਚ ਉਨ੍ਹਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਗੂੜ੍ਹੇ ਮਿੱਤਰ ਅਤੇ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਉਨ੍ਹਾਂ ਨਾਲ ਅਧਿਆਪਨ ਸਮੇਂ ਤੋਂ ਸ਼ੁਰੂ ਹੋਈ ਦੋਸਤੀ, ਸਾਹਿਤਕ ਅਤੇ ਪਰਿਵਾਰਕ ਸਾਂਝ ਬਾਰੇ ਦੱਸਦਿਆਂ ਕਿਹਾ ਕਿ ਹਰਬੀਰ ਸਿੰਘ ਭੰਵਰ ਵਧੀਆ ਅਧਿਆਪਕ, ਵਧੀਆ ਚਿੱਤਰਕਾਰ, ਲੇਖਕ ਅਤੇ ਪੱਤਰਕਾਰ ਸੀ ਅਤੇ ਵਿਸ਼ੇਸ਼ ਕਰਕੇ ਉਸ ਨੇ ਪੰਜਾਬ ਦੇ ਕਾਲੇ ਦੌਰ ਵਿਚ ਪੁਲਿਸ ਦੇ ਦਬਾਅ ਅਤੇ ਖਾੜਕੂਆਂ ਦੀਆਂ ਧਮਕੀਆਂ ਦੀ ਪ੍ਰਵਾਹ ਨਾ ਕਰਦਿਆਂ ਆਪਣੀ ਜਾਨ 'ਤੇ ਖੇਡ ਕੇ ਪੱਤਰਕਾਰੀ ਦੇ ਫਰਜ਼ ਨੂੰ ਨਿਡਰਤਾ ਅਤੇ ਈਮਾਨਦਾਰੀ ਨਾਲ ਨਿਭਾਇਆ।

ਜਰਨੈਲ ਸਿੰਘ ਆਰਟਿਸਟ ਨੇ ਵੀ ਉਨ੍ਹਾਂ ਨਾਲ ਹੋਈਆਂ ਮੁਲਾਕਾਤਾਂ ਦਾ ਜ਼ਿਕਰ ਕੀਤਾ ਅਤੇ ਉਨ੍ਹਾਂ ਨੂੰ ਪੰਜਾਬੀ ਪੱਤਰਕਾਰੀ ਦਾ ਮਾਣ ਦੱਸਿਆ। ਚੇਤਨਾ ਪ੍ਰਕਾਸ਼ਨ ਦੇ ਸਤੀਸ਼ ਗੁਲਾਟੀ ਨੇ ਉਨ੍ਹਾਂ ਨਾਲ ਲੁਧਿਆਣਾ ਵਿਖੇ ਆਪਣੇ ਮੇਲ ਮਿਲਾਪ ਦੀ ਗੱਲ ਕੀਤੀ ਅਤੇ ਚੇਤਨਾ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਕੀਤੀਆਂ ਉਨ੍ਹਾਂ ਦੀਆਂ ਤਿੰਨ ਪੁਸਤਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਮੋਹਨ ਗਿੱਲ, ਅੰਗਰੇਜ਼ ਬਰਾੜ ਅਤੇ ਹਰਦਮ ਮਾਨ ਨੇ ਕਿਹਾ ਕਿ ਸ. ਭੰਵਰ ਵੱਲੋਂ ਪੱਤਰਕਾਰੀ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕੇਗਾ।

### ਪਰਕਸ ਵਲੋਂ ਭੰਵਰ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ:** ਪੰਜਾਬੀ ਰਾਈਟਰਜ਼ ਕੋ-ਆਪਰੇਟਿਵ ਸੁਸਾਇਟੀ ਲਿਮਟਿਡ ਲੁਧਿਆਣਾ/ ਅੰਮ੍ਰਿਤਸਰ (ਪਰਕਸ) ਵਲੋਂ ਸ਼੍ਰੋਮਣੀ ਪੱਤਰਕਾਰ ਸ. ਹਰਬੀਰ ਸਿੰਘ ਭੰਵਰ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਸੁਸਾਇਟੀ ਦੇ ਪ੍ਰਧਾਨ ਡਾ. ਬਿਕਰਮ ਸਿੰਘ ਘੁੰਮਣ, ਮੀਤ ਪ੍ਰਧਾਨ ਡਾ. ਬ੍ਰਹਮਜਗਦੀਸ਼ ਸਿੰਘ, ਮੈਨੇਜਿੰਗ ਡਾਇਰੈਕਟਰ ਡਾ. ਚਰਨਜੀਤ ਸਿੰਘ ਗੁਮਟਾਲਾ, ਪ੍ਰੈਸ ਸਕੱਤਰ ਪ੍ਰਿੰਸੀਪਲ ਅੰਮ੍ਰਿਤ ਲਾਲ ਮੰਨਣ, ਸਕੱਤਰ ਗੁਰਮੀਤ ਪਲਾਹੀ ਤੇ ਬੋਰਡ ਦੇ ਡਾਇਰੈਟਰ ਡਾ. ਬ੍ਰਿਜਪਾਲ ਸਿੰਘ, ਸ੍ਰੀਮਤੀ ਜਸਬੀਰ ਕੌਰ, ਡਾ. ਬੂਟਾ ਸਿੰਘ ਬਰਾੜ, ਡਾ. ਸੁਰਿੰਦਰਪਾਲ ਸਿੰਘ ਮੰਡ, ਹਰਜਿੰਦਰ ਸਿੰਘ ਸੂਰਜੇਵਾਲੀਆ ਤੇ ਡਾ. ਜੀਤ ਸਿੰਘ ਜੋਸ਼ੀ ਨੇ ਕਿਹਾ ਕਿ ਭੰਵਰ ਸਾਹਿਬ ਸਾਡੇ ਵਿਚ ਨਹੀਂ ਰਹੇ ਪਰ ਉਨ੍ਹਾਂ ਵੱਲੋਂ ਕੀਤੇ ਸਾਹਿਤਕ ਕਾਰਜ ਤੇ ਪ੍ਰਕਾਸ਼ਿਤ ਪੁਸਤਕਾਂ ਉਨ੍ਹਾਂ ਦੇ ਨਾਂ ਨੂੰ ਹਮੇਸ਼ਾਂ ਕਾਇਮ ਰੱਖਣਗੀਆਂ।

# ਲੰਡਨ 'ਚ ਸਵੈ-ਜਲਾਵਤਨੀ ਹੰਢਾ ਰਹੇ ਸ਼ਹਿਬਾਜ਼ ਦੇ ਪੁੱਤਰ ਦੀ ਘਰ ਵਾਪਸੀ

**ਇਸਲਾਮਾਬਾਦ:** ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਦਾ ਭਗੌੜਾ ਪੁੱਤ ਸੁਲੇਮਾਨ ਸ਼ਹਿਬਾਜ਼ ਲੰਡਨ ਵਿਚ ਚਾਰ ਸਾਲ ਸਵੈ-ਜਲਾਵਤਨੀ ਹੰਢਾਉਣ ਮਗਰੋਂ ਦੇਸ਼ ਪਰਤ ਆਇਆ ਹੈ। ਸੁਲੇਮਾਨ ਨੂੰ ਇਥੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਹੋਵੇਗਾ।

ਕੌਮੀ ਜਵਾਬਦੇਹੀ ਬਿਊਰੋ (ਐਨ.ਏ.ਬੀ.) ਨੇ ਸਾਲ 2018 ਵਿਚ ਪਿਛਲੀਆਂ ਆਮ ਚੋਣਾਂ ਤੋਂ ਪਹਿਲਾਂ ਸੁਲੇਮਾਨ ਖਿਲਾਫ ਕਈ ਕੇਸ ਦਰਜ ਕੀਤੇ ਸਨ। ਸੁਲੇਮਾਨ ਇਕ ਦੋ ਸੁਣਵਾਈਆਂ ਮਗਰੋਂ ਲੰਡਨ ਚਲਾ ਗਿਆ ਸੀ, ਜਿਥੇ ਉਹ 2018 ਤੋਂ ਆਪਣੇ ਪਰਿਵਾਰ ਨਾਲ ਰਹਿ ਰਿਹਾ ਹੈ। ਸੁਲੇਮਾਨ ਦੀ ਦੇਸ਼ ਵਾਪਸੀ ਅਜਿਹੇ ਮੌਕੇ ਹੋਈ ਹੈ ਜਦੋਂ ਅਜੇ ਕੁਝ ਦਿਨ ਪਹਿਲਾਂ ਇਸਲਾਮਾਬਾਦ ਹਾਈ ਕੋਰਟ ਨੇ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਕਰਦਿਆਂ ਜਾਂਚ ਏਜੰਸੀ (ਐਫ.ਆਈ.ਏ.) ਤੇ ਐਨ.ਏ.ਬੀ. ਨੂੰ ਮਨੀ ਲਾਂਡਰਿੰਗ ਕੇਸ ਵਿਚ ਸੁਲੇਮਾਨ ਨੂੰ ਗ੍ਰਿਫ਼ਤਾਰ ਕਰਨ ਤੋਂ ਰੋਕ ਦਿੱਤਾ ਸੀ। ਹਾਈ ਕੋਰਟ ਨੇ ਸੁਲੇਮਾਨ ਨੂੰ 13 ਦਸੰਬਰ ਤੱਕ ਟਰਾਇਲ ਕੋਰਟ ਵਿਚ ਸਮਰਪਣ ਕਰਨ ਲਈ ਕਿਹਾ ਸੀ। ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਨੇ ਆਪਣੇ ਅਧਿਕਾਰਤ ਟਵਿੱਟਰ ਖਾਤੇ 'ਤੇ ਇਕ ਵੀਡੀਓ ਸਾਂਝੀ ਕੀਤੀ ਹੈ, ਜਿਸ ਵਿਚ ਸੁਲੇਮਾਨ ਦੇਸ਼ ਵਾਪਸੀ ਮੌਕੇ ਆਪਣੇ ਪਿਤਾ ਨੂੰ ਮਿਲਦਾ ਤੇ ਗਲਵੱਕੜੀ ਵਿਚ ਲੈਂਦਾ ਵਿਖਾਈ ਦੇ ਰਿਹਾ ਹੈ।

# ਲਖੀਮਪੁਰ ਹਿੰਸਾ: ਕੇਸ ਦੇ ਗਵਾਹਾਂ 'ਤੇ ਕਿਰਪਾਨ ਨਾਲ ਹਮਲਾ

**ਲਖੀਮਪੁਰ ਖੀਰੀ:** ਲਖੀਮਪੁਰ ਖੀਰੀ ਹਿੰਸਾ ਕੇਸ ਦੇ ਮੁੱਖ ਗਵਾਹਾਂ ਪ੍ਰਭਜੋਤ ਸਿੰਘ ਤੇ ਉਸ ਦੇ ਭਰਾ ਸਰਵਜੀਤ ਸਿੰਘ 'ਤੇ ਕੁਝ ਲੋਕਾਂ ਨੇ ਤੇਜ਼ਧਾਰ ਹਥਿਆਰ (ਕਿਰਪਾਨ) ਨਾਲ ਹਮਲਾ ਕੀਤਾ ਹੈ। ਹਮਲੇ ਦੌਰਾਨ ਸਰਵਜੀਤ ਦੇ ਗੰਭੀਰ ਸੱਟਾਂ ਲੱਗੀਆਂ ਹਨ ਜਦੋਂਕਿ ਪ੍ਰਭਜੋਤ ਦੇ ਸੱਟ-ਫੇਟ ਤੋਂ ਬਚਾਅ ਰਿਹਾ।

ਸਰਵਜੀਤ ਹਸਪਤਾਲ ਵਿਚ ਜੇਰੇ ਇਲਾਜ ਹੈ। ਪ੍ਰਭਜੋਤ ਨੇ ਤਿਕੁਨੀਆ ਪੁਲਿਸ ਥਾਣੇ ਨੂੰ ਦਿੱਤੀ ਸ਼ਿਕਾਇਤ ਵਿਚ ਹਮਲੇ ਪਿੱਛੇ ਆਸ਼ੀਸ਼ ਮਿਸ਼ਰਾ ਦੇ ਸਹਿਯੋਗੀਆਂ ਦਾ ਹੱਥ ਹੋਣ ਦਾ ਦਾਅਵਾ ਕੀਤਾ ਹੈ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦਾ ਪੁੱਤਰ ਆਸ਼ੀਸ਼ ਮਿਸ਼ਰਾ ਲਖੀਮਪੁਰ ਖੀਰੀ ਹਿੰਸਾ ਕੇਸ ਵਿਚ ਮੁਲਜ਼ਮ ਵਜੋਂ ਨਾਮਜ਼ਦ ਹੈ। ਪਿਛਲੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿਚ ਹੋਈ ਹਿੰਸਾ ਵਿਚ ਚਾਰ ਕਿਸਾਨਾਂ ਤੇ ਇਕ ਪੱਤਰਕਾਰ ਸਣੇ ਕੁੱਲ 8 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ।

ਪ੍ਰਭਜੋਤ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਕਿ ਉਹ ਆਪਣੇ ਦੋਸਤ ਦੀ ਪਾਰਟੀ 'ਚ ਸ਼ਾਮਲ ਹੋਣ ਲਈ ਤਿਕੁਨੀਆ ਗਏ ਸਨ, ਜਿੱਥੇ ਮੁਲਜ਼ਮ ਵਿਕਾਸ ਚਾਵਲਾ ਨੇ ਆਪਣੇ ਕੁਝ ਸਾਥੀਆਂ ਨਾਲ ਉਨ੍ਹਾਂ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ। ਪੁਲਿਸ ਨੇ ਪੀੜਤ ਦੀ ਸ਼ਿਕਾਇਤ 'ਤੇ ਆਈ.ਪੀ.ਸੀ. ਦੀ ਧਾਰਾ 307 ਤਹਿਤ ਕੇਸ ਦਰਜ ਕਰ ਲਿਆ ਹੈ। ਉਧਰ, ਲਖੀਮਪੁਰ ਖੀਰੀ ਦੇ ਐਸ.ਪੀ. ਸੰਜੀਵ ਸੁਮਨ ਨੇ ਕਿਹਾ ਕਿ ਤਿਕੁਨੀਆ ਕੇਸ ਦੇ ਗਵਾਹ ਪ੍ਰਭਜੋਤ ਸਿੰਘ ਦਾ ਭਰਾ ਆਪਣੇ ਦੋਸਤ ਵੱਲੋਂ ਰੱਖੀ 'ਮੁੰਡਨ ਪਾਰਟੀ' ਵਿਚ ਗਿਆ ਸੀ, ਜਿੱਥੇ ਪਹਿਲਾਂ ਕਿਸੇ ਗੱਲੋਂ ਤਕਰਾਰ ਹੋਈ ਤੇ ਮਗਰੋਂ ਮੁਲਜ਼ਮ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਉਸ 'ਤੇ ਹਮਲਾ ਕਰ ਦਿੱਤਾ। ਹਮਲਾ ਦੋਵਾਂ ਧਿਰਾਂ ਦਰਮਿਆਨ ਪੁਰਾਣੀ ਰੰਜਿਸ਼ ਦਾ ਨਤੀਜਾ ਹੈ, ਇਸ ਘਟਨਾ ਦਾ ਸਾਲ ਪੁਰਾਣੇ ਤਿਕੁਨੀਆ ਹਿੰਸਾ ਕੇਸ ਨਾਲ ਕੋਈ ਸਬੰਧ ਨਹੀਂ ਹੈ।

# ਤਰਨ ਤਾਰਨ ਗ੍ਰਨੇਡ ਹਮਲਾ: ਵਿਰੋਧੀ ਧਿਰਾਂ ਨੇ ਘੇਰੀ ਮਾਨ ਸਰਕਾਰ

**ਪੱਟੀ:** ਸਰਹੱਦੀ ਜ਼ਿਲ੍ਹੇ ਤਰਨ ਤਾਰਨ ਦੇ ਸਰਹਾਲੀ ਪੁਲਿਸ ਥਾਣੇ 'ਤੇ ਰਾਕੇਟ-ਪ੍ਰੋਪੈਲਡ (ਆਰ.ਪੀ.ਜੀ.) ਗ੍ਰਨੇਡ ਹਮਲਾ ਕੀਤਾ ਗਿਆ ਹੈ। ਪਿਛਲੇ ਸੱਤ ਮਹੀਨਿਆਂ ਦੌਰਾਨ ਪੰਜਾਬ ਵਿਚ ਇਹ ਅਜਿਹਾ ਦੂਜਾ ਹਮਲਾ ਹੈ। ਪੰਜਾਬ ਦੇ ਪੁਲਿਸ ਮੁਖੀ (ਡੀ.ਜੀ.ਪੀ.) ਗੌਰਵ ਯਾਦਵ ਨੇ ਇਸ ਨੂੰ ਫੌਜੀ-ਗਰੇਡ ਦਾ ਅਸਲਾ ਦੱਸਿਆ ਹੈ। ਡੀ.ਜੀ.ਪੀ. ਨੇ ਕਿਹਾ ਕਿ ਵੱਡੀ ਸੰਭਾਵਨਾ ਹੈ ਕਿ ਇਸ ਨੂੰ ਸਰਹੱਦ ਪਾਰੋਂ ਤਸਕਰੀ ਕਰ ਕੇ ਲਿਆਂਦਾ ਗਿਆ ਹੈ। ਵੇਰਵਿਆਂ ਮੁਤਾਬਕ ਅਣਪਛਾਤਿਆਂ ਵੱਲੋਂ ਦਾਗਿਆ ਆਰ.ਪੀ.ਜੀ. ਸਰਹਾਲੀ ਪੁਲਿਸ ਥਾਣੇ ਦੇ ਨਾਲ ਲੱਗਦੇ ਸਾਂਝ ਕੇਂਦਰ ਦੇ ਅੰਦਰ ਜਾ ਕੇ ਡਿੱਗਿਆ।



ਉਧਰ, ਵਿਰੋਧੀ ਧਿਰਾਂ ਨੇ ਇਸ ਮਸਲੇ ਉਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੂੰ ਘੇਰ ਲਿਆ ਹੈ। ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਆਖਿਆ ਹੈ ਕਿ ਸੂਬੇ ਦੇ ਜੋ ਹਾਲਾਤ ਬਣ ਗਏ ਹਨ, ਉਨ੍ਹਾਂ ਨੂੰ ਦੇਖ ਕੇ ਲੋਕ ਡਰ ਮਹਿਸੂਸ ਕਰਨ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਨੂੰ ਲਾਵਾਰਿਸ ਛੱਡ ਕੇ ਹੋਰਨਾਂ ਸੂਬਿਆਂ ਦੇ ਲੋਕਾਂ ਨੂੰ ਗੁਮਰਾਹ ਕਰਨ ਲੱਗੇ ਹੋਏ ਹਨ।

ਬੀਬੀ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਗੈਂਗਸਟਰ ਰਾਜ ਚੱਲ ਰਿਹਾ ਹੈ ਤੇ ਰੋਜ਼ਾਨਾ ਕਤਲ, ਲੁੱਟਾਂ-ਖੋਹਾਂ ਤੇ ਹੋਰ ਹਿੰਸਕ ਘਟਨਾਵਾਂ ਵਾਪਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਿਛਲੇ 50 ਸਾਲਾਂ ਦੌਰਾਨ ਪੰਜਾਬ ਵਿਚ ਕਦੇ ਅਜਿਹੇ ਹਾਲਾਤ ਦੇਖਣ ਨੂੰ ਨਹੀਂ ਮਿਲੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦਾ ਪੈਸਾ ਹੋਰਨਾਂ ਸੂਬਿਆਂ ਵਿੱਚ ਖਰਚ ਰਹੀ ਹੈ, ਪਰ ਹਿਮਾਚਲ ਅਤੇ ਗੁਜਰਾਤ ਦੇ ਲੋਕਾਂ ਨੇ ਦੱਸ ਦਿੱਤਾ ਹੈ ਕਿ ਉਹ 'ਆਪ' ਦੇ ਝੂਠੇ ਲਾਰਿਆਂ ਵਿਚ ਆਉਣ ਵਾਲੇ ਨਹੀਂ।

ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਤਰਨਤਾਰਨ ਜ਼ਿਲ੍ਹੇ ਦੇ ਸਰਹਾਲੀ ਥਾਣੇ ਉਤੇ ਹੋਏ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਹ ਸੂਬੇ ਲਈ ਖਤਰੇ ਦੀ ਚਿਤਾਵਨੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਪੰਜਾਬ ਸਰਕਾਰ ਹੁਣ ਆਪਣੀ ਗੂੜ੍ਹੀ ਨੀਂਦ ਤੋਂ ਜਾਗ ਕੇ ਸਥਿਤੀ ਦੀ ਗੰਭੀਰਤਾ ਨੂੰ ਸਮਝੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਹਾਲਾਤ ਲਈ 'ਆਪ' ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ ਅਤੇ ਉਹ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਇਨ੍ਹਾਂ ਘਟਨਾਵਾਂ ਦਾ ਮੁੜ ਵਾਪਰਨਾ ਖਤਰੇ ਦੀ ਨਿਸ਼ਾਨੀ ਹੈ, ਜਿਸ ਦਾ ਕਾਰਨ ਇਹ ਹੈ ਕਿ 'ਆਪ' ਸਰਕਾਰ ਸਥਿਤੀ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ।

ਸਾਬਕਾ ਮੰਤਰੀ ਤੇ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ 'ਆਪ' ਸਰਕਾਰ ਦੇ ਅੱਠ ਮਹੀਨਿਆਂ ਦੇ ਕਾਰਜਕਾਲ ਵਿਚ ਪੁਲਿਸ ਟਿਕਾਣਿਆਂ 'ਤੇ ਲਗਾਤਾਰ ਆਰ.ਪੀ.ਜੀ. ਹਮਲੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਸੂਬੇ ਵਿਚ ਅਮਨ-ਕਾਨੂੰਨ ਦੀ ਵਿਵਸਥਾ ਕਾਇਮ ਰੱਖਣ ਵਿਚ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਅੱਠ ਮਹੀਨਿਆਂ ਦੌਰਾਨ ਗਾਇਕ ਸਿੱਧੂ ਮੂਸੇਵਾਲਾ ਦਾ ਕਤਲ, ਉਦਯੋਗਪਤੀਆਂ ਤੋਂ ਫਿਰੌਤੀਆਂ ਲੈਣ ਦੀਆਂ ਘਟਨਾਵਾਂ, ਨਕੋਦਰ ਤੇ ਤਰਨ ਤਾਰਨ ਵਿਚ ਕੱਪੜਾ ਵਪਾਰੀ ਦਾ ਕਤਲ ਆਦਿ ਘਟਨਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਉਨ੍ਹਾਂ ਕਿਹਾ ਕਿ ਇਕੱਲੇ ਲੁਧਿਆਣਾ ਵਿਚ ਪੁਲਿਸ ਨੇ ਉਦਯੋਗਪਤੀਆਂ ਤੇ ਵਪਾਰੀਆਂ ਨੂੰ ਫਿਰੌਤੀ ਲਈ ਧਮਕਾਏ ਜਾਣ ਦੇ 55 ਕੀਤੇ ਦਰਜ ਕੀਤੇ ਹਨ।

### ਸਰਕਾਰ ਸਥਿਤੀ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ: ਕਾਂਗਰਸ

**ਪੱਟੀ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਇਹ ਸੂਬੇ ਲਈ ਖਤਰੇ ਦੀ ਚਿਤਾਵਨੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਪੰਜਾਬ ਸਰਕਾਰ ਹੁਣ ਆਪਣੀ ਗੂੜ੍ਹੀ ਨੀਂਦ ਤੋਂ ਜਾਗ ਕੇ ਸਥਿਤੀ ਦੀ ਗੰਭੀਰਤਾ ਨੂੰ ਸਮਝੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਹਾਲਾਤ ਲਈ 'ਆਪ' ਸਰਕਾਰ ਪੂਰੀ ਤਰ੍ਹਾਂ ਜ਼ਿੰਮੇਵਾਰ ਹੈ ਅਤੇ ਉਹ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ। ਇਨ੍ਹਾਂ ਘਟਨਾਵਾਂ ਦਾ ਮੁੜ ਵਾਪਰਨਾ ਖਤਰੇ ਦੀ ਨਿਸ਼ਾਨੀ ਹੈ, ਜਿਸ ਦਾ ਕਾਰਨ ਇਹ ਹੈ ਕਿ 'ਆਪ' ਸਰਕਾਰ ਸਥਿਤੀ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੀ।

# ਕੇਂਦਰ ਨੇ ਪੰਜਾਬ ਨੂੰ ਯਮੁਨਾ 'ਚੋਂ ਪਾਣੀ ਦੇਣ ਤੋਂ ਕੀਤੀ ਕੋਰੀ ਨਾਂਹ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਨੂੰ ਯਮੁਨਾ ਵਿਚੋਂ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਪੰਜਾਬ ਨੇ ਹਾਲਾਂਕਿ ਕੇਂਦਰ ਨੂੰ ਮੁੜ ਪੱਤਰ ਲਿਖ ਕੇ ਇਸ 'ਤੇ ਦਾਅਵਾ ਜਤਾਇਆ ਹੈ। ਪਾਣੀਆਂ ਦੀ ਵੰਡ ਨੂੰ ਲੈ ਕੇ ਹੁਣ ਜਦੋਂ ਪੰਜਾਬ ਤੇ ਹਰਿਆਣਾ ਲੰਮੀ ਲੜਾਈ ਵਿਚ ਉਲਝੇ ਹੋਏ ਹਨ ਤਾਂ ਪੰਜਾਬ ਨੇ ਇਸ ਦੌਰਾਨ ਯਮੁਨਾ ਦੇ ਪਾਣੀਆਂ 'ਤੇ ਆਪਣਾ ਹੱਕ ਜਤਾਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਹਰਿਆਣਾ ਦੇ ਆਪਣੇ ਹਮਰੁਤਬਾ ਮਨੋਹਰ ਲਾਲ ਖੱਟਰ ਨਾਲ ਮੀਟਿੰਗ ਦੌਰਾਨ ਯਮੁਨਾ ਦੇ ਪਾਣੀਆਂ 'ਤੇ ਹੱਕ ਜਤਾਉਂਦਿਆਂ ਸੂਬੇ ਦੇ ਹਿੱਸੇ ਦੀ ਮੰਗ ਕੀਤੀ ਸੀ।



ਜਲ ਸਰੋਤ ਵਿਭਾਗ ਪੰਜਾਬ ਦੇ ਪ੍ਰਿੰਸੀਪਲ ਸਕੱਤਰ ਕ੍ਰਿਸ਼ਨ ਕੁਮਾਰ ਨੇ ਕੇਂਦਰੀ ਜਲ ਵਿਕਾਸ ਏਜੰਸੀ ਨੂੰ ਇਸ ਸਬੰਧੀ ਪਹਿਲਾ ਪੱਤਰ 11 ਨਵੰਬਰ ਨੂੰ ਲਿਖਿਆ ਸੀ ਤੇ ਉਸ ਮਗਰੋਂ 18 ਨਵੰਬਰ ਅਤੇ 30 ਨਵੰਬਰ ਨੂੰ ਪੱਤਰ ਲਿਖ ਕੇ ਯਮੁਨਾ ਸ਼ਾਰਦਾ ਲਿੰਕ ਪ੍ਰੋਜੈਕਟ 'ਚੋਂ ਪੰਜਾਬ ਨੂੰ ਪਾਣੀ ਦੇਣ ਦੀ ਗੱਲ ਰੱਖੀ ਸੀ। ਕੇਂਦਰੀ ਜਲ ਮੰਤਰਾਲੇ ਦੀ ਕੇਂਦਰੀ ਜਲ ਵਿਕਾਸ ਏਜੰਸੀ ਨੇ ਆਪਣੀ ਗਵਰਨਿੰਗ ਬਾਡੀ ਦੀ 70ਵੀਂ ਮੀਟਿੰਗ ਵਿਚ ਪੰਜਾਬ ਦੇ ਏਜੰਡੇ ਨੂੰ ਰੱਖਿਆ ਸੀ। ਇਸ ਬਾਡੀ ਦੀ 15 ਨਵੰਬਰ ਨੂੰ ਹੋਈ ਮੀਟਿੰਗ ਵਿਚ ਸ਼ਾਰਦਾ-ਯਮੁਨਾ ਲਿੰਕ ਪ੍ਰੋਜੈਕਟ'ਚੋਂ ਪੰਜਾਬ ਨੂੰ ਪਾਣੀ ਦੇਣ ਤੋਂ ਅਸਮਰੱਥਾ ਜ਼ਾਹਿਰ ਕੀਤੀ ਗਈ ਸੀ।

ਕੇਂਦਰੀ ਜਲ ਵਿਕਾਸ ਏਜੰਸੀ ਨੇ ਪਹਿਲੀ ਦਸੰਬਰ ਨੂੰ ਪੰਜਾਬ ਦੇ ਜਲ ਸਰੋਤ ਵਿਭਾਗ ਨੂੰ ਪੱਤਰ ਲਿਖ ਕੇ ਫੈਸਲੇ ਤੋਂ ਜਾਣੂ ਕਰਾ ਦਿੱਤਾ ਸੀ। ਪੰਜਾਬ ਸਰਕਾਰ ਨੇ ਮੰਗ ਕੀਤੀ ਸੀ ਕਿ ਦਰਿਆਵਾਂ ਨੂੰ ਆਪਸੀ ਲਿੰਕ ਕਰਨ ਦੀ ਜੋ ਕੌਮੀ ਯੋਜਨਾ ਬਣ ਰਹੀ ਹੈ, ਉਸ 'ਚ ਸ਼ਾਮਲ ਸ਼ਾਰਦਾ-ਯਮੁਨਾ ਲਿੰਕ 'ਚ ਪੰਜਾਬ ਨੂੰ ਵੀ ਬਤੌਰ ਲਾਭਪਾਤਰੀ ਸ਼ਾਮਲ ਕੀਤਾ ਜਾਵੇ।

ਪੰਜਾਬ ਸਰਕਾਰ ਦਾ ਤਰਕ ਹੈ ਕਿ ਜਦੋਂ ਪੁਰਾਣੇ ਸਾਂਝੇ ਪੰਜਾਬ ਦੇ ਅਧਾਰ 'ਤੇ ਰਾਵੀ ਤੇ ਬਿਆਸ ਦੇ ਪਾਣੀਆਂ 'ਤੇ ਹਰਿਆਣਾ ਆਪਣਾ ਦਾਅਵਾ ਕਰ ਰਿਹਾ ਹੈ ਤਾਂ ਯਮੁਨਾ ਦੇ ਪਾਣੀਆਂ 'ਤੇ ਵੀ ਪੰਜਾਬ ਦਾ ਹੱਕ ਹੈ ਕਿਉਂਕਿ ਯਮੁਨਾ ਦਾ ਪਾਣੀ (ਹੁਣ ਹਰਿਆਣਾ) ਸਾਂਝੇ ਪੰਜਾਬ ਵੇਲੇ ਪੰਜਾਬ ਨੂੰ ਮਿਲਦਾ ਹੁੰਦਾ ਸੀ। ਪੰਜਾਬ ਸਰਕਾਰ ਨੇ ਪੱਤਰ 'ਚ ਦਲੀਲ ਦਿੱਤੀ ਹੈ ਕਿ ਜੇ ਹਰਿਆਣਾ ਸਾਂਝੇ ਪੰਜਾਬ ਨੂੰ ਆਧਾਰ ਬਣਾ ਕੇ ਰਿਪੇਰੀਅਨ ਸੂਬਾ ਹੋਣ ਦੀ ਗੱਲ ਕਰਦਾ ਹੈ ਤਾਂ ਯਮੁਨਾ 'ਚੋਂ ਵੀ ਮੌਜੂਦਾ ਪੰਜਾਬ ਦਾ ਹੱਕ ਇਸੇ ਆਧਾਰ 'ਤੇ ਬਣਦਾ ਹੈ। ਹਾਲਾਂਕਿ ਰਾਵੀ ਤੇ ਬਿਆਸ ਦੇ ਪਾਣੀਆਂ 'ਤੇ ਰਿਪੇਰੀਅਨ ਕਾਨੂੰਨ ਮੁਤਾਬਕ ਪੰਜਾਬ ਦਾ ਹੀ ਹੱਕ ਬਣਦਾ ਹੈ ਪਰ ਇਸ 'ਤੇ ਹਰਿਆਣਾ ਤੇ ਰਾਜਸਥਾਨ ਵੀ ਹੱਕ ਜਤਾ ਰਹੇ ਹਨ।

ਪੰਜਾਬ ਸਰਕਾਰ ਨੇ ਮੰਗ ਰੱਖੀ ਸੀ ਕਿ ਸ਼ਾਰਦਾ ਲਿੰਕ ਦੀ ਜੋ ਡੀ.ਪੀ.ਆਰ. ਤਿਆਰ ਕੀਤੀ ਜਾ ਰਹੀ ਹੈ, ਉਸ ਵਿਚ ਪੰਜਾਬ ਨੂੰ ਵੀ ਸ਼ਾਰਦਾ ਦੇ ਲਾਭਪਾਤਰੀ ਰਾਜ ਦੀ ਸੂਚੀ ਵਿਚ ਰੱਖਿਆ ਜਾਵੇ। ਉਧਰ ਕੇਂਦਰ ਇਹ ਦਲੀਲ ਦਿੰਦਾ ਹੈ ਕਿ ਯਮੁਨਾ ਪੰਜਾਬ ਤੋਂ ਦੂਰ ਹੈ ਜਦੋਂ ਕਿ ਪੰਜਾਬ ਦਾ ਮੋੜਵਾਂ ਤਰਕ ਹੈ ਕਿ ਜਦੋਂ ਨਦੀਆਂ ਨੂੰ ਜੋੜਨ ਦੀ ਯੋਜਨਾ ਤਹਿਤ ਯਮੁਨਾ ਨੂੰ ਹਰਿਆਣਾ ਤੋਂ ਗੁਜਰਾਤ ਤੱਕ ਲਿਜਾਣ ਦੀ ਤਜਵੀਜ਼ ਹੈ ਤਾਂ ਇਸ 'ਚ ਪੰਜਾਬ ਨੂੰ ਵੀ ਤਾਂ ਵਿਚਾਰਿਆ ਜਾ ਸਕਦਾ ਹੈ।

## ਲਾਰੈਂਸ ਬਿਸ਼ਨੋਈ ਦੇ ਨਾਂ 'ਤੇ ਫਿਰੌਤੀ ਦੀ ਮੰਗ ਕਰਨ ਵਾਲਾ ਗ੍ਰਿਫਤਾਰ

**ਲੁਧਿਆਣਾ:** ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਨਾਂ ਉਤੇ ਵਪਾਰੀ ਤੋਂ ਫਿਰੌਤੀ ਦੀ ਮੰਗ ਕਰਨ ਵਾਲੇ ਇਕ ਨੌਜਵਾਨ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਅਨੁਸਾਰ ਪੁਲਿਸ ਵੱਲੋਂ ਇਹ ਕਾਰਵਾਈ ਨਿਸ਼ਾਂਤ ਜੈਨ ਵਾਸੀ ਹੰਬੜਾਂ ਰੋਡ ਦੀ ਸ਼ਿਕਾਇਤ ਉਤੇ ਅਮਲ ਵਿਚ ਲਿਆਂਦੀ ਹੈ। ਇਸ ਸਬੰਧੀ ਪੁਲਿਸ ਨੇ ਹਰਮੇਲ ਸਿੰਘ ਉਰਫ ਹੈਰੀ ਵਾਸੀ ਪਿੰਡ ਤੱਲਵਣ, ਜਲੰਧਰ ਨੂੰ ਵੱਖ-ਵੱਖ ਧਰਾਵਾਂ ਤਹਿਤ ਗ੍ਰਿਫਤਾਰ ਕੀਤਾ ਹੈ।

ਪੁਲਿਸ ਅਨੁਸਾਰ ਕਥਿਤ ਦੋਸ਼ੀ ਨੇ ਵਪਾਰੀ ਨੂੰ ਫੋਨ ਉਤੇ ਆਪਣੇ-ਆਪ ਨੂੰ ਲਾਰੈਂਸ ਬਿਸ਼ਨੋਈ ਦਾ ਸਾਥੀ ਦੱਸ ਕੇ ਉਸ ਪਾਸੋਂ 30 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਤੇ ਪੈਸੇ ਨਾ ਦੇਣ ਦੀ ਸੂਰਤ ਵਿਚ ਪਰਿਵਾਰ ਸਮੇਤ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਗਈ। ਵਪਾਰੀ ਵੱਲੋਂ ਇਹ ਸਾਰਾ ਮਾਮਲਾ ਪੁਲਿਸ ਦੇ ਧਿਆਨ ਵਿਚ ਲਿਆਂਦਾ ਗਿਆ।

# ਪੰਜਾਬੀ ਵਿਚ ਬੋਰਡ ਨਾ ਲਾਉਣ ਵਾਲਿਆਂ ਨੂੰ ਚਿਤਾਵਨੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮਾਂ ਬੋਲੀ ਦੇ ਪਸਾਰ ਲਈ ਦੁਕਾਨਾਂ ਤੇ ਦਫਤਰਾਂ 'ਤੇ ਲੱਗੇ ਬੋਰਡ ਪੰਜਾਬੀ ਵਿਚ ਲਿਖਣ ਲਈ ਆਖਰੀ ਚਿਤਾਵਨੀ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 'ਚ ਹੋਏ ਸਮਾਰੋਹਾਂ ਵਿਚ ਪੰਜਾਬ ਵਾਸੀਆਂ ਨੂੰ ਅਪੀਲ ਕੀਤੀ ਸੀ ਕਿ ਉਹ ਆਪੋ-ਆਪਣੇ ਕਾਰੋਬਾਰੀ ਅਦਾਰਿਆਂ ਅੱਗੇ ਬੋਰਡ ਪੰਜਾਬੀ ਵਿਚ ਲਿਖਣ। ਹਾਲੇ ਤੱਕ ਪ੍ਰਾਈਵੇਟ ਦੁਕਾਨਦਾਰਾਂ ਅਤੇ ਕਾਰੋਬਾਰੀਆਂ 'ਤੇ ਮੁੱਖ ਮੰਤਰੀ ਦੀ ਅਪੀਲ ਦਾ ਕੋਈ ਅਸਰ ਨਹੀਂ ਹੋਇਆ ਹੈ।

ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਦੇ ਪ੍ਰਮੁੱਖ ਸਕੱਤਰ ਜਸਪ੍ਰੀਤ ਤਲਵਾੜ ਨੇ ਹੁਣ ਪੱਤਰ ਜਾਰੀ ਕਰ ਕੇ ਇਸ ਸਬੰਧੀ ਸਰਕਾਰੀ, ਅਰਧ ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਅਤੇ ਕਾਰੋਬਾਰੀ ਲੋਕਾਂ ਲਈ 21 ਫਰਵਰੀ 2023 ਤਰੀਕ ਤੈਅ ਕਰ ਦਿੱਤੀ ਹੈ। ਉਨ੍ਹਾਂ ਕਿਹਾ ਹੈ ਕਿ 21 ਫਰਵਰੀ ਤੋਂ ਪਹਿਲਾਂ ਪਹਿਲਾਂ ਸਮੂਹ ਨਾਮ ਪੱਟੀਆਂ/ਬੋਰਡ ਪੰਜਾਬੀ ਭਾਸ਼ਾ ਵਿਚ ਲਿਖੇ ਜਾਣ ਤੇ ਇਸ ਦੀ ਸੂਚਨਾ ਵਿਭਾਗ ਨੂੰ ਭੇਜੀ ਜਾਵੇ। ਪੰਜਾਬ ਸਰਕਾਰ ਨੇ ਚਿਤਾਵਨੀ ਦਿੱਤੀ ਹੈ ਕਿ ਜੇ 21 ਫਰਵਰੀ ਤੱਕ ਪੰਜਾਬੀ ਵਿਚ ਇਹ ਬੋਰਡ ਨਾ ਲਿਖੇ ਗਏ ਤਾਂ ਸਬੰਧਤ ਵਿਅਕਤੀਆਂ 'ਤੇ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਅਤੇ 2021 ਵਿਚ ਦਰਜ ਉਪਬੰਧਾਂ ਅਨੁਸਾਰ ਜੁਰਮਾਨਾ ਲਾਉਣ ਦੀ ਕਾਰਵਾਈ ਕੀਤੀ ਜਾਵੇਗੀ। ਦੱਸਣਯੋਗ ਹੈ ਕਿ 'ਆਪ' ਸਰਕਾਰ ਤੋਂ ਪਹਿਲਾਂ ਕਾਂਗਰਸ ਸਰਕਾਰ ਨੇ ਵੀ ਬੋਰਡ ਪੰਜਾਬੀ ਵਿਚ ਲਿਖਣ ਦੀ ਹਦਾਇਤ ਕੀਤੀ ਸੀ ਪਰ ਕਿਸੇ ਵੱਲੋਂ ਵੀ ਇਨ੍ਹਾਂ ਹੁਕਮਾਂ ਨੂੰ ਸੰਜੀਦਗੀ ਨਾਲ ਨਹੀਂ ਲਿਆ ਗਿਆ ਸੀ।

'ਆਪ' ਸਰਕਾਰ ਨੇ ਵੀ ਪਹਿਲਾਂ 4 ਜੁਲਾਈ ਨੂੰ ਪੰਜਾਬੀ ਭਾਸ਼ਾ ਵਿਚ ਬੋਰਡ ਲਾਉਣ ਦੇ ਹੁਕਮ ਜਾਰੀ ਕੀਤੇ ਸਨ ਪਰ ਸਰਕਾਰੀ ਅਤੇ ਪ੍ਰਾਈਵੇਟ ਵਿਭਾਗਾਂ ਨੇ ਇਨ੍ਹਾਂ ਹਦਾਇਤਾਂ 'ਤੇ ਅਮਲ ਨਹੀਂ ਕੀਤਾ। ਸਰਕਾਰੀ ਪੱਤਰ 'ਚ ਕਿਹਾ ਗਿਆ ਹੈ ਕਿ ਸਾਰੇ ਅਦਾਰੇ ਸਭ ਤੋਂ ਪਹਿਲਾਂ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿਚ ਅਦਾਰੇ ਦਾ ਨਾਂ ਲਿਖਣ ਤੇ ਜੇਕਰ ਕਿਸੇ ਹੋਰ ਭਾਸ਼ਾ ਵਿਚ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ ਤੋਂ ਹੇਠਾਂ ਦੂਸਰੀ ਭਾਸ਼ਾ ਵਿਚ ਲਿਖਿਆ ਜਾਵੇ।

ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ ਦੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਸਰਕਾਰੀ ਸਖ਼ਤੀ ਤੋਂ ਪਹਿਲਾਂ-ਪਹਿਲਾਂ ਬੋਰਡ ਪੰਜਾਬੀ ਭਾਸ਼ਾ ਵਿਚ ਲਿਖਣ। ਉਨ੍ਹਾਂ ਪੰਜਾਬੀ ਭਾਸ਼ਾ ਪ੍ਰੇਮੀਆਂ ਨੂੰ ਵੀ ਕਿਹਾ ਹੈ ਕਿ ਉਹ ਇਸ ਮੁੱਦੇ ਨੂੰ ਇਕ ਲਹਿਰ ਬਣਾਉਣ ਤਾਂ ਜੋ ਮਾਂ ਬੋਲੀ ਨੂੰ ਸਿਜਦਾ ਕੀਤਾ ਜਾ ਸਕੇ। ਮੀਤ ਹੇਅਰ ਨੇ ਦੱਸਿਆ ਕਿ ਉਹ ਖ਼ੁਦ ਵੱਡੇ ਸ਼ਹਿਰਾਂ ਦੇ ਸ਼ਾਪਿੰਗ ਮਾਲਜ਼ ਦੇ ਸਾਈਨ ਬੋਰਡ ਪੰਜਾਬੀ 'ਚ ਲਿਖਵਾਉਣ ਲਈ ਮੁਹਿੰਮ ਵਿੱਢਣਗੇ।

# ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਨੇ ਸਿਆਸਤ ਵਿਚ ਆਉਣ ਦੇ ਸੰਕੇਤ ਦਿੱਤੇ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਪਿੰਡ ਮੂਸਾ ਵਿਚ ਸੰਬੋਧਨ ਕਰਦਿਆਂ ਸਿਆਸਤ ਵਿਚ ਆਉਣ ਦੇ ਸੰਕੇਤ ਦਿੱਤੇ। ਉਨ੍ਹਾਂ ਕਿਹਾ ਕਿ ਕੋਈ ਪੁੱਤ ਦੇ ਸੱਥਰ ਤੋਂ ਉੱਠ ਕੇ ਲੀਡਰ ਨਹੀਂ ਬਣ ਸਕਦਾ, ਪਰ ਜੇਕਰ ਪੁੱਤ ਦੇ ਇਨਸਾਫ ਲਈ ਉਨ੍ਹਾਂ ਨੂੰ ਸਿਆਸਤਦਾਨ ਵੀ ਬਣਨਾ ਪਿਆ ਤਾਂ ਉਹ ਝਿਜਕਣਗੇ ਨਹੀਂ।

ਬਲਕੌਰ ਸਿੰਘ ਨੇ ਕਿਹਾ ਕਿ ਗੁਮਰਾਹ ਹੋਏ ਗੈਂਗਸਟਰਾਂ ਕਰ ਕੇ ਇਕ ਸਿੱਧੂ ਚਲਾ ਗਿਆ ਹੈ, ਪਰ ਉਹ ਨਹੀਂ ਚਾਹੁੰਦੇ ਕਿ ਪੰਜਾਬ ਵਿਚ ਹੋਰ ਕਿਸੇ ਮਾਂ ਦਾ ਪੁੱਤ ਅਣਆਈ ਮੌਤ ਮਰੇ। ਬਲਕੌਰ ਸਿੰਘ ਨੇ ਕਿਹਾ ਕਿ ਪੰਜਾਬੀ ਗਾਇਕ ਬੱਬੂ ਮਾਨ ਨੇ ਮਾਨਸਾ ਪੁਲਿਸ ਵੱਲੋਂ ਕੀਤੀ ਗਈ ਪੁੱਛ-ਪੜਤਾਲ ਮਗਰੋਂ ਕਿਹਾ ਹੈ ਕਿ ਉਸ ਦਾ ਸਿੱਧੂ ਮੂਸੇਵਾਲਾ ਨਾਲ ਕੋਈ ਝਗੜਾ ਨਹੀਂ ਸੀ, ਸਿਰਫ ਸਟੇਜੀ ਰੌਲਾ ਸੀ। ਬਲਕੌਰ ਸਿੰਘ ਨੇ ਕਿਹਾ ਕਿ ਥੋੜ੍ਹੇ ਸਮੇਂ ਵਿਚ ਸਿੱਧੂ ਮੂਸੇਵਾਲਾ ਵੱਲੋਂ ਪ੍ਰਾਪਤ ਕੀਤੀ ਗਈ ਬੁਲੰਦੀ ਕਾਰਨ ਬੱਬੂ ਮਾਨ ਸਣੇ ਕਈ ਵੱਡੇ ਗਾਇਕ ਉਸ ਤੋਂ ਖਾਰ ਖਾਣ ਲੱਗੇ ਸਨ।

ਬਲਕੌਰ ਸਿੰਘ ਨੇ ਦੱਸਿਆ ਕਿ ਦਿੜ੍ਹਬਾ ਵਿਚ ਇਕ ਸ਼ੋਅ ਦੌਰਾਨ ਦੋਹਾਂ ਵਿਚਾਲੇ ਸਮੱਸਿਆ ਸ਼ੁਰੂ ਹੋਈ ਸੀ। ਉਨ੍ਹਾਂ ਦੱਸਿਆ ਕਿ ਵਿੱਕੀ ਮਿੱਡੂਖੇੜਾ ਦੇ ਕਤਲ ਤੋਂ ਬਾਅਦ ਉਹ ਖੁਦ ਸ਼ੁਭਦੀਪ ਸਿੰਘ ਨੂੰ ਨਾਲ ਲੈ ਕੇ ਉਨ੍ਹਾਂ ਦੇ ਘਰ ਅਫਸੋਸ ਕਰ ਕੇ ਆਏ ਸਨ, ਪਰ ਮਿੱਡੂਖੇੜਾ ਦੇ ਘਰ ਦਾ ਕੋਈ ਵੀ ਜੀਅ ਹੁਣ ਤੱਕ ਉਨ੍ਹਾਂ ਕੋਲ ਦੁੱਖ ਪ੍ਰਗਟ ਕਰਨ ਨਹੀਂ ਆਇਆ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਕੋਲ ਕੀਤੀਆਂ ਗਈਆਂ ਝੂਠੀਆਂ ਸ਼ਿਕਾਇਤਾਂ ਕਰ ਕੇ ਹੀ ਸ਼ੁਭਦੀਪ ਸਿੰਘ ਦੀ ਜਾਨ ਗਈ ਹੈ।



### ਕਤਲ 'ਚ ਮੇਰਾ ਕੋਈ ਹੱਥ ਨਹੀਂ: ਮਨਕੀਰਤ ਔਲਖ

**ਨੂਰਪੁਰ ਬੇਦੀ:** ਗਾਇਕ ਮਨਕੀਰਤ ਔਲਖ ਨੇ ਕਿਹਾ ਹੈ ਕਿ ਸਿੱਧੂ ਮੂਸੇਵਾਲਾ ਦੇ ਕਤਲ ਵਿਚ ਉਸ ਦਾ ਕੋਈ ਹੱਥ ਨਹੀਂ ਹੈ। ਸਾਰੀ ਰੰਗਤ ਸੋਸ਼ਲ ਮੀਡੀਆ ਨੇ ਦਿੱਤੀ ਹੈ। ਉਹ ਪੁਲਿਸ ਜਾਂਚ ਤੋਂ ਬਾਅਦ ਸਿੱਧੂ ਦੇ ਪਰਿਵਾਰ ਨੂੰ ਮਿਲ ਕੇ ਸਾਰੀ ਸਥਿਤੀ ਸਪਸ਼ਟ ਕਰ ਦੇਵੇਗਾ। ਉਸ ਨੇ ਕਿਹਾ ਕਿ ਉਸ ਨੂੰ ਵੀ ਧਮਕੀਆਂ ਮਿਲ ਰਹੀਆਂ ਹਨ, ਇਸ ਵਾਸਤੇ ਫਿਲਹਾਲ ਉਸ ਨੇ ਸਾਰੇ ਸ਼ੋਅ ਰੱਦ ਕਰ ਦਿੱਤੇ ਹਨ ਅਤੇ ਗਾਉਣਾ ਬੰਦ ਕਰ ਦਿੱਤਾ ਹੈ।

### ਬਲਕੌਰ ਸਿੰਘ ਦੇ ਗੰਨਮੈਨ ਦੀ ਗੋਲੀ ਨਾਲ ਦੂਜਾ ਗੰਨਮੈਨ ਜ਼ਖਮੀ

**ਮਾਨਸਾ:** ਮਾਨਸਾ ਕੈਂਚੀਆਂ ਨੇੜੇ ਇਕ ਮੈਰਿਜ ਪੈਲੇਸ ਵਿਚ ਵਿਆਹ ਸਮਾਰੋਹ ਦੌਰਾਨ ਗੋਲੀ ਚਲਾਉਣ ਵਾਲੇ ਨੌਜਵਾਨ ਦੀ ਪਛਾਣ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਦੇ ਗੰਨਮੈਨ ਨਵਜੋਤ ਸਿੰਘ ਵਜੋਂ ਹੋਈ ਹੈ। ਜ਼ਖ਼ਮੀ ਹੋਇਆ ਨੌਜਵਾਨ ਗੁਰਜਿੰਦਰ ਸਿੰਘ ਵੀ ਬਲਕੌਰ ਸਿੰਘ ਦਾ ਅੰਗ ਰੱਖਿਅਕ ਹੈ ਜਿਸ ਦਾ ਇਲਾਜ ਬਠਿੰਡਾ ਦੇ ਇਕ ਪ੍ਰਾਈਵੇਟ ਹਸਪਤਾਲ ਵਿਚ ਹੋ ਰਿਹਾ ਹੈ। ਪੁਲਿਸ ਅਨੁਸਾਰ ਨਵਜੋਤ ਸਿੰਘ ਅਤੇ ਗੁਰਜਿੰਦਰ ਸਿੰਘ ਛੁੱਟੀ ਲੈ ਕੇ ਵਿਆਹ ਵਿਚ ਗਏ ਸਨ ਤੇ ਉਥੇ ਸਮਾਗਮ ਦੌਰਾਨ ਅਚਾਨਕ ਹਥਿਆਰ ਵਿਚੋਂ ਗੋਲੀ ਚੱਲ ਗਈ। ਗੋਲੀ ਨਵਜੋਤ ਸਿੰਘ ਦੇ ਸਰਕਾਰੀ ਹਥਿਆਰ 'ਚੋਂ ਚੱਲੀ ਹੈ।

# ਬਾਇਡਨ ਸਰਕਾਰ ਭਾਰਤ 'ਚ ਵੀਜ਼ੇ ਜਾਰੀ ਕਰਨ ਵਿਚ ਦੇਰੀ ਤੋਂ ਜਾਣੂ



## ਭਾਸ਼ਨ ਹਿੰਦੀ 'ਚ ਅਨੁਵਾਦ ਕਰਨ ਦੀ ਸਿਫਾਰਸ਼

**ਵਾਸ਼ਿੰਗਟਨ:** ਅਮਰੀਕਾ ਦੀ ਘਰੇਲੂ ਰਾਜਨੀਤੀ ਵਿਚ ਏਸ਼ੀਆਈ-ਅਮਰੀਕੀਆਂ ਦੀ ਵਧਦੀ ਪ੍ਰਭਾਵਸ਼ਾਲੀ ਭੂਮਿਕਾ ਦੇ ਮੱਦੇਨਜ਼ਰ ਰਾਸ਼ਟਰਪਤੀ ਵੱਲੋਂ ਕਾਇਮ ਕਮਿਸ਼ਨ ਨੇ ਵ੍ਹਾਈਟ ਹਾਊਸ ਨੂੰ ਰਾਸ਼ਟਰਪਤੀ ਜੋਅ ਬਾਇਡਨ ਦੇ ਸਾਰੇ ਭਾਸ਼ਨ ਹਿੰਦੀ ਅਤੇ ਕਈ ਹੋਰ ਭਾਸ਼ਾਵਾਂ ਵਿਚ ਅਨੁਵਾਦ ਕਰਨ ਦੀ ਅਪੀਲ ਕੀਤੀ ਹੈ। ਕਮਿਸ਼ਨ ਨੇ ਕਿਹਾ ਹੈ ਕਿ ਉਨ੍ਹਾਂ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾਵੇ, ਜੋ ਵੱਧ ਤੋਂ ਵੱਧ ਅਮਰੀਕੀਆਂ ਵੱਲੋਂ ਬੋਲੀਆਂ ਜਾਂਦੀਆਂ ਹਨ। ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਦੁਆਰਾ ਦਿੱਤੇ ਗਏ ਭਾਸ਼ਨ ਸਿਰਫ ਅੰਗਰੇਜ਼ੀ ਵਿਚ ਉਪਲਬਧ ਹੁੰਦੇ ਹਨ। ਇਸ ਤਰ੍ਹਾਂ 2.51 ਕਰੋੜ ਤੋਂ ਵੱਧ ਦੀ ਘੱਟ ਅੰਗਰੇਜ਼ੀ ਜਾਣਨ ਵਾਲੀ ਆਬਾਦੀ ਇਨ੍ਹਾਂ ਨੂੰ ਸਮਝ ਨਹੀਂ ਰਹੀ।

**ਵਾਸ਼ਿੰਗਟਨ:** ਭਾਰਤ ਵਿਚਲੇ ਅਮਰੀਕੀ ਮਿਸ਼ਨਾਂ ਵਿਚ ਵੀਜ਼ਾ ਇੰਟਰਵਿਊ ਦੀ ਉਡੀਕ 1000 ਦਿਨਾਂ ਨੂੰ ਟੱਪਣ ਦਰਮਿਆਨ ਵ੍ਹਾਈਟ ਹਾਊਸ ਨੇ ਦਾਅਵਾ ਕੀਤਾ ਹੈ ਕਿ ਬਾਇਡਨ ਪ੍ਰਸ਼ਾਸਨ ਭਾਰਤ ਵਿਚ ਵੀਜ਼ੇ ਜਾਰੀ ਕਰਨ ਵਿਚ ਹੋ ਰਹੀ ਦੇਰੀ ਤੋਂ ਜਾਣੂ ਹੈ ਤੇ ਵੀਜ਼ਾ ਸੇਵਾਵਾਂ ਦੀ ਮੰਗ ਨੂੰ ਪੂਰਾ ਕਰਨ ਲਈ ਕੰਮ ਕਰ ਰਿਹਾ ਹੈ।

ਦੱਸਣਯੋਗ ਹੈ ਕਿ ਭਾਰਤ, ਪਾਕਿਸਤਾਨ, ਬੰਗਲਾਦੇਸ਼ ਤੇ ਨੇਪਾਲ ਸਣੇ ਏਸ਼ਿਆਈ ਮੁਲਕਾਂ ਤੇ ਪ੍ਰਸ਼ਾਂਤ ਟਾਪੂਆਂ ਅਤੇ ਹੋਰਨਾਂ ਮੁਲਕਾਂ ਵਿਚਲੀਆਂ ਅਮਰੀਕੀ ਅੰਬੈਸੀਆਂ ਵੱਲੋਂ ਗੈਰ-ਪਰਵਾਸੀ ਵੀਜ਼ੇ, ਵਿਜ਼ਟਰ ਵੀਜ਼ਾ (ਬੀ1/ਬੀ2), ਵਿਦਿਆਰਥੀ ਵੀਜ਼ਾ (ਐਫ1/ਐਫ2) ਅਤੇ ਆਰਜ਼ੀ ਵਰਕਰ ਵੀਜ਼ਾ (ਐਚ, ਐਲ, ਓ, ਪੀ, ਕਿਊ) ਜਾਰੀ ਕਰਨ ਵਿਚ ਬੇਲੋੜੀ ਦੇਰੀ ਕੀਤੀ ਜਾ ਰਹੀ ਹੈ। ਇਨ੍ਹਾਂ ਅੰਬੈਸੀਆਂ ਵਿਚ ਅਰਜ਼ੀਆਂ ਦਾ ਅਸਧਾਰਨ ਬੈਕਲੌਗ ਹੈ। ਭਾਰਤ ਦੀ ਗੱਲ ਕਰੀਏ ਤਾਂ ਵੀਜ਼ਾ ਅਰਜ਼ੀਆਂ ਬਾਰੇ ਫੈਸਲੇ ਲਈ 1000 ਤੋਂ ਵੱਧ ਦਿਨਾਂ ਦੀ ਉਡੀਕ ਕਰਨੀ ਪੈ ਰਹੀ ਹੈ।

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੀਨ ਜੀਨ-ਪੀਅਰੇ ਨੇ ਦੱਸਿਆ, ''ਮਹਾਮਾਰੀ ਤੇ ਸਟਾਫ ਦੀ ਕਮੀ ਜਿਹੀਆਂ ਚੁਣੌਤੀਆਂ ਕਰਕੇ ਕੁਝ ਦੇਰੀ ਹੋਈ ਹੈ ਤੇ ਅਸੀਂ ਵੀਜ਼ਾ ਸੇਵਾਵਾਂ ਦੀ ਮੰਗ ਨੂੰ ਪੂਰਾ ਕਰਨ ਲਈ ਕੰਮ ਕਰ ਰਹੇ ਹਾਂ। ਅਸੀਂ ਵੀਜ਼ਾ ਇੰਟਰਵਿਊ ਦੀ ਉਡੀਕ ਲਈ ਲੱਗਦੇ ਸਮੇਂ ਨੂੰ ਸਫਲਤਾਪੂਰਵਕ ਘਟਾ ਰਹੇ ਹਾਂ। ਅਸੀਂ ਇਸ ਅਹਿਮ ਕੰਮ ਲਈ ਅਮਰੀਕੀ ਵਿਦੇਸ਼ ਸੇਵਾ ਦੇ ਅਮਲੇ ਨੂੰ ਦੁੱਗਣਾ ਕਰ ਦਿੱਤਾ ਹੈ।''

# ਬ੍ਰਿਟਿਸ਼ ਕੋਲੰਬੀਆ ਵਜ਼ਾਰਤ 'ਚ ਚਾਰ ਪੰਜਾਬੀ ਮੰਤਰੀ ਸ਼ਾਮਲ

**ਚੰਡੀਗੜ੍ਹ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਦੀ ਨਵੀਂ ਵਜ਼ਾਰਤ 'ਚ ਪੰਜਾਬੀ ਮੂਲ ਦੇ ਚਾਰ ਵਜ਼ੀਰਾਂ ਨੂੰ ਥਾਂ ਦਿੱਤੀ ਗਈ ਹੈ। ਡੇਵਿਡ ਵਜ਼ਾਰਤ ਵਿਚ 27 ਮੰਤਰੀ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਵਿਚ 15 ਔਰਤਾਂ ਨੂੰ ਵੀ ਹਿੱਸੇਦਾਰੀ ਮਿਲੀ ਹੈ ਜਿਨ੍ਹਾਂ ਪੰਜਾਬੀਆਂ ਨੂੰ ਮੰਤਰੀ ਬਣਾਇਆ ਗਿਆ ਹੈ, ਉਨ੍ਹਾਂ 'ਚ ਜਗਰੂਪ ਬਰਾੜ, ਹੈਰੀ ਬੈਂਸ, ਰਵੀ ਕਾਹਲੋਂ ਅਤੇ ਰਚਨਾ ਸਿੰਘ ਸ਼ਾਮਲ ਹਨ। ਇਸੇ ਤਰ੍ਹਾਂ ਪੰਜਾਬੀ ਮੂਲ ਦੀ ਨਿੱਕੀ ਸ਼ਰਮਾ ਨੂੰ ਅਟਾਰਨੀ ਜਨਰਲ ਬਣਾਇਆ ਗਿਆ ਹੈ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਉਣ ਦੇ ਜਗਰੂਪ ਸਿੰਘ ਬਰਾੜ ਨੂੰ ਵਪਾਰ ਮੰਤਰੀ ਬਣਾਇਆ ਗਿਆ ਹੈ। ਜਗਰੂਪ ਬਰਾੜ ਪਹਿਲੀ ਦਫਾ ਅਕਤੂਬਰ 2004 ਦੀ ਜ਼ਿਮਨੀ ਚੋਣ 'ਚ ਵਿਧਾਇਕ ਬਣੇ ਸਨ। ਇਸੇ ਤਰ੍ਹਾਂ ਰਚਨਾ ਸਿੰਘ ਨੂੰ ਐਜੂਕੇਸ਼ਨ ਅਤੇ ਚਾਈਲਡ ਕੇਅਰ, ਹੈਰੀ ਬੈਂਸ ਨੂੰ ਲੇਬਰ ਅਤੇ ਰਵੀ ਕਾਹਲੋਂ ਨੂੰ ਹਾਊਸਿੰਗ ਅਤੇ ਗਵਰਨਮੈਂਟ ਹਾਊਸ ਲੀਡਰ ਬਣਾਇਆ ਗਿਆ ਹੈ।



ਇਸੇ ਤਰ੍ਹਾਂ ਰਵੀ ਕਾਹਲੋਂ ਪਹਿਲਾਂ ਵੀ ਮੰਤਰੀ ਸਨ ਅਤੇ ਉਹ ਸੰਸਦੀ ਸਕੱਤਰ ਵਜੋਂ ਵੀ ਸੇਵਾਵਾਂ ਨਿਭਾਅ ਚੁੱਕੇ ਹਨ। ਹੈਰੀ ਬੈਂਸ ਵੀ ਪਹਿਲਾਂ ਮੰਤਰੀ ਰਹਿ ਚੁੱਕੇ ਹਨ। ਵਿਕਟੋਰੀਆ ਦੇ ਗਵਰਨਰ ਹਾਊਸ ਵਿਚ ਇਨ੍ਹਾਂ ਪੰਜਾਬੀਆਂ ਨੇ ਬਤੌਰ ਮੰਤਰੀ ਹਲਫ਼ ਲਿਆ। ਪੰਜਾਬੀ ਮੂਲ ਦੀ ਰਚਨਾ ਸਿੰਘ ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਵਿਚ ਸਿੱਖਿਆ ਤੇ ਬੱਚਾ ਸੰਭਾਲ ਮੰਤਰੀ ਬਣਾਇਆ ਗਿਆ ਹੈ। ਰਚਨਾ ਸਿੰਘ ਨੇ ਪੰਜਾਬ ਯੂਨੀਵਰਸਿਟੀ ਤੋਂ ਮਨੋਵਿਗਿਆਨ ਦੀ ਪੋਸਟ ਗਰੈਜੂਏਸ਼ਨ ਕੀਤੀ ਹੈ। ਉਹ ਮੰਤਰੀ ਦਾ ਅਹੁਦਾ ਸੰਭਾਲਣ ਵਾਲੀ ਦੂਜੀ ਪੰਜਾਬਣ ਹੈ ਪਰ ਅਹਿਮ ਮੰਤਰਾਲਾ ਮਿਲਣ ਵਾਲੀ ਪਹਿਲੀ ਦੱਖਣੀ ਏਸ਼ਿਆਈ ਔਰਤ ਬਣ ਗਈ ਹੈ। ਰਚਨਾ ਸਿੰਘ ਨੇ ਕਿਹਾ ਕਿ ਉਹ ਲੋਕਾਂ ਦੀ ਸੰਭਾਲ ਕਰਨ ਵਾਲੀ ਸਰਕਾਰ ਵਿਚ ਅਹਿਮ ਮੰਤਰਾਲਾ ਮਿਲਣ 'ਤੇ ਮਾਣ ਮਹਿਸੂਸ ਕਰ ਰਹੀ ਹੈ ਤੇ ਹਰ ਇਕ ਨੂੰ ਮੁਫ਼ਤ ਸਿੱਖਿਆ ਦੇਣ ਲਈ ਵਚਨਬੱਧ ਹਨ। ਦੱਸਣਾ ਬਣਦਾ ਹੈ ਕਿ ਰਚਨਾ ਸਿੰਘ ਸਾਲ 2001 ਵਿਚ ਕੈਨੇਡਾ ਪੁੱਜੀ ਸੀ ਅਤੇ ਬਤੌਰ ਕਾਊਂਸਲਰ ਕੰਮ ਸ਼ੁਰੂ ਕੀਤਾ ਸੀ। ਉਹ ਪਹਿਲੀ ਵਾਰ ਮਈ 2017 ਵਿਚ ਵਿਧਾਇਕ ਚੁਣੀ ਗਈ ਅਤੇ ਮੁੜ 2020 ਵਿਚ ਐਮ.ਐਲ.ਏ. ਬਣੀ।

# ਭਾਰਤੀ ਮੂਲ ਦੇ ਸਾਬਕਾ ਅਧਿਕਾਰੀ ਨੂੰ 13 ਸਾਲ ਸਜ਼ਾ

**ਨਿਊ ਯਾਰਕ:** ਭਾਰਤੀ ਮੂਲ ਦੇ ਸਾਬਕਾ ਚੀਫ ਅਪਰੇਟਿੰਗ ਅਧਿਕਾਰੀ ਰਮੇਸ਼ ਸੰਨੀ ਬਲਵਾਨੀ ਨੂੰ ਧੋਖਾਧੜੀ ਦੇ ਮਾਮਲੇ ਵਿਚ 13 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ 'ਤੇ ਦੋਸ਼ ਲੱਗੇ ਹਨ ਕਿ ਉਸ ਨੇ ਮਰੀਜ਼ ਦੀ ਸਿਹਤ ਨੂੰ ਖਤਰੇ ਵਿਚ ਪਾਇਆ ਅਤੇ ਸਿਲੀਕਨ ਵੈਲੀ ਟਾਈਟਨ ਬਣਨ ਲਈ ਕੰਪਨੀ ਦੇ ਲੱਖਾਂ ਡਾਲਰਾਂ ਦੇ ਨਿਵੇਸ਼ਕਾਂ ਨੂੰ ਧੋਖਾ ਦਿੱਤਾ।

ਇਸ ਮਾਮਲੇ ਦੀ ਜਾਂਚ ਕੀਤੀ ਗਈ ਤਾਂ ਜੁਲਾਈ ਵਿਚ ਇਕ ਜਿਊਰੀ ਨੇ 57 ਸਾਲਾ




ਬਲਵਾਨੀ ਨੂੰ ਨਿਵੇਸ਼ਕਾਂ ਤੇ ਉਨ੍ਹਾਂ ਮਰੀਜ਼ਾਂ ਨੂੰ ਧੋਖਾ ਦੇਣ ਦੇ ਸਾਰੇ 12 ਸੰਗੀਨ ਮਾਮਲਿਆਂ ਵਿਚ ਦੋਸ਼ੀ ਪਾਇਆ ਜਿਨ੍ਹਾਂ ਨੇ ਕੰਪਨੀ ਦੇ ਫਰਜ਼ੀ ਖੂਨ ਦੇ ਟੈਸਟਾਂ ਦੀ ਵਰਤੋਂ ਕੀਤੀ ਸੀ। ਅਮਰੀਕੀ ਅਟਾਰਨੀ ਸਟੈਫਨੀ ਹਿੰਡਸ ਨੇ ਕਿਹਾ ਕਿ ਬਲਵਾਨੀ ਨੂੰ ਕੈਲੀਫੋਰਨੀਆ ਵਿਚ 12 ਸਾਲ ਤੇ 11 ਮਹੀਨਿਆਂ ਦੀ ਸਜ਼ਾ ਸੁਣਾਈ ਗਈ ਜਿਸ ਨੇ ਖੂਨ ਵਿਸ਼ਲੇਸ਼ਣ ਰਿਪੋਰਟ ਨੂੰ ਗਲਤ ਢੰਗ ਨਾਲ ਪੇਸ਼ ਕਰਕੇ ਮਰੀਜ਼ ਦੀ ਸਿਹਤ ਨੂੰ ਖਤਰੇ ਵਿਚ ਪਾਇਆ। ਯੂ.ਐਸ. ਜ਼ਿਲ੍ਹਾ ਜੱਜ ਐਡਵਰਡ ਡੇਵਿਲਾ ਨੇ ਕਿਹਾ ਕਿ ਬਲਵਾਨੀ ਨੂੰ 155 ਮਹੀਨਿਆਂ ਦੀ ਕੈਦ ਦੀ ਸਜ਼ਾ ਤੋਂ ਇਲਾਵਾ ਰਿਹਾਈ ਤੋਂ ਬਾਅਦ ਤਿੰਨ ਸਾਲਾਂ ਦੀ ਨਿਗਰਾਨੀ ਹੇਠ ਰੱਖਿਆ ਜਾਵੇਗਾ।

# ਲਾਵਾਰਿਸ ਪਸ਼ੂਆਂ ਲਈ ਯੋਜਨਾ ਉਲੀਕਣ ਦੇ ਨਿਰਦੇਸ਼

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਲਾਵਾਰਿਸ ਪਸ਼ੂਆਂ ਨਾਲ ਵਾਪਰਦੇ ਹਾਦਸਿਆਂ ਦੇ ਪੀੜਤਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਲਈ ਇਕਸਾਰ ਨੀਤੀ ਬਣਾਉਣ ਵਾਸਤੇ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਹੈ। ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਸਥਾਨਕ ਸਰਕਾਰਾਂ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਆਪੋ-ਆਪਣੇ ਖੇਤਰਾਂ ਵਿਚ ਖੁੱਲ੍ਹੇਆਮ ਘੁੰਮਦੇ ਲਾਵਾਰਿਸ ਪਸ਼ੂਆਂ ਦੀ ਸ਼ਨਾਖਤ ਕਰ ਕੇ ਉਨ੍ਹਾਂ ਨੂੰ ਖਾਸ ਵਾਹਨ ਰਾਹੀਂ ਨੇੜਲੀਆਂ ਗਊਸ਼ਾਲਾਵਾਂ ਅੰਦਰ ਛੱਡਣ ਦੀ ਵਿਵਸਥਾ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਹਨ।

ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਪ੍ਰਸ਼ਾਸਨਿਕ ਸੁਧਾਰ ਵਿਭਾਗ ਨੂੰ ਕਿਹਾ ਕਿ ਅਜਿਹਾ



ਟਰੈਕਿੰਗ ਸਿਸਟਮ ਬਣਾਇਆ ਜਾਵੇ ਜਿਸ ਰਾਹੀਂ ਜੀਓ ਮੈਪਿੰਗ ਪਤਾ ਲੱਗ ਸਕੇ ਕਿ ਲਾਵਾਰਿਸ ਪਸ਼ੂ ਕਿਸ ਜਗ੍ਹਾ ਘੁੰਮ ਰਿਹਾ ਹੈ।

# ਸੁਸ਼ਮਿਤਾ ਫੈਡਰਲ ਬੈਂਕ ਦੀ ਉਪ ਪ੍ਰਧਾਨ ਬਣੀ

**ਨਿਊ ਯਾਰਕ:** ਭਾਰਤੀ ਮੂਲ ਦੀ ਸੁਸ਼ਮਿਤਾ ਸ਼ੁਕਲਾ ਨੂੰ ਨਿਊ ਯਾਰਕ ਵਿਚ ਫੈਡਰਲ ਰਿਜ਼ਰਵ ਬੈਂਕ ਦੀ ਪਹਿਲੀ ਉਪ ਪ੍ਰਧਾਨ ਤੇ ਚੀਫ ਅਪਰੇਟਿੰਗ ਅਫਸਰ ਨਿਯੁਕਤ ਕੀਤਾ ਗਿਆ ਹੈ। ਉਹ ਇਸ ਵੱਕਾਰੀ ਸੰਸਥਾ ਦੀ ਦੂਜੀ ਉੱਚ ਦਰਜੇ ਦੀ ਅਧਿਕਾਰੀ ਬਣ ਗਈ ਹੈ।

ਨਿਊ ਯਾਰਕ ਫੈਡਰਲ ਰਿਜ਼ਰਵ ਬੈਂਕ ਨੇ ਇਕ ਬਿਆਨ 'ਚ ਕਿਹਾ ਕਿ ਸ਼ੁਕਲਾ ਦੀ ਨਿਯੁਕਤੀ ਨੂੰ ਫੈਡਰਲ ਰਿਜ਼ਰਵ ਸਿਸਟਮ ਦੇ ਬੋਰਡ ਆਫ ਡਾਇਰੈਕਟਰਜ਼ ਨੇ ਮਨਜ਼ੂਰੀ ਦਿੱਤੀ ਹੈ। ਸ਼ੁਕਲਾ (54) ਨੂੰ ਫੈਡਰਲ ਰਿਜ਼ਰਵ ਬੈਂਕ ਆਫ ਨਿਊ ਯਾਰਕ ਦੇ ਬੋਰਡ ਆਫ ਡਾਇਰੈਕਟਰਜ਼ ਵੱਲੋਂ ਮਾਰਚ 2023 ਤੋਂ ਪ੍ਰਭਾਵੀ ਤੌਰ 'ਤੇ ਪਹਿਲੇ ਉਪ ਪ੍ਰਧਾਨ ਅਤੇ ਚੀਫ ਅਪਰੇਟਿੰਗ ਅਫਸਰ ਵਜੋਂ ਨਿਯੁਕਤ ਕੀਤਾ ਗਿਆ ਹੈ।

# ਸੰਯੁਕਤ ਰਾਸ਼ਟਰ ਆਰਥਿਕ ਤੇ ਸਮਾਜਿਕ ਪਰਿਸ਼ਦ ਵੱਲੋਂ 9 ਐਨ.ਜੀ.ਓਜ਼. ਨੂੰ ਮਾਨਤਾ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਆਰਥਿਕ ਤੇ ਸਮਾਜਿਕ ਪਰਿਸ਼ਦ (ਈ.ਸੀ.ਓ.ਐਸ.ਓ.ਸੀ.) ਨੇ ਚੀਨ, ਰੂਸ ਤੇ ਭਾਰਤ ਸਮੇਤ ਕਈ ਮੁਲਕਾਂ ਦੇ ਇਤਰਾਜ਼ਾਂ ਦੇ ਬਾਵਜੂਦ 9 ਗੈਰ-ਸਰਕਾਰੀ ਸੰਗਠਨਾਂ (ਐਨ.ਜੀ.ਓਜ਼.) ਨੂੰ ਵਿਸ਼ੇਸ਼ ਸਲਾਹਕਾਰ ਦਾ ਦਰਜਾ ਦੇਣ ਦੇ ਪੱਖ 'ਚ ਵੋਟਿੰਗ ਕੀਤੀ।

ਸੰਯੁਕਤ ਰਾਸ਼ਟਰ ਦੀਆਂ ਛੇ ਪ੍ਰਮੁੱਖ ਸੰਸਥਾਵਾਂ 'ਚੋਂ ਇਕ ਈ.ਸੀ.ਓ.ਐਸ.ਓ.ਸੀ. ਆਰਥਿਕ ਅਤੇ ਸਮਾਜਿਕ ਮੁੱਦਿਆਂ ਨਾਲ ਸਬੰਧਤ ਸੰਸਥਾ ਹੈ। ਅਮਰੀਕਾ ਨੇ ਇਸ ਸਬੰਧੀ ਖਰੜਾ ਪੇਸ਼ ਕੀਤਾ ਸੀ। ਇਨ੍ਹਾਂ ਐਨ.ਜੀ.ਓਜ਼ 'ਚ ਇੰਟਰਨੈਸ਼ਨਲ ਦਲਿਤ ਸੋਲੀਡੈਰਿਟੀ (ਆਈ.ਡੀ.ਐਸ.ਐਨ), ਅਰਬ ਯੂਰਪੀਅਨ ਸੈਂਟਰ ਆਫ ਹਿਊਮਨ ਰਾਈਟਸ ਐਂਡ ਇੰਟਰਨੈਸ਼ਨਲ ਲਾਅ, ਬਹਿਰੀਨ ਸੈਂਟਰ ਫਾਰ ਹਿਊਮਨ ਰਾਈਟਸ, ਕੋਪਟਿਕ ਸੋਲੀਡੈਰਿਟੀ ਗਲਫ ਸੈਂਟਰ ਫਾਰ ਹਿਊਮਨ ਰਾਈਟਸ, ਇੰਟਰਰਿਜਨਲ ਨਾਨ ਗਵਰਨਮੈਂਟਲ ਹਿਊਮਨ ਰਾਈਟਸ ਆਰਗੇਨਾਈਜੇਸ਼ਨ ਮੈਨ ਐਂਡ ਲਾਅ, ਐਂਡਰੇ ਰਿਲਕੋਵ ਫਾਊਂਡੇਸ਼ਨ ਫਾਰ ਹੈਲਥ ਐਂਡ ਸੋਸ਼ਲ ਜਸਟਿਸ, ਵਰਲਡ ਯੂਨੀਅਨ ਆਫ ਕੋਸੈਕ ਏਟਾਮੈਨਸ ਅਤੇ ਵਰਲਡ ਵਿਦਾਊਟ ਜੈਨੋਸਾਈਡ ਸ਼ਾਮਲ ਹਨ।

ਵੋਟਿੰਗ ਦੌਰਾਨ ਖਰੜੇ ਦੇ ਪੱਖ 'ਚ 24 ਵੋਟ ਪਏ ਜਦਕਿ 17 ਮੁਲਕਾਂ ਨੇ ਇਸ ਦਾ ਵਿਰੋਧ ਕੀਤਾ ਅਤੇ 12 ਗੈਰਹਾਜ਼ਰ ਰਹੇ। ਹਿਊਮਨ ਰਾਈਟਸ ਵਾਚ 'ਚ ਸੰਯੁਕਤ ਰਾਸ਼ਟਰ ਦੇ ਡਾਇਰੈਕਟਰ ਲੁਈਸ ਚਾਰਬੋਨਿਊ ਨੇ ਇਕ ਬਿਆਨ 'ਚ ਕਿਹਾ ਸੀ ਕਿ 9 ਮਨੁੱਖੀ ਅਧਿਕਾਰ ਅਤੇ ਹੋਰ ਸਿਵਲ ਸੁਸਾਇਟੀ ਨਾਲ ਸਬੰਧਤ ਸੰਗਠਨਾਂ ਨੂੰ ਮਾਨਤਾ ਦੇਣ ਲਈ ਵੋਟਿੰਗ ਕਰਨੀ ਚਾਹੀਦੀ ਹੈ ਜਿਨ੍ਹਾਂ ਦੀਆਂ ਅਰਜ਼ੀਆਂ ਚੀਨ, ਰੂਸ ਅਤੇ ਭਾਰਤ ਸਮੇਤ ਕਈ ਮੁਲਕਾਂ ਵੱਲੋਂ ਅੜਿੱਕਾ ਡਾਹੁਣ ਕਰ ਕੇ ਰੁਕੀਆਂ ਪਈਆਂ ਹਨ।

ਇਸ ਮੌਕੇ ਉਨ੍ਹਾਂ ਕਿਹਾ ਸੀ ਕਿ ਆਈ.ਡੀ.ਐਸ.ਐਨ. ਨੂੰ ਮਾਨਤਾ ਦੇਣ 'ਚ ਸਭ ਤੋਂ ਵੱਡਾ ਅੜਿੱਕਾ ਭਾਰਤ ਨੇ ਡਾਹਿਆ ਜਦਕਿ ਜਥੇਬੰਦੀ ਦੁਨੀਆ ਭਰ 'ਚ ਜਾਤੀਗਤ ਤੇ ਹੋਰ ਵਿਤਕਰਿਆਂ ਨੂੰ ਖਤਮ ਕੀਤੇ ਜਾਣ ਦੀ ਵਕਾਲਤ ਕਰਦੀ ਹੈ।

# ਪਿਉ-ਧੀ ਦੀ ਹੱਤਿਆ ਦੇ ਦੋਸ਼ ਹੇਠ ਭਾਰਤੀ ਮੂਲ ਦੇ ਡਰਾਈਵਰ ਨੂੰ 16 ਸਾਲ ਕੈਦ

**ਲੰਡਨ:** ਦੱਖਣ-ਪੂਰਬੀ ਇੰਗਲੈਂਡ ਦੇ ਇਕ ਕਸਬੇ ਵਿਚ ਵਾਪਰੇ ਸੜਕ ਹਾਦਸੇ ਦੌਰਾਨ ਇਕ ਗਰਭਵਤੀ ਔਰਤ ਅਤੇ ਉਸ ਦੇ ਪਿਤਾ ਦੀ ਮੌਤ ਹੋਣ ਦੇ ਦੋਸ਼ ਹੇਠ ਭਾਰਤੀ ਮੂਲ ਦੇ ਡਰਾਈਵਰ ਨੂੰ 16 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਪੁਲਿਸ ਨੇ ਦੱਸਿਆ ਕਿ ਹਾਦਸੇ ਦੌਰਾਨ ਡਰਾਈਵਰ ਨਸ਼ੇ ਵਿਚ ਸੀ, ਜਿਸ ਕਾਰਨ ਵਾਹਨ ਦਾ ਸੰਤੁਲਨ ਵਿਗੜਨ ਕਰਕੇ ਇਹ ਹਾਦਸਾ ਵਾਪਰਿਆ। ਉਨ੍ਹਾਂ ਦੱਸਿਆ ਕਿ ਅਗਸਤ ਮਹੀਨੇ ਕੈਂਟ ਦੇ ਰਾਮਸਗੇਟ ਵਿਚ ਨਿਤੇਸ਼ ਬਿਸੰਦੇਰੀ ਆਪਣੀ ਕਾਲੇ ਰੰਗ ਦੀ 'ਅਲਫਾ ਰੋਮੀਓ' ਕਾਰ ਦਾ ਸੰਤੁਲਨ ਗੁਆ ਬੈਠਾ, ਜਿਸ ਕਾਰਨ ਦੋ ਦੀ ਮੌਤ ਹੋ ਗਈ ਜਦਕਿ ਦੋ ਬੱਚਿਆਂ ਸਮੇਤ ਤਿੰਨ ਹੋਰ ਵਿਅਕਤੀ ਜ਼ਖ਼ਮੀ ਹੋ ਗਏ। 31 ਸਾਲਾ ਡਰਾਈਵਰ ਨੂੰ ਕੈਂਟਰਬਰੀ ਕਰਾਊਨ ਕੋਰਟ ਵਿਚ ਸੁਣਵਾਈ ਦੌਰਾਨ ਸਜ਼ਾ ਸੁਣਾਈ ਗਈ। ਇਸ ਤੋਂ ਇਲਾਵਾ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਉਸ ਨੂੰ 10 ਸਾਲ ਤੱਕ ਵਾਹਨ ਚਲਾਉਣ ਤੋਂ ਵੀ ਅਯੋਗ ਕਰਾਰ ਦਿੱਤਾ ਗਿਆ ਹੈ।

# ਕੈਨੇਡੀਅਨ ਰਿਸ਼ਤੇਦਾਰ ਬਣ ਕੇ ਠੱਗਿਆ

**ਸ੍ਰੀ ਫਤਹਿਗੜ੍ਹ ਸਾਹਿਬ:** ਕੈਨੇਡੀਅਨ ਰਿਸ਼ਤੇਦਾਰ ਦੇ ਨਾਮ 'ਤੇ ਇਕ ਵਿਅਕਤੀ ਨਾਲ 5 ਲੱਖ 10 ਹਜ਼ਾਰ ਰੁਪਏ ਦੀ ਠੱਗੀ ਮਾਰੀ ਗਈ।

ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਰਣਜੀਤ ਸਿੰਘ ਚੀਮਾ ਵਾਸੀ ਪਿੰਡ ਗੁਣੀਆ ਮਾਜਰੀ ਨੇ ਦੱਸਿਆ ਕਿ ਉਸ ਨੂੰ ਇਕ ਵਿਅਕਤੀ ਵੱਲੋਂ ਫੋਨ ਕਰ ਕੇ ਕਿਹਾ ਗਿਆ ਕਿ ਉਹ ਉਸ ਦਾ ਕੈਨੇਡਾ ਰਹਿੰਦਾ ਰਿਸ਼ਤੇਦਾਰ ਗੁਰਭੇਜ ਸਿੰਘ ਚੀਮਾ ਬੋਲ ਰਿਹਾ ਹੈ ਤੇ ਉਸ ਨੇ ਉਸ ਦੇ ਖਾਤੇ 'ਚ 7 ਲੱਖ 25 ਹਜ਼ਾਰ ਰੁਪਏ ਭੇਜੇ ਹਨ।

ਇਸ ਤੋਂ ਬਾਅਦ ਉਸ ਨੂੰ ਇਕ ਵਿਅਕਤੀ ਦਾ ਫੋਨ ਆਇਆ, 'ਮੈਂ ਬੈਂਕ ਤੋਂ ਬੋਲ ਰਿਹਾ ਹਾਂ ਤੇ ਤੁਹਾਡੇ ਖਾਤੇ 'ਚ ਕਿਸੇ ਨੇ ਕੈਨੇਡਾ ਤੋਂ 7 ਲੱਖ 25 ਹਜ਼ਾਰ ਰੁਪਏ ਭੇਜੇ ਹਨ ਜਿਸ ਤੋਂ ਬਾਅਦ ਫੋਨ 'ਤੇ ਗੁਰਭੇਜ ਸਿੰਘ ਬਣੇ ਉਕਤ ਵਿਅਕਤੀ ਨੇ ਉਸ ਤੋਂ ਵੱਖ-ਵੱਖ ਖਾਤਿਆਂ 'ਚ 5 ਲੱਖ 10 ਹਜ਼ਾਰ ਰੁਪਏ ਦੀ ਰਕਮ ਪਵਾ ਲਈ ਤੇ ਹੋਰ ਪੈਸੇ ਪਾਉਣ ਲਈ ਕਹਿਣ ਲੱਗਾ।

ਇਸ ਬਾਰੇ ਸ਼ੱਕ ਪੈਣ 'ਤੇ ਉਸ ਨੇ ਆਪਣੀ ਕੈਨੇਡਾ ਰਹਿੰਦੀ ਲੜਕੀ ਨੂੰ ਗੁਰਭੇਜ ਸਿੰਘ ਦਾ ਪਤਾ ਕਰਨ ਲਈ ਕਿਹਾ ਜਿਸ ਨੇ ਗੱਲ ਕਰ ਕੇ ਦੱਸਿਆ ਕਿ ਗੁਰਭੇਜ ਸਿੰਘ ਨੇ ਤਾਂ ਕੋਈ ਪੈਸੇ ਮੰਗਵਾਏ ਹੀ ਨਹੀਂ ਜਿਸ ਤੋਂ ਬਾਅਦ ਉਸ ਨੂੰ ਪਤਾ ਲੱਗਿਆ ਕਿ ਅਣਪਛਾਤੇ ਵਿਅਕਤੀਆਂ ਨੇ ਉਸ ਨਾਲ ਧੋਖਾਧੜੀ ਕੀਤੀ ਹੈ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤਿਆਂ ਵਿਰੁੱਧ ਕੇਸ ਦਰਜ ਕਰ ਕੇ ਬਸੀ ਪਠਾਣਾਂ ਪੁਲਿਸ ਵੱਲੋਂ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

# 183741 ਭਾਰਤੀਆਂ ਨੇ ਨਾਗਰਿਕਤਾ ਛੱਡੀ

**ਨਵੀਂ ਦਿੱਲੀ:** ਕੁਝ ਸਾਲਾਂ ਵਿਚ ਨਾਗਰਿਕਤਾ ਤਿਆਗਣ ਵਾਲੇ ਭਾਰਤੀਆਂ ਦੀ ਗਿਣਤੀ ਵਧੀ ਹੈ। ਨਾਗਰਿਕਤਾ ਤਿਆਗਣ ਵਾਲੇ ਭਾਰਤੀਆਂ ਦੀ ਗਿਣਤੀ 2017 ਵਿਚ 1,33,049 ਸੀ ਅਤੇ ਪੰਜ ਸਾਲਾਂ ਬਾਅਦ 31 ਅਕਤੂਬਰ 2022 ਤੱਕ ਇਹ ਵਧ ਕੇ 1,83,741 ਹੋ ਗਈ ਹੈ। ਵਿਦੇਸ਼ ਰਾਜ ਮੰਤਰੀ ਵੀ. ਮੁਰਲੀਧਰਨ ਨੇ ਲੋਕ ਸਭਾ ਵਿਚ ਲਿਖਤੀ ਜਵਾਬ ਵਿਚ ਦੱਸਿਆ ਕਿ 2015 ਵਿਚ ਆਪਣੀ ਭਾਰਤੀ ਨਾਗਰਿਕਤਾ ਤਿਆਗਣ ਵਾਲਿਆਂ ਦੀ ਗਿਣਤੀ 1,31,489 ਸੀ, 2016 ਵਿਚ 1,41,603, 2017 ਵਿਚ 1,33,049, 2018 ਵਿਚ 1,34,561, 2019 ਵਿਚ 1,44,017, 2020 ਵਿਚ 85,256 ਅਤੇ 2021 ਵਿਚ 1,63,370 ਸਨ।

ਪੰਜਾਬ ਟਾਈਮਜ਼

*ਸਨਿਚਰਵਾਰ, 17 ਦਸੰਬਰ 2022*

# ਭਾਜਪਾ ਦੀ ਸਿਆਸਤ

ਕੇਂਦਰੀ ਸੱਤਾ 'ਤੇ ਬਿਰਾਜਮਾਨ ਭਾਰਤੀ ਜਨਤਾ ਪਾਰਟੀ (ਭਾਜਪਾ)ਭਾਵੇਂ ਹਿਮਾਚਲ ਪ੍ਰਦੇਸ਼ ਅਤੇ ਦਿੱਲੀ ਨਗਰ ਨਿਗਮ ਦੀਆਂ ਚੋਣਾਂ ਵਿਚ ਮਾਤ ਖਾ ਗਈ ਹੈ ਪਰ ਇਸ ਨੇ ਗੁਜਰਾਤ ਵਿਚ ਆਪਣਾ ਕਬਜ਼ਾ ਕਾਇਮ ਹੀ ਨਹੀਂ ਰੱਖਿਆ ਬਲਕਿ ਉਥੇ ਰਿਕਾਰਡ ਤੋੜ ਸੀਟਾਂ ਹਾਸਲ ਕੀਤੀਆਂ ਹਨ। ਭਾਜਪਾ ਉਥੇ 1995 ਤੋਂ ਸੱਤਾ ਵਿਚ ਹੈ। ਐਤਕੀਂ ਕਿਆਸ-ਆਰਾਈਆਂ ਸਨ ਕਿ ਗੁਜਰਾਤ ਵਿਚ ਭਾਜਪਾ ਦੀ ਸਰਕਾਰ ਤਾਂ ਭਾਵੇਂ ਬਣ ਜਾਵੇ ਪਰ ਇਸ ਦੀਆਂ ਸੀਟਾਂ ਦੀ ਗਿਣਤੀ ਲਾਜ਼ਮੀ ਘਟੇਗੀ ਪਰ ਉਥੇ ਜਦੋਂ ਨਤੀਜੇ ਆਉਣੇ ਸ਼ੁਰੂ ਹੋਏ ਤਾਂ ਜਿੱਤ-ਹਾਰ ਦਾ ਫੈਸਲਾ ਉਕਾ ਹੀ ਇਕਪਾਸੜ ਹੋ ਨਿਬੜਿਆ। 182 ਮੈਂਬਰੀ ਵਿਧਾਨ ਸਭਾ ਵਿਚ ਭਾਜਪਾ 156 ਹਲਕਿਆਂ 'ਤੇ ਕਾਮਯਾਬ ਰਹੀ ਅਤੇ ਵਿਰੋਧੀ ਧਿਰ ਕਾਂਗਰਸ ਸਿਰਫ 17 ਸੀਟਾਂ 'ਤੇ ਸਿਮਟ ਗਈ ਅਤੇ ਇਹ ਇਸ ਦੀ ਸਭ ਤੋਂ ਵੱਡੀ ਹਾਰ ਬਣ ਗਈ; ਦੂਜੇ ਬੰਨੇ, ਆਮ ਆਦਮੀ ਪਾਰਟੀ ਜਿਸ ਦੇ ਆਗੂ ਸੂਬੇ ਵਿਚ ਸਰਕਾਰ ਬਣਾਉਣ ਦੇ ਲਿਖਤੀ ਦਾਅਵੇ ਕਰ ਰਹੇ ਹਨ, ਨੂੰ ਸਿਰਫ 5 ਸੀਟਾਂ ਹੀ ਮਿਲ ਸਕੀਆਂ ਹਨ। ਹੋਰ ਤਾਂ ਹੋਰ, ਨਵੇਂ ਚੁਣੇ ਵਿਧਾਇਕਾਂ ਨੇ ਅਜੇ ਸਹੁੰ ਵੀ ਨਹੀਂ ਚੁੱਕੀ ਅਤੇ ਨਤੀਜੇ ਅਜੇ ਆਏ ਹੀ ਸਨ ਕਿ ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਦੇ ਭਾਜਪਾ ਨਾਲ ਰਲਣ ਦੀ ਗੱਲਾਂ ਵੀ ਸ਼ੁਰੂ ਹੋ ਗਈਆਂ।

ਗੁਜਰਾਤ ਵਿਚ ਭਾਜਪਾ ਦੀ ਇਕਪਾਸੜ ਜਿੱਤ ਨੇ ਕਾਂਗਰਸ ਨੂੰ ਖੇਰੂੰ-ਖੇਰੂੰ ਹੀ ਨਹੀਂ ਕੀਤਾ ਸਗੋਂ ਦਰਸਾਇਆ ਹੈ ਕਿ ਕਾਂਗਰਸ ਦੀ ਲੀਡਰਸ਼ਿਪ ਨੇ ਸੂਬੇ ਅੰਦਰ ਆਪਣੀ ਹਾਰ ਪਹਿਲਾਂ ਹੀ ਮੰਨ ਲਈ ਸੀ। ਇਹ ਤੱਥ ਵੀ ਨੋਟ ਕਰਨ ਵਾਲਾ ਹੈ ਕਿ ਗੁਜਰਾਤ ਵਿਚ ਸੀਟਾਂ ਘਟਣ ਦੇ ਖਦਸ਼ੇ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਤੇ ਆਪਣਾ ਸਾਰਾ ਕੁਝ ਦਾਅ 'ਤੇ ਲਾ ਕੇ ਰੈਲੀਆਂ ਕਰਦਾ ਰਿਹਾ ਪਰ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਸੂਬੇ ਅੰਦਰ ਸਿਰਫ ਇਕ ਰੈਲੀ ਹੀ ਕੀਤੀ। ਉਹ ਆਪਣਾ ਸਾਰਾ ਧਿਆਨ 'ਭਾਰਤ ਜੋੜੋ ਯਾਤਰਾ' 'ਤੇ ਹੀ ਕੇਂਦਰਤ ਕਰ ਰਿਹਾ ਸੀ। ਅਸਲ ਵਿਚ ਕਾਂਗਰਸ ਨੇ ਗੁਜਰਾਤ ਵਿਚ ਨਾ ਤਾਂ ਕੋਈ ਰਣਨੀਤੀ ਬਣਾਈ ਅਤੇ ਨਾ ਹੀ ਆਪਣੇ ਉਮੀਦਵਾਰਾਂ ਦੇ ਹੱਕ ਵਿਚ ਵੱਡੀ ਪੱਧਰ 'ਤੇ ਚੋਣ ਪ੍ਰਚਾਰ ਕਰਨ ਲਈ ਕੋਈ ਮੁਹਿੰਮ ਚਲਾਈ। ਭਾਜਪਾ ਦੀ ਗੁਜਰਾਤ ਜਿੱਤ ਵਿਚ ਇਕ ਹੋਰ ਅਹਿਮ ਪੱਖ ਇਹ ਹੈ ਕਿ ਇਹ ਜਿੱਤ ਸਿਰਫ਼ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿਚਕਾਰ ਵੋਟਾਂ ਵੰਡੇ ਜਾਣ ਕਾਰਨ ਨਹੀਂ ਹੋਈ ਸਗੋਂ ਭਾਜਪਾ ਦੇ ਵੋਟ ਬੈਂਕ ਵਿਚ ਵੀ ਵਾਧਾ ਹੋਇਆ ਹੈ। 2017 ਦੀਆਂ ਚੋਣਾਂ ਵਿਚ ਭਾਜਪਾ ਨੇ 49 ਫ਼ੀਸਦੀ ਵੋਟਾਂ ਨਾਲ 99 ਸੀਟਾਂ ਜਿੱਤੀਆਂ ਸਨ; ਇਸ ਵਾਰ ਭਾਜਪਾ ਨੂੰ 52.5 ਫ਼ੀਸਦੀ ਵੋਟਾਂ ਮਿਲੀਆਂ ਹਨ। ਸਪਸ਼ਟ ਹੈ ਕਿ ਭਾਜਪਾ ਦੀ ਰਣਨੀਤੀ ਗੁਜਰਾਤ ਵਿਚ ਪੂਰੀ ਤਰ੍ਹਾਂ ਨਾਲ ਕਾਮਯਾਬ ਹੈ। ਇਨ੍ਹਾਂ ਚੋਣਾਂ ਦੌਰਾਨ ਭਾਜਪਾ ਆਗੂਆਂ ਨੇ 2002 ਦੇ ਦੰਗਿਆਂ ਨੂੰ ਫਿਰ ਉਭਾਰਦਿਆਂ ਕਿਹਾ ਕਿ ਉਸ ਸਮੇਂ ਦੰਗਾ ਕਰਨ ਵਾਲਿਆਂ ਨੂੰ ਸਬਕ ਸਿਖਾਇਆ ਗਿਆ ਸੀ; ਇਸ ਤਰ੍ਹਾਂ ਵੋਟਾਂ ਦੇ ਧਰੁਵੀਕਰਨ ਨੂੰ ਹੋਰ ਮਜ਼ਬੂਤ ਕੀਤਾ ਗਿਆ। ਗੁਜਰਾਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਜੱਦੀ ਸੂਬਾ ਹੈ; ਹੋਰ ਮੁੱਦਿਆਂ ਦੇ ਨਾਲ-ਨਾਲ ਪ੍ਰਧਾਨ ਮੰਤਰੀ ਤੇ ਕੇਂਦਰੀ ਗ੍ਰਹਿ ਮੰਤਰੀ ਦੇ ਗੁਜਰਾਤੀ ਹੋਣ ਦੇ ਗੌਰਵ ਨੂੰ ਵੀ ਉਭਾਰਿਆ ਗਿਆ। ਗੁਜਰਾਤ ਦੇ ਇਤਿਹਾਸ ਵਿਚ ਵਿਧਾਨ ਸਭਾ ਚੋਣਾਂ ਵਿਚ ਇਹ ਕਿਸੇ ਪਾਰਟੀ ਦੀ ਸਭ ਤੋਂ ਵੱਡੀ ਜਿੱਤ ਹੈ; ਇਸ ਤੋਂ ਪਹਿਲਾਂ 1985 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੇ 149 ਸੀਟਾਂ ਜਿੱਤੀਆਂ ਸਨ। ਗੁਜਰਾਤ ਵਿਚ ਭਾਜਪਾ ਦੀ ਰਣਨੀਤੀ ਗੁੰਝਲਦਾਰ ਹੈ। 2014 ਵਿਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਤਿੰਨ ਮੁੱਖ ਮੰਤਰੀ ਬਦਲੇ ਗਏ ਹਨ; ਬਹੁਤ ਸਾਰੇ ਮੰਤਰੀਆਂ ਅਤੇ ਵਿਧਾਇਕਾਂ ਨੂੰ ਟਿਕਟਾਂ ਨਹੀਂ ਦਿੱਤੀਆਂ ਗਈਆਂ, ਫਿਰ ਵੀ ਭਾਜਪਾ ਕਾਮਯਾਬ ਹੀ ਨਹੀਂ ਰਹੀ ਬਲਕਿ ਰਿਕਾਰਡ ਕਾਇਮ ਕਰਨ ਵਿਚ ਵੀ ਸਫਲ ਰਹੀ।

ਵੱਡੇ ਦਾਅਵਿਆਂ ਅਤੇ ਪੂਰੀ ਤਾਕਤ ਲਗਾਉਣ ਦੇ ਬਾਵਜੂਦ ਭਾਜਪਾ ਹਿਮਾਚਲ ਪ੍ਰਦੇਸ਼ ਵਿਚ ਨਹੀਂ ਜਿੱਤ ਸਕੀ। ਕਾਂਗਰਸ ਨੂੰ 40 ਅਤੇ ਭਾਜਪਾ ਨੂੰ 25 ਹਲਕਿਆਂ ਵਿਚ ਸਫ਼ਲਤਾ ਮਿਲੀ ਹੈ। ਭਾਜਪਾ ਦੀ ਹਾਰ ਦਾ ਕਾਰਨ ਪਾਰਟੀ ਅੰਦਰਲੀ ਧੜੇਬਾਜ਼ੀ ਅਤੇ ਬਾਗ਼ੀ ਉਮੀਦਵਾਰਾਂ ਦਾ ਖੜ੍ਹੇ ਹੋਣਾ ਹੈ। ਕਾਂਗਰਸ ਨੇ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਵਿਚ ਵੀ ਸੰਗਠਿਤ ਤਰੀਕੇ ਨਾਲ ਚੋਣਮੁਹਿੰਮ ਨਹੀਂ ਚਲਾਈ ਪਰ ਉਸ ਦੀ ਜਿੱਤ ਇਹ ਸਿੱਧ ਕਰਦੀ ਹੈ ਕਿ ਭਾਜਪਾ ਦਾ ਇਹ ਕਹਿਣਾ ਸਹੀ ਨਹੀਂ ਹੈ ਕਿ ਲੋਕਾਂ ਨੇ ਕੌਮੀ ਪੱਧਰ 'ਤੇ ਉਸ ਨੂੰ ਇਕੋ-ਇਕ ਬਦਲ ਵਜੋਂ ਸਵੀਕਾਰ ਕਰ ਲਿਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਜਪਾ ਦੀ ਗੁਜਰਾਤ ਜਿੱਤ ਬਹੁਤ ਵਿਆਪਕ ਅਤੇ ਵੱਡੇ ਸਿਆਸੀ ਮਾਇਨਿਆਂ ਵਾਲੀ ਹੈ ਪਰ ਇਹ ਵੀ ਹਕੀਕਤ ਹੈ ਕਿ ਇਨ੍ਹਾਂ ਦੋ ਦਿਨਾਂ ਦੌਰਾਨ ਭਾਜਪਾ ਨੂੰ ਇਕ ਸੂਬੇ (ਗੁਜਰਾਤ) ਵਿਚ ਕਾਮਯਾਬੀ ਮਿਲੀ ਹੈ ਜਦੋਂਕਿ ਦੋ ਸੂਬਿਆਂ (ਹਿਮਾਚਲ ਅਤੇ ਦਿੱਲੀ) ਵਿਚ ਹਾਰ ਦਾ ਸਾਹਮਣਾ ਕਰਨਾ ਪਿਆ ਹੈ।'ਆਪ' ਦੇ ਕੌਮੀ ਪਾਰਟੀ ਬਣਨ ਨਾਲ ਪਾਰਟੀ ਹੋਰ ਸੂਬਿਆਂ ਵਿਚ ਵੀ ਕਿਸਮਤ ਅਜ਼ਮਾਏਗੀ। 'ਆਪ' ਦੀ ਕਾਮਯਾਬੀ ਕਾਂਗਰਸ ਦੇ ਵੋਟ ਬੈਂਕ ਦਾ ਇਕ ਹਿੱਸਾ ਆਪਣੇ ਵੱਲ ਖਿੱਚਣ 'ਤੇ ਨਿਰਭਰ ਕਰਦੀ ਹੈ; ਇਸ ਅਨੁਸਾਰ 'ਆਪ' ਮੱਧ ਪ੍ਰਦੇਸ਼, ਰਾਜਸਥਾਨ ਅਤੇ ਛੱਤੀਸਗੜ੍ਹ ਵਿਚ ਚੋਣ ਮੈਦਾਨ ਵਿਚ ਕੁੱਦ ਸਕਦੀ ਹੈ; ਉਸ ਦਾ ਇਨ੍ਹਾਂ ਸੂਬਿਆਂ ਵਿਚ ਚੋਣਾਂ ਲੜਨਾ ਕਾਂਗਰਸ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਕਾਂਗਰਸ ਦੀ ਲੀਡਰਸ਼ਿਪ ਖਿੰਡੀ ਹੋਈ ਅਤੇ ਦਿਸ਼ਾਹੀਣ ਦਿਖਾਈ ਦਿੰਦੀ ਹੈ। ਕਾਂਗਰਸ ਦਾ ਦਾਅਵਾ ਹੈ ਕਿ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਇਕ ਨਵੀਂ ਤਰ੍ਹਾਂ ਦੀ ਸਿਆਸਤ ਪੈਦਾ ਕਰ ਰਹੀ ਹੈ ਪਰ ਸਵਾਲ ਇਹ ਹੈ ਕਿ ਅਜਿਹੀ ਸਿਆਸਤ ਕਾਰਨ ਪਾਰਟੀ ਨੂੰ ਵੋਟਾਂ ਪੈਂਦੀਆਂ ਹਨ? ਕਾਂਗਰਸ ਦਾ ਜਥੇਬੰਦਕ ਢਾਂਚਾ ਹਰ ਸੂਬੇ ਵਿਚ ਮੌਜੂਦ ਹੈ ਪਰ ਮੌਜੂਦਾ ਹਾਲਾਤ ਵਿਚ ਉਹ ਭਾਜਪਾ ਦਾ ਸਾਹਮਣਾ ਕਰਨ ਦੀ ਸਮਰੱਥਾ ਨਹੀਂ ਰੱਖਦੀ। ਗੁਜਰਾਤ ਦੇ ਚੋਣ ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਭਾਜਪਾਜ਼ੋਰ-ਸ਼ੋਰ ਨਾਲ ਲੜੇਗੀ। ਉਹ ਆਪਣੀ ਮਾਰੂ ਸਿਆਸਤ ਵਿਚ ਲਗਾਤਾਰ ਕਾਮਯਾਬ ਹੋ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤਿੰਨ ਜਣਿਆਂ ਨੂੰ ਸਬਕ!*

'ਦੇਵ ਭੂਮੀ' ਦੇ 'ਪੰਜਾ' ਹਮਾਇਤੀਆਂ ਨੇ, ਦੇਖੋ ਕਮਲ ਨੂੰ 'ਕਮਲਾ' ਬਣਾਇ ਦਿੱਤਾ।
ਦਿੱਲੀ ਵਾਸੀਆਂ 'ਝਾੜੂ' ਨੂੰ ਪਿਆਰ ਕਰ ਕੇ, ਪੰਜੇ-ਕਮਲ ਨੂੰ 'ਠੋਕ' ਠੁਕਰਾਇ ਦਿੱਤਾ।
ਵਾਰ ਸੱਤਵੀਂ ਕਮਲ ਦੀਆਂ ਪੱਤੀਆਂ 'ਤੇ, ਗੁਜਰਾਤੀਆਂ 'ਇਤਰ' ਛਿੜਕਾਇ ਦਿੱਤਾ।
ਪਹਿਲੀ ਵਾਰ ਕੁਝ ਸੀਟਾਂ ਹੀ ਜਿੱਤਣੇ ਦਾ, ਉਥੇ 'ਝਾੜੂ' ਇਤਿਹਾਸ ਦੁਹਰਾਇ ਦਿੱਤਾ।
ਤਿੰਨ ਨਿਸ਼ਾਨਾਂ ਨੂੰ 'ਕੱਠਿਆਂ ਮੱਤ ਦੇ ਕੇ,ਦੋ ਦੋ ਥਾਵਾਂ 'ਤੇ 'ਠੁੱਠ' ਵਿਖਾਇ ਦਿੱਤਾ।
ਹੁੰਦੀ 'ਨਬਜ਼' ਹਮੇਸ਼ਾ ਹੱਥ ਵੋਟਰਾਂ ਦੇ, ਤਿੰਨਾਂ ਤਾਈਂ ਹੀ ਸਬਕ ਸਿਖਾਇ ਦਿੱਤਾ!

# ਜਿੱਥੇ ਨਿੱਤ ਦਿਨ ਦੇਸ਼ਭਗਤੀ ਦਾ ਇਮਤਿਹਾਨ ਦੇਣਾ ਪੈਂਦਾ...

## ਰਾਣਾ ਅਯੂਬ ਦੀ ਪ੍ਰੈੱਸ ਫਰੀਡਮ ਸਨਮਾਨ ਲੈਣ ਸਮੇਂ ਤਕਰੀਰ

ਚਰਚਿਤ ਕਿਤਾਬ 'ਗੁਜਰਾਤ ਫਾਈਲਾਂ' ਦੀ ਲੇਖਕਾ ਰਾਣਾ ਅਯੂਬ ਦਲੇਰ ਪੱਤਰਕਾਰੀ ਲਈ ਜਾਣੀ ਜਾਂਦੀ ਹੈ। ਉਸ ਨੇ ਆਪਣੀ ਨਿਧੜਕ ਖੋਜ ਰਾਹੀਂ ਗੁਜਰਾਤ ਕਤਲੇਆਮ-2002 'ਚ ਮੋਦੀ ਸਰਕਾਰ ਦੀ ਮਿਲੀਭੁਗਤ ਅਤੇ ਹੁਕਮਰਾਨ ਭਾਰਤੀ ਜਨਤਾ ਪਾਰਟੀ ਸਮੇਤ ਭਾਰਤ ਦੇ ਰਾਜਤੰਤਰ ਵੱਲੋਂ ਇਸ ਗਿਣੀ-ਮਿਥੀ ਨਸਲਕੁਸ਼ੀ ਉੱਪਰ ਪਰਦਾਪੋਸ਼ੀ ਕਰਨ ਦੀ ਸਾਜ਼ਿਸ਼ ਦੇ ਰੌਂਗਟੇ ਖੜ੍ਹੇ ਕਰਨ ਵਾਲੇ ਖ਼ੁਲਾਸੇ ਕੀਤੇ। ਰਾਣਾ ਅਯੂਬ ਨੂੰ ਇਸ ਨਿਧੜਕ ਪੱਤਰਕਾਰੀ ਦਾ ਬਹੁਤ ਵੱਡਾ ਮੁੱਲ ਤਾਰਨਾ ਪੈ ਰਿਹਾ ਹੈ। ਭਗਵਾ ਆਈ.ਟੀ. ਸੈੱਲ ਦਿਨ-ਰਾਤ ਉਸ ਦੀ ਕਿਰਦਾਰਕੁਸ਼ੀ 'ਚ ਲੱਗਿਆ ਹੋਇਆ ਹੈ ਅਤੇ ਮੋਦੀ ਵਜ਼ਾਰਤ ਦੇ ਇਸ਼ਾਰੇ 'ਤੇ ਈ.ਡੀ. ਨੇ ਉਸ ਵਿਰੁੱਧ

**ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ**

ਸਹਾਇਤਾ ਫੰਡਾਂ 'ਚ ਹੇਰਾਫੇਰੀ ਦਾ ਮੁਕੱਦਮਾ ਦਰਜ ਕਰ ਲਿਆ ਹੈ ਪਰ ਦੁਨੀਆ ਭਰ ਦੀਆਂ ਨਿਆਂਪਸੰਦ ਅਤੇ ਖ਼ਰੀ ਪੱਤਰਕਾਰੀ ਦੀਆਂ ਮੁਦਈ ਤਾਕਤਾਂ ਰਾਣਾ ਅਯੂਬ ਨਾਲ ਚਟਾਨ ਵਾਂਗ ਖੜ੍ਹੀਆਂ ਹਨ। ਭਾਰਤੀ ਸਟੇਟ ਵੱਲੋਂ ਉਸ ਨੂੰ ਡਰਾ ਕੇ ਚੁੱਪ ਕਰਾਉਣ ਦੀਆਂ ਘਿਨਾਉਣੀਆਂ ਚਾਲਾਂ ਦਾ ਵਿਰੋਧ ਕਰਨ ਦੇ ਨਾਲ-ਨਾਲ ਪੱਤਰਕਾਰ ਦੀ ਆਜ਼ਾਦੀ ਦੇ ਹੱਕ 'ਚ ਡੱਟਣ ਵਾਲੀਆਂ ਤਾਕਤਾਂ ਉਸ ਦਾ ਸਨਮਾਨ ਕਰ ਕੇ ਉਸ ਦੀ ਹੌਸਲਾ ਅਫ਼ਜਾਈ ਕਰ ਰਹੀਆਂ ਹਨ। ਹੁਣੇ ਜਿਹੇ ਉਸ ਨੂੰ ਅਮਰੀਕਾ ਵਿਚ ਨੈਸ਼ਨਲ ਪ੍ਰੈੱਸ ਕਲੱਬ ਨੇ ਪ੍ਰੈੱਸ ਦੀ ਆਜ਼ਾਦੀ ਦੇ ਸਰਵਉੱਚ ਐਵਾਰਡ ਨਾਲ ਸਨਮਾਨਿਆ ਹੈ।

ਨੈਸ਼ਨਲ ਪ੍ਰੈਸ ਕਲੱਬ ਦੀ ਪ੍ਰਧਾਨ ਜੇਨ ਜੁਡਸਨ ਨੇ ਰਾਣਾ ਅਯੂਬ ਦਾ ਤੁਆਰਫ਼ ਕਰਾਇਆ:

"ਖੋਜ ਕਾਰਜ ਵਿਚ ਰਾਣਾ ਦੀ ਦਲੇਰੀ ਅਤੇ ਉਸ ਦਾ ਹੁਨਰ ਉਸ ਦੇ ਵਿਲੱਖਣ ਕਰੀਅਰ ਤੋਂ ਪ੍ਰਤੱਖ ਹੈ ਅਤੇ ਸਰਕਾਰ ਦੀ ਆਲੋਚਨਾ ਬਦਲੇ ਉਸ ਦੇ ਅਧਿਕਾਰਾਂ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਹਮਲੇ ਹੋਏ ਹਨ। ਇਸ ਸਾਲ ਭਾਰਤ ਵਿਚ ਪੱਤਰਕਾਰਾਂ ਦੀਆਂ ਗ੍ਰਿਫਤਾਰੀਆਂ ਅਤੇ ਨਜ਼ਰਬੰਦੀਆਂ ਦਾ ਰੁਝਾਨ ਤੇਜ਼ ਹੁੰਦਾ ਜਾਪਦਾ ਹੈ। ਰਾਣਾ ਤੂਫ਼ਾਨ ਦੇ ਕੇਂਦਰ ਵਿਚ ਖੜ੍ਹੀ ਹੈ ਅਤੇ ਨੈਸ਼ਨਲ ਪ੍ਰੈੱਸ ਕਲੱਬ ਉਸ ਦੇ ਨਾਲ ਖੜ੍ਹਾ ਹੈ। ਰਾਣਾ ਔਬਸ਼ੌਨ ਐਵਾਰਡ ਹਾਸਲ ਕਰਨ ਵਾਲੀ ਪਹਿਲੀ ਭਾਰਤੀ ਪੱਤਰਕਾਰ ਹੈ। ਰਾਣਾ ਦੀ ਚੋਣ ਕਰ ਕੇ ਕਲੱਬ ਉਸ ਦੇ ਕੇਸ ਉੱਪਰ ਨਜ਼ਰ ਰੱਖਣ ਅਤੇ ਉਸ ਦੀ ਹਮਾਇਤ ਕਰਨ ਅਤੇ ਉਸ ਦੀ ਆਪਣੇ ਕੰਮ ਨੂੰ ਪ੍ਰਕਾਸ਼ਿਤ ਕਰਨ ਦੀ ਆਜ਼ਾਦੀ ਨੂੰ ਯਕੀਨੀ ਬਣਾਉਣ ਸਮੇਤ ਉਸ ਦੀ ਖ਼ਾਤਰ ਜੋ ਕੁਝ ਵੀ ਕੀਤਾ ਜਾ ਸਕਦਾ ਹੈ, ਕਰਨ ਲਈ ਵਚਨਬੱਧ ਹੈ।

ਇਸ ਸਾਲ ਟਵਿੱਟਰ ਨੇ ਰਾਣਾ ਨੂੰ ਸੂਚਿਤ ਕੀਤਾ ਕਿ ਉਹ ਭਾਰਤ ਸਰਕਾਰ ਵੱਲੋਂ ਭਾਰਤ ਅੰਦਰ ਉਸ ਦੇ ਟਵੀਟ ਨੂੰ ਸੈਂਸਰ ਕੀਤੇ ਜਾਣ ਦੀ ਮੰਗ ਮੰਨ ਰਹੇ ਹਨ ਜੋ ਇਕ ਮਸਜਿਦ ਨੂੰ ਧਮਕੀਆਂ ਦੇਣ ਬਾਬਤ ਸੀ। ਟਵਿੱਟਰ ਨੇ 2000 ਦੇ ਦੂਰ-ਸੰਚਾਰ ਐਕਟ ਦਾ ਹਵਾਲਾ ਦਿੱਤਾ ਜੋ ਭਾਰਤ ਵਿਚ ਪ੍ਰਕਾਸ਼ਿਤ ਹੋਣ ਵਾਲੀ ਸਮੱਗਰੀ ਨੂੰ ਕੰਟਰੋਲ ਕਰਨ ਦਾ ਅਧਿਕਾਰ ਭਾਰਤ ਸਰਕਾਰ ਨੂੰ ਦਿੰਦਾ ਹੈ। ਪੇਸ਼ਗੀ ਰੋਕਾਂ ਦਾ ਇਹ ਰੂਪ ਲੋਕਤੰਤਰੀ ਪਰੰਪਰਾਵਾਂ ਵਾਲੇ ਮੁਲਕ ਭਾਰਤ ਲਈ ਨਾ-ਮੁਨਾਸਿਬ ਹੈ। ਪ੍ਰੈੱਸ ਕਲੱਬ ਨੇ ਟਵਿੱਟਰ ਨੂੰ ਉਸ ਦਾ ਅਕਾਊਂਟ ਤੁਰੰਤ ਬਹਾਲ ਕਰਨ ਦੀ ਅਪੀਲ ਕੀਤੀ। ਭਾਰਤ ਸਰਕਾਰ ਨੇ ਰਾਣਾ ਦੀ ਨਿੱਜੀ ਵਿੱਤੀ ਜਾਣਕਾਰੀ ਹਾਸਲ ਕਰਨ ਲਈ ਹਮਲਾਵਰ ਰੁਖ਼ ਅਖ਼ਤਿਆਰ ਕੀਤਾ ਹੋਇਆ ਹੈ ਅਤੇ ਉਸ ਦੇ ਜ਼ਿਆਦਾਤਰ ਅਸਾਸੇ ਜ਼ਬਤ ਕਰ ਲਏ ਗਏ ਹਨ। ਉਸ ਨੂੰ ਔਨਲਾਈਨ ਅਤੇ ਵਿਅਕਤੀਗਤ ਤੌਰ 'ਤੇ ਧਮਕੀਆਂ ਮਿਲਦੀਆਂ ਰਹਿੰਦੀਆਂ ਹਨ ਜਿਨ੍ਹਾਂ ਕਾਰਨ ਉਸ ਨੂੰ ਆਪਣਾ ਘਰ ਛੱਡਣਾ ਪਿਆ ਅਤੇ ਲੁਕ-ਛਿਪ ਕੇ ਰਹਿਣਾ ਪੈ ਰਿਹਾ ਹੈ।

ਇਸ ਸਾਲ ਦੇ ਸ਼ੁਰੂ 'ਚ ਰਾਣਾ ਨੂੰ ਲੰਡਨ ਜਾਣ ਤੋਂ ਰੋਕ ਦਿੱਤਾ ਗਿਆ ਸੀ। ਉਸ ਦੀ ਯਾਤਰਾ ਉੱਪਰ ਥੋਪੀਆਂ ਪਾਬੰਦੀਆਂ ਹਟਾਉਣ ਲਈ ਉਸ ਦੇ ਵਕੀਲਾਂ ਨੂੰ ਕਾਫ਼ੀ ਭੱਜਦੌੜ ਕਰਨੀ ਪਈ। ਜਿਵੇਂ ਤੁਸੀਂ ਦੇਖ ਸਕਦੇ ਹੋ, ਉਹ ਇੱਥੇ ਸਰੋਤਿਆਂ ਦਰਮਿਆਨ ਮੌਜੂਦ ਹੈ, ਉਹ ਹੁਣ ਇੱਥੇ ਡੀ.ਸੀ. (ਵਾਸ਼ਿੰਗਟਨ) ਵਿਚ ਹੈ ਅਤੇ ਅਮਰੀਕਾ ਵਿਚ ਸ਼ਿਕਾਗੋ ਯੂਨੀਵਰਸਿਟੀ ਵਿਖੇ ਬਤੌਰ ਪ੍ਰਿਟਜ਼ਕਰ ਫੈਲੋ ਤਸ਼ਰੀਫ਼ ਲਿਆਈ ਹੈ।

ਭਾਰਤ ਵਿਚ ਪੱਤਰਕਾਰਾਂ ਵਿਰੁੱਧ ਹਿੰਸਾ 'ਚ ਵਾਧਾ ਜਾਰੀ ਹੈ। ਰਿਪੋਰਟਰਜ਼ ਵਿਦਾਊਟ ਬਾਰਡਰਜ਼ ਅਨੁਸਾਰ ਪਿਛਲੇ 5 ਸਾਲਾਂ 'ਚ ਭਾਰਤ ਵਿਚ 18 ਪੱਤਰਕਾਰਾਂ ਦਾ ਕਤਲ ਕੀਤਾ ਗਿਆ ਹੈ ਜਿਸ ਨਾਲ ਇਹ ਪੱਤਰਕਾਰਾਂ ਲਈ ਦੁਨੀਆ ਦੇ ਸਭ ਤੋਂ ਖ਼ਤਰਨਾਕ ਮੁਲਕਾਂ ਵਿਚੋਂ ਇਕ ਬਣ ਗਿਆ ਹੈ।




ਰਾਣਾ ਨੂੰ ਟਾਈਮ ਮੈਗਜ਼ੀਨ ਦੁਆਰਾ ਉਨ੍ਹਾਂ 10 ਆਲਮੀ ਪੱਤਰਕਾਰਾਂ ਵਿਚ ਸ਼ਾਮਲ ਕੀਤਾ ਗਿਆ ਹੈ ਜਿਨ੍ਹਾਂ ਦੀਆਂ ਜਾਨਾਂ ਨੂੰ ਬੇਹੱਦ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਆਓ ਰਾਣਾ ਅਯੂਬ ਦਾ ਜ਼ੋਰਦਾਰ ਤਾੜੀਆਂ ਨਾਲ ਸਵਾਗਤ ਕਰੀਏ ਜਿਸ ਨੂੰ ਅਸੀਂ 2022 ਦਾ ਕੌਮਾਂਤਰੀ ਔਬੂਸ਼ੌਨ ਸਨਮਾਨ ਦੇ ਰਹੇ ਹਾਂ...।"

### ਰਾਣਾ ਅਯੂਬ ਦਾ ਭਾਸ਼ਣ

ਮੇਰੇ ਖ਼ਿਆਲ 'ਚ, ਪੱਤਰਕਾਰਾਂ ਨਾਲ ਖਚਾਖਚ ਭਰੇ ਹਾਲ ਵਿਚ ਬੋਲਣ ਲਈ ਇਹ ਮੇਰੇ ਵਾਸਤੇ ਮਹਿਫ਼ੂਜ਼ ਜਗ੍ਹਾ ਹੈ ਜੋ ਮੇਰੀ ਗੱਲ ਨੂੰ ਸਮਝਣਗੇ ਅਤੇ ਮੇਰੇ ਉੱਪਰ ਦੇਸ਼ਧ੍ਰੋਹ ਜਾਂ ਰਾਸ਼ਟਰ ਵਿਰੁੱਧ ਜੰਗ ਦਾ ਇਲਜ਼ਾਮ ਲਗਾਉਣ ਲਈ ਮੇਰੇ ਸ਼ਬਦਾਂ ਵਿਚੋਂ ਸ਼ਬਦ ਨਹੀਂ ਕੱਢਣਗੇ। ਆਪਣੀ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਇਹ ਸਨਮਾਨ ਦੇਣ ਲਈ ਨੈਸ਼ਨਲ ਪ੍ਰੈੱਸ ਕਲੱਬ ਦਾ, ਜੇਨ ਦਾ, ਬਿਲ ਦਾ ਬਹੁਤ ਬਹੁਤ ਧੰਨਵਾਦ ਕਰਦੀ ਹਾਂ। ਜਿਵੇਂ ਜੇਨ ਨੇ ਕਿਹਾ, ਜਿਸ ਦਿਨ ਉਨ੍ਹਾਂ ਨੇ ਇਹ ਦੱਸਣ ਲਈ ਫੋਨ ਕੀਤਾ ਕਿ ਇਸ ਸਾਲ ਦਾ ਔਬਸ਼ੌਨ ਸਨਮਾਨ ਮੈਨੂੰ ਦਿੱਤਾ ਜਾਣਾ ਹੈ, ਮੈਂ ਲੁਕ ਕੇ ਰਹਿ ਰਹੀ ਸੀ... ਕਿਉਂਕਿ ਮੇਰੇ ਨਾਲ ਕੰਮ ਕਰਨ ਵਾਲਾ, ਮੇਰਾ ਪੱਤਰਕਾਰ ਮਿੱਤਰ ਜੋ ਮੇਰੇ ਨਾਲ ਇਕ ਕੇਸ ਵਿਚ ਸਹਿ-ਦੋਸ਼ੀ ਹੈ ਤੇ ਟਵੀਟ ਲਈ ਸਲਾਖ਼ਾਂ ਪਿੱਛੇ ਬੰਦ ਸੀ। ਇਹ ਵਟੀਟ ਉਹਨੇ 4 ਸਾਲ ਪਹਿਲਾਂ ਲਿਖਿਆ ਸੀ। ਹੈ ਨਾ ਵਿਡੰਬਨਾ? ਨਸਲਕੁਸ਼ੀ ਦੀ ਅਗਵਾਈ ਕਰਨ ਵਾਲਿਆਂ ਨੂੰ ਤਾਂ ਸਨਮਾਨਿਤ ਕੀਤਾ ਜਾਂਦਾ ਹੈ ਪਰ ਸੱਤਾ ਨੂੰ ਸੱਚ ਸੁਣਾਉਣ ਵਾਲਿਆਂ ਨੂੰ ਨਜ਼ਰਾਂ 'ਚ ਆਉਣ ਤੋਂ ਗੁਰੇਜ਼ ਕਰਨ ਦੀ ਨਸੀਹਤ ਦਿੱਤੀ ਜਾਂਦੀ ਹੈ। ਇਹ ਉਸ ਸਮੇਂ ਨੂੰ ਦਰਸਾਉਂਦਾ ਹੈ ਜਿਸ ਵਿਚ ਅਸੀਂ ਰਹਿ ਰਹੇ ਹਾਂ।

ਇਹ ਮੇਰੇ ਲਈ ਬਹੁਤ ਵੱਡਾ ਸਨਮਾਨ ਹੈ ਅਤੇ ਮੈਂ ਵਾਸ਼ਿੰਗਟਨ ਪੋਸਟ ਦੀ ਸ਼ੁਕਰਗੁਜ਼ਾਰ ਹਾਂ ਜਿਸ ਨੇ ਮੈਨੂੰ ਉਦੋਂ ਸਹਾਰਾ ਦਿੱਤਾ ਜਦੋਂ 2014 'ਚ (ਨਰਿੰਦਰ) ਮੋਦੀ ਦੇ ਪ੍ਰਧਾਨ ਮੰਤਰੀ ਤੋਂ ਬਾਅਦ ਭਾਰਤ ਵਿਚ ਪੱਤਰਕਾਰ ਅਤੇ ਚੋਟੀ ਦੇ ਸੰਪਾਦਕ ਜਿੱਥੇ ਮੈਂ ਕੰਮ ਕਰਦੀ ਸੀ ਤੇ ਜਿੱਥੇ ਮੈਂ ਉੱਚ ਅਹੁਦਿਆਂ 'ਤੇ ਸੀ, ਮੇਰੇ ਨਾਲ ਇੰਝ ਪੇਸ਼ ਆਏ ਜਿਵੇਂ ਮੇਰੀ ਕੋਈ ਹੋਂਦ ਹੀ ਨਹੀਂ ਹੈ। ਇਸ ਲਈ, ਔਖੇ ਸਮੇਂ 'ਚ ਮੇਰੇ ਨਾਲ ਖੜ੍ਹਨ ਲਈ ਵਾਸ਼ਿੰਗਟਨ ਪੋਸਟ ਦਾ ਸ਼ੁਕਰੀਆ।

ਮੈਂ ਇਹ ਪੁਰਸਕਾਰ ਅਜਿਹੀ ਸ਼ਖ਼ਸੀਅਤ ਨੂੰ ਸਮਰਪਿਤ ਕਰਨੀ ਚਾਹਾਂਗੀ ਜੋ ਸਾਡੇ ਦਰਮਿਆਨ ਨਹੀਂ ਹੈ, ਉਸ ਦਾ ਨਾਮ ਸ਼ਿਰੀਨ ਅਬੂ ਅਖਲੇਹ ਹੈ, ਉਹ ਪੱਤਰਕਾਰ ਜੋ ਮਾਰ ਦਿੱਤੀ ਗਈ ਸੀ (ਜ਼ੋਰਦਾਰ ਤਾੜੀਆਂ)। ਸ਼ਿਰੀਨ ਮਰਨੀ ਨਹੀਂ ਸੀ ਚਾਹੀਦੀ, ਉਸ ਦਾ ਕਤਲ ਨਹੀਂ ਸੀ ਹੋਣਾ ਚਾਹੀਦਾ, ਉਸ ਨੂੰ ਇੱਥੇ ਸਾਡੇ ਨਾਲ ਹੋਣਾ ਚਾਹੀਦਾ ਸੀ। ਜ਼ਿੰਦਗੀ ਭਰ, ਆਪਣੀ ਮੌਤ ਦੌਰਾਨ ਵੀ, ਸ਼ਿਰੀਨ ਨੇ ਮਨੁੱਖੀ ਅਧਿਕਾਰਾਂ ਬਾਰੇ ਦੁਨੀਆ ਦੇ ਪਾਖੰਡ ਅਤੇ ਦੋਹਰੇ ਮਿਆਰਾਂ ਦਾ ਪਰਦਾਫਾਸ਼ ਕੀਤਾ। ਇਹ ਉਹ ਸੱਚਾਈ ਹੈ ਜਿਸ ਨੂੰ ਸਾਨੂੰ ਸਾਰਿਆਂ ਨੂੰ ਸਵੀਕਾਰ ਕਰਨ ਤੇ ਸਮਝਣ ਦੀ ਜ਼ਰੂਰਤ ਹੈ ਅਤੇ ਇਸ ਵਕਤ ਇਹ ਪਹਿਲਾਂ ਨਾਲੋਂ ਕਿਤੇ ਵਧੇਰੇ ਜ਼ਰੂਰੀ ਹੈ। ਜਦੋਂ ਵੀ ਮੈਂ ਅਮਰੀਕਾ ਵਿਚ ਹੁੰਦੀ ਹਾਂ, ਲੋਕ ਭਾਰਤ ਦੀ ਗੱਲ ਕਰਦੇ ਹਨ। ਜਦੋਂ ਮੈਂ ਉਨ੍ਹਾਂ ਨੂੰ ਦੱਸਦੀ ਹਾਂ ਕਿ ਮੈਂ ਭਾਰਤ ਤੋਂ ਹਾਂ ਤਾਂ ਉਹ ਕਹਿੰਦੇ ਹਨ, "ਓਹ! ਤੁਸੀਂ ਆਯੁਰਵੇਦ, ਸਮਾਧੀ, ਯੋਗ ਦੀ ਧਰਤੀ ਤੋਂ ਹੋ", (ਹਾਸਾ)... ਜੀ ਹਾਂ, ਬਿਲਕੁਲ! ਜੀ ਹਾਂ ਸਪੇਰਿਆਂ ਦੀ ਧਰਤੀ ਤੋਂ! ਮੈਂ 1.3 ਅਰਬ ਲੋਕਾਂ ਦੇ ਮੁਲਕ ਤੋਂ, 22 ਕਰੋੜ ਮੁਸਲਮਾਨ ਆਬਾਦੀ ਵਾਲੇ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਤੋਂ ਹਾਂ ਜਿੱਥੇ ਹੁਣ ਉਨ੍ਹਾਂ ਦੀ ਨਸਲਕੁਸ਼ੀ ਸਿਖ਼ਰ 'ਤੇ ਹੈ। ਨਹੀਂ?

ਮੈਂ ਇੱਥੇ ਵਿਦੇਸ਼ ਵਿਭਾਗ ਦੇ ਅਧਿਕਾਰੀਆਂ ਅਤੇ ਆਹਲਾ ਅਧਿਕਾਰੀਆਂ, ਅਮਰੀਕਾ ਦੇ ਆਹਲਾ ਦਰਜੇ ਦੇ ਅਧਿਕਾਰੀਆਂ ਨੂੰ ਮਿਲਦੀ ਹਾਂ। ਉਹ ਪੁੱਛਦੇ ਹਨ "ਰਾਣਾ, ਕੀ ਹੋ ਰਿਹਾ ਹੈ?" ਤੇ ਮੈਂ ਉਨ੍ਹਾਂ ਨੂੰ ਕਹਿੰਦੀ ਹਾਂ, "ਤੁਸੀਂ ਮੇਰੇ ਨਾਲੋਂ ਬਿਹਤਰ ਜਾਣਦੇ ਹੋ ਕਿ ਕੀ ਹੋ ਰਿਹਾ ਹੈ।" ਫਿਰ ਮੈਨੂੰ ਦੱਸਿਆ ਜਾਂਦਾ ਹੈ, ਤੁਹਾਨੂੰ ਪਤੈ ਕਿ ਅਸੀਂ ਜਾਣਦੇ ਹਾਂ ਕਿ ਭਾਰਤ ਵਿਚ ਕੀ ਹੋ ਰਿਹਾ ਹੈ ਪਰ ਤੁਸੀਂ ਚੀਨ ਅਤੇ ਰੂਸ ਦੇ ਨਾਲ ਰਿਸ਼ਤੇ ਨੂੰ ਜਾਣਦੇ ਹੋ, ਮਨੁੱਖੀ ਅਧਿਕਾਰ ਪੈਣ ਢੱਠੇ ਖੂਹ 'ਚ। ਪੱਤਰਕਾਰ ਪੈਣ ਢੱਠੇ ਖੂਹ 'ਚ। ਕਿੰਨੀ ਵਿਡੰਬਨਾ ਹੈ! ਦੋ ਹਫ਼ਤੇ ਪਹਿਲਾਂ, ਯੂਐੱਸ ਸਟੇਟ ਡਿਪਾਰਟਮੈਂਟ ਨੂੰ ਐੱਮ.ਬੀ.ਐੱਸ. (ਸਾਊਦੀ ਅਰਬ ਦਾ ਸ਼ਹਿਜ਼ਾਦਾ ਮੁਹੰਮਦ ਬਿਨ ਸਲਮਾਨ ਜਿਸ ਨੇ ਪੱਤਰਕਾਰ ਜਮਾਲ ਖ਼ਾਸ਼ੋਗੀ ਦਾ ਕਤਲ ਕਰਵਾਇਆ, ਜਿਸ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕਰਦੇ ਹੋਏ ਪੱਤਰਕਾਰ ਦੀ ਮੰਗੇਤਰ ਵੱਲੋਂ ਕੀਤਾ ਮੁਕੱਦਮਾ ਵਾਸ਼ਿੰਗਟਨ ਦੇ ਫੈਡਰਲ ਜੱਜ ਨੇ ਇਹ ਕਹਿ ਕੇ ਖਾਰਜ ਕਰ ਦਿੱਤਾ ਕਿ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਉਸ ਨੂੰ ਕਾਰਵਾਈ ਤੋਂ ਛੋਟ ਦੇਣ ਦੇ ਫ਼ੈਸਲੇ ਕਾਰਨ ਉਸ ਅੱਗੇ ਮੁਕੱਦਮੇ ਨੂੰ ਖਾਰਜ ਕਰਨ ਤੋਂ ਸਿਵਾਇ ਹੋਰ ਕੋਈ ਚਾਰਾ ਨਹੀਂ ਹੈ -ਅਨੁਵਾਦਕ) ਨੂੰ ਦਿੱਤੀ ਗਈ ਛੋਟ ਬਾਰੇ ਸਵਾਲ ਕੀਤਾ ਗਿਆ ਜੋ ਅਮਰੀਕਾ ਦੀ ਯਾਤਰਾ ਕਰ ਰਿਹਾ ਸੀ ਤਾਂ ਉਨ੍ਹਾਂ ਨੇ ਇਸ ਦੇ ਜਵਾਬ 'ਚ ਨਰਿੰਦਰ ਮੋਦੀ ਦੀ ਮਿਸਾਲ ਦਿੱਤੀ ਕਿ ਉਸ ਨੂੰ ਵੀ ਤਾਂ ਅਜਿਹੀ ਛੋਟ ਦਿੱਤੀ ਸੀ। ਸੋ, ਉਨ੍ਹਾਂ ਨੇ ਐੱਮ.ਬੀ.ਐੱਸ. ਦੀ ਤੁਲਨਾ ਨਰਿੰਦਰ ਮੋਦੀ ਨਾਲ ਕਰ ਕੇ ਇਕ ਤਰ੍ਹਾਂ ਨਾਲ ਮੇਰੇ ਵਾਲਾ ਕੰਮ ਹੀ ਕੀਤਾ। ਮੈਂ ਇਹੀ ਤਾਂ ਕਰ ਰਹੀ ਹਾਂ। ਮੈਂ ਦੁਨੀਆ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਹੀ ਹਾਂ ਕਿ ਜਿਸ ਆਦਮੀ ਦੀ ਤਸਵੀਰ ਤੁਸੀਂ ਕੌਮਾਂਤਰੀ ਮੈਗਜ਼ੀਨਾਂ ਦੇ ਮੁੱਖ ਪੰਨੇ 'ਤੇ ਲਾਉਂਦੇ ਹੋ, ਉਸ ਦੇ ਹੱਥ ਲਹੂ ਨਾਲ ਲਿੱਬੜੇ ਹੋਏ ਹਨ। ਅਜਿਹਾ ਆਦਮੀ ਹੈ ਉਹ! ਸੰਨ 2002 ਵਿਚ ਜਦੋਂ ਮੋਦੀ ਗੁਜਰਾਤ ਦਾ ਮੁੱਖ ਮੰਤਰੀ ਸੀ ਤਾਂ ਦੋ ਦਿਨਾਂ 'ਚ ਇਕ ਹਜ਼ਾਰ ਮੁਸਲਮਾਨਾਂ ਦਾ ਕਤਲੇਆਮ ਕੀਤਾ ਗਿਆ ਸੀ ਅਤੇ ਅਸੀਂ ਕਦੇ ਮਜ਼ਾਕ 'ਚ ਵੀ ਇਹ ਨਹੀਂ ਸੀ ਸੋਚਿਆ ਕਿ ਇਹ ਆਦਮੀ ਪ੍ਰਧਾਨ ਮੰਤਰੀ ਬਣ ਜਾਵੇਗਾ। ਇੱਥੋਂ ਤੱਕ ਕਿ ਅਮਰੀਕਾ ਨੇ ਉਸ ਨੂੰ ਅਮਰੀਕਾ ਅੰਦਰ ਵੜਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਅਤੇ ਹੁਣ ਤੁਸੀਂ ਦੇਖ ਲਓ, ਉਸ ਨੂੰ ਹੁਣ ਜੀ-20 ਦੀ ਪ੍ਰਧਾਨਗੀ ਸੌਂਪੀ ਗਈ ਹੈ।

ਇਹ ਭਾਸ਼ਣ ਸੁਣ ਕੇ ਮੇਰਾ ਮੁਲਕ ਮੈਨੂੰ ਕਹੇਗਾ ਕਿ ਮੈਂ ਦੇਸ਼ਭਗਤ ਨਹੀਂ ਹਾਂ। ਮੇਰਾ ਮੰਨਣਾ ਹੈ ਕਿ ਮੈਂ ਦੁਨੀਆ ਦੇ ਕਿਸੇ ਵੀ ਮੁਲਕ ਨਾਲੋਂ ਭਾਰਤ ਨੂੰ ਜ਼ਿਆਦਾ ਪਿਆਰ ਕਰਦੀ ਹਾਂ। ਮੈਂ ਆਪਣੇ ਮੁਲਕ ਨੂੰ ਪਿਆਰ ਕਰਦੀ ਹਾਂ, ਇਸੇ ਲਈ ਮੈਂ ਸਾਰਾ ਕੁਝ ਖ਼ਤਰੇ 'ਚ ਪਾ ਕੇ ਇੱਥੇ ਆਪਣੀ ਗੱਲ ਕਹਿ ਰਹੀ ਹਾਂ, ਕਿਉਂਕਿ ਇਹ ਸੰਭਵ ਹੈ ਕਿ ਇਹ ਭਾਰਤ ਤੋਂ ਬਾਹਰ ਮੇਰੀ ਆਖ਼ਰੀ ਯਾਤਰਾ ਹੋਵੇ। ਇਕ ਹਫ਼ਤੇ 'ਚ ਮੈਨੂੰ ਆਪਣੀ ਹੋਣੀ ਦਾ ਪਤਾ ਲੱਗ ਜਾਵੇਗਾ, ਮੈਨੂੰ ਪਤਾ ਲੱਗ ਜਾਵੇਗਾ ਕਿ ਮੇਰੇ ਗ਼ੈਰ-ਜ਼ਮਾਨਤੀ ਤਾਂ ਨਹੀਂ ਕੱਢੇ ਮਤਲਬ ਹੈ ਕਿ ਇਸ ਤੋਂ ਬਾਅਦ ਮੈਂ ਭਾਰਤ ਤੋਂ ਬਾਹਰ ਨਹੀਂ ਜਾ ਸਕਦੀ। ਮੈਂ

*(ਬਾਕੀ ਅਗਲੇ ਸਫੇ 'ਤੇ)*

# ਗੁਜਰਾਤ ਹਿਮਾਚਲ ਚੋਣ ਨਤੀਜੇ ਅਤੇ ਆਮ ਲੋਕ

ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਧਾਨ ਸਭਾਵਾਂ ਚੋਣਾਂ ਦੇ ਨਤੀਜੇ ਪਿੰਡਾਂ ਦੀਆਂ ਸੱਥਾਂ ਤੋਂ ਸੱਤਾ ਦੇ ਗਲਿਆਰਿਆਂ ਤੱਕ ਚਰਚਾ ਦਾ ਵਿਸ਼ਾ ਹਨ। ਲੋਕਾਂ ਦੀ ਦਿਲਚਸਪੀ ਦਾ ਕਾਰਨ ਰਾਜਨੀਤਕ ਪਾਰਟੀਆਂ ਦੇ ਹਿੱਤਾਂ ਤੋਂ ਬਿਲਕੁੱਲ ਵੱਖਰਾ ਹੈ। ਨਤੀਜਿਆਂ ਨਾਲ ਭਾਜਪਾ, ਖਾਸਕਰ ਮੋਦੀ-ਸ਼ਾਹ ਖੇਮਾ ਇਸ ਕਰ ਕੇ ਖੁਸ਼ ਹੈ ਕਿ ਉਹਨਾਂ ਆਪਣਾ ਗੜ੍ਹ ਗੁਜਰਾਤ ਲਗਾਤਰ ਸੱਤਵੀਂ ਵਾਰ ਜਿੱਤ ਕੇ ਸੱਤਾ 'ਤੇ ਆਪਣੀ ਪਕੜ ਹੋਰ ਵਧਾ ਲਈ ਹੈ। ਕਾਂਗਰਸ ਆਗੂ ਖੁਸ਼ੀ ਮਨਾ ਰਹੇ ਹਨ ਕਿ ਖਿੰਡਾਅ ਵੱਲ ਵੱਧ ਰਹੀ ਉਹਨਾਂ ਦੀ ਪਾਰਟੀ ਨੂੰ ਹਿਮਾਚਲ ਦੀ ਜਿੱਤ ਸੰਜੀਵਨੀ ਬੂਟੀ ਦੇ ਰੂਪ ਵਿਚ ਮਿਲ ਗਈ ਹੈ। ਆਮ ਆਦਮੀ ਪਾਰਟੀ ਖੁਸ਼ ਹੈ ਕਿ



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਉਹ ਕੌਮੀ ਪਾਰਟੀ ਵਜੋਂ ਮਾਨਤਾ ਪ੍ਰਾਪਤ ਕਰ ਗਈ ਹੈ ਤੇ ਦਿੱਲੀ ਨਗਰ ਨਿਗਮ 'ਤੇ ਪਹਿਲੀ ਵਾਰ ਕਾਬਜ਼ ਹੋ ਗਈ ਹੈ ਪਰ ਵੱਡਾ ਸਵਾਲ ਇਹ ਹੈ ਕਿ ਇਹਨਾਂ ਚੋਣਾਂ/ਚੋਣ ਨਤੀਜਿਆਂ ਨਾਲ ਆਮ ਆਦਮੀ ਦਾ ਕੀ ਸੰਵਰਿਆ ਹੈ ਤੇ ਇਹ ਚੋਣਾਂ ਕਿੰਨੇ ਕੁ ਜਮਹੂਰੀ ਢੰਗ ਨਾਲ ਹੋਈਆਂ ਹਨ?

ਦੋਹਾਂ ਸੂਬਿਆਂ ਅਤੇ ਦਿੱਲੀ ਨਗਰ ਨਿਗਮ ਚੋਣਾਂ ਦੌਰਾਨ ਚਰਚਾ ਦਾ ਵਿਸ਼ਾ ਲੋਕ ਮੁੱਦੇ ਨਹੀਂ ਸਨ। ਕਿਸੇ ਵੀ ਰਾਜਨੀਤਕ ਪਾਰਟੀ ਨੇ ਬੇਰੁਜ਼ਗਾਰੀ, ਮਹਿੰਗਾਈ, ਸਿਹਤ ਸਹੂਲਤਾਂ, ਗਰੀਬ ਦੀ ਪਹੁੰਚ ਤੋਂ ਬਾਹਰ ਹੋ ਰਹੀ ਉੱਚ ਸਿੱਖਿਆ ਵਰਗੇ ਰੋਜ਼ਾਨਾ ਜ਼ਿੰਦਗੀ ਨਾਲ ਜੁੜੇ ਮੁੱਦਿਆਂ 'ਤੇ ਚਰਚਾ ਨਹੀਂ ਕੀਤੀ। ਧਰਮ ਅਤੇ ਜਾਤ ਨੂੰ ਆਧਾਰ ਬਣਾ ਕੇ ਲੜੀਆਂ ਗਈਆਂ ਇਹਨਾਂ ਚੋਣਾਂ ਦੌਰਾਨ ਮੁਫਤ ਸਹੂਲਤਾਂ ਦੇ ਫੋਕੇ ਐਲਾਨ, ਇੱਕ ਦੂਜੇ ਖਿਲਾਫ ਨੀਵੇਂ ਦਰਜੇ ਦੀ ਬਿਆਨਬਾਜ਼ੀ ਖੂਬ ਸੁਰਖੀਆਂ ਵਿਚ ਰਹੇ।

1960 ਵਿਚ ਹੋਂਦ ਵਿਚ ਆਏ ਗੁਜਰਾਤ ਦੀ ਸੱਤਾ 'ਤੇ ਦੋ ਹੀ ਪਾਰਟੀਆਂ ਮੁੱਖ ਰੂਪ 'ਚ ਕਾਬਜ਼ ਰਹੀਆਂ ਹਨ। ਤਿੰਨ ਦਹਾਕਿਆਂ ਤੋਂ ਭਾਜਪਾ ਗੁਜਰਾਤ ਦੀ ਸੱਤਾ 'ਤੇ ਕਾਬਜ਼ ਹੈ। ਗੁਜਰਾਤ ਭਾਜਪਾ ਦੀ ਉਹ ਨਰਸਰੀ ਹੈ ਜਿੱਥੋਂ ਬਹੁ ਗਿਣਤੀ ਦੇ ਹਿੱਤਾਂ ਦੀ ਰਾਜਨੀਤੀ ਵਿਚ ਘੱਟ-ਗਿਣਤੀ ਨੂੰ ਦਬਾਉਣ ਦਾ ਫਾਰਮੂਲਾ ਲਾਗੂ ਕੀਤਾ ਗਿਆ ਸੀ ਤੇ ਗੁਜਰਾਤ ਦਾ ਮੁੱਖ ਮੰਤਰੀ ਦੇਸ਼ ਦਾ ਪ੍ਰਧਾਨ ਮੰਤਰੀ ਅਤੇ ਗੁਜਰਾਤ ਦਾ ਗ੍ਰਹਿ ਮੰਤਰੀ ਦੇਸ਼ ਦਾ ਗ੍ਰਹਿ ਮੰਤਰੀ ਬਣਿਆ ਹੈ। ਇਸ ਵਾਰ ਗੁਜਰਾਤ ਚੋਣਾਂ ਭਾਜਪਾ ਨੇ ਹਿੰਦੂਤਵ ਦੇ ਪੱਤੇ ਦੇ ਨਾਲ-ਨਾਲ ਮੋਦੀ ਦੇ ਚਿਹਰੇ ਰਾਹੀਂ ਵੀ ਲੜੀਆਂ। ਗੁਜਰਾਤ ਚੋਣਾਂ ਵਿਚ ਭਾਜਪਾ ਦੀ ਲਗਾਤਾਰ ਸੱਤਵੀਂ ਵਾਰ ਵੱਡੀ ਜਿੱਤ ਨਾਲ ਭਾਜਪਾ ਅੰਦਰ ਅਤੇ ਬਾਹਰ, ਮੋਦੀ-ਸ਼ਾਹ ਜੋੜੀ ਦਾ ਪ੍ਰਭਾਵ ਵਧੇਗਾ। ਗੁਜਰਾਤ ਚੋਣਾਂ ਵਿਚ ਭਾਜਪਾ ਅਤੇ 'ਆਪ' ਦਾ ਚੋਣ ਪ੍ਰਚਾਰ ਢੰਗ ਲੱਗਭੱਗ ਇੱਕੋ ਜਿਹਾ ਸੀ। ਦੋਵਾਂ ਪਾਰਟੀਆਂ ਨੇ ਬਹੁ-ਗਿਣਤੀ ਨੂੰ ਖੁਸ਼ ਕਰਨ ਦਾ ਢੰਗ ਅਪਨਾਇਆ।

ਇਹ ਸਵਾਲ ਹਰ ਕਿਸੇ ਦੇ ਮਨ ਵਿਚ ਹੈ ਕਿ ਗੁਜਰਾਤ ਚੋਣਾਂ ਵਿਚ 'ਆਪ' ਨੇ ਕਿਸ ਪਾਰਟੀ ਦੀਆਂ ਵੋਟਾਂ ਨੂੰ ਖੋਰਾ ਲਾਇਆ। ਇਹ ਸਵਾਲ ਅੰਕੜਿਆਂ ਰਾਹੀਂ ਦੇਖਦੇ ਹਾਂ। ਗੁਜਰਾਤ ਵਿਚ 1995 ਤੋਂ ਭਾਜਪਾ ਦੀ ਸਰਕਾਰ ਹੈ ਪਰ ਇਸ ਵਾਰ ਦੀਆਂ ਚੋਣਾਂ ਨੂੰ ਛੱਡ ਕੇ ਇਹਨਾਂ 27 ਸਾਲਾਂ ਦੌਰਾਨ ਹੋਈਆਂ ਵਿਧਾਨ ਸਭਾ ਚੋਣਾਂ 'ਚ ਕਾਂਗਰਸ ਦੀਆਂ ਵੋਟਾਂ ਕਦੇ ਵੀ 40 ਫੀਸਦ ਤੋਂ ਹੇਠਾਂ ਨਹੀਂ ਗਈਆਂ। ਕਾਂਗਰਸ ਨੇ 2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ 41 ਫੀਸਦ ਵੋਟਾਂ ਹਾਸਲ ਕਰਦਿਆਂ 77 ਸੀਟਾਂ 'ਤੇ ਜਿੱਤ ਦਰਜ ਕੀਤੀ ਸੀ। ਇਸ ਵਾਰ ਆਮ ਆਦਮੀ ਪਾਰਟੀ ਦੇ ਚੋਣ ਲੜਨ ਨਾਲ ਕਾਂਗਰਸ ਦੀਆਂ ਵੋਟਾਂ 27.3 ਫੀਸਦ ਦੇ ਕਰੀਬ ਰਹੀਆਂ ਹਨ ਅਤੇ ਆਮ ਆਦਮੀ ਪਾਰਟੀ ਨੇ 12.9 ਫੀਸਦ ਦੇ ਕਰੀਬ ਵੋਟਾਂ ਹਾਸਲ ਕੀਤੀਆਂ ਹਨ। ਆਮ ਆਦਮੀ ਪਾਰਟੀ ਅਤੇ ਕਾਂਗਰਸ ਦੀਆਂ ਵੋਟਾਂ ਜੋੜੀਏ ਤਾਂ ਕਹਾਣੀ ਸਮਝ ਪੈਂਦੀ ਹੈ ਕਿ 'ਆਪ' ਨੇ ਕਿਸ ਪਾਰਟੀ ਦੀਆਂ ਵੋਟਾਂ ਨੂੰ ਸੰਨ੍ਹ ਲਾਈ ਹੈ। ਪੰਜਾਬ ਵਿਚ ਵੀ 2012 ਦੀ ਵਿਧਾਨ ਸਭਾ ਚੋਣ ਸਮੇਂ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਵਾਲੀ ਪੀਪਲਜ਼ ਪਾਰਟੀ ਆਫ ਪੰਜਾਬ ਕਾਰਨ ਅਜਿਹੀ ਸਥਿਤੀ ਪੈਦਾ ਹੋ ਗਈ ਸੀ।

ਹਕੀਕਤ ਇਹ ਹੈ ਕਿ ਚੋਣਾਂ 'ਚ ਜਮਹੂਰੀ ਕਦਰਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਗੈਰ ਬਹੁ-ਗਿਣਤੀ ਦੀਆਂ ਵੋਟਾਂ ਹਾਸਲ ਕਰਨ ਲਈ ਘੱਟ ਗਿਣਤੀਆਂ ਨੂੰ ਨੁੱਕਰੇ ਲਾਇਆ ਜਾਂਦਾ ਹੈ। ਭਾਜਪਾ ਹਕੂਮਤ ਨੇ ਚੋਣਾਂ ਤੋਂ ਐਨ ਪਹਿਲਾਂ ਬਿਲਕੀਸ ਬਾਨੋ ਸਮੂਹਿਕ ਬਲਾਤਕਾਰ ਦੇ ਦੋਸ਼ੀਆਂ ਦੀ ਸਜ਼ਾ ਮੁਆਫ ਕਰ ਕੇ ਉਹਨਾਂ ਨੂੰ ਜੇਲ੍ਹ ਤੋਂ ਬਾਹਰ



ਕੱਢਿਆ ਪਰ 'ਆਪ' ਅਤੇ ਕਾਂਗਰਸ ਨੇ ਬਹੁ-ਗਿਣਤੀ ਦੀਆਂ ਵੋਟਾਂ ਟੁੱਟਣ ਦੇ ਡਰੋਂ ਇਸ ਮਸਲੇ ਨੂੰ ਚੋਣਾਂ ਦੌਰਾਨ ਉਭਾਰਨ ਦਾ ਯਤਨ ਨਹੀਂ ਕੀਤਾ। ਮੁਸਲਿਮ ਭਾਈਚਾਰੇ ਦੀ ਸਥਿਤੀ ਇਹ ਹੈ ਕਿ ਗੁਜਰਾਤ ਵਿਚ ਮੁਸਲਿਮ ਵਸੋਂ 10 ਫੀਸਦ ਦੇ ਕਰੀਬ ਹੋਣ ਦੇ ਬਾਵਜੂਦ ਇਸ ਵਾਰ ਦੀ ਚੋਣ ਵਿਚ ਸਿਰਫ ਇੱਕ ਮੁਸਲਿਮ ਵਿਧਾਇਕ ਗੁਜਰਾਤ ਵਿਧਾਨ ਸਭਾ ਵਿਚ ਪਹੁੰਚਿਆ ਹੈ। ਵੋਟਾਂ ਦਾ ਧਰੁਵੀਕਰਨ ਇਸ ਕਦਰ ਹੋਇਆ ਹੈ ਕਿ 2002 ਦੌਰਾਨ ਗੁਜਰਾਤ ਵਿਚ ਹੋਏ ਕਤਲੇਆਮ ਦੇ ਦੋਸ਼ੀ ਠਹਿਰਾਏ ਗਏ ਮਨੋਜ ਕੁਕਰਾਨੀ ਦੀ ਧੀ ਨੂੰ ਭਾਜਪਾ ਨੇ ਚੋਣ ਮੈਦਾਨ ਵਿਚ ਉਤਾਰਿਆ ਸੀ ਅਤੇ ਉਹ ਵੱਡੇ ਫਰਕ ਨਾਲ ਆਪਣੀ ਸੀਟ ਜਿੱਤ ਗਈ। ਵੋਟਾਂ ਦੇ ਇਸ ਧਰੁਵੀਕਰਨ ਵਿਚ ਮੋਰਬੀ ਪੁਲ ਹਾਦਸਾ ਵੀ ਦਬ ਗਿਆ ਹਾਲਾਂਕਿ ਚੋਣਾਂ ਤੋਂ ਬਿਲਕੁੱਲ ਪਹਿਲਾਂ ਵਾਪਸੇ ਇਸ ਹਾਦਸੇ ਲਈ ਸੂਬਾ ਸਰਕਾਰ ਦੀ ਲਾਪ੍ਰਵਾਹੀ ਜ਼ਿੰਮੇਵਾਰ ਸੀ।

ਉੱਤਰ ਪ੍ਰਦੇਸ਼ ਵਿਚ ਮੁਲਾਇਮ ਸਿੰਘ ਯਾਦਵ ਦੀ ਮੌਤ ਤੋਂ ਬਾਅਦ ਖਾਲੀ ਹੋਈ ਮੈਨਪੁਰੀ ਲੋਕ ਸਭਾ ਸੀਟ ਡਿੰਪਲ ਯਾਦਵ ਨੇ ਜਿੱਤੀ ਲਈ ਹੈ ਤੇ ਖਤੌਲੀ ਵਿਧਾਨ ਸਭਾ ਸੀਟ ਤੋਂ ਵੀ ਆਰ.ਐਲ.ਡੀ.-ਸਮਾਜਵਾਦੀ ਪਾਰਟੀ ਗੱਠਜੋੜ ਜੇਤੂ ਰਿਹਾ ਹੈ ਪਰ ਹੈਰਾਨੀਜਨਕ ਇਹ ਹੈ ਕਿ ਉੱਤਰ ਪ੍ਰਦੇਸ਼ ਦੀ ਰਾਮਪੁਰ ਵਿਧਾਨ ਸਭਾ ਸੀਟ 'ਤੇ ਪਹਿਲੀ ਵਾਰ ਭਾਜਪਾ ਨੇ ਜਿੱਤ ਦਰਜ ਕੀਤੀ ਹੈ। ਲੱਗਭੱਗ 52 ਫੀਸਦ ਮੁਸਲਿਮ ਆਬਾਦੀ ਵਾਲੀ ਇਸ ਸੀਟ ਦੀ ਸਥਿਤੀ ਇਹ ਰਹੀ ਕਿ ਜ਼ਿਆਦਾਤਰ ਮੁਸਲਿਮ ਵੋਟਰ ਵੋਟ ਪਾਉਣ ਹੀ ਨਹੀਂ ਪਹੁੰਚੇ, ਸਿਰਫ 33 ਫੀਸਦੀ ਦੇ ਕਰੀਬ ਲੋਕਾਂ ਨੇ ਹੀ ਵੋਟ ਪਾਉਣ ਦੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ। ਇਸ ਹਲਕੇ ਵਿਚ ਮੁਸਲਮਾਨ ਜ਼ਿਆਦਾਤਰ ਸ਼ਹਿਰ ਵਿਚ ਰਹਿੰਦੇ ਹਨ, ਦਿਹਾਤੀ ਖੇਤਰ 'ਚ ਜ਼ਿਆਦਾਤਰ ਹਿੰਦੂ ਹਨ। ਰਾਮਪੁਰ ਸ਼ਹਿਰ ਦੇ ਮੁਸਲਮਾਨ ਬਹੁ-ਗਿਣਤੀ ਵਾਲੇ ਪੋਲਿੰਗ ਬੂਥਾਂ 'ਤੇ 23 ਫ਼ੀਸਦੀ ਵੋਟਾਂ ਪਈਆਂ, ਦਿਹਾਤੀ ਖੇਤਰ ਦੇ ਹਿੰਦੂ ਬਹੁ-ਗਿਣਤੀ ਵਾਲੇ ਬੂਥਾਂ 'ਤੇ 46 ਫ਼ੀਸਦੀ। ਰਾਮਪੁਰ ਹਲਕੇ ਦੇ 494 ਪੋਲਿੰਗ ਬੂਥਾਂ ਵਿਚੋਂ 45 ਪੋਲਿੰਗ ਬੂਥਾਂ 'ਤੇ 100 ਤੋਂ ਘੱਟ ਵੋਟਾਂ ਪਈਆਂ ਜਦਕਿ ਇੱਕ ਬੂਥ ਦੀ ਹਾਲਤ ਤਾਂ ਇਹ ਸੀ ਕਿ ਉੱਥੇ ਮਹਿਜ਼ 2.56 ਫੀਸਦ ਵੋਟਾਂ ਪਈਆਂ ਹਨ। ਇਸ ਵਿਧਾਨ ਸਭਾ ਹਲਕੇ ਦੇ ਮੁਸਲਿਮ ਬਹੁ-ਗਿਣਤੀ ਵਾਲੇ ਇਲਾਕੇ ਪੀਲਾ ਤਾਲਾਬ ਦੇ 7 ਬੂਥਾਂ 'ਤੇ ਸਿਰਫ 4 ਫ਼ੀਸਦੀ ਵੋਟਾਂ ਪਈਆਂ।

ਹਿਮਾਚਲ ਵਿਚ ਕਾਂਗਰਸ ਨੂੰ 40 ਅਤੇ ਭਾਜਪਾ ਨੂੰ 25 ਸੀਟਾਂ ਮਿਲੀਆਂ ਅਤੇ ਤਿੰਨ ਸੀਟਾਂ ਆਜ਼ਾਦ ਵਿਧਾਇਕਾਂ ਨੂੰ ਮਿਲੀਆਂ। ਹਿਮਾਚਲ ਵਿਚ ਕਾਂਗਰਸ ਦੀ ਸਰਕਾਰ ਬਣਨਾ ਕੋਈ ਹੈਰਾਨੀਜਨਕ ਨਹੀਂ ਕਿਉਂਕਿ ਇੱਥੇ ਦਹਾਕਿਆਂ ਤੋਂ 'ਉੱਤਰ ਕਾਟੋ ਮੈਂ ਚੜ੍ਹਾਂ' ਦੀ ਰਾਜਨੀਤੀ ਚੱਲ ਰਹੀ ਹੈ। ਇੱਥੇ ਹਰ ਪੰਜ ਸਾਲ ਬਾਅਦ ਸੱਤਾ ਚਲਾਉਣ ਵਾਲੀ ਪਾਰਟੀ ਬਦਲ ਜਾਂਦੀ ਹੈ ਜਾਂ ਇਹ ਕਹਿ ਸਕਦੇ ਹਾਂ ਕਿ ਲੋਕ ਇੱਕ ਪਾਰਟੀ ਤੋਂ ਅੱਕ ਕੇ ਉਸ ਨੂੰ ਹਰਾ ਦਿੰਦੇ ਹਨ ਤੇ ਦੂਜੀ ਪਾਰਟੀ ਦੀ ਸਰਕਾਰ ਬਣ ਜਾਂਦੀ ਹੈ।

ਭਾਰਤ ਬਹੁ-ਭਾਸ਼ਾਈ, ਬਹੁ-ਧਰਮੀ, ਬਹੁ-ਕੌਮਾਂ ਵਾਲਾ ਦੇਸ਼ ਹੈ ਤੇ ਇਹ ਜ਼ਰੂਰੀ ਨਹੀਂ ਕਿ ਸੂਬੇ ਵਿਚ ਸੱਤਾ ਹਾਸਲ ਕਰਨ ਲਈ ਵਰਤਿਆ ਫਾਰਮੂਲਾ ਹਰ ਸੂਬੇ ਵਿਚ ਚੰਗੇ ਨਤੀਜੇ ਮੁਹੱਈਆ ਕਰੇ। 'ਆਪ' ਨੇ ਪੰਜਾਬ ਵਿਚ ਸੱਤਾ ਹਾਸਲ ਕਰਨ ਸਮੇਂ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਮਾਰਦਿਆਂ ਸ਼ਹੀਦ ਭਗਤ ਸਿੰਘ ਦੀ ਪੈਰੋਕਾਰ ਪਾਰਟੀ ਹੋਣ ਦਾ ਬਿਰਤਾਂਤ ਸਿਰਜਿਆ, ਗੁਜਰਾਤ ਚੋਣਾਂ ਸਮੇਂ ਇਸ ਸਭ ਤੋਂ ਵੱਖਰਾ ਭਾਜਪਾ ਤੋਂ ਵੱਡੀ ਹਿੰਦੂਵਾਦੀ ਪਾਰਟੀ ਹੋਣ ਦਾ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਅਤੇ ਹਿਮਾਚਲ ਪ੍ਰਦੇਸ਼ ਵਿਚ ਵੱਡੀ ਰਾਸ਼ਟਰਵਾਦੀ ਪਾਰਟੀ ਹੋਣ ਦਾ ਬਿਰਤਾਂਤ ਸਿਰਜਣ ਦਾ ਯਤਨ ਕੀਤਾ।

ਇਹ ਵੀ ਸੱਚ ਹੈ ਕਿ ਉੱਤਰੀ ਭਾਰਤ ਦੇ ਇੱਕ ਹਿੱਸੇ ਵਿਚ ਭਾਜਪਾ ਦੀ ਹਿੰਦੂਤਵ ਵਾਲੀ ਰਾਜਨੀਤੀ ਆਪਣਾ ਰੰਗ ਨਹੀਂ ਦਿਖਾ ਰਹੀ। ਹਿਮਾਚਲ ਪ੍ਰਦੇਸ਼ ਵਿਚ ਕਾਂਗਰਸ ਦੀ ਜਿੱਤ ਦਾ ਮੁੱਖ ਕਾਰਨ ਕਾਂਗਰਸ ਦੀ ਲੀਡਰਸ਼ਿਪ ਜਾਂ ਉਸ ਦੀਆਂ ਨੀਤੀਆਂ ਨਹੀਂ ਬਲਕਿ ਹਿਮਾਚਲ ਦੇ ਲੋਕਾਂ ਨੇ ਭਾਜਪਾ ਨੂੰ ਹਰਾਇਆ ਹੈ ਤੇ ਹੋਰ ਕੋਈ ਠੋਸ ਬਦਲ ਨਾ ਹੋਣ ਕਾਰਨ ਕਾਂਗਰਸ ਨੂੰ ਚੁਣਿਆ ਹੈ। ਭਾਜਪਾ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਾ ਕਰਨ ਖਿਲਾਫ ਲਿਆ ਸਖਤ ਸਟੈਂਡ, ਫੌਜ ਵਿਚ ਸ਼ੁਰੂ ਕੀਤੀ ਅਗਨੀਵੀਰ ਯੋਜਨਾ, ਧੂਮਲ ਧੜੇ ਦੀ ਨਾਰਾਜ਼ਗੀ, ਜੀ.ਐੱਸ.ਟੀ. ਨੇ ਭਾਜਪਾ ਦੀ ਹਾਰ 'ਚ ਭੂਮਿਕਾ ਨਿਭਾਈ ਹੈ। ਹਿਮਾਚਲ ਟੂਰਿਜ਼ਮ ਹੱਬ ਹੈ ਅਤੇ ਭਾਜਪਾ/ਆਰ.ਐਸ.ਐਸ. ਕਾਰਕੁਨਾਂ ਵੱਲੋਂ ਲੋਕਾਂ ਦੇ ਖਾਣ-ਪੀਣ, ਪਹਿਰਾਵੇ ਸਮੇਤ ਵੱਖ-ਵੱਖ ਮਸਲਿਆਂ 'ਤੇ ਲਏ ਸਟੈਂਡ ਸੈਲਾਨੀਆਂ ਨੂੰ ਉਤਸ਼ਾਹਿਤ ਕਰਨ ਵਾਲੇ ਨਹੀਂ। ਦਿੱਲੀ ਨਗਰ ਨਿਗਮ ਦੀਆਂ 250 ਸੀਟਾਂ ਲਈ ਹੋਈਆਂ ਚੋਣਾਂ ਵਿਚ 'ਆਪ' ਨੇ 134, ਭਾਜਪਾ ਨੇ 104 ਅਤੇ ਕਾਂਗਰਸ ਨੇ 9 ਸੀਟਾਂ ਜਿੱਤੀਆਂ। ਭਾਜਪਾ 15 ਸਾਲਾਂ ਤੋਂ ਦਿੱਲੀ ਨਿਗਮ 'ਤੇ ਕਾਬਜ਼ ਸੀ। ਆਮ ਤੌਰ 'ਤੇ ਸੂਬੇ ਵਿਚ ਜਿਸ ਪਾਰਟੀ ਦੀ ਸਰਕਾਰ ਹੋਵੇ, ਉਹ ਨਗਰ ਨਿਗਮ, ਨਗਰ ਪਾਲਿਕਾ, ਪੰਚਾਇਤ, ਬਲਾਕ ਸਮਿਤੀ ਚੋਣਾਂ ਜਿੱਤ ਹੀ ਜਾਂਦੀ ਹੈ।

'ਆਪ' ਨੇ ਪੰਜਾਬ ਦੇ ਮੁੱਖ ਮੰਤਰੀ ਸਮੇਤ ਪੂਰੀ ਸਟੇਟ ਮਸ਼ੀਨਰੀ ਨੂੰ ਜਿਸ ਤਰ੍ਹਾਂ ਇਹਨਾਂ ਚੋਣਾਂ ਵਿਚ ਵਰਤਿਆ, ਉਹ ਪੁਰਾਣੀਆਂ ਰਵਾਇਤੀ ਪਾਰਟੀਆਂ ਤੋਂ ਕਿਸੇ ਗੱਲੋਂ ਵੀ ਵੱਖਰਾ ਨਹੀਂ ਸੀ। ਇਹ ਕਹਿਣਾ ਕੋਈ ਅਤਿ ਕਥਨੀ ਨਹੀਂ ਕਿ ਇਹਨਾਂ ਚੋਣਾਂ ਵਿਚ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਨੇ ਲੋਕ ਹਿੱਤਾਂ ਨੂੰ ਅਣਗੌਲਿਆਂ ਕਰ ਕੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਦੀ ਖੇਡ ਖੇਡੀ।

# ਜਿੱਥੇ ਨਿੱਤ ਦਿਨ ਦੇਸ਼ਭਗਤੀ ਦਾ ਇਮਤਿਹਾਨ ਦੇਣਾ ਪੈਂਦਾ...

*(ਪਿਛਲੇ ਸਫੇ ਦੀ ਬਾਕੀ)*

ਤੁਹਾਨੂੰ ਸੰਖੇਪ 'ਚ ਭਾਰਤ ਦੀ ਕਹਾਣੀ ਦੱਸਣ ਲਈ ਇਹ ਮੌਕਾ ਵਰਤ ਰਹੀ ਹਾਂ, ਮੇਰਾ ਮਤਲਬ ਹੈ ਕਿ ਇਹ ਵੱਡੀ ਕਹਾਣੀ ਹੈ। ਸੰਖੇਪ ਵਿਚ, ਇਸ ਲਈ ਜਦੋਂ ਮੈਂ ਇੱਥੋਂ ਵਿਦਾ ਹੋ ਜਾਵਾਂਗੀ... (ਵਿਰਾਮ)... ਤਾਂ ਮੈਂ ਜਾਣਦੀ ਹਾਂ ਕਿ ਤੁਹਾਡੇ ਵਿਚੋਂ ਕੁਝ ਇਹ ਕਹਾਣੀ ਸੁਣਾਉਣਗੇ ਜੋ ਦੁਨੀਆ ਨੂੰ ਤੁਰੰਤ ਸੁਣਾਉਣ ਦੀ ਲੋੜ ਹੈ। ਇਹ ਸਿਰਫ਼ ਮੁਸਲਿਮ ਘੱਟ-ਗਿਣਤੀ ਉੱਪਰ ਜ਼ੁਲਮਾਂ ਦੀ ਕਹਾਣੀ ਨਹੀਂ ਹੈ, ਇਹ ਭਾਰਤ ਦੀ ਕਹਾਣੀ ਹੈ, ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਜੋ ਫਾਸ਼ੀਵਾਦ ਦਾ ਰਾਜ ਬਣਦਾ ਜਾ ਰਿਹਾ ਹੈ। ਭਾਰਤ ਦਾ ਗ੍ਰਹਿ ਮੰਤਰੀ ਅਮਿਤ ਸ਼ਾਹ ਉਹ ਸ਼ਖ਼ਸ ਹੈ, ਬਦਕਿਸਮਤੀ ਨਾਲ ਅਤੇ ਖੁਸ਼ਕਿਸਮਤੀ ਨਾਲ ਜਿਸ ਨੂੰ ਮੈਂ ਆਪਣੀ ਛਾਣਬੀਣ ਰਾਹੀਂ, ਉਸ ਦੀਆਂ ਫ਼ੋਨ ਕਾਲਾਂ ਦਾ ਰਿਕਾਰਡ ਛਪਵਾ ਕੇ 2010 'ਚ ਜੇਲ੍ਹ ਦੀਆਂ ਸੀਖ਼ਾਂ ਪਿੱਛੇ ਬੰਦ ਕਰਵਾਇਆ ਸੀ। ਮੈਂ 25 ਕੁ ਸਾਲ ਦੀ ਸੀ ਅਤੇ ਫਿਰ ਮੈਂ ਆਪਣੇ ਸਰੀਰ 'ਤੇ 8 ਖ਼ੁਫ਼ੀਆ ਕੈਮਰੇ ਲਗਾ ਕੇ ਅਮਰੀਕਨ ਫਿਲਮ ਇੰਸਟੀਚਿਊਟ ਕੰਜ਼ਰਵੇਟਰੀ ਲਈ ਕਰਨ ਵਾਲੀ ਇਕ ਹਿੰਦੂ ਰਾਸ਼ਟਰਵਾਦੀ ਕੁੜੀ ਬਣ ਕੇ ਖੋਜ 'ਚ ਜੁਟ ਗਈ। ਮੈਂ ਭੇਸ ਵਟਾਇਆ ਹੋਇਆ ਸੀ ਅਤੇ ਮੈਂ ਖ਼ੁਦ ਮੋਦੀ ਸਮੇਤ ਉਸ ਦੀ ਸਰਕਾਰ ਦੇ ਸਾਰੇ ਉੱਚ ਅਧਿਕਾਰੀਆਂ ਨੂੰ ਮਿਲੀ, ਤੇ ਉਸ ਜਾਂਚ ਦੀ ਹੱਤਿਆ ਕਰ ਦਿੱਤੀ ਗਈ... ਭਾਰਤ ਦੇ ਲੱਗਭੱਗ ਹਰ ਪ੍ਰਕਾਸ਼ਕ ਅਤੇ ਸੰਪਾਦਕ ਨੂੰ ਮਿਲਣ ਤੋਂ ਬਾਅਦ (ਲੰਮਾ ਵਿਰਾਮ)... ਜਿਨ੍ਹਾਂ ਨੇ ਕਿਹਾ-ਰਾਣਾ, "ਇਹ ਲੀਹ ਤੋਂ ਹਟਵਾਂ ਕੰਮ ਹੈ। ਇਹ ਵਾਟਰਗੇਟ ਸਕੈਂਡਲ ਵਰਗਾ ਹੈ।" ਮੈਂ ਕਿਹਾ, "ਠੀਕ ਹੈ! ਤੁਹਾਨੂੰ ਇਸ ਨੂੰ ਛਾਪਣਾ ਚਾਹੀਦਾ ਹੈ।" "ਅਸੀਂ ਛਾਪ ਸਕਦੇ ਹਾਂ ਪਰ ਤੂੰ ਜਾਣਦੀ ਏਂ, ਇਹ ਚੀਜ਼ਾਂ ਕਿੰਨੀਆਂ ਮੁਸ਼ਕਿਲ ਹਨ।"

ਤੇ ਮੈਂ ਇਹ ਗੱਲ ਸਮਝਦੀ ਹਾਂ। ਭਾਰਤ ਵਿਚ ਹੁਣ ਸਾਡੇ ਕੋਲ ਸੁਤੰਤਰ ਪ੍ਰੈੱਸ ਨਹੀਂ ਹੈ। ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇ ਪ੍ਰਧਾਨ ਮੰਤਰੀ ਨੇ ਪਿਛਲੇ 8 ਸਾਲਾਂ ਵਿਚ ਇਕ ਵੀ ਪ੍ਰੈੱਸ ਕਾਨਫਰੰਸ ਨਹੀਂ ਕੀਤੀ। ਭਾਰਤ ਦੇ ਗ੍ਰਹਿ ਮੰਤਰੀ ਜੋ ਸਭ ਤੋਂ ਤਾਕਤਵਰ ਹੈ, ਨੇ ਹਾਲ ਹੀ ਵਿਚ ਕਿਹਾ ਹੈ ਕਿ 2002 ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਨਾਲ ਮੋਦੀ ਨੇ ਦੇਸ਼ ਵਿਰੋਧੀਆਂ ਨੂੰ ਸਬਕ ਸਿਖਾਇਆ ਸੀ! ਕੀ ਦੁਨੀਆ ਨੂੰ ਨਾਰਾਜ਼ਗੀ ਜ਼ਾਹਿਰ ਨਹੀਂ ਕਰਨੀ ਚਾਹੀਦੀ? ਮੈਂ ਹਮੇਸ਼ਾ ਇਹ ਸੋਚ ਕੇ ਹੈਰਾਨ ਹੁੰਦੀ ਹਾਂ ਕਿ ਨਾਰਾਜ਼ਗੀ ਜ਼ਾਹਿਰ ਕਰਨ ਲਈ ਦੁਨੀਆ ਕੀ ਉਡੀਕ ਰਹੀ ਹੈ। ਜਦੋਂ ਮੈਂ ਅਮਰੀਕਾ ਆਉਂਦੀ ਹਾਂ, ਜਦੋਂ ਮੈਂ ਦੁਨੀਆ ਘੁੰਮ ਰਹੀ ਹਾਂ ਤਾਂ ਦੁਨੀਆ ਉਸ ਨੂੰ ਸਮਝਣ ਲਈ ਕੀ ਉਡੀਕ ਰਹੀ ਹੋਵੇਗੀ ਜਿਸ ਨੂੰ ਅਸੀਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ, ਗਾਂਧੀ ਦਾ ਮੁਲਕ ਸਮਝਦੇ ਹਾਂ। ਪਰ ਇਸ ਸਮੇਂ ਤਾਂ ਉਸ ਦੇ ਕਾਤਲ, ਗਾਂਧੀ ਦੇ ਕਾਤਲ ਨੂੰ ਪੂਜਿਆ ਜਾ ਰਿਹਾ ਹੈ! ਲੋਕ ਉਸ ਦਾ ਬੁੱਤ ਲਗਾਉਣਾ ਚਾਹੁੰਦੇ ਹਨ। ਸਾਡੇ ਉੱਥੇ ਐਸਾ ਪ੍ਰਧਾਨ ਮੰਤਰੀ ਹੈ ਜੋ ਮੁਸਲਮਾਨਾਂ ਵਿਰੁੱਧ ਜ਼ਹਿਰ ਉਗਲਦਾ ਰਹਿੰਦਾ ਹੈ। ਇੱਥੇ ਤੁਸੀਂ ਸਾਰੇ ਗਊ ਮਾਸ ਖਾਂਦੇ ਹੋ... (ਦਰਸ਼ਕਾਂ ਨੂੰ ਸੰਬੋਧਤ ਹੁੰਦੇ ਹੋਏ), ਤਲਿਆ ਹੋਇਆ ਗਊ ਮਾਸ! ਭਾਰਤ ਵਿਚ ਤੁਹਾਨੂੰ ਗਊ ਮਾਸ ਖਾਣ 'ਤੇ ਮਾਰਿਆ ਜਾ ਸਕਦਾ ਹੈ, ਖ਼ਾਸਕਰ ਜੇਕਰ ਤੁਸੀਂ ਮੁਸਲਮਾਨ ਹੋ। ਮੋਦੀ ਸਰਕਾਰ ਦੇ ਪਿਛਲੇ 8 ਸਾਲਾਂ ਦੌਰਾਨ ਕਥਿਤ ਤੌਰ 'ਤੇ ਗਊ ਮਾਸ ਖਾਣ ਕਾਰਨ ਕਿੰਨੀ ਗਿਣਤੀ 'ਚ ਮੁਸਲਮਾਨਾਂ ਨੂੰ ਮਾਰਿਆ ਗਿਆ ਹੈ! ਤੇ ਇਹ ਸਿਰਫ਼ ਉਨ੍ਹਾਂ 'ਚੋਂ ਇਕ ਚੀਜ਼ ਹੈ ਜੋ ਭਾਰਤ ਦੀ ਮੁਸਲਿਮ ਘੱਟ-ਗਿਣਤੀ ਉੱਪਰ ਥੋਪੀਆਂ ਗਈਆਂ ਹਨ।

ਮੇਰੇ ਉੱਪਰ ਐਨਾ ਹਮਲਾ ਕਿਉਂ ਕੀਤਾ ਗਿਆ ਹੈ? ਕਿਉਂਕਿ ਬਦਕਿਸਮਤੀ ਨਾਲ ਤੇ ਖੁਸ਼ਕਿਸਮਤੀ ਨਾਲ, ਮੈਂ ਵੀ ਮੁਸਲਮਾਨ ਹਾਂ ਅਤੇ ਔਰਤ ਹਾਂ। ਮੈਂ ਬੋਲਣ ਦੀ ਹਿੰਮਤ ਕਿਵੇਂ ਕੀਤੀ? ਮੈਂ ਉਸ ਮੁਲਕ ਵਿਚ ਬੋਲਣ ਦੀ ਹਿੰਮਤ ਕਿਵੇਂ ਕਰਦੀ ਹਾਂ ਜਿੱਥੇ ਮੈਨੂੰ ਬਰਾਬਰੀ ਦਾ ਦਰਜਾ ਹੀ ਨਹੀਂ ਹੈ? ਮੈਂ ਐਸੇ ਮੁਲਕ ਵਿਚ ਬੋਲਣ ਦੀ ਹਿੰਮਤ ਕਿਵੇਂ ਕਰਦੀ ਹਾਂ ਜਦੋਂ ਮੈਂ ਮੁਲਕ ਦੀ ਦੂਜੇ ਦਰਜੇ ਦੀ ਨਾਗਰਿਕ ਹਾਂ? ਸੋ, ਮੈਂ ਇੱਥੇ ਅਮਰੀਕਾ ਵਿਚ ਹਾਂ, ਇਹ ਪੁਰਸਕਾਰ ਪ੍ਰਾਪਤ ਕਰ ਰਹੀ ਹਾਂ, ਅਜਿਹੇ ਸਮਿਆਂ 'ਚ ਵਿਚ ਘੱਟ ਇਕੱਲੀ ਮਹਿਸੂਸ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ ਜਦੋਂ ਮੈਂ ਬਹੁਤ ਇਕੱਲੀ ਮਹਿਸੂਸ ਕਰਦੀ ਹਾਂ। ਇਸ ਸਾਲ ਜਦੋਂ ਸਰਕਾਰ ਨੇ ਮੇਰੇ 'ਤੇ ਮਨੀ ਲਾਂਡਰਿੰਗ ਦੇ ਦੋਸ਼ ਲਗਾਏ ਤਾਂ ਭਾਰਤੀ ਮੀਡੀਆ ਨੇ ਮੈਨੂੰ ਸਿਰਫ਼ ਕਹਾਣੀ ਦੇ ਤੌਰ 'ਤੇ ਪੇਸ਼ ਕੀਤਾ, ਜਦੋਂ ਮੇਰੀ ਪੂਰੀ ਜ਼ਿੰਦਗੀ ਅਤੇ ਮੇਰੇ ਪੂਰੇ ਪਰਿਵਾਰ ਨੂੰ ਅਸੁਰੱਖਿਅਤ ਬਣਾ ਕੇ ਸਾਰਿਆਂ ਅੱਗੇ ਸੁੱਟ ਦਿੱਤਾ ਗਿਆ। ਮੇਰੇ ਘਰ ਦੇ ਐਨ ਸਾਹਮਣੇ ਟੈਲੀਵਿਜ਼ਨ ਕੈਮਰੇ ਫਿੱਟ ਕੀਤੇ ਹੋਏ ਸਨ ਜੋ ਕਹਿ ਰਹੇ ਸਨ, "ਅਸੀਂ ਰਾਣਾ ਅਯੂਬ ਦੇ ਘਰ ਦੇ ਪਹਿਲੇ ਦ੍ਰਿਸ਼ ਲੈ ਰਹੇ ਹਾਂ"। ਮੇਰੀ ਕੋਈ ਨਿੱਜੀ ਜ਼ਿੰਦਗੀ ਨਹੀਂ ਹੈ!

ਜਦੋਂ ਮੈਂ ਸੈਰ ਕਰਨ ਜਾਂਦੀ ਹਾਂ, ਮੈਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ... ਮੇਰੇ ਗੁਆਂਢੀ ਮੇਰੇ ਵੱਲ ਦੇਖਦੇ ਹਨ, ਮੈਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਹੈ ਕਿ ਉਹ ਮੇਰੇ ਬਾਰੇ ਅੰਦਾਜ਼ੇ ਲਗਾ ਰਹੇ ਹਨ? ਤੇ ਇਹ ਮੈਂ ਹਰ ਵਕਤ ਮਹਿਸੂਸ ਕਰਦੀ ਹਾਂ। ਮੇਰੇ ਦੋਵਾਂ ਭਰਾਵਾਂ ਦੀ ਨੌਕਰੀ ਮੇਰੇ ਪੱਤਰਕਾਰ ਬਣਨ ਕਰ ਕੇ ਚਲੀ ਗਈ। ਮੇਰੇ ਦੋਵੇਂ ਭਰਾ ਜੋ ਪ੍ਰਕਾਸ਼ਕ ਸਨ, ਹੁਣ ਦਫ਼ਤਰ ਨਹੀਂ ਜਾਂਦੇ ਕਿਉਂਕਿ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਉਹ ਮੇਰੇ ਭਰਾ ਹਨ। ਤੇ ਇਹ ਤੁਹਾਨੂੰ ਸਿਰਫ਼ ਸੰਖੇਪ 'ਚ ਦੱਸਣ ਲਈ ਹੈ ਕਿ ਇਸ ਸਮੇਂ ਭਾਰਤ ਵਿਚ ਮੇਰੇ ਨਾਲ ਕੀ ਹੋ ਰਿਹਾ ਹੈ। ਜਦੋਂ ਸਰਕਾਰ ਨੇ, ਮੋਦੀ ਸਰਕਾਰ ਦੇ ਮੰਤਰੀਆਂ ਨੇ ਇਕ ਅਸ਼ਲੀਲ ਵੀਡੀਓ 'ਚ ਮੇਰੀ ਤਸਵੀਰ ਲਗਾ ਕੇ ਬਣਾਈ ਜਾਅਲੀ ਵੀਡੀਓ ਦੇ ਸਕਰੀਨਸ਼ਾਟ ਪੂਰੇ ਮੁਲਕ 'ਚ ਫੈਲਾਏ ਤਾਂ ਲੋਕ ਸੋਸ਼ਲ ਮੀਡੀਆ 'ਤੇ ਪਾਏ ਮੇਰੇ ਫੋਨ ਨੰਬਰ, ਮੇਰੇ ਸਿਰਨਾਵੇਂ ਉੱਪਰ ਮੈਨੂੰ ਉਹ ਸਕਰੀਨਸ਼ਾਟ ਭੇਜ ਰਹੇ ਹਨ। ਮੋਦੀ ਦੀ ਪਾਰਟੀ ਦੇ ਬੁਲਾਰੇ ਨੇ ਟਵੀਟ ਕਰ ਕੇ ਕਿਹਾ ਕਿ ਮੁਹਤਰਮਾ ਜੀ ਇਹ ਤਾਂ ਦੱਸ ਦੇ, ਬਰਲਿਨ 'ਚ ਬੈਠੇ ਤੇਰੇ ਅੱਬਾ ਜਾਨ ਕਿੰਨੀਆਂ ਕੋਠੇ ਵਾਲੀਆਂ ਨਾਲ ਰੰਗਰਲੀਆਂ ਮਨਾ ਰਹੇ ਹਨ, ਜਦੋਂ ਕਿ ਮੇਰੇ ਅੱਬਾ ਕਦੇ ਮੁਲਕ ਤੋਂ ਬਾਹਰ ਗਏ ਹੀ ਨਹੀਂ। ਇਹ ਉਸ ਦੀ ਬਹੁਤ ਹੀ ਨਿੱਕੀ ਜਿਹੀ ਝਲਕ ਹੈ ਜਿਸ ਦਾ ਮੈਨੂੰ ਨਿੱਤ ਸਾਹਮਣਾ ਕਰਨਾ ਪੈਂਦਾ ਹੈ। ਜਦੋਂ ਮੇਰੀ ਕਿਤਾਬ 'ਗੁਜਰਾਤ ਫਾਈਲਾਂ' ਛਪੀ ਜੋ ਗੁਪਤ ਖੋਜ ਮਿਸ਼ਨ 'ਤੇ ਆਧਾਰਿਤ ਨਵੇਂ ਖ਼ੁਲਾਸੇ ਕਰਦੀ ਹੈ, ਤਾਂ ਮੇਰੀ ਸਹਿਕਰਮੀ ਗੌਰੀ ਲੰਕੇਸ਼ ਮੇਰੀ ਕਿਤਾਬ ਦਾ ਖੇਤਰੀ ਭਾਸ਼ਾ ਵਿਚ ਅਨੁਵਾਦ ਕਰਨਾ ਚਾਹੁੰਦੀ ਸੀ। ਉਸ ਨੇ ਕਿਹਾ, "ਰਾਣਾ, ਇਸ ਕਿਤਾਬ ਦਾ ਅਨੁਵਾਦ ਕਰੀਏ, ਇਸ ਕਿਤਾਬ ਨੂੰ ਬਾਹਰ ਲੈ ਕੇ ਜਾਈਏ।" ਤੇ ਮੈਂ ਕਿਹਾ, "ਕੀ ਤੁਹਾਨੂੰ ਯਕੀਨ ਹੈ?" ਤੇ ਉਸ ਨੇ ਕਿਹਾ, "ਹਾਂ!" ਤੇ ਉਦੋਂ ਭਾਰਤ ਸਰਕਾਰ ਮੈਨੂੰ ਬੇਥਾਹ ਨਫ਼ਰਤ ਪਰੋਸ ਰਹੀ ਸੀ। ਉਸ ਨੇ ਮੈਨੂੰ ਫੋਨ ਕਰਕੇ ਪੁੱਛਿਆ, "ਤੂੰ ਠੀਕ ਏਂ?" ਮੈਂ ਕਿਹਾ, "ਹਾਂ ਮੈਂ ਠੀਕ ਹਾਂ।" ਉਸ ਨੇ ਕਿਹਾ, "ਇਹ ਬੇਵਕੂਫ਼ ਲੋਕ ਨੇ, ਇਹ ਕਾਗਜ਼ੀ ਸ਼ੇਰ ਹਨ। ਪਰੇਸ਼ਾਨ ਨਾ ਹੋਵੀਂ।" ਅਗਲੇ ਦਿਨ ਉਸ ਨੂੰ ਉਸ ਦੇ ਘਰ ਦੇ ਬਾਹਰ ਗੋਲੀ ਮਾਰ ਦਿੱਤੀ ਗਈ। (ਵਿਰਾਮ)... ਤੁਸੀਂ ਇਹ ਕਹਾਣੀਆਂ ਨਹੀਂ ਜਾਣਦੇ ਅਤੇ ਉਹ ਕਾਤਲ ਅਜੇ ਵੀ ਬਾਹਰ ਹਨ। ਮੈਂ ਭਾਰਤ ਬਾਰੇ ਹੋਰ ਗੱਲਬਾਤ ਕਰ ਸਕਦੀ ਹਾਂ ਪਰ ਮੈਂ ਮਹਿਸੂਸ ਕਰਦੀ ਹਾਂ ਕਿ ਮੈਂ ਸੰਪਾਦਕਾਂ ਨਾਲ ਭਰੇ ਕਮਰੇ ਵਿਚ ਬੈਠੀ ਹਾਂ ਅਤੇ ਮੈਨੂੰ ਯਕੀਨ ਹੈ ਕਿ ਤੁਸੀਂ ਭਾਰਤ ਦੀਆਂ ਕਹਾਣੀਆਂ ਨੂੰ ਸਾਹਮਣੇ ਲਿਆਉਣ ਲਈ ਪੂਰਾ ਤਾਣ ਜ਼ਰੂਰ ਲਗਾਓਗੇ। ਮੈਂ ਸੱਚਮੁੱਚ ਵਿਸ਼ਵਾਸ ਕਰਦੀ ਹਾਂ ਅਤੇ ਮੈਨੂੰ ਤੁਹਾਡੇ 'ਚ ਸੱਚਮੁੱਚੀਂ ਭਰੋਸਾ ਹੈ।... ਪਿਛਲੇ ਦੋ ਮਹੀਨੇ ਥਕਾ ਦੇਣ ਵਾਲੇ ਰਹੇ ਹਨ ਅਤੇ ਮੈਂ ਦਰਅਸਲ ਵਿਸ਼ਵਾਸ ਉੱਠ ਜਾਣ ਦੇ ਕੰਢੇ 'ਤੇ ਪਹੁੰਚ ਚੁੱਕੀ ਹਾਂ ਕਿ ਦੁਨੀਆ ਭਾਰਤ ਬਾਰੇ ਕੀ ਕਰ ਸਕਦੀ ਹੈ ਪਰ ਅਸੀਂ ਇੱਥੇ ਪੱਤਰਕਾਰ ਬੈਠੇ ਹਾਂ ਜੋ ਸਿਰਦਰਦੀ ਪੈਦਾ ਕਰਨ ਵਾਲੇ ਸਮਝੇ ਜਾਂਦੇ ਹਾਂ... ਜਿਵੇਂ ਮੇਰਾ ਮੰਨਣਾ ਹੈ, ਮੈਂ ਬਹੁਤ ਸਾਰੇ ਲੋਕਾਂ ਲਈ ਸਿਰਦਰਦੀ ਹਾਂ। ਜਦੋਂ ਮੈਂ ਇੱਥੇ ਆਪਣਾ ਭਾਸ਼ਣ ਦੇਣ ਲਈ ਆ ਰਹੀ ਸੀ ਤਾਂ ਮੇਰੀ ਅੰਮੀ ਨੇ ਪਤੈ ਮੈਨੂੰ ਕੀ ਕਿਹਾ, "ਥੋੜ੍ਹਾ ਸੋਚ-ਸਮਝ ਕੇ ਬੋਲਣ ਦੀ ਕੋਸ਼ਿਸ਼ ਕਰੀਂ। ਜੋ ਮੂੰਹ ਆਉਂਦਾ, ਉਹ ਸਾਰਾ ਕੁਝ ਨਾ ਬੋਲਦੀ ਰਹੀਂ।" (ਦਰਸ਼ਕ ਹੱਸਦੇ ਹਨ)...।

ਬਦਕਿਸਮਤੀ ਨਾਲ ਮੈਂ ਇਸ ਤਰ੍ਹਾਂ ਦੀ ਹਾਂ ਅਤੇ ਇਸੇ ਕਰ ਕੇ ਮੈਨੂੰ ਮਹਿਸੂਸ ਹੋਇਆ ਕਿ ਮੈਨੂੰ ਬਹੁਤ ਸਾਰੀਆਂ ਅਧਿਕਾਰਤ ਮੀਟਿੰਗਾਂ ਨਹੀਂ ਕਰਨੀਆਂ ਚਾਹੀਦੀਆਂ ਪਰ ਮੈਨੂੰ ਇੱਥੇ ਸੱਦਣ ਲਈ ਤੁਹਾਡਾ ਧੰਨਵਾਦ, ਮੈਨੂੰ ਆਪਣੇ ਦਿਲ ਦੀਆਂ ਗੱਲਾਂ ਕਰਨ ਦੇਣ ਲਈ ਤੁਹਾਡਾ ਧੰਨਵਾਦ, ਮੇਰਾ ਇਕਲਾਪੇ ਅਤੇ ਅਲੱਗ-ਥਲੱਗ ਹੋਣ ਦਾ ਅਹਿਸਾਸ ਘਟਾਉਣ ਲਈ ਤੁਹਾਡਾ ਧੰਨਵਾਦ ਜਿੱਥੇ ਇਕ ਸਮਾਂ ਅਜਿਹਾ ਸੀ ਕਿ ਜਦੋਂ ਮੈਂ ਮੁਲਕ ਵਿਚ ਵਾਪਸ ਜਾਂਦੀ ਸੀ ਜਿੱਥੇ ਮੇਰੇ ਦੋਸਤ ਜੋ ਪਹਿਲਾਂ ਮੈਨੂੰ ਕੌਫ਼ੀ ਦੀ ਸ਼ਾਪ 'ਚ ਕੌਫ਼ੀ ਪੀਣ ਲਈ ਬੁਲਾਉਂਦੇ ਸਨ, ਹੁਣ ਮੈਨੂੰ ਘਰ 'ਚ ਬੁਲਾਉਂਦੇ ਹਨ। ਉਹ ਕਹਿੰਦੇ ਹਨ, "ਘਰ ਆ ਜਾ।" ਮੈਨੂੰ ਪਤਾ ਹੈ ਕਿ ਉਹ ਅਜਿਹਾ ਕਿਉਂ ਕਰਦੇ ਹਨ। ਉਹ ਮੇਰੇ ਨਾਲ ਜਨਤਕ ਤੌਰ 'ਤੇ ਨਜ਼ਰ ਨਹੀਂ ਆਉਣਾ ਚਾਹੁੰਦੇ। ਮੈਂ ਤੁਹਾਨੂੰ ਨਹੀਂ ਦੱਸ ਸਕਦੀ ਕਿ ਇਹ ਕਿੰਨੀ ਅਲੱਗ-ਥਲੱਗ ਹੋਣ ਵਾਲੀ ਹਾਲਤ ਹੈ... ਆਪਣੇ ਹੀ ਮੁਲਕ ਵਿਚ ਮੁਜਰਿਮ ਵਾਂਗ ਰਹਿਣਾ – ਇਕ ਅਜਿਹਾ ਮੁਲਕ ਜੋ ਨਿੱਤ ਮੈਨੂੰ ਦੇਸ਼ਪ੍ਰੇਮ ਦਾ ਇਮਤਿਹਾਨ ਦੇਣ ਲਈ ਕਹਿੰਦਾ ਰਹਿੰਦਾ ਹੈ। ਕਾਸ਼! ਮੈਂ ਆਪਣਾ ਦਿਲ ਪਾੜ ਕੇ ਦਿਖਾ ਸਕਦੀ। ਸੋ, ਤੁਹਾਡਾ ਬਹੁਤ ਬਹੁਤ ਧੰਨਵਾਦ। ਮੇਰੀ ਕਹਾਣੀ ਸੁਣਨ ਲਈ ਮੈਂ ਸੱਚਮੁੱਚੀਂ ਤੁਹਾਡੀ ਤਾਰੀਫ਼ ਕਰਦੀ ਹਾਂ ਅਤੇ ਤੁਹਾਡਾ ਬਹੁਤ ਬਹੁਤ ਧੰਨਵਾਦ, ਮੇਰੇ ਇਹ ਪੰਜ ਮਿੰਟ... (ਮੁਸਕਰਾਉਂਦੇ ਹੋਏ)... ਮੇਰੇ ਲਈ ਬਹੁਤ ਮਾਇਨੇ ਰੱਖਦੇ ਹਨ। ਧੰਨਵਾਦ!

# ਡੂੰਘੇ ਦਰਦ ਦਰਿਆਵਾਂ ਦੇ-ਇਕ ਸਾਹਿਤਕ ਪੜਚੋਲ

## ਸਦੀ ਦੇ ਸੱਤਰਵਿਆਂ ਦੇ ਦਹਾਕੇ ਤੋਂ ਪੰਜਾਬੀ ਕਵਿਤਾ

ਵਿਸ਼ੇਸ਼ ਕਰਕੇ ਜੁਝਾਰਵਾਦੀ ਕਵਿਤਾ ਵਿਚ ਸਪੱਸ਼ਟ ਰੂਪ ਵਿਚ ਕਿਸਾਨ-ਮਜ਼ਦੂਰ ਪ੍ਰਤੀ ਡੂੰਘੀ ਹਮਦਰਦੀ ਅਤੇ ਸਰੋਕਾਰਾਂ ਦਾ ਪ੍ਰਗਟਾਵਾ ਕੀਤਾ ਗਿਆ। ਨਾ ਸਿਰਫ਼ ਲੁੱਟ-ਪ੍ਰਬੰਧ ਖਸੁੱਟ ਅਤੇ ਜਬਰ ਤੋਂ ਛੁਟਕਾਰਾ ਪਾਉਣ ਲਈ ਸਮੂਹਿਕ ਯਤਨਾਂ ਦੀ ਲੋੜ ਨੂੰ ਰੇਖਾਂਕਿਤ ਕੀਤਾ, ਸਗੋਂ ਇਹ ਵੀ ਦੱਸਿਆ ਗਿਆ ਕਿ ਜਨਤਕ-ਹਥਿਆਰਬੰਦ ਇਨਕਲਾਬ ਹੀ ਇੱਕੋ ਇੱਕ ਮਾਰਗ ਹੈ। ਇਹ ਸਵਾਲ ਵੀ ਉਠਦਾ ਆ ਰਿਹਾ ਹੈ ਕਿ ਮੱਧ ਵਰਗ ਨੂੰ ਠੋਸ ਫੈਸਲਾ ਕਰਨਾ ਪੈਣਾ ਹੈ ਕਿ ਉਹ ਇਸ ਸੰਘਰਸ਼

ਕਰਮ ਬਰਸਟ

ਵਿਚ ਕਿਹੜੀ ਧਿਰ ਦੇ ਸੰਗੀ ਹਨ?

ਡਾ. ਮੇਹਰ ਮਾਣਕ ਦੀ ਕਾਵਿ ਪੁਸਤਕ "ਡੂੰਘੇ ਦਰਦ ਦਰਿਆਵਾਂ ਦੇ" ਦਾ ਪਾਠ ਕਰਦਿਆਂ, ਤੀਬਰਤਾ ਨਾਲ ਮਹਿਸੂਸ ਹੰਦਾ ਹੈ ਕਿ ਉਹ ਲਕੀਰ ਦੇ ਕਿਹੜੇ ਪਾਸੇ ਖੜ੍ਹੇ ਹਨ। ਉਸ ਦੀਆਂ ਕਵਿਤਾਵਾਂ ਵਿਚ ਜਨਤਾ ਦੇ ਦਰਦਾਂ ਦਾ ਉਘੜਵਾਂ ਪ੍ਰਗਟਾਵਾ ਮਿਲਦਾ ਹੈ। ਕਿਸੇ ਵੇਲੇ ਲੋਕਾਂ ਦੀ ਅੰਤਮ ਮੁਕਤੀ ਲਈ ਲੜਨ ਵਾਲਿਆਂ ਦੀ ਗੈਰ ਸਰਗਰਮੀ, ਵਿਵਸਥਾ ਨਾਲ ਸਾਂਝ ਅਤੇ ਹੋਰ ਕਮਜ਼ੋਰੀਆਂ 'ਤੇ ਉਂਗਲ ਰੱਖਦੇ ਹੋਏ, ਖੁਦ ਵਰਗੀਆਂ ਨਵੀਆਂ ਸ਼ਕਤੀਆਂ ਨੂੰ ਚਿੰਨ੍ਹਤ ਵੀ ਕੀਤਾ ਗਿਆ ਹੈ। ਉਨ੍ਹਾਂ ਤਾਕਤਾਂ ਨੂੰ ਵੀ ਬੇਨਕਾਬ ਕੀਤਾ ਗਿਆ ਹੈ, ਜੋ ਲੋਕਾਂ ਦੀ ਦੁਰਦਸ਼ਾ ਲਈ ਜ਼ਿੰਮੇਵਾਰ ਹਨ।

"ਵਿਚ ਖ਼ੁਸ਼ਹਾਲੀ ਦਿਸੇ ਕੰਗਾਲੀ ਲੱਖਾਂ ਪਰਦੇ ਕੱਜਿਆਂ

ਸੱਜਣ ਬਣ ਆਏ ਨੇ ਨਵੇਂ ਲੁਟੇਰੇ ਕਿਉਂ ਨਾ ਨਕਾਬ ਉਤਾਰਾਂ।

ਕਲਮਾਂ ਵਿਕੀਆਂ ਸਿਆਹੀ ਸੁੱਕੀ ਕਾਗਜ਼ ਹੋ ਗਏ ਗੰਧਲ਼ੇ

ਮੈਂ ਨਹੀਂ ਹਾਂ ਹੋਰਾਂ ਵਰਗਾ ਤੇ ਕਿਉਂ ਨਾ ਲਫਜ਼ ਉਚਾਰਾਂ।"

(ਪੰਨਾ-37)


ਮਾਣਕ ਦੀ ਕਵਿਤਾ ਬਾਰੇ ਟਿੱਪਣੀ ਕਰਦਿਆਂ ਡਾ. ਸੁਰਜੀਤ ਬਰਾੜ ਨੇ ਹੱਥਲੀ ਪੁਸਤਕ ਦੀ ਭੂਮਿਕਾ ਵਿਚ ਉਸਨੂੰ ਚੇਤੰਨ ਅਤੇ ਪ੍ਰਤੀਬੱਧ ਕਵੀ ਕਿਹਾ ਹੈ... ਜਿੱਥੇ ਉਸ ਦੀਆਂ ਰਚਨਾਵਾਂ ਲੋਕਾਂ ਨੂੰ ਚੇਤਨਾ ਦੇਣ ਦਾ ਕਾਰਜ ਕਰਦੀਆਂ ਹਨ, ਉੱਥੇ ਉਹ ਖੁਦ ਵੀ ਸਮਾਜ 'ਚ ਆਪਣੀ ਸਰਗਰਮ ਦਖ਼ਲਅੰਦਾਜ਼ੀ ਕਰਦਾ ਹੈ। ਮੇਹਰ ਮਾਣਕ ਜੋ ਕਹਿੰਦਾ ਹੈ, ਉਹ ਕਰਦਾ ਵੀ ਹੈ। ਇਹ ਹੈ ਉਸਦੀ ਵਿਚਾਰਧਾਰਕ ਪ੍ਰਤੀਬੱਧਤਾ।" ਧਰਮ ਸਿੰਘ ਕੰਮੇਆਣਾ ਦਾ ਕਥਨ ਹੈ, "ਲੋਕ ਘੋਲਾਂ 'ਚੋਂ ਉੱਭਰਿਆ ਇਹ ਕਵੀ ਲੋਕਾਂ ਦੀ ਗੱਲ ਲੋਕ ਬੋਲੀ ਵਿਚ ਕਰਦਾ ਹੈ, ਜੋ ਪਾਠਕ/ ਸਰੋਤੇ ਨਾਲ ਸਿੱਧਾ ਰਾਬਤਾ ਬਣਾ ਲੈਂਦੀ ਹੈ।"

ਡਾ. ਮਾਣਕ ਦੀ ਕਵਿਤਾ ਦਾ ਇੱਕ ਮੁੱਖ ਰੁਝਾਨ ਇਹ ਹੈ ਕਿ ਇਸ ਵਿਚ ਜਗੀਰੂ, ਪੂੰਜੀਵਾਦੀ ਅਤੇ ਸਾਮਰਾਜਵਾਦੀ ਸ਼ੋਸ਼ਣ ਸ਼ਕਤੀ ਦਾ ਨਿਰੰਤਰ ਵਿਰੋਧ ਦਿਖਾਈ ਦਿੰਦਾ ਹੈ। ਨਿਰਸੰਦੇਹ ਜਿਹੜੇ ਕਵੀ ਕਿਰਤੀ ਲੋਕਾਂ ਦੀ ਹਮਾਇਤ ਵਿਚ ਖੜ੍ਹੇ ਹੁੰਦੇ ਹਨ, ਉਨ੍ਹਾਂ ਦੀਆਂ ਕਵਿਤਾਵਾਂ ਵਿਚ ਸ਼ੋਸ਼ਣ ਕਰਨ ਵਾਲੀਆਂ ਜਮਾਤਾਂ ਦਾ ਵਿਰੋਧ ਹੋਣਾ ਸੁਭਾਵਿਕ ਹੈ। ਸਪੱਸ਼ਟ ਹੈ ਕਿ ਉਹ ਸਰਮਾਏਦਾਰੀ, ਜਗੀਰਦਾਰੀ ਅਤੇ ਸਾਮਰਾਜਵਾਦ ਦਾ ਵਿਰੋਧ ਵੀ ਲਾਜ਼ਮੀ ਕਰਨਗੇ। ਇਹੀ ਉਹ ਤਾਕਤਾਂ ਹਨ ਜੋ ਲੁੱਟ, ਜਬਰ, ਫਾਸੀਵਾਦ, ਫਿਰਕਾਪ੍ਰਸਤੀ, ਵਾਤਾਵਰਣ ਦੀ ਤਬਾਹੀ, ਸਰਮਾਇਆ ਮੁਖੀ ਵਿਕਾਸ ਅਤੇ ਦੇਸ਼ ਦੀ ਨਵੀਂ ਕਿਸਮ ਦੀ ਗੁਲਾਮੀ ਦਾ ਵਾਹਨ ਹਨ। ਇਨ੍ਹਾਂ ਤੋਂ ਛੁਟਕਾਰਾ ਪਾਉਣ ਦਾ ਇੱਕੋ ਇੱਕ ਰਸਤਾ ਇਨ੍ਹਾਂ ਦਾ ਮੁਕੰਮਲ ਵਿਨਾਸ਼ ਹੈ। ਹੇਠ ਦਿੱਤਾ ਕਾਵਿ ਟੁਕੜਾ ਇਸ ਗੱਲ ਦੀ ਗਵਾਹੀ ਭਰਦਾ ਹੈ:

ਇਹ ਨਗਰ ਜਿਸਦੀ ਨੇ ਕਾਢ
ਮੇਰੇ ਚਾਅ ਤੇ ਗਰਾਂ ਨੂੰ ਲਾ ਗਏ ਵਾਢ
ਉਸ ਤੇ ਚੱਲ ਉੱਠ ਹੁਣ ਉਂਗਲ ਧਰੀਏ
ਚੜ੍ਹੇ ਹੜ੍ਹੱਲੂ ਦਾ ਕੋਈ ਬੰਨ੍ਹ ਸੁਭ ਕਰੀਏ
ਕਿਤੇ ਤਾਂ ਇਸਨੂੰ ਰੋਕਣਾ ਪੈਣਾ ਹੈ ਟੋਕਣਾ ਪੈਣਾ ਹੈ
ਚੱਲ ਇਕ ਦੂਜੇ ਦੀ ਉਂਗਲ ਫੜੀਏ
ਆਪਣੇ ਪੈਰਾਂ 'ਤੇ ਕਿਉਂ ਨਾ ਉੱਠ ਖੜੀਏ
ਬੰਦਿਆਂ ਦੀ ਤਰਾਂ।

(ਪੰਨਾ-102)

ਮੇਹਰ ਮਾਣਕ ਦੀ ਕਵਿਤਾ ਦੇ ਕਈ ਪਰਿਪੇਖ ਹਨ। ਪਿਆਰ, ਸਮਾਜਿਕ ਤਬਦੀਲੀ,




ਸਾਬਕਾ ਪ੍ਰਗਤੀਸ਼ੀਲ ਵਿਅਕਤੀਆਂ ਅੰਦਰ ਫੈਲੀ ਨਿਰਾਸ਼ਤਾ, ਉਨ੍ਹਾਂ ਵਿਚੋਂ ਅਨੇਕਾਂ ਦਾ ਵਿਵਸਥਾ ਦੇ ਪੌਡੇ ਬਣ ਜਾਣਾ, ਫਿਰਕਾਪ੍ਰਸਤ ਤਾਕਤਾਂ ਦਾ ਉਭਾਰ ਅਤੇ ਇਸ ਹਿੰਦੂਤਵੀ ਜਨੂੰਨੀ ਉਭਾਰ ਵਿਚ ਦਮਿਤ ਵਰਗਾਂ ਦੀ ਵਧ ਰਹੀ ਸ਼ਮੂਲੀਅਤ ਚਿੰਤਾ ਦਾ ਸਬੱਬ ਹੈ।

ਇਸ ਪੂਰੀ ਕਾਵਿ ਪੁਸਤਕ ਵਿਚ 'ਦਰਿਆ' ਨਿਰੰਤਰ ਰੂਪ ਵਿਚ ਵਿਆਪਤ ਹੈ। ਕਿਤੇ ਇਹ ਪ੍ਰੇਮੀ-ਪ੍ਰੇਮਿਕਾ, ਕਿਤੇ ਵਗਦੀ ਜ਼ਿੰਦਗੀ ਅਤੇ ਕਿਤੇ ਪਿਛਾਖੜੀ ਸ਼ਕਤੀਆਂ ਦਾ ਰੂਪ ਅਖਤਿਆਰ ਕਰਦਾ ਹੈ। ਦੇਖਿਆ ਜਾਵੇ ਤਾਂ ਸਮੁੱਚੇ ਵਿਸ਼ਵ ਦੇ ਅਤੇ ਖਾਸ ਕਰਕੇ ਪੰਜਾਬੀ ਸਾਹਿਤ ਵਿਚ ਦਰਿਆ ਇਕ ਚਿਹਨ (ਮੋਟਿਫ) ਦੇ ਰੂਪ ਵਿਚ ਫੈਲਿਆ ਹੋਇਆ ਹੈ। ਰੂਸੀ ਸਾਹਿਤ ਡਾਨ ਅਤੇ ਪੰਜਾਬੀ ਸਾਹਿਤ ਝਨਾਂ ਦੇ ਵਰਣਨ ਤੋਂ ਬਿਨਾ ਅਧੂਰੇ ਪ੍ਰਤੀਤ ਹੁੰਦੇ ਹਨ। ਮਾਣਕ ਦੀ ਪੁਸਤਕ ਦਾ ਸਿਰਲੇਖ 'ਡੂੰਘੇ ਦਰਦ ਦਰਿਆਵਾਂ ਦੇ' ਹੀ ਇਸ ਗੱਲ ਦਾ ਲਖਾਇਕ ਹੈ ਕਿ ਦਰਿਆ ਇਕ ਥੀਮ ਵਜੋਂ ਨਿਰੰਤਰ ਵਿਦਮਾਨ ਹੈ। ਰਾਵੀ, ਸਤਲੁਜ ਤੋਂ ਪਾਰ, ਜਿਹਲਮ, ਤੇਰੇ ਬਿਨ, ਗੱਲ ਕੋਈ ਕਰੀਏ, ਡੂੰਘੇ ਦਰਦ ਦਰਿਆਵਾਂ ਦੇ ਅਤੇ ਚੰਬਲ ਆਦਿ ਕਵਿਤਾਵਾਂ ਮੈਨੂੰ ਸਭ ਤੋਂ ਖ਼ੂਬਸੂਰਤ ਲੱਗੀਆਂ ਹਨ। ਇਨ੍ਹਾਂ ਵਿਚ ਪੇਸ਼ ਹੋਈ ਮੁਹੱਬਤ ਦੀ ਸੁਰ ਮਨੁੱਖੀ ਭਾਵਨਾਵਾਂ ਨੂੰ ਭਟਕਾਉਂਦੀ ਨਹੀਂ, ਸਗੋਂ ਮੁਹੱਬਤ ਥੀਮ ਬੋਲਾਂ ਰਾਹੀਂ ਰੂਪਮਾਨ ਹੁੰਦੀ ਹੈ। ਅਧੂਰੀ ਮੁਹੱਬਤ ਦਾ ਪ੍ਰਗਟਾਵਾ ਨਿਰਾਸ਼ ਨਹੀਂ ਕਰਦਾ, ਨਿਹੋਰੇ ਨਹੀਂ ਮਾਰਦਾ ਸਗੋਂ ਜ਼ਿੰਦਗੀ ਨੂੰ ਜਿਊਣ ਲਈ ਪ੍ਰੇਰਤ ਕਰਦਾ ਹੈ। ਰਾਵੀ ਨੂੰ ਸੰਬੋਧਨ ਕਰਦਿਆਂ ਕਵੀ ਉਸਦੀ ਸਦੀਵੀ ਛਾਪ ਦੀ ਗੱਲ ਕਰਦਾ ਹੈ:

ਤੂੰ ਤਾਂ ਮੇਰੇ ਸੰਗ ਰਹਿੰਨੀ ਏਂ
ਕੰਢਿਆਂ ਤੋਂ ਦੀ ਅਕਸਰ ਵਹਿਨੀ ਏਂ
**************************
ਤੇਰੀਆਂ ਲਹਿਰਾਂ ਦੀਆਂ ਪੈੜਾਂ ਮੇਰੇ ਸੀਨੇ ਉੱਤੇ ਨੇ ਛਪੀਆਂ
ਬੜੇ ਤੂਫ਼ਾਨ ਗੁਜ਼ਰੇ ਇਸ ਉੱਤੋਂ ਪਰ ਫੇਰ ਵੀ ਇਹ ਗਈਆਂ ਨਾ ਢੱਕੀਆਂ।

(ਪੰਨਾ-16)

ਲਟ ਲਟ ਮੱਚਦੇ ਹੌਂਕਿਆਂ ਦਾ ਦੀਵਾ
ਤੇਰੇ ਪੱਤਣ ਤੇ ਧਰ ਆਉਂਦਾ ਹਾਂ
ਤੇ ਤੇਰੀ ਸਲਾਮਤੀ ਲਈ ਕਰ ਦੁਆਵਾਂ
ਅਕਸਰ ਮੈਂ ਪਰਤ ਘਰ ਆਉਂਦਾ ਹਾਂ।

(ਪੰਨਾ-17)

ਮੇਹਰ ਮਾਣਕ ਦੀ ਕਵਿਤਾ ਦਾ ਇਹ ਹਾਸਲ ਹੈ ਕਿ ਉਹ ਮੁਹੱਬਤ ਵਿਚਲੇ ਅਧੂਰੇਪਣ ਨੂੰ ਬੇਲੋੜਾ ਨਿੰਦਣ ਦੀ ਬਜਾਏ ਉਸਦੀ ਖ਼ੈਰ ਸੁੱਖ ਲੋਚਦਾ ਹੈ।

ਵਿਸ਼ਵ ਭਰ ਦੀ ਕਵਿਤਾ ਅਤੇ ਹੋਰ ਕਲਾ ਰੂਪਾਂ ਵਿਚ, ਦਰਿਆ ਦੁਬਿਧਾ ਦੇ ਮੋਟਿਫ ਵਜੋਂ ਪ੍ਰਗਟ ਹੁੰਦੇ ਹਨ। ਅਕਸਰ ਸਾਹਿਤਕਾਰ ਸਮੇਂ ਦੇ ਨਾਲ ਨਾਲ ਹੁੰਦੀ ਤਬਦੀਲੀ ਦਾ ਵਰਣਨ ਕਰਨ ਲਈ ਦਰਿਆਈ ਅਲੰਕਾਰ ਦੀ ਅਥਾਹ ਤਾਕਤ ਦੀ ਵਰਤੋਂ ਕਰਦਾ ਹੈ। ਸਮੇਂ ਨੂੰ ਇੱਕ ਸ਼ਕਤੀਸ਼ਾਲੀ ਦਰਿਆ ਵਜੋਂ ਦਰਸਾਇਆ ਜਾ ਸਕਦਾ ਹੈ। ਟੀਚਿਆਂ ਦੀ ਪ੍ਰਾਪਤੀ ਲਈ ਰੁਕਾਵਟਾਂ ਨੂੰ ਪਾਰ ਕਰਦਿਆਂ ਅੱਗੇ ਵਧਣ ਲਈ ਦਰਿਆ ਕਵਿਤਾ ਵਿਚ ਅਲੰਕਾਰ ਦੇ ਤੌਰ 'ਤੇ ਵਰਤੇ ਜਾਂਦੇ ਮਿਲਦੇ ਹਨ।

ਸਾਹਿਤ ਅਤੇ ਕਲਾ ਦੀਆਂ ਬਹੁਤੀਆਂ ਰਚਨਾਵਾਂ ਵਿਚ, ਦਰਿਆ ਨਿਰੰਤਰ ਗਤੀ ਅਤੇ ਅੰਤਮ ਟੀਚੇ ਨੂੰ ਹਾਸਲ ਕਰਨ ਦਾ ਪ੍ਰਤੀਕ ਹਨ। ਕਵੀਆਂ ਨੇ ਦਰਿਆਵਾਂ ਨੂੰ ਮਨੁੱਖੀ ਜੀਵਨ ਦੇ ਪਹਿਲੂਆਂ - ਸਮਾਂ, ਪਿਆਰ, ਮੌਤ, ਅਤੇ ਹਰ ਹੋਰ ਅਦੁੱਤੀ ਗੁਣਾਂ ਵਜੋ ਦੇਖਿਆ ਹੈ। ਦਰਿਆ ਨੂੰ ਅਨੰਤਤਾ, ਭੂਗੋਲਿਕ ਜਾਗਰੂਕਤਾ, ਅਤੇ ਮਨੁੱਖੀ ਆਤਮਾ ਦੇ ਪ੍ਰਤੀਕ ਵਜੋਂ ਦੇਖਿਆ ਗਿਆ ਹੈ। ਅਸਲ ਵਿਚ ਦਰਿਆ ਕਵਿਤਾ ਅੰਦਰ ਮਨੁੱਖ ਵੱਲੋਂ ਅਰਜਿਤ ਗਿਆਨ, ਸਿਆਣਪ, ਤਾਕਤ, ਦ੍ਰਿੜ੍ਹਤਾ, ਵੇਗ ਅਤੇ ਮਨੁੱਖੀ ਰਗਾਂ ਵਿਚ ਨੀਰ ਵਾਂਗ ਵਗਦੇ ਲਹੂ ਦੀ ਚਿੱਤਰੀ ਤਸਵੀਰ ਵਾਂਗ ਪੇਸ਼ ਹੁੰਦੇ ਹਨ। "ਡੂੰਘੇ ਦਰਦ ਦਰਿਆਵਾਂ ਦੇ" ਕਾਵਿ ਸੰਸਾਰ ਵਿਚ ਦਰਿਆ ਦਾ ਪ੍ਰਤੀਕ (ਮੋਟਿਫ) ਮਾਣਕ ਦੀ ਸਮੁੱਚੀ ਕਾਵਿ ਰਚਨਾ ਦੀ ਦਿਸ਼ਾ ਨਿਰਧਾਰਤ ਕਰ ਦਿੰਦਾ ਹੈ।

ਇਸੇ ਸਿਰਲੇਖ ਵਾਲੀ ਕਵਿਤਾ ਪ੍ਰਗਤੀਸ਼ੀਲ ਲਹਿਰ ਨਾਲ ਜੁੜੇ ਵਿਅਕਤੀਆਂ ਦਾ ਹੀ ਬਿਰਤਾਂਤ ਹੈ। ਉਨ੍ਹਾਂ ਤੋਂ ਉਮੀਦ ਕੀਤੀ ਗਈ ਸੀ ਕਿ ਉਹ ਸਮਾਜਿਕ ਤਬਦੀਲੀ ਲਈ ਅੰਦੋਲਨ ਨਾਲ ਅਖੀਰ ਤੱਕ ਨਿਭਣਗੇ, ਪਰ ਉਨ੍ਹਾਂ ਵਿਚੋਂ ਅਨੇਕਾਂ ਟੁੱਟ ਗਏ, ਦੁਸ਼ਮਣ ਦੀਆਂ ਪਾਲਾਂ ਵਿਚ ਜਾ ਖੜੇ, ਅਤੇ ਜਨਤਾ ਨੂੰ ਭੰਬਲਭੂਸਿਆਂ ਵਿਚ ਪਾਉਣ ਲੱਗ ਪਏ। ਕਾਰਨ ਭਾਵੇਂ ਕੁੱਝ ਵੀ ਰਹੇ ਹੋਣ, ਉਹ ਆਪਣੇ ਹੀ ਉਸਾਰੇ ਅਸਮਾਨ ਤੋਂ ਤਿਲਕ ਕੇ ਕਿਸੇ ਨਾ ਕਿਸੇ ਹਾਕਮ ਜਮਾਤੀ ਖੱਡੇ ਵਿਚ ਆ ਡਿੱਗੇ। ਉੱਤੋਂ ਵਾਧੇ ਦੀ ਗੱਲ ਇਹ ਰਹੀ ਕਿ ਉਨ੍ਹਾਂ ਨੇ ਆਪਣੀ ਹਰ ਹਰਕਤ ਨੂੰ 'ਅਗਾਂਹਵਧੂ' ਬਣਾ ਕੇ ਪੇਸ਼ ਕੀਤਾ।

ਸੁੱਕ ਗਏ ਨੇ ਦਰਿਆ ਵਹਿੰਦੇ ਵਹਿੰਦੇ
ਜਿਨ੍ਹਾਂ 'ਤੇ ਅਜੀਬ ਜਿਹਾ ਜਲੌਅ ਸੀ
ਪਤਾ ਨਹੀਂ ਕਿਸ ਗੱਲ ਦਾ ਖਾਓ ਸੀ
ਰੁਕ ਗਏ ਕੁਝ ਨਾ ਕੁਝ ਕਹਿੰਦੇ।
ਪਤਾ ਨਹੀਂ ਕੀ ਹੋਇਆ
ਅੰਬਰੀਂ ਅੱਖ 'ਚੋਂ ਕਿਉਂ ਹੰਝੂ ਤੱਕ ਨਹੀਂ ਚੋਇਆ।

(ਪੰਨਾ-32)

ਖਾਮੋਸ਼ੀ 'ਚ ਲਿਪਟੀ ਨਮੋਸ਼ੀ
ਧੁਰ ਅੰਦਰ ਤੱਕ ਪੱਛਦੀ ਹੈ
ਅਨੇਕਾਂ ਹੀ ਸਵਾਲ ਰਚਦੀ ਹੈ।
*******************

ਸੁੱਕ ਗਏ ਦਰਿਆ ਜੋ ਸੁਨੱਖੇ ਸੀ
ਮਾਣ ਮੱਤੇ ਸੀ ਬੜੇ
ਚੁੱਪ ਚਪੀਤੇ ਭਰੇ ਪੀਤੇ
ਸੁੱਕ ਗਏ ਮੁੱਕ ਗਏ
ਕੁਝ ਬੋਲੇ ਬਗੈਰ
ਦਰਦ ਫਰੋਲੇ ਵਗੈਰ।
**************
ਗੁੱਝੀ ਪੀੜ ਨੂੰ ਸਹਿੰਦੇ ਸਹਿੰਦੇ
ਬੱਸ ਚੁੱਪ ਕਰ ਗਏ
ਬੜਾ ਕੁਝ ਕਹਿੰਦੇ ਕਹਿੰਦੇ
ਸੁੱਕ ਗਏ ਦਰਿਆ
ਮੁੱਕ ਗਏ ਦਰਿਆ
ਡੂੰਘੇ ਦਰਦ ਦਰਿਆਵਾਂ ਦੇ।

(ਪੰਨਾ- 33)

ਪਰੰਤੂ ਮੇਹਰ ਮਾਣਕ ਇੱਥੇ ਆਪਣੇ ਬਿਰਤਾਂਤ ਵਿਚ ਸਪੱਸ਼ਟ ਨਹੀਂ ਕਰਦਾ ਕਿ ਦਰਿਆ ਕਿਉਂ ਸੁੱਕ ਗਏ, ਕਿਉਂ ਮੁੱਕ ਗਏ? ਉਹ ਪੇਤਲਾ ਜਿਹਾ ਤਰਕ ਦੇ ਕੇ, ਹੋਣੀ ਦਾ ਹਵਾਲਾ ਦੇ ਕੇ ਨਿਰਾਸ਼ਾਜਨਕ ਹਾਲਤਾਂ ਦੀ ਨਿਸ਼ਾਨਦੇਹੀ ਕਰਨ ਦਾ ਹੌਸਲਾ ਜਿਹਾ ਨਹੀਂ ਕਰਦਾ:

ਇਹ ਸ਼ਾਇਦ ਸਮੇਂ ਦੀ ਹੋਣੀ ਹੈ
ਜਿਸਨੂੰ ਕਬੂਲ ਕਰਨਾ ਪੈਂਦਾ ਹੈ
ਕੁਝ ਇੰਦਾਂ ਹੀ ਮਰਨਾ ਪੈਂਦਾ ਹੈ
ਇਸ ਸੰਸਾਰ ਅੰਦਰ ਦੁੱਖਾਂ ਦੇ ਅੰਬਾਰ ਅੰਦਰ
ਇਹ ਸੰਸਾਰ ਹੀ ਅਜਿਹਾ ਹੈ
ਬੜਾ ਕੁੱਝ ਅਣਕਿਹਾ ਹੈ
ਇਸ ਲਈ ਸੁੱਕ ਗਏ ਦਰਿਆ
ਮੁੱਕ ਗਏ ਦਰਿਆ।

(ਪੰਨਾ, 32-33)

ਮੇਹਰ ਮਾਣਕ ਇਕ ਸਰਗਰਮ ਸਮਾਜਿਕ ਕਾਰਕੁਨ ਰਿਹਾ ਹੈ ਅਤੇ ਉਸਦੀ ਆਸਥਾ ਇਕ ਅਜਿਹਾ ਨਿਜ਼ਾਮ ਸਿਰਜਣ ਦੀ ਰਹੀ ਹੈ ਜਿਸ ਵਿਚ ਗਰੀਬ ਲੋਕਾਂ, ਮਜ਼ਦੂਰਾਂ, ਬੇਜ਼ਮੀਨੇ ਕਿਸਾਨਾਂ, ਦਲਿਤਾਂ ਅਤੇ ਔਰਤਾਂ ਦੀ ਮੁਕਤੀ ਦੀ ਕਲਪਨਾ ਕੀਤੀ ਮਿਲਦੀ ਹੈ। ਅਗਾਂਹਵਧੂ ਕਵੀ ਸਰਬ ਪ੍ਰਥਮ ਲੋਕਾਂ ਦੀ ਕਿਸਮਤ ਦਾ ਨਵਾਂ ਰੂਪ ਸ਼ੋਸ਼ਣ ਤੇ ਜਬਰ ਤੋਂ ਮੁਕਤ ਵਿਵਸਥਾ ਵਿਚ ਦੇਖਦੇ ਹਨ। ਅਤੇ ਇੱਥੇ 'ਲੋਕ' ਦਾ ਮਤਲਬ ਸਭ ਤੋਂ ਪਹਿਲਾਂ ਉਹ ਗਰੀਬ ਲੋਕ ਹਨ, ਜਿਨ੍ਹਾਂ ਕੋਲ ਆਪਣੀ ਮਜ਼ਬੂਤ ਦੇਹੀ ਕਿਰਤ ਤੋਂ ਬਿਨਾ ਦੇਣ ਲਈ ਕੁਝ ਵੀ ਨਹੀਂ ਹੈ। ਇਸ ਲਈ ਕਵਿਤਾ ਉਪਰ ਹੱਕ ਵੀ ਉਨ੍ਹਾਂ ਬੇਜ਼ੁਬਾਨੇ, ਅਣਹੋਏ ਅਤੇ ਵਿਵਸਥਾ ਤੋਂ ਓਪਰੇ ਲੋਕਾਂ ਦਾ ਬਣਦਾ ਹੈ ਨਾ ਕਿ ਸ਼ਬਦ -ਜੁਗਾਲੀ ਕਰਨ ਵਾਲਿਆਂ ਦਾ ਜਾਂ ਕਵਿਤਾ ਵਿਚ ਵਿਆਕਰਣਕ ਤਿਲਿਸਮ ਲੱਭਣ ਵਾਲਿਆਂ ਦਾ।

ਇਹ ਚੰਗੀ ਗੱਲ ਹੈ ਕਿ ਮਾਣਕ ਵਿਆਕਰਣਕ ਸ਼ੁੱਧੀ ਦੇ ਚੱਕਰਾਂ ਤੋਂ ਮੁਕਤ ਹੈ। ਉਸ ਲਈ ਕਵਿਤਾ, ਗੀਤ ਜਾਂ ਗਜ਼ਲ ਆਪਣੇ ਵਿਚਾਰ ਪ੍ਰਗਟ ਕਰਨ ਦਾ ਮਾਧਿਅਮ ਹੈ। ਅਗਾਂਹਵਧੂ ਵਿਚਾਰਾਂ ਦੇ ਪ੍ਰਗਟਾਅ ਲਈ ਪਿੰਗਲ/ ਅਰੂਜ਼ ਦੀ ਮਦਦ ਲਈ ਜਾਣੀ ਚਾਹੀਦੀ ਹੈ, ਪਰ ਤੋਲ-ਤੁਕਾਂਤ ਦੀ ਖਾਤਰ ਵਿਚਾਰ ਨੂੰ ਦਾਅ 'ਤੇ ਨਹੀਂ ਲਾਇਆ ਜਾ ਸਕਦਾ।

ਮਾਣਕ ਦੀ ਕਵਿਤਾ ਵਿਚ ਪਹਿਲਾਂ ਹੀ ਕਹੀਆਂ ਜਾ ਚੁੱਕੀਆਂ ਗੱਲਾਂ ਨੂੰ ਨਵੇਂ ਅਲੰਕਾਰਾਂ ਦੀ ਰੋਸ਼ਨੀ ਵਿਚ ਮੁੜ ਬਿਆਨ ਕੀਤਾ ਗਿਆ ਹੈ। ਕਵੀ ਦਾ ਫ਼ਰਜ਼ ਵੀ ਕਵਿਤਾ ਦੇ ਨਵੇਂ ਸਰੋਤਾਂ ਲਈ ਵੱਖਰੇ ਸ਼ਬਦ ਭੰਡਾਰਾਂ ਦੀ ਖੋਜ ਕਰਨਾ ਹੈ ਜੋ ਹੁਣ ਨਵਾਬੀ-ਕੁਲੀਨ ਵਰਗ ਦਾ ਮਹਾਂਕਾਵਿ ਨਹੀਂ ਹੋਵੇਗਾ, ਪਰ ਇੱਕ ਹੋਰ ਸੰਸਾਰ ਬਣਾਉਣ ਦੀ ਪ੍ਰਕਿਰਿਆ ਵਿਚ ਲੋਕਾਂ ਦਾ ਮਹਾਂਕਾਵਿ ਹੋਵੇਗਾ। ਇਸ ਲਈ ਕਿਸੇ ਕਵੀ ਲਈ ਗੀਤ ਵਿਚ ਸੰਗਠਿਤ ਬੁਨਿਆਦੀ ਕੜੀ ਇਹ ਬਣਦੀ ਹੈ ਕਿ ਕਵਿਤਾ ਵਿਚ ਮਨੁੱਖੀ ਜੀਵਨ ਦੇ ਦੁੱਖ ਅਤੇ ਅੱਤ ਦੀ ਤੰਗੀ ਅਤੇ ਜ਼ੁਲਮ ਦੀ ਭਿਆਨਕਤਾ ਨੂੰ ਸੰਬੋਧਨ ਕਰਨ ਵਾਲੀ ਭਾਸ਼ਾ ਹੋਵੇ। ਨਾਲ ਹੀ ਨਵਾਂ ਸਮਾਜ ਸਿਰਜਣ ਲਈ ਸਮੂਹਿਕ ਤਾਕਤ ਅਤੇ ਰਜ਼ਾ ਦੀ ਤਰਜ਼ਮਾਨੀ ਹੋਵੇ ਕਿ ਅਸੀਂ ਸਭ ਲੜਣ ਲਈ, ਜਬਰ ਨੂੰ ਠੱਲ੍ਹਣ ਲਈ ਅਤੇ ਸਾਰੇ ਕੁਝ ਨੂੰ ਨਵੇਂ ਸਿਰਿਓਂ ਸਿਰਜਣ ਦੇ ਕਾਬਲ ਹਾਂ। ਮਾਣਕ ਦੀ ਕਾਵਿ ਜੁਗਤ ਵੱਡੀ ਹੱਦ ਤੱਕ ਇਸ ਪੈਮਾਨੇ 'ਤੇ ਖਰੀ ਉਤਰਦੀ ਹੈ। ਉਸਦੀ ਕਵਿਤਾ ਵਿਚ ਵਿਚਾਰ ਦਾ ਭੰਡਾਰ ਵੀ ਹੈ ਅਤੇ ਜਮਾਤੀ ਚੇਤਨਾ ਦਾ ਪ੍ਰਭਾਵ ਵੀ ਹੈ। ਉਹ ਕਿਰਤ ਦੀ ਮਹੱਤਤਾ ਨੂੰ ਸਵੀਕਾਰ ਕਰਦੇ ਹਨ ਅਤੇ ਜੜਤਾ ਨੂੰ ਤੋੜਨ ਦੀ ਗੱਲ ਕਰਦੇ ਹਨ। ਉਹ ਸ਼ੋਸ਼ਣ ਅਤੇ ਲੁੱਟ ਨੂੰ ਸਮਾਜ ਦੀਆਂ ਅਸਮਾਨਤਾਵਾਂ ਦਾ ਕਾਰਨ ਮੰਨਦੇ ਹਨ। ਮਾਣਕ ਨੇ ਆਪਣੇ ਜੀਵਨ ਦੇ ਆਲੇ-ਦੁਆਲੇ ਬੇਇਨਸਾਫ਼ੀ, ਸ਼ੋਸ਼ਣ, ਜ਼ੁਲਮ ਅਤੇ ਵਾਤਾਵਰਣ ਦੀ ਤਬਾਹੀ ਨੂੰ ਦੇਖਿਆ ਹੈ। ਜੋ ਅਨੁਭਵ ਉਸ ਨੇ ਪਰਤੱਖ ਤੌਰ 'ਤੇ ਪ੍ਰਾਪਤ ਕੀਤਾ ਹੈ ਉਹੀ ਉਸਦੀਆਂ ਕਵਿਤਾਵਾਂ ਦੇ ਘੇਰੇ ਵਿਚ ਆਇਆ ਹੈ। ਮੇਰੇ ਖਿਆਲ ਵਿਚ ਮਾਣਕ ਦੀਆਂ ਕਵਿਤਾਵਾਂ ਵਿਚਲੀ ਸਹਿਜਤਾ, ਸਰਲਤਾ ਅਤੇ ਸਪੱਸ਼ਟਤਾ ਉਸ ਦੇ ਸਰਲ ਕੋਮਲ ਸੁਭਾਅ ਨੂੰ ਦਰਸਾਉਂਦੀ ਹੈ। ਇਸੇ ਲਈ ਉਸ ਦੀਆਂ ਕਵਿਤਾਵਾਂ ਵਿਚ ਕੋਈ ਬਣਾਵਟ ਨਹੀਂ ਹੈ। ਸ਼ਬਦੀ ਅਡੰਬਰ ਨਹੀਂ ਹੈ ਅਤੇ ਪਤਵੰਤਿਆਂ ਨੂੰ ਰਿਝਾਉਣ ਦੀ ਪ੍ਰਵਿਰਤੀ ਨਹੀਂ ਹੈ।

ਡਾ. ਮੇਹਰ ਮਾਣਕ ਦੀ ਸਮੁੱਚੀ ਰਚਨਾ ਸਾਡੇ ਜਾਤੀ-ਜਮਾਤੀ ਸਾਹਿਤ ਦੀ ਨਿਰੰਤਰਤਾ ਅਤੇ ਵਿਰਾਸਤ ਹੈ। ਉਸ ਦੀ ਸ਼ਾਇਰੀਦੀਆਂ ਦੋ ਧਾਰਾਵਾਂ-ਪਾਕਿ ਮੁਹੱਬਤ ਅਤੇ ਨਵੇਂ ਸਮਾਜ ਦੀ ਸਿਰਜਣਾ ਲਈ ਸੰਘਰਸ਼ ਹਨ। ਪਰ ਇਹ ਦੋਵੇਂ ਧਾਰਾਵਾਂ ਉਸਦੇ ਨਿੱਜੀ ਜੀਵਨ ਦੇ ਵਹਾਅ ਵਿਚੋਂ ਨਿਕਲੀਆਂ ਹਨ। ਇਨ੍ਹਾਂ ਵਿਚ ਉਪਰਾਪਨ ਤੇ

(ਬਾਕੀ ਸਫਾ 19 'ਤੇ)

# ਚੋਣਾਂ ਦੌਰਾਨ ਭਾਜਪਾ ਦੀ ਸਿਆਸਤ

ਭਾਰਤੀ ਜਨਤਾ ਪਾਰਟੀ ਜੇਕਰ ਚਾਹੇ ਤਾਂ ਰਾਹਤ ਦੀ ਸਾਹ ਲੈ ਸਕਦੀ ਹੈ। ਜੇਕਰ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਅਤੇ ਦਿੱਲੀ ਨਗਰ ਨਿਗਮ ਦੀ ਚੋਣ ਹਾਰਨ ਨਾਲ ਕਿਤੇ ਉਸ ਨੂੰ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ 'ਚ ਪਿਛਲੀ ਵਾਰ ਵਾਂਗ ਫਸੀ-ਫਸੀ ਜਿੱਤ ਜਾਂ ਹਾਰ ਮਿਲਦੀ ਤਾਂ 2024 ਦੀਆਂ ਲੋਕ ਸਭਾ ਚੋਣਾਂ ਦੀ ਅਗਾਊਂ ਭੂਮਿਕਾ ਬੰਨ੍ਹਣ 'ਚ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਰਣਨੀਤੀਕਾਰਾਂ ਨੂੰ ਬਹੁਤ ਸਾਰੀਆਂ ਅਨਿਸ਼ਚਿਤਤਾਵਾਂ ਦਾ ਸਾਹਮਣਾ

**ਅਭੈ ਕਮਾਰ ਦੂਬੇ**

ਕਰਨਾ ਪੈ ਸਕਦਾ ਸੀ। ਹੁਣ ਗੁਜਰਾਤ ਦੀ ਸ਼ਾਨਦਾਰ ਜਿੱਤ ਦੇ ਪਿੱਛੇ ਉਹ ਹਿਮਾਚਲ ਅਤੇ ਦਿੱਲੀ ਦੀ ਹਾਰ ਲੁਕੋ ਸਕਦੇ ਹਨ ਪਰ ਇਸ ਦੇ ਬਾਵਜੂਦ ਇਹ ਤਾਂ ਮੰਨਣਾ ਹੋਵੇਗਾ ਕਿ ਭਾਜਪਾ ਲਈ ਗੁਜਰਾਤ ਵਿਚ ਸੱਤਾ ਵਿਰੋਧੀ ਭਾਵਨਾ ਹੋਣ ਦੇ ਬਾਵਜੂਦ ਇਸ ਚੋਣ ਮੁਹਿੰਮ ਨੂੰ ਦਰਸ਼ਨੀ ਬਣਾਉਣ ਅਤੇ ਉਲਟ ਹਾਲਾਤ 'ਚ ਵੀ ਉਸ ਕੋਲ ਅਨੁਕੂਲ ਨਤੀਜੇ ਕੱਢਣ ਦੀ ਸਮਰੱਥਾ ਹੈ। ਇਸ ਸੰਦਰਭ 'ਚ ਉਹ ਅਤੀਤ ਵਿਚ ਪ੍ਰਭਾਵਸ਼ਾਲੀ ਪਾਰਟੀ ਰਹੀ ਕਾਂਗਰਸ ਤੋਂ ਵੀ ਅੱਗੇ ਹੈ।

ਲੋਕਤੰਤਰ 'ਚ ਸੱਤਾ ਪ੍ਰਾਪਤ ਕਰਨਾ ਜੇਕਰ ਸਫ਼ਲਤਾ ਦਾ ਪਹਿਲਾ ਪੜਾਅ ਹੈ ਤਾਂ ਦੂਜਾ ਹੈ ਉਸ ਸੱਤਾ ਨੂੰ ਚੋਣ-ਦਰ-ਚੋਣ ਟਿਕਾਈ ਰੱਖਣਾ। ਦਰਅਸਲ ਚੋਣਾਂ ਦਾ ਸਾਹਮਣਾ ਕਰ ਰਹੀ ਹਰ ਸਰਕਾਰ ਨੂੰ ਕਿਸੇ ਨਾ ਕਿਸੇ ਪੱਧਰ 'ਤੇ ਸੱਤਾ ਵਿਰੋਧੀ ਭਾਵਨਾ ਜਾਂ ਸਰਕਾਰ ਵਿਰੋਧੀ ਭਾਵਨਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਚੋਣਾਂ ਦੀ ਰਣਨੀਤੀ 'ਚ ਮਾਹਰ ਪਾਰਟੀਆਂ ਅਤੇ ਨੇਤਾਵਾਂ ਦੀ ਖ਼ੂਬੀ ਇਸ ਗੱਲ 'ਚ ਹੁੰਦੀ ਹੈ ਕਿ ਉਹ ਸੱਤਾ ਵਿਰੋਧੀ ਭਾਵਨਾ ਨੂੰ ਸਮੇਂ ਸਿਰ ਭਾਂਪ ਕੇ ਉਸ ਨੂੰ ਘੱਟ ਕਰਨ ਦੀ ਯੋਜਨਾ ਬਣਾਉਂਦੇ ਹਨ। ਕੁੱਲ ਮਿਲਾ ਕੇ ਉਨ੍ਹਾਂ ਦਾ ਟੀਚਾ ਹੁੰਦਾ ਹੈ ਕਿ ਸਰਕਾਰ ਵਿਰੋਧੀ ਭਾਵਨਾਵਾਂ ਨੂੰ ਸਰਕਾਰ ਸਮਰਥਕ ਭਾਵਨਾਵਾਂ 'ਚ ਬਦਲਣਾ। ਅਜਿਹਾ ਨਾ ਕਰ ਸਕਣ ਦੀ ਸੂਰਤ 'ਚ ਉਹ ਏਨਾ ਤਾਂ ਚਾਹੁੰਦੇ ਹੀ ਹਨ ਕਿ ਜੇਕਰ ਚੋਣਾਂ ਵਿਚ ਨਾ ਜਿੱਤ ਸਕਣ ਤਾਂ ਘੱਟੋ-ਘੱਟ ਆਪਣੀ ਹਾਰ ਨੂੰ ਨਰਮ ਜ਼ਰੂਰ ਕਰ ਲੈਣ ਤਾਂ ਕਿ ਚੋਣਾਂ 'ਚ ਉਨ੍ਹਾਂ ਦਾ ਪੂਰਾ ਸਫਾਇਆ ਨਾ ਹੋ ਜਾਵੇ। ਭਾਰਤੀ ਜਨਤਾ ਪਾਰਟੀ ਗੁਜਰਾਤ 'ਚ ਸਤਾਈ ਸਾਲ ਦੇ ਸ਼ਾਸਨ ਦੀ, ਦਿੱਲੀ ਮਹਾਨਗਰ ਪਾਲਿਕਾ 'ਚ ਪੰਦਰਾਂ ਸਾਲ ਦੀ ਅਤੇ ਹਿਮਾਚਲ ਪ੍ਰਦੇਸ਼ 'ਚ ਪੰਜ ਸਾਲ ਦੀ ਸੱਤਾ ਵਿਰੋਧੀ ਭਾਵਨਾ ਦਾ ਸਾਹਮਣਾ ਕਰ ਰਹੀ ਸੀ। ਇਨ੍ਹਾਂ ਸਰਕਾਰ ਵਿਰੋਧੀ ਭਾਵਨਾਵਾਂ ਦਾ ਪੱਧਰ ਤਿੱਖਾ ਸੀ। ਰੁਝਾਨ ਤਬਦੀਲੀ ਦਾ ਸੀ। ਕਿਸੇ ਨਾ ਕਿਸੇ ਰੂਪ 'ਚ ਹਾਰ ਦਾ ਸਾਹਮਣਾ ਕਰਨਾ ਪੈਣਾ ਸੀ ਪਰ ਭਾਜਪਾ ਨੇ ਕੁਸ਼ਲ ਯੋਜਨਾਵਾਂ, ਉਨ੍ਹਾਂ ਨਾਲ ਜੁੜੇ ਢੰਗ-ਤਰੀਕੇ ਅਤੇ ਤਿੰਨ ਰਾਜਾਂ ਦੀਆਂ ਵੱਖ-ਵੱਖ ਹਾਲਤਾਂ ਦੀ ਵਰਤੋਂ ਕਰ ਕੇ ਇਕ ਚੋਣ ਜਿੱਤ ਲਈ ਅਤੇ ਦੋ 'ਚ ਆਪਣੀ ਹਾਰ ਨੂੰ ਘੱਟ ਕਰਨ 'ਚ ਸਫ਼ਲਤਾ ਪ੍ਰਾਪਤ ਕੀਤੀ।



ਛੇ ਮਹੀਨੇ ਪਹਿਲਾਂ ਲੱਗ ਰਿਹਾ ਸੀ ਕਿ ਦਿੱਲੀ ਮਹਾਨਗਰ ਪਾਲਿਕਾ ਦੀਆਂ ਚੋਣਾਂ 'ਚ ਭਾਜਪਾ ਦਾ ਸਫ਼ਾਇਆ ਹੋ ਜਾਵੇਗਾ। ਜਨਤਾ ਭਾਜਪਾ ਕੌਂਸਲਰਾਂ ਦੇ ਭ੍ਰਿਸ਼ਟਾਚਾਰ ਅਤੇ ਨਾਕਾਰਾਪਣ ਤੋਂ ਬਹੁਤ ਨਾਰਾਜ਼ ਸੀ ਪਰ ਇਸ ਪਾਰਟੀ ਨੇ ਕਈ ਦੌਰ 'ਚ ਵੱਖ-ਵੱਖ ਤਰਕੀਬਾਂ ਦਾ ਸਹਾਰਾ ਲੈ ਕੇ ਇਸ ਹਾਲਾਤ ਦਾ ਥੋੜ੍ਹਾ-ਬਹੁਤ ਸਫ਼ਲਤਾ ਨਾਲ ਮੁਕਾਬਲਾ ਕੀਤਾ। ਸਭ ਤੋਂ ਪਹਿਲਾਂ ਉਸ ਨੇ ਚੋਣਾਂ ਨੂੰ ਜਿੰਨਾ ਹੋ ਸਕਦਾ ਸੀ, ਓਨਾ ਟਾਲਿਆ ਤਾਂ ਕਿ ਉਸ ਦੀ ਰਣਨੀਤੀ ਨੂੰ ਪ੍ਰਭਾਵੀ ਹੋਣ ਲਈ ਢੁਕਵਾਂ ਸਮਾਂ ਮਿਲ ਸਕੇ। ਉਸ ਤੋਂ ਬਾਅਦ ਵੰਡੇ ਹੋਏ ਤਿੰਨਾਂ ਨਗਰ ਨਿਗਮਾਂ ਦਾ ਰਲੇਵਾਂ ਕਰ ਕੇ ਸ਼ਕਤੀਸ਼ਾਲੀ ਮੇਅਰ ਦੀ ਮਜ਼ਬੂਤ ਚੋਣ ਹਸਤੀ ਪੈਦਾ ਕਰਨ ਦੀਆਂ ਸੰਭਾਵਨਾਵਾਂ ਤਿਆਰ ਕੀਤੀਆਂ। ਦਿੱਲੀ ਦੀ ਤਿੰਨ ਵਾਰ ਮੁੱਖ ਮੰਤਰੀ ਰਹਿਣ ਵਾਲੀ ਸ਼ੀਲਾ ਦੀਕਸ਼ਿਤ ਦਾ ਵਿਚਾਰ ਸੀ ਕਿ ਚੁਣਿਆ ਹੋਇਆ ਇਕ ਮੇਅਰ ਦਿੱਲੀ ਦੇ ਮੁੱਖ ਮੰਤਰੀ ਨੂੰ ਚੁਣੌਤੀ ਦੇ ਸਕਦਾ ਸੀ ਕਿਉਂਕਿ ਉਸ ਸਮੇਂ ਮਹਾਨਗਰ ਪਾਲਿਕਾ ਦੀ ਵੰਡ ਨਹੀਂ ਹੋਈ ਸੀ, ਇਸ ਲਈ ਉਸ ਨੂੰ 'ਸੁਪਰ ਸੀ.ਐਮ.' ਵਾਂਗ ਪੇਸ਼ ਕੀਤਾ ਜਾ ਸਕਦਾ ਸੀ। ਇਸ ਦਾ ਰਾਜਨੀਤਕ ਤੋੜ ਕੱਢਣ ਲਈ ਉਨ੍ਹਾਂ ਨੇ ਦਿੱਲੀ ਦੀ ਮਹਾਨਗਰ ਪਾਲਿਕਾ ਨੂੰ ਤਿੰਨ ਹਿੱਸਿਆਂ 'ਚ ਵੰਡ ਦਿੱਤਾ ਸੀ ਤਾਂ ਕਿ ਤਿੰਨ ਕਮਜ਼ੋਰ ਮੇਅਰ ਬਣ ਜਾਣ ਅਤੇ ਜੋ ਉਨ੍ਹਾਂ ਨੂੰ ਚੁਣੌਤੀ ਨਾ ਦੇ ਸਕਣ। ਭਾਜਪਾ ਨੇ ਇਸ ਗੱਲ ਨੂੰ ਸਮਝਿਆ ਕਿ ਉਹ ਵਿਧਾਨ ਸਭਾ 'ਚ ਅਰਵਿੰਦ ਕੇਜਰੀਵਾਲ ਨੂੰ ਹਰਾਉਣ ਦੀ ਹਾਲਤ 'ਚ ਨਹੀਂ ਹਨ। ਇਸ ਲਈ ਜੇਕਰ ਕਿਸੇ ਤਰ੍ਹਾਂ ਨਾਲ ਦਿੱਲੀ 'ਚ ਮੇਅਰ ਬਣ ਜਾਵੇ ਤਾਂ ਚੁਣੇ ਹੋਏ ਮੁੱਖ ਮੰਤਰੀ ਦੇ ਮੁਕਾਬਲੇ ਚੁਣੇ ਹੋਏ ਮੇਅਰ ਨੂੰ ਪੇਸ਼ ਕੀਤਾ ਜਾ ਸਕਦਾ ਹੈ।

ਤਿੰਨ ਨਗਰ ਨਿਗਮਾਂ ਦੇ ਏਕੀਕਰਨ ਤੋਂ ਬਾਅਦ ਵਾਰਡਾਂ ਦੀ ਹੱਦਬੰਦੀ ਸ਼ੁਰੂ ਕੀਤੀ ਗਈ। ਇਸ ਤਹਿਤ ਬੜੀ ਚਾਲਾਕੀ ਨਾਲ ਵਾਰਡਾਂ ਦਾ ਆਕਾਰ ਵਧਾ ਕੇ ਉਨ੍ਹਾਂ ਨੂੰ ਆਬਾਦੀ ਦੇ ਆਧਾਰ 'ਤੇ ਤਬਦੀਲ ਕੀਤਾ ਗਿਆ। ਆਮ ਆਦਮੀ ਪਾਰਟੀ ਦੇ ਸਮਰਥਨ ਆਧਾਰ ਵਾਲੇ ਕੁਝ ਹਿੱਸਿਆਂ ਨੂੰ ਵੱਖ-ਵੱਖ ਵਾਰਡਾਂ 'ਚ ਭਾਜਪਾ ਦੇ ਸਮਰਥਨ ਆਧਾਰ ਵਾਲੇ ਹਿੱਸਿਆਂ 'ਚ ਇੱਧਰ-ਉੱਧਰ ਫਿਟ ਕਰਨ ਦੀ ਕਵਾਇਦ ਕੀਤੀ ਗਈ। ਇਹ ਯੋਜਨਾ ਕਿੰਨੀ ਅਸਾਧਾਰਨ ਸੀ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਭਾਜਪਾ ਨੇ ਆਮ ਆਦਮੀ ਪਾਰਟੀ ਦੀ ਅਗਵਾਈ 'ਤੇ ਸਰਕਾਰੀ ਏਜੰਸੀਆਂ ਦੀ ਮਦਦ ਨਾਲ ਜ਼ਬਰਦਸਤ ਹਮਲਾ ਸ਼ੁਰੂ ਕੀਤਾ। ਉਹ ਆਮ ਆਦਮੀ ਪਾਰਟੀ ਨੂੰ ਭ੍ਰਿਸ਼ਟਾਚਾਰੀ ਸਾਬਿਤ ਕਰਨਾ ਚਾਹੁੰਦੀ ਸੀ ਤਾਂ ਕਿ ਭਾਜਪਾ 'ਤੇ ਲੱਗਣ ਵਾਲਾ ਭ੍ਰਿਸ਼ਟਾਚਾਰ ਦਾ ਦੋਸ਼ ਪ੍ਰਭਾਵੀ ਨਾ ਰਹਿ ਸਕੇ। ਭਾਜਪਾ ਜਾਣਦੀ ਸੀ ਕਿ ਏਨਾ ਕੁਝ ਕਰਨ ਦੇ ਬਾਵਜੂਦ ਉਸ ਦਾ ਚੋਣ ਜਿੱਤਣਾ ਮੁਸ਼ਕਿਲ ਹੈ। ਭਾਜਪਾ ਚੋਣ ਨਹੀਂ ਜਿੱਤ ਸਕੀ ਪਰ ਆਪਣੀ ਹਾਰ ਨੂੰ ਨਰਮ ਕਰਨ 'ਚ ਉਹ ਜ਼ਰੂਰ ਕਾਮਯਾਬ ਰਹੀ।

ਗੁਜਰਾਤ ਦੀ ਚੋਣ ਭਾਜਪਾ ਦੀਆਂ ਤਰਕੀਬਾਂ ਦੀ ਸੰਪੂਰਨ ਸਫ਼ਲਤਾ ਲਈ ਜਾਣੀ ਜਾਵੇਗੀ। ਉੱਥੇ ਸਥਾਨਕ ਹਾਲਾਤ ਨੇ ਵੀ ਉਸ ਦੀ ਮਦਦ ਕੀਤੀ। ਚੋਣਾਂ ਤੋਂ ਪਹਿਲਾਂ ਸਰਵੇਖਣਾਂ 'ਚ ਸਾਫ਼ ਤੌਰ 'ਤੇ ਸੰਕੇਤ ਦਿਖਾਈ ਦੇ ਰਹੇ ਸਨ ਕਿ ਕਰੀਬ 43 ਫ਼ੀਸਦੀ ਵੋਟਰ ਸਰਕਾਰ ਬਦਲਣ ਲਈ ਵੋਟ ਦੇਣਾ ਚਾਹੁੰਦੇ ਸਨ। ਅੰਤ 'ਚ ਭਾਜਪਾ ਨੂੰ 53 ਫ਼ੀਸਦੀ ਵੋਟਾਂ ਮਿਲੀਆਂ ਅਤੇ 47 ਫ਼ੀਸਦੀ ਵੋਟਰਾਂ ਨੇ ਉਸ ਦੇ ਖ਼ਿਲਾਫ਼ ਵੋਟਾਂ ਪਾਈਆਂ। ਇੱਥੇ ਭਾਜਪਾ ਨੂੰ ਦੋ ਤਰ੍ਹਾਂ ਦੇ ਹਾਲਾਤ ਦਾ ਲਾਭ ਮਿਲਿਆ। ਪਹਿਲਾ ਸੀ ਨੱਬੇ ਦੇ ਦਹਾਕੇ ਤੋਂ ਬਾਅਦ ਪਹਿਲੀ ਵਾਰ ਹੋ ਰਿਹਾ ਤਿਕੋਣਾ ਮੁਕਾਬਲਾ, ਕਿਉਂਕਿ ਆਮ ਆਦਮੀ ਪਾਰਟੀ ਦਿਹਾਤੀ ਖੇਤਰ 'ਚ ਕਾਂਗਰਸ ਤੋਂ ਉਸ ਦੀਆਂ ਵੋਟਾਂ ਖੋਹਣ 'ਚ ਕਾਮਯਾਬ ਰਹੀ, ਇਸ ਲਈ ਭਾਜਪਾ ਕਾਂਗਰਸ ਦੇ ਖਾਤੇ 'ਚੋਂ ਕਈ ਸੀਟਾਂ ਖੋਹ ਸਕੀ ਪਰ ਉਸੇ ਤਰਜ਼ 'ਤੇ ਸ਼ਹਿਰਾਂ 'ਚ ਆਮ ਆਦਮੀ ਪਾਰਟੀ ਭਾਜਪਾ ਤੋਂ ਉਸ ਦੀਆਂ ਵੋਟਾਂ ਨਹੀਂ ਖੋਹ ਸਕੀ। ਨਤੀਜਾ ਇਹ ਹੋਇਆ ਕਿ ਉੱਥੇ ਸੱਤਾਧਾਰੀ ਦਲ ਆਪਣਾ ਪ੍ਰਭੂਤਵ ਬਣਾਈ ਰੱਖਣ 'ਚ ਕਾਮਯਾਬ ਰਿਹਾ। ਭਾਜਪਾ ਦੀਆਂ ਸੀਟਾਂ ਵਧਣ 'ਚ ਇਸ ਕਾਰਕ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਦੂਜਾ ਲਾਭ ਸੀ ਕਾਂਗਰਸ ਦੀ ਬੇਹੱਦ ਕਮਜ਼ੋਰ ਚੁਣਾਵੀ ਮੁਹਿੰਮ। ਅਜਿਹਾ ਜਾਪ ਰਿਹਾ ਸੀ ਕਿ ਕਾਂਗਰਸ ਨੇ 'ਭਾਰਤ ਜੋੜੋ ਯਾਤਰਾ' ਲਈ ਗੁਜਰਾਤ ਦੀਆਂ ਚੋਣਾਂ ਦੀ ਬਲੀ ਦੇਣ ਦਾ ਫ਼ੈਸਲਾ ਕਰ ਲਿਆ ਸੀ। 2017 'ਚ ਬਾਰਾਂ ਦਿਨ ਤੱਕ ਚੋਣ ਪ੍ਰਚਾਰ ਕਰਨ ਵਾਲੇ ਰਾਹੁਲ ਗਾਂਧੀ ਇਸ ਵਾਰ ਉੱਥੇ ਸਿਰਫ਼ ਇਕ ਦਿਨ ਲਈ ਗਏ। ਕਾਂਗਰਸ ਦੇ ਰਵਾਇਤੀ ਸਮਰਥਕਾਂ ਨੂੰ ਇਹ ਦੇਖ ਕੇ ਬਹੁਤ ਨਿਰਾਸ਼ਾ ਹੋਈ ਸੀ।

ਇਨ੍ਹਾਂ ਸਥਿਤੀਆਂ ਦੇ ਲਾਭਾਂ ਤੋਂ ਇਲਾਵਾ ਭਾਜਪਾ ਨੇ 2017 'ਚ ਕਮਜ਼ੋਰ ਪ੍ਰਦਰਸ਼ਨ ਕਰਨ ਤੋਂ ਬਾਅਦ ਤੋਂ ਹੀ ਆਪਣੇ ਸੰਗਠਨ ਅਤੇ ਸਰਕਾਰ ਦੀਆਂ ਖ਼ਾਮੀਆਂ ਦਰੁਸਤ ਕਰਨ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਸੀ। ਸੀ.ਆਰ. ਪਾਟਿਲ ਨੂੰ ਪਾਰਟੀ ਪ੍ਰਧਾਨ ਬਣਾਉਣ, ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ ਵਧਾਉਣ ਦਾ ਐਲਾਨ ਕਰਨ, ਆਰਥਿਕ ਰਾਹਤ ਦੇਣ ਵਾਲੀਆਂ ਯੋਜਨਾਵਾਂ ਦੇ ਜ਼ਮੀਨੀ ਪ੍ਰਸਾਰ ਅਤੇ ਨਿਗਰਾਨੀ ਲਈ ਜ਼ਿਲ੍ਹਾ ਅਧਿਕਾਰੀਆਂ ਨੂੰ ਤਾੜਨਾ ਕਰਨ, ਇਨ੍ਹਾਂ ਯੋਜਨਾਵਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ 'ਪ੍ਰਗਤੀ' ਨਾਂ ਦੀ ਯੋਜਨਾ ਤਿਆਰ ਕਰਨ ਅਤੇ ਸਭ ਤੋਂ ਉੱਪਰ ਰੂਪਾਨੀ ਸਰਕਾਰ ਨੂੰ ਰਾਤੋ-ਰਾਤ ਬਦਲ ਕੇ ਇਕਦਮ ਨਵੀਂ ਸਰਕਾਰ ਕਾਇਮ ਕਰਨ ਦੇ ਕਦਮ ਸੱਤਾ ਵਿਰੋਧੀ ਭਾਵਨਾ ਦਾ ਮੁਕਾਬਲਾ ਕਰਨ ਦੇ ਟੀਚੇ ਨੂੰ ਹਾਸਲ ਕਰਨ 'ਚ ਸਹਾਇਕ ਬਣੇ।

ਹਿਮਾਚਲ 'ਚ ਮਾਹਿਰਾਂ ਨੂੰ ਸਾਫ਼ ਦਿਸ ਰਿਹਾ ਹੈ ਕਿ ਜ਼ਮੀਨ 'ਤੇ ਭਾਜਪਾ ਦੀ ਹਾਲਤ ਖ਼ਸਤਾ ਹੈ, ਉਸ ਦੇ ਬਾਵਜੂਦ ਪ੍ਰਧਾਨ ਮੰਤਰੀ ਦੀ ਸ਼ਖ਼ਸੀਅਤ, ਉਨ੍ਹਾਂ ਦੀ ਲੋਕਪ੍ਰਿਅਤਾ ਅਤੇ ਸੰਗਠਨ ਦੀ ਵਰਤੋਂ ਕਰਦਿਆਂ ਹੋਇਆ ਭਾਜਪਾ ਲਗਾਤਾਰ ਟੱਕਰ 'ਚ ਬਣੀ ਰਹੀ। ਪ੍ਰਧਾਨ ਮੰਤਰੀ ਵੀ ਜਾਣਦੇ ਸਨ ਕਿ ਹਿਮਾਚਲ 'ਚ ਚੋਣ ਜਿੱਤਣਾ ਮੁਸ਼ਕਿਲ ਹੈ ਪਰ ਉਨ੍ਹਾਂ ਨੇ ਇਸ ਦੇ ਬਾਵਜੂਦ ਉੱਥੇ ਚੋਣ ਪ੍ਰਚਾਰ 'ਚ ਕੋਈ ਝਿਜਕ ਨਹੀਂ ਦਿਖਾਈ। ਇਸ ਦੇ ਮੁਕਾਬਲੇ ਕਾਂਗਰਸ ਹਾਲਾਤ ਅਨੁਕੂਲ ਹੋਣ ਦੇ ਬਾਵਜੂਦ ਉਨ੍ਹਾਂ ਦੇ ਅੱਗੇ ਕਿਤੇ ਵੀ ਠਹਿਰਦੀ ਨਜ਼ਰ ਨਹੀਂ ਆਈ। ਦਰਅਸਲ, ਮਲਿਕਅਰਜੁਨ ਖੜਗੇ ਨੂੰ ਕਾਂਗਰਸ ਪ੍ਰਧਾਨ ਬਣਦਿਆਂ ਹੀ ਰਾਹੁਲ ਗਾਂਧੀ ਨੂੰ ਨਿਰਦੇਸ਼ ਦੇਣਾ ਚਾਹੀਦਾ ਸੀ ਕਿ ਉਹ 'ਭਾਰਤ ਜੋੜੋ ਯਾਤਰਾ' ਕੁਝ ਸਮੇਂ ਲਈ ਮੁਲਤਵੀ ਕਰ ਕੇ ਗੁਜਰਾਤ ਅਤੇ ਹਿਮਾਚਲ 'ਚ ਜੰਮ ਕੇ ਚੋਣ ਪ੍ਰਚਾਰ ਕਰਨ ਪਰ ਰਾਹੁਲ ਯਾਤਰਾ ਕਰਦੇ ਰਹੇ। ਨਾ ਖੜਗੇ ਨੇ ਨਿਰਦੇਸ਼ ਦਿੱਤਾ ਅਤੇ ਨਾ ਹੀ ਰਾਹੁਲ ਨੇ ਆਪਣੇ ਵਲੋਂ ਅਜਿਹਾ ਸੋਚਿਆ।

ਪ੍ਰਿਅੰਕਾ ਗਾਂਧੀ ਦੇ ਖੇਮੇ ਵਲੋਂ ਭਾਵੇਂ ਦਾਅਵਾ ਕੋਈ ਵੀ ਕੀਤਾ ਜਾਵੇ ਪਰ ਹਿਮਾਚਲ 'ਚ ਕਾਂਗਰਸ ਆਪਣੇ ਸਥਾਨਕ ਨੇਤਾਵਾਂ ਦੇ ਕਾਰਨ ਜਿੱਤੀ ਹੈ। ਹਿਮਾਚਲ 'ਚ ਕਾਂਗਰਸ ਦੇ ਤਕਰੀਬਨ ਵੀਹ ਅਜਿਹੇ ਨੇਤਾ ਹਨ ਜੋ ਕਦੇ ਨਹੀਂ ਹਾਰਦੇ। ਅਜਿਹੀ ਸਥਿਤੀ 'ਚ ਕਾਂਗਰਸ ਨੂੰ ਆਪਣੇ ਭਵਿੱਖ ਬਾਰੇ ਲਗਾਤਾਰ ਸੋਚਣਾ ਚਾਹੀਦਾ ਹੈ ਅਤੇ ਜਿਵੇਂ ਭਾਜਪਾ ਕਹਿੰਦੀ ਵੀ ਹੈ, ਕਿਤੇ ਅਜਿਹਾ ਨਾ ਹੋਵੇ ਕਿ 'ਭਾਰਤ ਜੋੜੋ ਯਾਤਰਾ' ਕਾਂਗਰਸ ਲਈ 'ਰਾਜਨੀਤੀ ਛੱਡੋ ਯਾਤਰਾ' ਬਣ ਕੇ ਨਾ ਰਹਿ ਜਾਵੇ।

# ਭਾਜਪਾ ਦੀ ਸਿਆਸੀ ਚਤੁਰਾਈ

ਗੁਜਰਾਤ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੇ ਕਿਸੇ ਸਮੇਂ ਆਪਣੇ ਵੱਲੋਂ ਅਤੇ ਕਾਂਗਰਸ ਵੱਲੋਂ ਵੀ ਹਾਸਲ ਕੀਤੀਆਂ ਸੀਟਾਂ ਦੀ ਗਿਣਤੀ ਨੂੰ ਪਾਰ ਕਰ ਕੇ ਇਤਿਹਾਸਕ ਜਿੱਤ ਹਾਸਲ ਕੀਤੀ ਹੈ। 1960 'ਚ ਮਹਾਰਾਸ਼ਟਰ ਵਿਚੋਂ ਗੁਜਰਾਤ ਦੇ ਗਠਨ ਤੋਂ ਲੈ ਕੇ ਕਾਂਗਰਸ ਇਨ੍ਹਾਂ ਦੋਵਾਂ ਸੂਬਿਆਂ 'ਤੇ ਦਾਅਵਾ ਜਤਾਉਂਦੀ ਰਹੀ ਹੈ ਪਰ ਹੁਣ ਇਨ੍ਹਾਂ ਦੋਵੇਂ ਥਾਈਂ ਇਹ ਬੇਹੱਦ ਕਮਜ਼ੋਰ ਹੋ ਗਈ ਹੈ।

ਭਾਜਪਾ ਨੇ 1995 ਵਿਚ ਪਹਿਲੀ ਵਾਰ 40

**ਰਾਧਿਕਾ ਰਾਮਾਸੇਸ਼ਨ**

ਤੋਂ ਵੱਧ ਸੀਟਾਂ ਜਿੱਤਣੀਆਂ ਸ਼ੁਰੂ ਕੀਤੀਆਂ ਸਨ ਤੇ ਕਾਂਗਰਸ ਜਿਵੇਂ ਕਿਵੇਂ ਆਪਣੀ ਚੰਗੀ ਸਥਿਤੀ ਬਰਕਰਾਰ ਰੱਖਦੀ ਆ ਰਹੀ ਸੀ। 2017 ਦੀਆਂ ਚੋਣਾਂ ਵਿਚ ਇਸ ਨੇ 77 ਸੀਟਾਂ ਜਿੱਤ ਕੇ ਆਪਣੀ ਚੰਗੀ ਭੱਲ ਬਣਾ ਲਈ ਸੀ ਪਰ ਇਸ ਵਾਰ ਇਸ ਦੀਆਂ ਸੀਟਾਂ ਦੀ ਗਿਣਤੀ ਬਹੁਤ ਘਟ ਗਈ ਹੈ। ਇਸ ਨਾਲ ਇੰਝ ਲੱਗਦਾ ਹੈ ਕਿ ਜਿਵੇਂ ਪੱਛਮੀ ਭਾਰਤ 'ਚੋਂ ਪਾਰਟੀ ਦਾ ਸਫ਼ਾਇਆ ਹੋ ਗਿਆ ਹੈ ਕਿਉਂਕਿ ਮਹਾਰਾਸ਼ਟਰ ਵਿਚ ਵੀ ਇਸ ਦੀ ਉਹ ਮਜ਼ਬੂਤ ਸਥਿਤੀ ਨਹੀਂ ਰਹੀ ਜੋ ਕਿਸੇ ਸਮੇਂ ਹੁੰਦੀ ਸੀ। ਇਸ ਤਰ੍ਹਾਂ ਗੁਜਰਾਤ ਦੇ ਚੋਣ ਨਤੀਜਿਆਂ ਤੋਂ ਇਹ ਗੱਲ ਜ਼ਾਹਰ ਹੋ ਗਈ ਹੈ ਕਿ ਛੱਤੀਸਗੜ੍ਹ ਅਤੇ ਹਿਮਾਚਲ ਪ੍ਰਦੇਸ਼ ਜਿਹੇ ਕੁਝ ਛੋਟੇ ਪ੍ਰਦੇਸ਼ਾਂ ਨੂੰ ਛੱਡ ਕੇ ਉੱਤਰੀ ਤੇ ਪੱਛਮੀ ਭਾਰਤ 'ਚੋਂ ਕਾਂਗਰਸ ਦਾ ਸਫ਼ਾਇਆ ਹੋ ਗਿਆ ਹੈ।

ਭਾਜਪਾ ਨੇ ਸੱਤਵੀਂ ਵਾਰ ਸੱਤਾ ਦੀ ਪਾਰੀ ਖੇਡਦਿਆਂ 150 ਤੋਂ ਵੱਧ ਸੀਟਾਂ ਦਾ ਟੀਚਾ ਰੱਖਿਆ ਸੀ। ਦੋ ਕਾਰਨਾਂ ਕਰ ਕੇ ਇਸ ਦੀ ਕਾਰਗੁਜ਼ਾਰੀ ਪੁਰਸਕਾਰ ਦੀ ਹੱਕਦਾਰ ਹੈ। ਇਸ ਨੇ 2002 ਦੀਆਂ ਚੋਣਾਂ ਵਿਚ 127 ਸੀਟਾਂ ਜਿੱਤਣ ਦੇ ਰਿਕਾਰਡ ਨੂੰ ਸੁਧਾਰਿਆ ਹੈ ਅਤੇ ਇਸ ਦੇ ਨਾਲ ਹੀ 1985 ਦੀਆਂ ਚੋਣਾਂ ਵਿਚ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਮਾਧਵਸਿੰਘ ਸੋਲੰਕੀ ਵੱਲੋਂ ਇਤਿਹਾਸਕ 149 ਸੀਟਾਂ ਜਿੱਤਣ ਦਾ ਰਿਕਾਰਡ ਵੀ ਤੋੜ ਦਿੱਤਾ ਹੈ। 2017 ਵਿਚ ਭਾਜਪਾ ਕੋਲ 99 ਸੀਟਾਂ 'ਤੇ ਰਹਿ ਗਈਆਂ ਸਨ। ਇਸ ਤੋਂ ਬਾਅਦ ਇਸ ਨੇ ਆਪਣੀ ਗੁਆਚੀ ਜ਼ਮੀਨ ਮੁੜ ਹਾਸਲ ਕਰਨ ਦਾ ਅਹਿਦ ਲਿਆ ਜਿਸ ਤਹਿਤ ਇਸ ਨੇ ਨਾ ਕੇਵਲ 2019 ਦੀਆਂ ਲੋਕ ਸਭਾਂ ਚੋਣਾਂ ਵਿਚ ਇਸ ਨੇ ਸਾਰੀਆਂ 26 ਸੀਟਾਂ ਜਿੱਤੀਆਂ ਸਗੋਂ ਹੁਣ ਸੋਲੰਕੀ ਦੀ ਜਿੱਤ ਦੇ ਰਿਕਾਰਡ ਨੂੰ ਵੀ ਮਾਤ ਪਾ ਦਿੱਤੀ ਹੈ। ਸੋਲੰਕੀ ਨੇ ਚਾਰ ਤਬਕਿਆਂ- ਖੱਤਰੀ, ਹਰੀਜਨ, ਆਦਿਵਾਸੀ ਤੇ ਮੁਸਲਮਾਨ ਦੀ ਇਕਜੁੱਟਤਾ ਦੇ ਸਮਾਜਿਕ ਫਾਰਮੂਲੇ ਰਾਹੀਂ ਇਹ ਚੁਣਾਵੀ ਮੱਲ ਮਾਰੀ ਸੀ ਪਰ ਭਾਜਪਾ ਇਸ ਜਾਤੀਗਤ ਫਾਰਮੂਲੇ ਤੋਂ ਬਿਨਾ ਹੀ ਆਪਣੀ ਇਸ ਸਿਖਰ 'ਤੇ ਪਹੁੰਚਣ ਵਿਚ ਕਾਮਯਾਬ ਹੋਈ ਹੈ।

ਇਹ ਗੱਲ ਸੱਚ ਹੈ ਕਿ ਚੁਣਾਵੀ ਸਿਆਸਤ ਵਿਚ ਜਾਤੀ ਦੀ ਭੂਮਿਕਾ ਪ੍ਰਤੀ ਇਸ ਨੇ ਸੋਚੀ ਸਮਝੀ ਦੂਰੀ ਬਣਾ ਕੇ ਰੱਖੀ ਹੈ ਪਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਇੱਕ ਪ੍ਰਾਪਤੀ ਪੱਛੜੀਆਂ ਜਾਤੀਆਂ ਨੂੰ ਇਕੱਠਾ ਕਰਨ ਦੀ ਰਹੀ ਹੈ ਜਿਨ੍ਹਾਂ ਦੀ ਗੁਜਰਾਤ ਵਿਚ ਗਿਣਤੀ ਤਕਰੀਬਨ 50 ਫ਼ੀਸਦੀ ਬਣਦੀ ਹੈ ਤਾਂ ਕਿ ਪਾਟੀਦਾਰਾਂ ਜਾਂ ਪਟੇਲਾਂ ਦੇ ਦਬਦਬੇ ਦਾ ਤੋੜ ਲੱਭਿਆ ਜਾ ਸਕੇ ਜਿਨ੍ਹਾਂ ਨੇ 1995 ਤੋਂ ਲੈ ਕੇ ਆਪਣਾ ਵੋਟ ਬੈਂਕ ਕਾਇਮ ਕੀਤਾ ਹੋਇਆ ਹੈ। ਪਾਟੀਦਾਰਾਂ ਵੱਲੋਂ ਸਿੱਖਿਆ ਤੇ ਨੌਕਰੀਆਂ ਵਿਚ ਰਾਖਵੇਂਕਰਨ ਦੀ ਮੰਗ ਨੂੰ ਲੈ ਕੇ ਸੜਕਾਂ 'ਤੇ ਪ੍ਰਦਰਸ਼ਨ ਕਰਨ ਤੋਂ ਪਹਿਲਾਂ 2012 ਵਿਚ ਹੀ ਮੋਦੀ ਨੇ ਇਹ ਗੱਲ ਭਾਂਪ ਲਈ ਸੀ ਕਿ ਭਾਜਪਾ ਦੀ ਸਿਆਸਤ ਨੂੰ ਪਟੇਲਾਂ ਦੇ ਕੰਧਾੜੇ ਚਲਾਉਣ ਦਾ ਹੁਣ ਕੋਈ ਬਹੁਤਾ ਫ਼ਾਇਦਾ ਨਹੀਂ ਹੋ ਸਕਣਾ। 2017 ਵਿਚ ਪਾਟੀਦਾਰਾਂ ਦੀਆਂ ਵੋਟਾਂ ਦੇ ਹੋਏ ਨੁਕਸਾਨ ਦੀ ਹੋਰਨਾਂ ਪੱਛੜੇ ਤਬਕਿਆਂ ਦੀ ਹਮਾਇਤ ਨਾਲ ਭਰਪਾਈ ਹੋ ਗਈ ਸੀ ਜਿਸ ਕਰ ਕੇ ਭਾਜਪਾ ਹਾਰਨ ਤੋਂ ਵਾਲ-ਵਾਲ ਬਚ ਗਈ ਸੀ।

ਪੰਜ ਸਾਲ ਪਹਿਲਾਂ ਭਾਜਪਾ ਨੂੰ ਜਾਤੀਗਤ ਅੰਦੋਲਨਾਂ ਤੇ ਨੋਟਬੰਦੀ ਤੇ ਜੀ.ਐੱਸ.ਟੀ. ਪ੍ਰਣਾਲੀ ਕਾਰਨ ਪੈਦਾ ਹੋਈਆਂ ਆਰਥਿਕ ਮੁਸ਼ਕਿਲਾਂ ਕਰ ਕੇ ਉਪਜੇ ਔਖੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਐਤਕੀਂ ਨਾਂਹਮੁਖੀ ਹਾਲਾਤ ਲਗਭਗ ਨਾਂ-ਮਾਤਰ ਸਨ ਜਾਂ ਦਰੁਸਤੀ ਕਦਮਾਂ ਕਰ ਕੇ ਇਨ੍ਹਾਂ ਦਾ ਅਸਰ ਕਾਫ਼ੀ ਹੱਦ ਤੱਕ ਘਟ ਚੁੱਕਿਆ ਸੀ। ਆਰਥਿਕ ਅਤੇ ਸਮਾਜਿਕ ਸਮੂਹਾਂ ਅੰਦਰ ਬੇਚੈਨੀ ਬਣੀ ਹੋਈ ਸੀ। ਉੱਤਰੀ ਗੁਜਰਾਤ ਦੇ ਪਸ਼ੂ ਪਾਲਕਾਂ ਅੰਦਰ ਰੋਸ ਸੀ ਕਿ ਦੁੱਧ ਤੋਂ ਹੋਣ ਵਾਲੀ ਕਮਾਈ ਘਟ ਰਹੀ ਹੈ ਕਿਉਂਕਿ ਪਸ਼ੂਆਂ ਦੇ ਚਾਰੇ ਤੇ ਫੀਡ ਦੀ ਲਾਗਤ ਵਧ ਰਹੀ ਹੈ; ਮੱਧ ਗੁਜਰਾਤ ਵਿਚ ਤੰਬਾਕੂ ਉਤਪਾਦਕਾਂ ਨੂੰ ਜੀ.ਐੱਸ.ਟੀ. ਦੀ ਟੀਸ ਅਜੇ ਤਾਈਂ ਰੜਕ ਰਹੀ ਹੈ। ਉਂਝ, ਉਨ੍ਹਾਂ ਦੀ ਬੇਚੈਨੀ ਭਾਜਪਾ ਦੀ ਕੇਂਦਰੀ ਤੇ ਸੂਬਾਈ ਸਰਕਾਰ ਖਿਲਾਫ਼ ਭਾਰੂ ਪ੍ਰਵਚਨ ਕਾਇਮ ਕਰਨ ਲਈ ਗੁੱਸੇ ਦੇ ਪੱਧਰ ਤਕ ਨਹੀਂ ਪਹੁੰਚ ਸਕੀ ਕਿਉਂਕਿ ਵੋਟਰਾਂ ਦੇ ਮਨ ਵਿਚ ਗੁਜਰਾਤ ਕੇਂਦਰ ਜਾਂ ਦੂਜੇ ਸ਼ਬਦਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੰਗਿਆ ਬਣਿਆ ਹੋਇਆ ਹੈ।

ਮੈਂ ਜਿੰਨੇ ਵੀ ਲੋਕਾਂ ਨਾਲ ਗੱਲਬਾਤ ਕੀਤੀ, ਉਨ੍ਹਾਂ ਵਿਚ ਸਿੱਖਿਆ ਤੇ ਸਿਹਤ ਸੰਭਾਲ ਦੀਆਂ ਜਨਤਕ ਸਹੂਲਤਾਂ ਦੀ ਮਾੜੀ ਹਾਲਤ ਤੋਂ ਇਲਾਵਾ ਮਹਿੰਗਾਈ ਦਾ ਜ਼ਿਕਰ ਜ਼ਰੂਰ ਆਉਂਦਾ ਰਿਹਾ ਹੈ। ਲੋਕਾਂ ਦੇ ਗਿਲੇ-ਸ਼ਿਕਵੇ ਅੰਤ ਨੂੰ ਮੋਦੀ ਨੂੰ ਗਾਂਧੀਨਗਰ (ਲੁਕਵੇਂ ਰੂਪ ਵਿਚ) ਅਤੇ ਦਿੱਲੀ ਵਿਚ ਸੱਤਾ ਵਿਚ ਬਣਾਈ ਰੱਖਣ ਦੀ ਵਿਆਪਕ ਭਾਵਨਾ ਵਿਚ ਸਮਾ ਗਏ। ਉਨ੍ਹਾਂ ਦਾ ਇਹ ਤਰਕ ਸੀ ਕਿ ਗੁਜਰਾਤ ਵਿਚ ਭਾਜਪਾ ਖਿਲਾਫ਼ ਵੋਟ ਪਾਉਣ ਨਾਲ ਪ੍ਰਧਾਨ ਮੰਤਰੀ ਵਜੋਂ ਮੋਦੀ ਦੇ ਨੰਬਰ ਕੱਟੇ ਜਾਣਗੇ ਅਤੇ ਇਸ ਨਾਲ ਦਿੱਲੀ ਵਿਚ ਉਨ੍ਹਾਂ ਦੀ ਸੱਤਾ ਵੀ ਜਾ ਸਕਦੀ ਹੈ।

ਦਰਅਸਲ 'ਸੱਤਾ ਨਾਲ ਲਗਾਓ' ਦੇ ਜਿਸ ਫ਼ਿਕਰੇ ਦੀ ਭਾਜਪਾ ਨੇ ਆਮ ਵਰਤੋਂ ਕੀਤੀ ਹੈ ਤਾਂ ਇਸ 'ਤੇ ਬੜਬੋਲੇਪਣ ਦਾ ਇਸ ਕਰ ਕੇ ਦੋਸ਼ ਨਹੀਂ ਲਾਇਆ ਜਾ ਸਕਦਾ ਕਿਉਂਕਿ ਛੋਟੇ ਮੋਟੇ ਹਰ ਉਜ਼ਰ ਤੋਂ ਬਾਅਦ ਮੋਦੀ ਦੀ ਅਗਵਾਈ ਹੇਠ ਗੁਜਰਾਤ ਅਤੇ ਕੇਂਦਰ ਸਰਕਾਰਾਂ ਦੀਆਂ ਪ੍ਰਾਪਤੀਆਂ ਦੀ ਭਰਵੀਂ ਪ੍ਰਸੰਸਾ ਕੀਤੀ ਜਾਂਦੀ ਰਹੀ ਹੈ ਜਿਨ੍ਹਾਂ ਬਾਰੇ ਲੋਕ ਕੋਈ ਬਹਿਸ ਮੁਬਾਹਿਸਾ ਕਰਨ ਲਈ ਤਿਆਰ ਨਹੀਂ ਹਨ।

ਇਹ ਤੱਥ ਹੈ ਕਿ ਭਾਜਪਾ ਨੇ ਮੁੱਖ ਮੰਤਰੀ ਵਿਜੈ ਰੂਪਾਨੀ ਨੂੰ ਅੱਧ ਵਿਚਕਾਰ ਹਟਾ ਕੇ ਭੁਪੇਂਦਰ ਪਟੇਲ ਨੂੰ ਮੁੱਖ ਮੰਤਰੀ ਬਣਾ ਦੇਣ, ਰੂਪਾਨੀ ਦੀ ਸਮੁੱਚੀ ਵਜ਼ਾਰਤ ਨੂੰ ਛਾਂਗ ਦੇਣ, ਨਿਤਿਨ ਪਟੇਲ ਜਿਹੇ ਆਜ਼ਾਦਾਨਾ ਆਧਾਰ ਵਾਲੇ ਆਗੂਆਂ ਤੇ ਹੋਰ ਪੁਰਾਣੇ ਆਗੂਆਂ ਨੂੰ ਲਾਂਭੇ ਕਰਨ, ਬਹੁਤ ਸਾਰੇ ਮੌਜੂਦਾ ਵਿਧਾਇਕਾਂ ਦੀਆਂ ਟਿਕਟਾਂ ਕੱਟ ਕੇ ਬਗ਼ਾਵਤ ਦਾ ਖ਼ਤਰਾ ਸਹੇੜ ਲਿਆ ਸੀ ਪਰ ਇਸ ਸਭ ਕਾਸੇ ਦੇ ਬਾਵਜੂਦ ਨਤੀਜਿਆਂ 'ਤੇ ਕੋਈ ਅਸਰ ਨਾ ਪਿਆ।

ਇਹ ਸੂਬਾਈ ਆਗੂਆਂ ਅਤੇ ਉਮੀਦਵਾਰਾਂ ਨੂੰ ਹਾਸ਼ੀਏ 'ਤੇ ਧੱਕ ਦੇਣ ਅਤੇ ਸਮੁੱਚੇ ਚੋਣ ਪ੍ਰਚਾਰ 'ਤੇ ਮੋਦੀ ਦੀ ਸ਼ਖ਼ਸੀਅਤ ਦੀ ਛਾਪ ਪਾਉਣ ਦੀ ਸਮੱਰਥਾ ਦੀ ਪਰਖ ਸਾਬਿਤ ਹੋਈ ਹੈ। ਇਸ ਤਰ੍ਹਾਂ ਜਿੱਥੇ ਹਿਮਾਚਲ ਪ੍ਰਦੇਸ਼ ਵਿਚ ਬਾਗ਼ੀਆਂ ਕਰ ਕੇ ਪਾਰਟੀ ਨੂੰ ਢਾਹ ਲੱਗੀ ਜਾਪਦੀ ਹੈ, ਉੱਥੇ ਗੁਜਰਾਤ ਵਿਚ ਇਸ ਨੂੰ ਫੈਲਣ ਤੋਂ ਰੋਕ ਦਿੱਤਾ ਗਿਆ।

ਬੇਸ਼ੱਕ ਜੇ ਵਿਰੋਧੀ ਧਿਰ ਦੀ ਅੱਧ-ਪਚੱਧ ਤਿਆਰੀ ਵੀ ਹੁੰਦੀ ਤਾਂ ਭਾਜਪਾ ਦੀ ਇੰਨੀ ਵੱਡੀ ਜਿੱਤ ਸੰਭਵ ਨਹੀਂ ਹੋ ਸਕਣੀ ਸੀ। ਕਾਂਗਰਸ ਹਾਲਾਂਕਿ 27 ਸਾਲਾਂ ਤੋਂ ਸੱਤਾ ਤੋਂ ਬਾਹਰ ਹੈ, ਫਿਰ ਵੀ ਇਸ ਨੇ ਕੁਝ ਹੱਦ ਤੱਕ ਟੱਕਰ ਦੇਣ ਦੀ ਕੋਸ਼ਿਸ਼ ਕੀਤੀ ਪਰ ਸੋਨੀਆ ਗਾਂਧੀ ਦੇ ਸਿਆਸੀ ਸਕੱਤਰ ਅਹਿਮਦ ਪਟੇਲ ਦੀ ਘਾਟ ਅਤੇ ਕਿਸੇ ਸੂਬਾਈ ਆਗੂ ਦੀ ਗ਼ੈਰ-ਮੌਜੂਦਗੀ ਨੇ ਇਸ ਦੀਆਂ ਜਥੇਬੰਦਕ ਕਮਜ਼ੋਰੀਆਂ ਸਭ ਦੇ ਸਾਹਮਣੇ ਲਿਆ ਦਿੱਤੀਆਂ। ਗੁਜਰਾਤ ਕੁੱਲ ਹਿੰਦ ਕਾਂਗਰਸ ਕਮੇਟੀ ਦੀ ਮਤਰੇਈ ਔਲਾਦ ਬਣਿਆ ਹੋਇਆ ਹੈ ਅਤੇ ਕਾਂਗਰਸ ਦੇ ਮੁਕਾਮੀ ਦਫ਼ਤਰਾਂ ਵਿਚ ਇਹ ਗੱਲ ਅਕਸਰ ਸੁਣਨ ਨੂੰ ਮਿਲਦੀ ਹੈ।

ਆਮ ਆਦਮੀ ਪਾਰਟੀ ਨੇ ਆਰਥਿਕ ਤੌਰ 'ਤੇ ਕਮਜ਼ੋਰ ਤਬਕਿਆਂ, ਨੌਜਵਾਨ ਪੇਸ਼ੇਵਰਾਂ ਤੇ ਵਿਦਿਆਰਥੀਆਂ ਅੰਦਰ ਜਗਿਆਸਾ ਤੇ ਕੁਝ ਹੱਦ ਤੱਕ ਉਮੀਦ ਵੀ ਜਗਾਈ ਸੀ। ਉਂਝ, ਜ਼ਮੀਨੀ ਢਾਂਚੇ ਦੀ ਅਣਹੋਂਦ ਕਰ ਕੇ 'ਆਪ' ਆਪਣੇ ਏਜੰਡੇ ਦਾ ਪ੍ਰਚਾਰ ਪਸਾਰ ਉਸ ਪੱਧਰ ਤੱਕ ਨਹੀਂ ਕਰ ਸਕੀ ਜਿਸ ਦੀ ਇਸ ਦੇ ਆਗੂਆਂ ਨੂੰ ਆਸ ਸੀ। ਇਨ੍ਹਾਂ ਚੋਣ ਨਤੀਜਿਆਂ ਤੋਂ ਬਾਅਦ 'ਆਪ' ਕੌਮੀ ਪਾਰਟੀ ਬਣ ਗਈ ਹੈ।

ਭਾਜਪਾ ਦੀ ਸਿਆਸੀ ਯੋਜਨਾ ਵਿਚ ਗੁਜਰਾਤ ਦੀ ਅਹਿਮੀਅਤ ਨੂੰ ਲੋੜੋਂ ਵੱਧ ਤੂਲ ਨਹੀਂ ਦਿੱਤਾ ਜਾ ਸਕਦਾ। ਲਾਲ ਕ੍ਰਿਸ਼ਨ ਅਡਵਾਨੀ ਜੋ ਗਾਂਧੀਨਗਰ ਤੋਂ ਪਾਰਟੀ ਦੇ ਸੰਸਦ ਮੈਂਬਰ ਰਹੇ ਹਨ, ਨੇ ਇਸ ਨੂੰ ਭਾਜਪਾ ਦੇ ਤਾਜ ਦਾ ਹੀਰਾ ਕਰਾਰ ਦਿੱਤਾ ਸੀ। ਭਾਜਪਾ ਦੇ ਸ਼ਾਸਨ ਦੇ ਪਹਿਲੇ ਸੱਤ ਸਾਲਾਂ ਵਿਚ ਧੜੇਬੰਦੀ ਕਰ ਕੇ ਇਸ ਹੀਰੇ ਦੀ ਚਮਕ ਕੁਝ ਹੱਦ ਤੱਕ ਫਿੱਕੀ ਪੈ ਗਈ ਸੀ। 2001 ਵਿਚ ਮੋਦੀ ਦੀ ਆਮਦ ਨਾਲ ਇਹ ਚਮਕ ਵਾਪਸ ਆਈ ਸੀ।

# ਮੇਰੇ ਨਾਲ ਸਾਂਝੇ ਨੋਬੇਲ ਇਨਾਮ ਵਾਲ਼ੀ ਅਜੀਤ ਕੌਰ - 2

ਕਲਮਾਂ ਵਾਲੀਆਂ

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਪੰਜਵੇਂ ਪੂਰ ਵਿਚ ਉੱਘੀ ਲੇਖਿਕਾ ਅਜੀਤ ਕੌਰ ਬਾਰੇ ਗੱਲਾਂ ਹਨ।***



**ਗੁਰਬਚਨ ਸਿੰਘ ਭੁੱਲਰ**
**ਫੋਨ: +9180763-63058**

ਅਜੀਤ ਕੌਰ ਦਾ ਦੱਸਣਾ ਸੀ ਕਿ ਪਹਿਲਾਂ ਕੋਈ ਸਹਿਮਤੀ ਲਏ ਬਿਨਾਂ, ਕੋਈ ਸੂਚਨਾ ਜਾਂ ਇਤਲਾਹ ਦਿੱਤੇ ਬਿਨਾਂ, ਕੋਈ ਲਿਖਤੀ ਚਿੱਠੀ ਪਾਏ ਬਿਨਾਂ 26 ਨਵੰਬਰ ਨੂੰ ਸ਼ਾਮ 6 ਵੱਜ ਕੇ 25 ਮਿੰਟ ਉੱਤੇ ਭਾਸ਼ਾ ਵਿਭਾਗ ਤੋਂ ਫੋਨ ਆਇਆ, "ਤੁਸੀਂ 3 ਤਾਰੀਖ਼ ਨੂੰ ਸਾਢੇ ਤਿੰਨ ਵਜੇ ਪੰਜਾਬੀ ਯੂਨੀਵਰਸਿਟੀ ਦੇ ਗੁਰੂ ਤੇਗ਼ ਬਹਾਦਰ ਹਾਲ ਵਿਚ ਪਹੁੰਚ ਜਾਣਾ।"

ਅਜੀਤ ਕੌਰ ਨੇ ਪੁੱਛਿਆ, "ਕੌਣ? ਡਾਇਰੈਕਟਰ ਸਾਹਿਬ ਬੋਲ ਰਹੇ ਹੋ?"

ਉੱਤਰ ਮਿਲਿਆ, "ਨਹੀਂ, ਮੈਂ ਉਨ੍ਹਾਂ ਦਾ ਪੀ. ਏ. ਬੋਲ ਰਿਹਾ ਹਾਂ।"

"ਮੈਂ ਉਨ੍ਹਾਂ ਨਾਲ ਗੱਲ ਕਰ ਸਕਦੀ ਹਾਂ? ਘਰ ਦਾ ਨੰਬਰ ਹੈ?"

ਕਲਰਕੀ ਜਵਾਬ, "ਨਹੀਂ ਜੀ, ਉਹ ਨਹੀਂ ਪਸੰਦ ਕਰਦੇ ਘਰ ਗੱਲ ਕਰਨੀ।"

ਭਾਵੇਂ ਫੋਨ ਦਿੱਲੀ ਉਸੇ ਨੂੰ ਕੀਤਾ ਗਿਆ ਸੀ ਤੇ ਭਾਸ਼ਾ ਵਿਭਾਗੀ ਬਾਬੂ ਜਾਣਦਾ ਸੀ ਕਿ ਉਹ ਅਜੀਤ ਕੌਰ ਨਾਲ ਗੱਲ ਕਰ ਰਿਹਾ ਹੈ ਤਾਂ ਵੀ ਇਹਨੇ ਆਪਣੇ ਸਾਹਿਤਕ ਰੁਤਬੇ ਤੇ ਉਹਦੀ ਕਲਰਕੀ ਔਕਾਤ ਦੀ ਸੋਝੀ ਕਰਵਾਉਣ ਵਾਸਤੇ ਕਿਹਾ, "ਮੈਂ ਅਜੀਤ ਕੌਰ ਬੋਲ ਰਹੀ ਹਾਂ, ਦਿੱਲੀ ਤੋਂ, ਕਹਾਣੀਆਂ ਵਾਲ਼ੀ ਅਜੀਤ ਕੌਰ!"

ਜਵਾਬ ਦੋ-ਹਰਫ਼ੀ ਸੀ, "ਹਾਂ, ਬੋਲੋ।"

"ਮੈਨੂੰ ਅੱਜ ਤੱਕ ਕੋਈ ਚਿੱਠੀ ਨਹੀਂ ਆਈ, ਕੋਈ ਇਤਲਾਹ ਨਹੀਂ।"

"ਅਸੀਂ ਕਿਸੇ ਨੂੰ ਚਿੱਠੀ ਨਹੀਂ ਲਿਖੀ। ਮੈਂ ਹੀ ਟੈਲੀਫੋਨ ਕਰ ਰਿਹਾ ਹਾਂ ਸਭ ਨੂੰ।"

ਅਜੀਤ ਕੌਰ ਨੂੰ ਹਰ ਕਿਸੇ ਵਿਚ ਸ਼ਾਮਲ "ਕਿਸੇ" ਕਹਿਣਾ! ਤੌਬਾ! ਤੌਬਾ! ਪਰ ਉਹ ਗੁੱਸਾ ਦਬਾ ਕੇ ਬੋਲੀ, "ਮੈਂ ਆਵਾਂਗੀ। ਮੈਨੂੰ ਪੰਜ ਮਿੰਟ ਬੋਲਣ ਲਈ ਚਾਹੀਦੇ ਹਨ।"

ਉੱਤਰ ਦਫ਼ਤਰੀ ਸੀ, "ਜੀ ਬੜੀ ਮੁਸ਼ਕਿਲ ਨਾਲ ਅਸੀਂ ਢਾਈ ਘੰਟੇ ਕਾਨਫ਼ਰੰਸ ਵਿਚੋਂ ਲਏ ਹਨ।"

"ਕਿਹੜੀ ਕਾਨਫ਼ਰੰਸ?...ਢਾਈ ਘੰਟਿਆਂ ਵਿਚੋਂ ਸਿਰਫ਼ ਪੰਜ ਮਿੰਟ!"

"ਨਹੀਂ! ਸੀ. ਐਮ. ਸਾਹਿਬ ਨੇ ਬੋਲਣਾ ਹੈ, ਡਾਇਰੈਕਟਰ ਸਾਹਿਬ ਨੇ ਬੋਲਣਾ ਹੈ, ਲਹਿੰਦੇ ਪੰਜਾਬ ਦੇ ਸੀ. ਐਮ. ਸਾਹਿਬ ਨੇ ਬੋਲਣਾ ਹੈ। ਹਰ ਲੇਖਕ ਵਾਸਤੇ ਡੇਢ ਤੋਂ ਦੋ ਮਿੰਟ ਹਨ ਕਿਉਂਕਿ 55 ਲੇਖਕ ਹਨ।...ਸਟੇਜ ਉੱਤੇ ਚੜ੍ਹਨਾ, ਲਫ਼ਾਫ਼ਾ ਫੜਨਾ, ਸਟੇਜ ਤੋਂ ਉੱਤਰਨਾ, ਦੋ-ਢਾਈ ਮਿੰਟ ਲੱਗ ਜਾਂਦੇ ਹਨ।"

ਅਜੀਤ ਕੌਰ ਨੇ ਵਿਅੰਗ ਕੀਤਾ, "ਜਿਵੇਂ ਸਕੂਲ ਦੇ ਬੱਚੇ ਲਾਈਨ ਬਣਾ ਕੇ ਇਨਾਮ ਲੈਂਦੇ ਹਨ?"

"ਜੋ ਮਰਜ਼ੀ ਸਮਝ ਲਓ।"

"ਲੇਖਕ ਨੂੰ ਜੇ ਬੋਲਣ ਨਹੀਂ ਦਿਓਗੇ ਤਾਂ ਉਹ ਏਨੀ ਦੂਰੋਂ ਕਿਉਂ ਆਏਗਾ? ਲਫ਼ਾਫ਼ਾ ਫੜਨ? ਲ਼ਫ਼ਾਫ਼ਾ ਡਾਕ ਵਿਚ ਵੀ ਆ ਸਕਦਾ ਹੈ।"

ਬਾਬੂ ਖਿਝ ਕੇ ਬੋਲਿਆ, "ਰਾਸ਼ਟਰਪਤੀ ਭਵਨ ਵਿਚ ਜਿਸ ਵੇਲ਼ੇ ਇਨਾਮ ਦਿੱਤੇ ਜਾਂਦੇ ਹਨ, ਉਸ ਵੇਲ਼ੇ ਕੋਈ ਨਹੀਂ ਬੋਲਦਾ?"

ਅਜੀਤ ਕੌਰ ਨੇ ਮਿਹਣਾ ਮਾਰਿਆ, "ਓ! ਤਾਂ ਪੰਜਾਬ ਦਾ ਭਾਸ਼ਾ ਵਿਭਾਗ ਆਪਣੇ ਆਪ ਨੂੰ ਰਾਸ਼ਟਰਪਤੀ ਭਵਨ ਸਮਝ ਰਿਹਾ ਹੈ! ਇਸੇ ਕਰਕੇ ਕਿਸੇ ਨੂੰ ਪਦਮ ਭੂਸ਼ਨ, ਕਿਸੇ ਨੂੰ ਪਦਮਸ਼੍ਰੀ ਵੰਡੇ ਜਾ ਰਹੇ ਹਨ!"

"ਮੈਂ ਜੀ ਹੋਰ ਵੀ ਕੰਮ ਕਰਨੇ ਹਨ।" ਤੇ ਉਹਨੇ ਫੋਨ ਕੱਟ ਦਿੱਤਾ।

ਕੋਈ ਅਜੀਤ ਕੌਰ ਦਾ ਫੋਨ ਗੱਲਬਾਤ ਦੇ ਵਿਚਾਲਿਉਂ ਕੱਟ ਦੇਵੇ, ਇਹ ਮਜਾਲ! ਉਹਨੇ ਮਨ ਹੀ ਮਨ ਕਿਹਾ, ਬੱਚੂ ਜੀ, ਹੁਣ ਵਾਰੀ ਮੇਰੀ ਹੈ! ਉਹ ਤਿੰਨ ਦਿਨ ਚੁੱਪ ਰਹੀ ਤੇ ਚੌਥੇ ਦਿਨ 30 ਨਵੰਬਰ ਨੂੰ ਪੱਤਰਕਾਰ ਬੁਲਾ ਲਏ। ਅਗਲੇ ਦਿਨ 'ਪੰਜਾਬੀ ਟ੍ਰਿਬਿਊਨ' ਦੇ ਮੁੱਖ ਪੰਨੇ ਉੱਤੇ ਦੋ-ਰੰਗੀ ਸੁਰਖੀ ਸੀ, "ਅਜੀਤ ਕੌਰ ਵੱਲੋਂ ਵਿਸ਼ਵ ਪੰਜਾਬੀ ਕਾਨਫ਼ਰੰਸ ਦਾ ਬਾਈਕਾਟ! ਭਾਸ਼ਾ ਵਿਭਾਗ ਦਾ ਇਨਾਮ ਵੀ ਠੁਕਰਾਇਆ!"

ਉਧਰ ਕਾਨਫ਼ਰੰਸ ਦਾ ਉਦਘਾਟਨ ਹੋ ਰਿਹਾ ਸੀ, ਇਧਰ ਲੇਖਕ ਇਕ ਦੂਜੇ ਨੂੰ ਅਖ਼ਬਾਰ ਪੜ੍ਹਾ ਰਹੇ ਸਨ। ਬਿਆਨ ਵਿਚ ਉਹਨੇ ਕਿਹਾ ਹੋਇਆ ਸੀ, "ਇਹ ਕਾਨਫ਼ਰੰਸ ਇਕ ਵੱਡਾ ਤਮਾਸ਼ਾ ਹੈ ਜੋ ਦੋਵਾਂ ਪੰਜਾਬਾਂ ਦੇ ਹਾਕਮਾਂ ਦੀ ਸਰਪ੍ਰਸਤੀ ਵਿਚ ਹੋ ਰਿਹਾ ਹੈ ਤੇ ਜਿਸ ਵਿਚ ਲੇਖਕਾਂ ਦਾ ਕੋਈ ਬਹੁਤਾ ਰੋਲ ਨਹੀਂ।...ਇਹ ਘੋੜ-ਦੌੜ ਪੰਜਾਬੀ ਯੂਨੀਵਰਸਿਟੀ ਵਿਚ ਕਿਉਂ ਹੋ ਰਹੀ ਹੈ? ਇਹ ਮਹਾਰਾਜੇ ਦੇ ਮਹਿਲ ਵਿਚ ਹੁੰਦੀ ਜਾਂ ਕਿਲਾ ਰਾਇਪੁਰ ਵਿਚ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ। ਮੇਰੀ ਮਾਂ-ਬੋਲੀ ਨਾਲ ਖਿਲਵਾੜ ਕਰਨ ਵਾਲ਼ੀ ਪੰਜਾਬੀ ਯੂਨੀਵਰਸਿਟੀ, ਜਿਸ ਨੂੰ ਹੁਣ ਤੱਕ ਮੈਨੂੰ ਬੁਲਾਉਣਾ ਵੀ ਕਦੇ ਯਾਦ ਨਹੀਂ ਆਇਆ, ਵਿਚ ਕਰ ਕੇ ਪੰਜਾਬੀ ਲੇਖਕਾਂ ਦੇ ਅੱਖੀਂ ਘੱਟਾ ਕਿਉਂ ਪਾਇਆ ਜਾ ਰਿਹਾ ਹੈ!"

ਇਕ ਲੱਖ ਰੁਪਏ ਦਾ ਇਨਾਮ ਠੁਕਰਾਉਂਦਿਆਂ ਉਹਨੇ ਕਿਹਾ, "ਭਾਸ਼ਾ ਵਿਭਾਗ ਦੀ ਮਾਨਸਿਕਤਾ ਦੇਖੋ। ਆਪਣੇ ਸਮਾਗਮ ਲਈ ਬਿਗਾਨੀ ਕਾਨਫ਼ਰੰਸ ਦਾ ਲਾਹਾ ਲੈ ਲਵੋ ਜਿਥੇ ਮੁਫ਼ਤ ਦਾ ਭਰਿਆ-ਭਰਾਇਆ ਹਾਲ ਮਿਲ ਜਾਵੇ, ਚਲੋ ਇਹ ਫਾਹਾ ਵੀ ਵੱਢੋ! ਬੇਕਦਰੀ ਵਾਲ਼ੇ ਇਸ ਸਨਮਾਨ ਨਾਲ ਮੈਨੂੰ ਖਰੀਦਿਆ ਨਹੀਂ ਜਾ ਸਕਦਾ।" ਉਹਨੇ ਆਪਣੀ ਸਾਰਕ ਸੰਸਥਾ ਵੱਲ ਇਸ਼ਾਰਾ ਕੀਤਾ, "ਅਜੀਤ ਕੌਰ ਤਾਂ ਢਾਈ-ਢਾਈ ਲੱਖ ਰੁਪਏ ਦੇ ਐਵਾਰਡ ਖ਼ੁਦ ਦਿੰਦੀ ਹੈ!"

ਉਹਨੇ ਇਹ ਵੀ ਇਤਰਾਜ਼ ਜਤਾਇਆ ਕਿ "ਇਕ ਤਾਂ ਮੈਨੂੰ ਇਹ ਸਨਮਾਨ ਬਹੁਤ ਦੇਰ ਨਾਲ ਦਿੱਤਾ ਜਾ ਰਿਹਾ ਹੈ ਤੇ ਫੇਰ ਉਹ ਵੀ 52 ਛੋਟਿਆਂ ਵਿਚੋਂ ਇਕ ਬਣਾ ਕੇ ਦਿੱਤਾ ਜਾ ਰਿਹਾ ਹੈ। ਮੈਂ ਇਸ ਤੋਂ ਵੱਡੇ ਸਨਮਾਨ ਦੀ ਹੱਕਦਾਰ ਹਾਂ। ਮੈਂ 52 ਵਾਲ਼ੀ ਕੈਟਾਗਰੀ ਵਿਚ ਨਹੀਂ ਹਾਂ। ਮਸਲਾ ਪੈਸੇ ਦਾ ਜਾਂ 25 ਹਜ਼ਾਰ ਰੁਪਏ ਦੇ ਫ਼ਰਕ ਦਾ ਨਹੀਂ, ਇਹ ਤਮੀਜ਼ ਤੇ ਮਾਣ-ਸਨਮਾਨ ਦਾ ਸੁਆਲ ਹੈ।"

ਅੰਤ ਵਿਚ ਉਹਨੇ ਪੰਜਾਬ ਦੇ ਹਾਕਮਾਂ ਨੂੰ ਕਿਹਾ, "ਆਪਣੇ ਕਠਪੁਤਲੀ ਭਾਸ਼ਾ ਵਿਭਾਗ ਵੱਲੋਂ ਦਿੱਤਾ ਜਾਣ ਵਾਲ਼ਾ ਇਹ ਇਕ ਲੱਖ ਰੁਪਏ ਦਾ ਐਵਾਰਡ ਲਾਲ ਸਿੰਘ ਦਿਲ ਨੂੰ ਦੇ ਦਿਉ ਜੋ ਏਨਾ ਚੰਗਾ ਕਵੀ ਹੁੰਦਿਆਂ ਰੋਜ਼ੀ-ਰੋਟੀ ਲਈ ਢਾਬਾ ਚਲਾਉਂਦਾ ਹੈ।" ਉਹਨੇ ਇਹ ਵੀ ਸਪੱਸ਼ਟ ਕੀਤਾ ਕਿ "ਐਵਰਡ ਦੀ ਇਹ ਰਕਮ ਕਿਸੇ ਬਾਊ ਦੇ ਬੋਝੇ ਵਿਚ ਨਾ ਜਾਵੇ, ਨਾ ਇਸ ਨਾਲ ਕਿਸੇ ਅਰਬੀ ਘੋੜੇ ਵਾਸਤੇ ਦਾਣਾ ਖਰੀਦਿਆ ਜਾਵੇ ਤੇ ਨਾ ਕਿਸੇ ਟਰੈਕਟਰ ਵਿਚ ਡੀਜ਼ਲ ਹੀ ਪੁਆਇਆ ਜਾਵੇ!"

ਜੇ ਉਹਨੂੰ ਬੋਲਣ ਲਈ ਪੰਜ ਮਿੰਟ ਮਿਲ ਜਾਂਦੇ ਤਾਂ ਉਹਨੇ ਕੀ ਬੋਲਣਾ ਸੀ, ਇਹ ਤਾਂ ਰੱਬ ਜਾਣੇ, ਪਰ ਹੁਣ ਉਹਨੇ ਆਖਿਆ, "ਜੇ ਮੈਨੂੰ ਕਾਨਫ਼ਰੰਸ ਵਿਚ ਸ਼ਾਮਲ ਹੋਣ ਲਈ ਬਾਇੱਜ਼ਤ ਮਾਣ-ਸਤਿਕਾਰ ਨਾਲ ਬੁਲਾਇਆ ਜਾਂਦਾ ਤੇ ਬੋਲਣ ਦਾ ਸਮਾਂ ਦਿੱਤਾ ਜਾਂਦਾ, ਮੈਂ ਤਾਂ ਇਹੋ ਕਹਿਣਾ ਸੀ, ਇਸ ਇਕ ਲੱਖ ਵਿਚ ਮੈਂ ਇਕ ਲੱਖ ਕੋਲ਼ੋਂ ਪਾ ਕੇ ਭਾਪਾ ਪ੍ਰੀਤਮ ਸਿੰਘ ਨੂੰ ਕਹਾਂਗੀ ਕਿ ਜਿਨ੍ਹਾਂ ਪਿੰਡਾਂ ਵਿਚ ਐਕਟਿਵ ਲਾਇਬਰੇਰੀਆਂ ਹਨ, ਉਹ ਇਸ ਦੋ ਲੱਖ ਰੁਪਏ ਦੀਆਂ ਕਿਤਾਬਾਂ ਉਨ੍ਹਾਂ ਨੂੰ ਭੇਜ ਦੇਣ।"

ਗੱਲ ਸਿਰਫ਼ ਪੰਜਾਬ ਸਰਕਾਰ, ਭਾਸ਼ਾ ਵਿਭਾਗ ਤੇ ਇਨਾਮ ਦੀ ਹੀ ਨਹੀਂ, ਉਹਨੂੰ ਕਿਤੇ ਵੀ ਆਪਣੇ ਨਾਲ ਕੁਝ ਗ਼ਲਤ ਹੋਇਆ ਲੱਗੇ, ਕੋਈ ਨਾਇਨਸਾਫ਼ੀ ਹੋਈ ਮਹਿਸੂਸ ਹੋਵੇ, ਉਹ ਪੂਰੇ ਜਾਹੋ-ਜਲਾਲ ਵਿਚ ਆ ਜਾਂਦੀ ਹੈ। ਉਹ ਮੁੱਦੇ ਨੂੰ ਮੁਕੱਦਮਾ ਬਣਾ ਲੈਂਦੀ ਹੈ ਤੇ ਅਦਾਲਤ ਵਾਂਗ ਲੜਦੀ ਹੈ। ਜਸਬੀਰ ਭੁੱਲਰ ਦਾ ਅੰਮ੍ਰਿਤਾ ਜੀ ਨੂੰ ਯਾਦ ਕਰਦਿਆਂ ਇਕ ਲੇਖ 'ਪੰਜਾਬੀ ਟ੍ਰਿਬਿਊਨ' ਵਿਚ ਛਪਿਆ। ਉਸ ਵਿਚ ਇਮਰੋਜ਼ ਦਾ ਇਹ ਗਿਲਾ ਵੀ ਸ਼ਾਮਲ ਸੀ ਕਿ ਅੰਮ੍ਰਿਤਾ ਦੇ ਚਲਾਣੇ ਸਮੇਂ, ਏਨੀ ਨੇੜਲੀ ਹੋਣ ਦੇ ਬਾਵਜੂਦ, ਅਜੀਤ ਕੌਰ ਰਸਮੀ ਅਫ਼ਸੋਸ ਕਰਨ ਵੀ ਨਹੀਂ ਸੀ ਆਈ। ਇਹ ਪੜ੍ਹ ਕੇ ਹੈਰਾਨੀ ਮੈਨੂੰ ਵੀ ਹੋਈ ਸੀ ਕਿਉਂਕਿ ਮੇਰੀ ਜਾਣਕਾਰੀ ਅਨੁਸਾਰ ਉਹ ਤੇ ਅਰਪਨਾ ਤਾਂ ਅੰਮ੍ਰਿਤਾ ਦੇ ਚਲਾਣੇ ਬਾਰੇ ਸੁਣਦਿਆਂ ਹੀ ਪਹੁੰਚ ਗਈਆਂ ਸਨ। ਸਗੋਂ ਮੈਨੂੰ ਦੱਸਣ ਵਾਲੇ ਨੇ ਦੱਸਿਆ ਸੀ ਕਿ ਕਿਸੇ ਨੂੰ ਵੀ ਖ਼ਬਰ ਕੀਤੇ ਬਿਨਾਂ ਉਨ੍ਹਾਂ ਨੂੰ ਆਈਆਂ ਦੇਖ ਕੇ ਹੈਰਾਨ ਹੋਏ ਇਮਰੋਜ਼ ਨੂੰ ਰੇਣੂਕਾ ਨੇ ਦੱਸਿਆ ਸੀ ਕਿ ਅੰਮ੍ਰਿਤਾ ਜੀ ਦੀਆਂ ਬਹੁਤ ਨੇੜਲੀਆਂ ਹੋਣ ਕਰਕੇ ਉਨ੍ਹਾਂ ਨੂੰ ਖ਼ਬਰ ਉਹਨੇ ਦਿੱਤੀ ਸੀ।

ਅਜੀਤ ਕੌਰ ਨੇ ਅਖ਼ਬਾਰ ਪਰੇ ਰੱਖਿਆ ਤੇ ਜਸਬੀਰ ਨੂੰ ਫੋਨ ਖੜਕਾਇਆ, "ਤੂੰ ਇਹ ਗ਼ਲਤ ਗੱਲ ਕਿਉਂ ਲਿਖੀ ਹੈ?"

ਉਹਨੇ ਜਵਾਬ ਦਿੱਤਾ, "ਮੈਂ ਤਾਂ ਉਹੋ ਹੀ ਲਿਖਿਆ ਹੈ ਜੋ ਮੈਨੂੰ ਇਮਰੋਜ਼ ਨੇ ਦੱਸਿਆ।"

ਅਜੀਤ ਕੌਰ ਲਈ ਇਮਰੋਜ਼ ਨੂੰ ਕੁਝ ਪੁੱਛਣ-ਦੱਸਣ ਦੀ ਤਾਂ ਸ਼ਾਇਦ ਹੁਣ ਕੋਈ ਲੋੜ ਹੀ ਨਹੀਂ ਸੀ ਰਹਿ ਗਈ। ਉਹਨੇ 'ਪੰਜਾਬੀ ਟ੍ਰਿਬਿਊਨ' ਵਿਚ ਪੂਰਾ-ਸੂਰਾ ਲੇਖ ਛਪਵਾ ਕੇ ਆਪਣਾ ਪੱਖ ਦੱਸਣਾ ਠੀਕ ਸਮਝਿਆ। ਲੇਖ ਵਿਚ ਉਹਨੇ ਛੋਟੀ ਤੋਂ ਛੋਟੀ ਗੱਲ ਇਮਰੋਜ਼ ਨੂੰ ਚੇਤੇ ਕਰਵਾਈ ਤੇ ਪਾਠਕਾਂ ਨੂੰ ਦੱਸੀ:

"ਯਕੀਨ ਹੀ ਨਹੀਂ ਆਇਆ ਕਿ ਇਮਰੋਜ਼ ਮੇਰੇ ਬਾਰੇ ਇਹ ਸਭ ਕਹਿ ਸਕਦਾ ਏ। ਨਿਰੋਲ ਝੂਠ ਤੇ ਕੁਫ਼ਰ! ਹੋਰ ਤਾਂ ਚਲੋ ਕੋਈ ਸਭ ਕੁਝ ਭੁੱਲ ਸਕਦਾ ਏ ਪਰ ਉਹ ਘੜੀ ਕੋਈ ਕਦੇ ਨਹੀਂ ਭੁੱਲ ਸਕਦਾ ਜਦੋਂ ਅੰਮ੍ਰਿਤਾ ਜੀ ਦੀ ਦੇਹ ਨੂੰ ਉਹ ਛੋਟੇ ਬੱਚੇ ਵਾਂਗੂੰ ਕੁੱਛੜ ਚੁੱਕ ਕੇ ਪੌੜੀਆਂ ਤੋਂ ਥੱਲੇ ਉੱਤਰ ਰਿਹਾ ਹੋਵੇ ਤੇ ਉਹਦੇ ਨਾਲ ਉੱਤਰ ਰਹੀਆਂ ਹੋਣ ਸਿਰਫ਼ ਅਜੀਤ ਕੌਰ, ਅਜੀਤ ਦੀ ਬੇਟੀ ਅਰਪਨਾ, ਭਾਪਾ ਪ੍ਰੀਤਮ ਸਿੰਘ ਦੀ ਬੇਰੀ ਰੇਣੂਕਾ ਤੇ ਅਮੀਆ ਕੁੰਵਰ। ਤੇ ਪਿੱਛੇ-ਪਿੱਛੇ ਸ਼ੈਲੀ, ਅੰਮ੍ਰਿਤਾ ਜੀ ਦਾ ਬੇਟਾ ਜਿਹੜਾ ਉਸੇ ਸਵੇਰ ਦਿੱਲੀ ਆਇਆ ਸੀ, ਬੰਬਈਓਂ, ਕਿਉਂਕਿ ਅਗਲੇ ਦਿਨ ਦੀਵਾਲੀ ਸੀ। ਤੇ ਅਲਕਾ, ਅੰਮ੍ਰਿਤਾ ਜੀ ਦੀ ਨੂੰਹ, ਜਿਸ ਨੇ ਕਈ ਵਰ੍ਹੇ ਉਨ੍ਹਾਂ ਦੀ ਇਮਰੋਜ਼ ਦੇ ਨਾਲ ਰਲ਼ ਕੇ ਸੇਵਾ ਕੀਤੀ। ਆਪਣੇ ਟੱਬਰ ਤੋਂ ਦੂਰ, ਬੱਚਿਆਂ ਤੋਂ ਦੂਰ, ਅੰਮ੍ਰਿਤਾ ਨੂੰ ਮਾਂ ਨਾਲੋਂ ਵਧ ਕੇ ਪਿਆਰ ਕਰਨ ਵਾਲ਼ੀ ਅਲਕਾ! ਤੇ ਅਮੀਆ ਕੁੰਵਰ, ਪੰਜਾਬੀ ਦੀ ਸ਼ਾਇਰਾ ਤੇ ਅੰਮ੍ਰਿਤਾ ਜੀ ਦੀ ਟਰਾਂਸਲੇਟਰ। ਹੇਠਾਂ ਆ ਕੇ ਉਨ੍ਹਾਂ ਦੇ ਨਿੱਕੜੇ ਜਿਹੇ, ਸੁੰਗੜੇ ਹੋਏ ਸਰੀਰ ਨੂੰ ਫੱਟੇ ਨਾਲ ਬੰਨ੍ਹਣ ਵੇਲ਼ੇ ਚੰਨ ਵੀ ਪਹੁੰਚ ਗਿਆ ਹੋਇਆ ਸੀ।

"ਬੱਸ, ਛੇ-ਸੱਤ ਬੰਦਿਆਂ ਦਾ ਇਹ ਗੁੰਮਸੁੰਮ ਜਿਹਾ ਕਾਫ਼ਲਾ ਅੰਮ੍ਰਿਤਾ ਜੀ ਨੂੰ ਲੈ ਕੇ ਸ਼ਮਸ਼ਾਨ ਪਹੁੰਚ ਗਿਆ। ਥੜ੍ਹੇ 'ਤੇ ਅੰਮ੍ਰਿਤਾ ਜੀ ਨੂੰ ਰੱਖ ਕੇ ਓਥੋਂ ਦੇ ਪੰਡਤ ਨੇ ਇਮਰੋਜ਼ ਤੇ ਸ਼ੈਲੀ ਵੱਲ ਤੱਕਿਆ, ਦੱਸੋ ਕੀ ਰੀਤ-ਰਿਵਾਜ ਕਰਨਾ ਏ? ਕੋਈ ਰੀਤ-ਰਿਵਾਜ ਨਹੀਂ ਸੀ ਕਰਨਾ। ਸੋ ਪੰਡਤ ਨੇ ਹੀ ਗੁਣਗੁਣਾ ਕੇ ਇਕ-ਅੱਧ ਮੰਤਰ ਪੜ੍ਹ ਦਿੱਤਾ। ਓਨੇ ਚਿਰ ਵਿਚ ਲੱਕੜਾਂ ਚਿਣ ਕੇ ਚਿਤਾ ਬਣਾ ਦਿੱਤੀ ਗਈ। ਅੰਮ੍ਰਿਤਾ ਜੀ ਨੂੰ ਉਨ੍ਹਾਂ ਦੀ ਆਖ਼ਰੀ ਆਰਾਮਗਾਹ ਵਿਚ ਲਿਟਾ ਦਿੱਤਾ ਗਿਆ ਤੇ ਮੈਂ ਇਮਰੋਜ਼ ਨੂੰ ਜੱਫੀ ਪਾ ਕੇ ਭੁੱਬੀਂ ਰੋ ਪਈ।...ਇਹ ਸਾਰਾ ਕੁਝ ਤਾਂ ਨਹੀਂ ਭੁੱਲ ਸਕਦਾ ਕੋਈ!"

ਇਹ ਠੀਕ ਹੈ ਕਿ ਕਈ ਸਾਲ ਪਹਿਲਾਂ, ਨਿੱਕੀ-ਮੋਟੀ ਗੱਲ ਉੱਤੇ ਕੱਟੀ ਕਰਨ ਦੀ ਆਪਣੀ ਆਦਤ ਅਨੁਸਾਰ, ਅੰਮ੍ਰਿਤਾ ਨੇ ਅਜੀਤ ਕੌਰ ਨਾਲੋਂ ਵਿੱਥ ਪਾ ਲਈ ਸੀ ਪਰ ਅਜੀਤ ਕੌਰ ਬਚਪਨ ਤੋਂ ਬਣੇ ਸੰਬੰਧਾਂ ਨੂੰ ਯਾਦ ਰਖਦਿਆਂ ਪਹਿਲਾਂ ਵਾਂਗ ਹੀ ਸੁਹਿਰਦ ਰਹੀ ਸੀ।

ਅਜੀਤ ਕੌਰ ਦੇ ਨਾਨਾ ਈਸ਼ਰ ਸਿੰਘ ਲੰਮਾ ਸਮਾਂ ਗੁੱਜਰਾਂਵਾਲ਼ੇ ਦੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਰਹੇ ਤੇ ਅੰਮ੍ਰਿਤਾ ਦੇ ਪਿਤਾ ਕਰਤਾਰ ਸਿੰਘ ਹਿਤਕਾਰੀ ਵੀ ਉਨ੍ਹਾਂ ਦੇ ਨਾਲ ਹੀ ਕੰਮ ਕਰਦੇ ਸਨ। ਹਿਤਕਾਰੀ ਜੀ ਦਾ ਵਿਆਹ ਵੀ ਈਸ਼ਰ ਸਿੰਘ ਜੀ ਦੀ ਹਵੇਲੀ ਵਿਚ ਹੀ ਹੋਇਆ ਸੀ। ਅਜੀਤ ਕੌਰ ਦੇ ਪਿਤਾ ਲਾਹੌਰ ਦੇ ਪ੍ਰਮੁੱਖ ਹੋਮਿਉਪੈਥਿਕ ਡਾਕਟਰ ਸਨ ਤੇ ਅੰਮ੍ਰਿਤਾ ਦੇ ਪੇਕਾ-ਸਹੁਰਾ ਪਰਿਵਾਰ ਉਨ੍ਹਾਂ ਤੋਂ ਹੀ ਇਲਾਜ ਕਰਵਾਉਂਦੇ ਸਨ। ਹਿਤਕਾਰੀ ਜੀ ਨੇ ਹੀ ਘਰ ਪੜ੍ਹਾ ਕੇ ਅਜੀਤ ਕੌਰ ਨੂੰ ਬੁੱਧੀਮਾਨੀ ਪਾਸ ਕਰਵਾਈ ਸੀ ਤੇ ਉਹਨੀਂ ਦਿਨੀਂ ਛਪੀ ਲਾਲ ਜਿਲਦ ਉੱਤੇ ਸੁਨਹਿਰੀ ਅੱਖਰਾਂ ਵਿਚ 'ਅੰਮ੍ਰਿਤ ਲਹਿਰਾਂ' ਤੇ 'ਅੰਮ੍ਰਿਤ ਕੌਰ' ਲਿਖੇ ਵਾਲ਼ੀ ਅੰਮ੍ਰਿਤਾ ਦੀ ਪਲੇਠੀ ਪੁਸਤਕ ਵੀ ਹੱਥੀਂ ਕੁਝ ਲਿਖ ਕੇ ਸੌਗਾਤ ਵਜੋਂ ਦਿੱਤੀ ਸੀ, ਜਿਸ ਨੂੰ ਅਜੀਤ ਕੌਰ ਆਪਣੀ ਪਹਿਲੀ ਬਾਦਸ਼ਾਹਤ ਆਖਦੀ ਹੈ।

ਅਜੀਤ ਕੌਰ ਆਪਣੀ ਅੰਮ੍ਰਿਤਾ-ਭਗਤੀ ਦੀਆਂ ਦਿਲਚਸਪ ਗੱਲਾਂ ਦਸਦੀ ਹੈ। ਉਹ ਤੇ ਅੰਮ੍ਰਿਤਾ, ਦੋਵੇਂ ਪਟੇਲ ਨਗਰ ਰਹਿੰਦੀਆਂ ਸਨ। ਅਜੀਤ ਕੌਰ ਦਾ ਸਕੂਲ ਉਹਦੇ ਆਪਣੇ ਘਰੋਂ ਡੇਢ, ਪੌਣੇ ਦੋ ਮੀਲ ਸੀ। ਉਹ ਕਹਿੰਦੀ ਹੈ, "ਅੰਮ੍ਰਿਤਾ ਜੀ ਦੇ ਮੂੰਹੋਂ ਨਿੱਕਲੀ ਹਰ ਗੱਲ ਮੇਰੇ ਵਾਸਤੇ ਹਰਫ਼ੇ-ਆਖ਼ਿਰ ਸੀ। ਮੁਰਸ਼ਿਦ ਦਾ ਹੁਕਮ! ਉਨ੍ਹਾਂ ਨੇ ਕਿਹਾ, ਤੂੰ ਰੋਜ਼ ਮੇਰੇ ਘਰੋਂ ਮੇਰੀ ਬੇਟੀ ਨੂੰ ਸਕੂਲ ਲੈ ਜਾਇਆ ਕਰ ਤੇ ਆਉਂਦੀ ਵਾਰੀ ਛੱਡ ਜਾਇਆ ਕਰ। ਉਨ੍ਹਾਂ ਦੇ ਘਰ ਹੋ ਕੇ ਮੇਰਾ ਰਾਹ ਘੱਟੋ-ਘੱਟ ਤਿੰਨ ਮੀਲ ਹੋ ਗਿਆ। ਪਰ ਅੰਮ੍ਰਿਤਾ ਜੀ ਦਾ ਹੁਕਮ ਸੀ, ਉਜਰ ਦੀ ਕੀ, ਸੋਚ ਦੀ ਵੀ ਗੁੰਜਾਇਸ਼ ਨਹੀਂ ਸੀ! ਚਾਰ ਸਾਲ ਮੈਂ ਉਨ੍ਹਾਂ ਦੀ ਬੇਟੀ ਕੰਦਲਾ ਨੂੰ ਰੋਜ਼ ਸਵੇਰੇ, ਤੜਕਸਾਰ ਉਨ੍ਹਾਂ ਦੇ ਘਰੋਂ ਸਕੂਲ ਲੈ ਕੇ ਜਾਂਦੀ ਤੇ ਆਉਂਦੀ ਵਾਰੀ ਉਹਨੂੰ ਘਰ ਛਡਦੀ।"

ਅੱਗੇ ਚੱਲ ਕੇ ਉਹ ਹਫ਼ਤੇ ਵਿਚ ਇਕ ਵਾਰ ਜ਼ਰੂਰ ਮਿਲਦੀਆਂ ਰਹੀਆਂ। ਅਜੀਤ ਕੌਰ ਕਹਿੰਦੀ ਹੈ, "ਜੇ ਕਦੇ ਖੁੰਝ ਜਾਂਦੀ, ਤਾਂ ਤੜਕੇ ਉਨ੍ਹਾਂ ਦਾ ਫੋਨ ਆਉਂਦਾ, 'ਏ ਕੁੜੀ, ਕੀ ਹੋ ਗਿਆ? ਆਈ ਨਹੀਂ? ਅਸੀਂ ਦੋਵੇਂ ਆ ਰਹੇ ਹਾਂ ਤੇਰੇ ਨਾਲ ਚਾਹ ਪੀਣ।' ਤੇ ਅਸੀਂ ਮੇਰੇ ਨੀਤੀ ਬਾਗ਼ ਵਾਲ਼ੇ ਘਰ ਦੀ ਬਾਲਕਨੀ ਵਿਚ ਬੈਠ ਕੇ ਚਾਹ ਪੀਂਦੇ।...ਹੁਕਮ ਮੰਨਣ ਦਾ ਆਲਮ ਇਹ ਕਿ ਅੰਮ੍ਰਿਤਾ ਜੀ ਨੇ ਕਿਹਾ, 'ਪ੍ਰਭਜੋਤ ਨਾਲ ਗੱਲ ਨਹੀਂ ਕਰਨੀ।' ਕੋਈ ਸੁਆਲ-ਜੁਆਬ ਨਹੀਂ। ਨਹੀਂ ਕਰਨੀ ਤੇ ਬੱਸ ਨਹੀਂ ਕਰਨੀ!"

'ਆਰਸੀ' ਵਿਚ ਛਪੇ ਤੇ ਕੰਦਲਾ ਨੂੰ ਗੋਦ ਲਈ ਧੀ ਲਿਖਣ ਕਾਰਨ ਅੰਮ੍ਰਿਤਾ ਨੂੰ ਬੁਰੇ ਲੱਗੇ "ਦੁੱਗਲ ਸਾਹਿਬ ਦੇ ਬੜੇ ਪਿਆਰ ਤੇ ਅਦਬ ਨਾਲ ਲਿਖੇ ਹੋਏ" ਲੇਖ ਬਾਰੇ ਉਹਨੇ ਅਜੀਤ ਕੌਰ ਨੂੰ ਆਦੇਸ਼ ਦਿੱਤਾ, "ਤੂੰ ਐਂਜ ਕਰ, ਦੁੱਗਲ ਦੇ ਖ਼ਿਲਾਫ਼ ਸਾਰੇ ਪੰਜਾਬੀ ਲੇਖਕਾਂ ਕੋਲੋਂ ਇਤਰਾਜ਼ ਦੇ ਖ਼ਤ ਲਿਖਵਾ ਤੇ ਭਾਪਾ ਪ੍ਰੀਤਮ ਸਿੰਘ ਨੂੰ ਕਹਿ, 'ਆਰਸੀ' ਵਿਚ ਛਾਪਣ।" ਅੱਗੇ ਅਜੀਤ ਕੌਰ ਤੋਂ ਹੀ ਸੁਣ ਲਵੋ, "ਤੇ ਬੀਬੀ ਅਜੀਤ ਕੌਰ ਹੁਕਮ ਦੀ ਬਾਂਦੀ, ਸਭ ਨੂੰ ਚਿੱਠੀਆਂ ਲਿਖ ਰਹੀ ਸੀ। ਜੁਆਬ ਆ ਗਏ। ਭਾਪਾ ਪ੍ਰੀਤਮ ਸਿੰਘ ਨੂੰ ਦਿੱਤੇ। ਉਹ ਚੁੱਪ! ਸ਼ਰੀਫ਼ ਆਦਮੀ ਫਸ ਗਏ। ਇਕ ਪਾਸੇ ਅਜੀਤ ਕੌਰ, ਦੂਜੇ ਪਾਸੇ ਦੁੱਗਲ ਸਾਹਿਬ ਤੇ ਸਭ ਤੋਂ ਉੱਤੇ ਮਲਿਕਾ-ਏ-ਆਲੀਆ ਅੰਮ੍ਰਿਤਾ ਜੀ!

"ਸਾਰੀਆਂ ਚਿੱਠੀਆਂ ਲੈ ਕੇ ਖ਼ੁਸ਼ਵੰਤ ਕੋਲ ਪਹੁੰਚ ਗਈ। ਖ਼ੁਸ਼ਵੰਤ ਨੇ ਪਹਿਲਾਂ ਤਾਂ ਮੈਨੂੰ ਨਰਮ-ਗਰਮ ਗਾਲ਼ਾਂ ਕੱਢੀਆਂ, 'ਬੇਵਕੂਫ਼





*ਆਪਣੀ ਲਾਇਬਰੇਰੀ ਵਿਚ ਅਜੀਤ ਕੌਰ ਅਤੇ ਸੱਜੇ ਆਪਣੀ ਧੀ ਅਰਪਨਾ ਕੌਰ ਨਾਲ ਅਜੀਤ ਕੌਰ ਦੀ ਇਕ ਤਸਵੀਰ।*

ਔਰਤ! ਜਦੋਂ ਅੰਮ੍ਰਿਤਾ ਨੂੰ ਪਤਾ ਏ ਕਿ ਉਹਦਾ ਇਤਰਾਜ਼ ਗ਼ਲਤ ਏ ਤੇ ਕੰਦਲਾ ਨੂੰ ਚਿਰੋਕਣਾ ਪਤਾ ਹੈ ਕਿ ਕੁੱਛੜ ਲਈ ਹੋਈ ਧੀ ਏ, ਫੇਰ ਹੁਣ ਇਹ ਮੁਸੀਬਤ ਕੀ ਏ?' ਸੋ ਖ਼ੁਸ਼ਵੰਤ ਨੇ ਭਾਪਾ ਜੀ ਨੂੰ ਸਲਾਹ ਦਿੱਤੀ ਕਿ ਸਾਰੀਆਂ ਚਿੱਠੀਆਂ ਛਾਪਣ ਦੀ ਕੋਈ ਲੋੜ ਨਹੀਂ, ਤੁਸੀਂ ਆਪਣੇ ਵੱਲੋਂ ਇਕ ਮਾਫ਼ੀਨਾਮਾ ਮੋਟੇ ਅੱਖਰਾਂ ਵਿਚ ਛਾਪ ਦਿਉ।...ਦੁੱਗਲ ਸਾਹਿਬ ਨੇ ਮੇਰੇ ਨਾਲ ਚਿਰੋਕਣਾ ਚਿਰ ਬੋਲ-ਚਾਲ ਬੰਦ ਰੱਖੀ।"

ਤੇ ਫੇਰ ਚੱਲ ਪਿਆ ਕ੍ਰਿਸ਼ਣਾ ਸੋਬਤੀ ਤੇ ਅੰਮ੍ਰਿਤਾ ਦਾ ਮੁਕੱਦਮਾ। ਉਸ ਦਾ ਪੂਰਾ ਹਾਲ ਤਾਂ ਮੈਂ ਇਸੇ ਪੁਸਤਕ ਵਿਚ ਛਪੇ ਕ੍ਰਿਸ਼ਣਾ ਸੋਬਤੀ ਦੇ ਸ਼ਬਦ-ਚਿੱਤਰ ਵਿਚ ਦਿੱਤਾ ਹੋਇਆ ਹੈ, ਪਰ ਅਜੀਤ ਕੌਰ ਕੁਝ ਦਿਲਚਸਪ ਗੱਲਾਂ ਮੇਰੇ ਵਾਲ਼ੇ 'ਪੂਰੇ ਹਾਲ' ਤੋਂ ਵਧੀਕ ਦਸਦੀ ਹੈ। ਉਹਦੇ ਅਨੁਸਾਰ ਅੰਮ੍ਰਿਤਾ ਦੀ ਉਹ ਪੁਸਤਕ ਸਟਾਰ ਬੁੱਕਸ ਵਾਲਿਆਂ ਨੇ ਛਾਪੀ ਤੇ ਆਪਣੇ 'ਹਾਊਸ ਜਰਨਲ' ਵਿਚ ਇਸ਼ਤਿਹਾਰ ਦਿੱਤਾ, 'ਜ਼ਿੰਦਗੀਨਾਮਾ' ਅਬ ਹਿੰਦੀ ਔਰ ਉਰਦੂ ਮੇਂ! ਤੇ ਹੇਠਾਂ ਬਰੀਕ ਜਿਹਾ 'ਲੇਖਿਕਾ ਅੰਮ੍ਰਿਤਾ ਪ੍ਰੀਤਮ'। ਕ੍ਰਿਸ਼ਣਾ ਉਹਨੀਂ ਦਿਨੀਂ ਭਾਰਤ ਭਵਨ ਭੋਪਾਲ ਵਿਚ ਛੇ ਮਹੀਨਿਆਂ ਵਾਸਤੇ ਰਾਈਟਰ-ਇਨ-ਰੈਜ਼ੀਡੈਂਸ ਸੀ। ਕਿਸੇ ਨੇ ਉਹਨੂੰ ਇਸ਼ਤਿਹਾਰ ਦੀ ਕਤਰਨ ਉਥੇ ਭੇਜ ਦਿੱਤੀ। ਕ੍ਰਿਸ਼ਣਾ ਦਾ ਜਿਹੋ ਜਿਹਾ ਸੁਭਾਅ ਸੀ, ਬੈਗ ਚੁੱਕਿਆ ਤੇ ਦਿੱਲੀ ਆ ਪਹੁੰਚੀ।

ਅਜੀਤ ਕੌਰ ਦਾ ਕਹਿਣਾ ਹੈ ਕਿ ਕ੍ਰਿਸ਼ਣਾ ਪਿਆਰ ਵਿਚ ਪੰਜਾਬੀ ਬੋਲਦੀ ਸੀ ਤੇ ਗੁੱਸੇ ਵਿਚ ਹਿੰਦੋਸਤਾਨੀ। ਉਹਦਾ ਫੋਨ ਆਇਆ, "ਯੇ ਦੇਖੋ ਯੇ ਤੁਮਹਾਰੀ ਪੰਜਾਬੀ ਵਾਲ਼ੀ ਨੇ ਕਿਆ ਕੀਆ, ਜਿਸੇ ਤੁਮ ਦਿਲ ਮੇਂ ਉਠਾਏ ਘੂਮਤੀ ਹੋ!"


ਅਜੀਤ ਕੌਰ ਨੇ ਆਖਿਆ, "ਜ਼ਰੂਰ ਕਿਧਰੇ ਕੋਈ ਗ਼ਲਤੀ ਏ। ਮੈਂ ਅੰਮ੍ਰਿਤਾ ਜੀ ਕੋਲੋਂ ਪੁਛਦੀ ਹਾਂ।"

ਜੇ ਕ੍ਰਿਸ਼ਣਾ 'ਜ਼ਿੰਦਗੀਨਾਮਾ' ਦੀਆਂ ਧੁੰਮਾਂ ਸਦਕਾ ਬਾਗੋਂ-ਬਾਗ ਸੀ ਤਾਂ ਅੰਮ੍ਰਿਤਾ ਗਿਆਨਪੀਠ, ਉਸਤਤੀ ਲੇਖਾਂ ਤੇ ਇੰਟਰਵਿਊਆਂ ਦੇ ਘੋੜੇ ਉੱਤੇ ਸਵਾਰ ਸੀ। ਉਹਨੇ ਕੋਈ ਪੱਲਾ ਨਾ ਫੜਾਇਆ। ਸਟਾਰ ਬੁੱਕਸ ਵਾਲ਼ਾ ਅਮਰ ਨਾਥ ਅਜੀਤ ਕੌਰ ਦਾ ਦੋਸਤ ਸੀ। ਫੋਨ ਕੀਤਾ ਤਾਂ ਉਹਨੇ ਜਵਾਬ ਦਿੱਤਾ, "ਤੁਹਾਨੂੰ ਤਾਂ ਪਤਾ ਹੀ ਏ ਕਿ ਅੰਮ੍ਰਿਤਾ ਜੀ ਦੇ ਸਾਰੇ ਇਸ਼ਤਿਹਾਰ ਤੇ ਉਨ੍ਹਾਂ ਦੀਆਂ ਕਿਤਾਬਾਂ ਦੇ ਸਾਰੇ ਕਵਰ ਸਿਰਫ਼ ਇਮਰੋਜ਼ ਹੀ ਡੀਜ਼ਾਈਨ ਕਰਦੇ ਨੇ। ਜੋ ਉਨ੍ਹਾਂ ਬਣਾਇਆ, ਓਹੀ ਅਸੀਂ ਛਾਪ ਦਿੱਤਾ।"

ਇਸ ਪਿੱਛੋਂ ਅਜੀਤ ਕੌਰ ਨੇ ਦੋਵਾਂ ਨੂੰ ਖਾਣੇ 'ਤੇ ਇਕੱਠੀਆਂ ਕਰਨ ਦੀ ਜੁਗਤ ਸੋਚੀ। ਗੱਲ ਨਿਬੇੜਨ ਦੇ ਇਰਾਦੇ ਨਾਲ ਉਹਨੇ ਪ੍ਰਕਾਸ਼ਕ ਅਮਰ ਨਾਥ ਨੂੰ ਵੀ ਬੁਲਾ ਲਿਆ ਤੇ ਲੇਖਕਾਂ ਦੇ ਲੇਖਕ ਖ਼ੁਸ਼ਵੰਤ ਸਿੰਘ ਨੂੰ ਵੀ। ਕ੍ਰਿਸ਼ਣਾ ਤੇ ਅਮਰ ਨਾਥ ਝੱਟ ਕਿਸੇ ਵੀ ਦਿਨ ਆਉਣ ਲਈ ਸਹਿਮਤ ਹੋ ਗਏ, ਖ਼ੁਸ਼ਵੰਤ ਨੇ ਵੀ ਆਪਣੀ ਡਾਇਰੀ ਫਰੋਲ-ਫਰਾਲ ਕੇ ਆਖ਼ਰ "ਪਰਸੋਂ ਠੀਕ ਏ, ਸੱਤ ਵਜੇ" ਦੱਸ ਦਿੱਤਾ। ਸਾਰੇ ਮੋਰਚੇ ਫ਼ਤਿਹ ਕਰ ਕੇ ਜਦੋਂ ਉਹਨੇ ਅੰਮ੍ਰਿਤ ਨੂੰ ਫੋਨ ਕੀਤਾ, ਜਵਾਬ ਮਿਲਿਆ, "ਕਿਉਂ? ਤੂੰ ਕੋਈ ਕਚਹਿਰੀ ਲਾਈ ਹੋਈ ਏ? ਮੈਂ ਕਿਉਂ ਆਵਾਂ?"

ਅਜੀਤ ਕੌਰ ਦਾ ਕਹਿਣਾ ਹੈ, "ਜ਼ਿੰਦਗੀ ਵਿਚ ਪਹਿਲੀ ਵਾਰੀ ਉਨ੍ਹਾਂ ਨੇ ਮੇਰੇ ਘਰ ਆਉਣ ਤੋਂ ਨਾਂਹ ਕਰ ਦਿੱਤੀ ਸੀ। ਸੋ ਡਿਨਰ ਕੈਂਸਲ ਹੋ ਗਿਆ। ਮੈਂ ਹੀ ਕਰ ਦਿੱਤਾ।...ਕੋਈ ਪੰਦਰਾਂ ਦਿਨਾਂ ਮਗਰੋਂ ਅੰਮ੍ਰਿਤਾ ਜੀ ਦਾ ਫੋਨ ਆਇਆ, 'ਏ ਕੁੜੀ, ਤੂੰ ਓਸ ਦਿਨ ਡਿਨਰ ਦਾ ਕਹਿ ਰਹੀ ਸੀ ਨਾ, ਠੀਕ ਏ, ਕਰ ਲੈ, ਮੈਂ ਆ ਜਾਵਾਂਗੀ।' ਖ਼ੁਸ਼-ਖ਼ੁਸ਼ ਫੋਨ ਕੀਤਾ ਕ੍ਰਿਸ਼ਣਾ ਨੂੰ। ਉਹ ਬੋਲੀ, 'ਅੱਛਾ, ਉਹ ਲੀਗਲ ਨੋਟਿਸ ਮਿਲ ਗਿਆ ਲਗਦਾ ਏ ਉਹਨੂੰ! ਉਹਨੂੰ ਕਹਿ ਦੇ ਕਿ ਹੁਣ ਮੇਰੇ ਸੋਲਿਸਟਰ ਨਾਲ ਡਿਨਰ ਕਰੇ!' ਮੇਰਾ ਸਾਹ ਉਤਲਾ ਉੱਤੇ ਤੇ ਹੇਠਲਾ ਹੇਠਾਂ! ਅਗਲੇ ਦਿਨ ਅੰਮ੍ਰਿਤਾ ਜੀ ਨੇ ਫੇਰ ਫੋਨ ਕਰ ਕੇ ਪੁੱਛਿਆ, ਕਦੋਂ ਏ ਡਿਨਰ? ਮੈਂ ਕਿਹਾ, ਜੀ, ਹੁਣ ਉਹ ਨਹੀਂ ਮੰਨਦੀ। ਬੱਸ ਓਸ ਘੜੀ ਤੋਂ ਅੰਮ੍ਰਿਤਾ ਜੀ ਦੀ ਨਾਰਾਜ਼ਗੀ ਸ਼ੁਰੂ ਹੋਈ। ਉਨ੍ਹਾਂ ਨੂੰ ਲੱਗਾ, ਮੈਂ ਕੋਈ ਬੇਵਫ਼ਾਈ ਕਰ ਰਹੀ ਸੀ ਉਨ੍ਹਾਂ ਨਾਲ। 'ਤੇਰੀ ਤੇ ਸਹੇਲੀ ਏ, ਕਿਉਂ ਨਹੀਂ ਤੂੰ ਮਨਾ ਸਕਦੀ ਉਹਨੂੰ!'... ਕੌਣ ਕਿਸ ਨੂੰ ਮਨਾ ਸਕਦਾ ਏ?"

ਕੁਝ ਸਮੇਂ ਮਗਰੋਂ ਸਵੀਡਨ ਦੇ ਸਰਕਾਰੀ ਮਿਊਜ਼ੀਅਮ ਨੇ ਅਰਪਨਾ ਨੂੰ ਨੁਮਾਇਸ਼ ਲਾਉਣ ਲਈ ਬੁਲਾਇਆ। ਦੋਵੇਂ ਮਾਂ-ਧੀ ਅੰਮ੍ਰਿਤਾ ਜੀ ਤੋਂ ਅਸ਼ੀਰਵਾਦ ਲੈਣ ਪਹੁੰਚ ਗਈਆਂ। ਅਜੀਤ ਕੌਰ ਦਸਦੀ ਹੈ, "ਪੈਰਾਂ ਵਿਚ ਬਹਿ ਕੇ ਸਮਝਾਇਆ। ਅਰਪਨਾ ਦੇ ਸਿਰ 'ਤੇ ਹੱਥ ਰੱਖ ਕੇ ਮੈਂ ਕਿਹਾ, ਅੰਮ੍ਰਿਤਾ ਜੀ, ਤੁਹਾਡੇ ਨਾਲੋਂ ਨੇੜੇ ਸਾਡੇ ਲਈ ਕੋਈ ਵੀ ਨਹੀਂ। ਇਹ ਪਹਿਲੀ ਤੇ ਆਖ਼ਰੀ ਵਾਰੀ ਸੀ ਕਿ ਮੈਂ ਅਰਪਨਾ ਦੇ ਸਿਰ 'ਤੇ ਹੱਥ ਰੱਖ ਕੇ ਕਿਸੇ ਨੂੰ ਵੀ, ਕਦੇ ਵੀ ਕੁਝ ਕਿਹਾ ਸੀ। ਪਰ ਅੰਮ੍ਰਿਤਾ ਜੀ ਚੁੱਪ ਬੈਠੇ ਰਹੇ। ਬਰਫ਼ ਦੀ ਸਿੱਲ ਵਾਂਗ! ਮੈਂ ਖੜੋ ਗਈ, 'ਠੀਕ ਏ ਅੰਮ੍ਰਿਤਾ ਜੀ, ਸਾਰੀ ਜ਼ਿੰਦਗੀ ਤੁਹਾਡੇ ਇਸ਼ਾਰੇ 'ਤੇ ਤੁਰਨ ਮਗਰੋਂ ਵੀ, ਅਜੇ ਵੀ ਜੇ ਕਿਸੇ ਯਕੀਨ ਦੀ ਘਾਟ ਏ ਤਾਂ ਮੇਰੀ ਕਿਸਮਤ ਦਾ ਹੀ ਫੇਰ ਏ। ਜਦੋਂ ਤੁਹਾਨੂੰ ਯਕੀਨ ਆ ਜਾਵੇ ਜਾਂ ਕਦੇ ਮੇਰੀ ਲੋੜ ਹੋਵੇ ਤਾਂ ਬੁਲਾ ਲੈਣਾ। ਦੌੜ ਕੇ ਆ ਜਾਵਾਂਗੀ।' ਉਸ ਤੋਂ ਮਗਰੋਂ ਉਨ੍ਹਾਂ ਨੇ ਨਾ ਕਦੇ ਬੁਲਾਇਆ, ਨਾ ਮੈਂ ਗਈ।...ਫੇਰ ਇਕ ਦਿਨ ਉਹ ਤੁਰ ਗਏ। ਅਸੀਂ ਖ਼ੁਦ ਉਨ੍ਹਾਂ ਨੂੰ ਤੋਰ ਕੇ ਆਏ!"




*ਇੰਦਰ ਕੁਮਾਰ ਗੁਜਰਾਲ ਅਤੇ ਕੁਲਦੀਪ ਨਈਅਰ ਨਾਲ ਅਜੀਤ ਕੌਰ ਦੀਆਂ ਯਾਦਗਾਰੀ ਤਸਵੀਰਾਂ।*

'ਰਾਸ਼ਟਰਕਵੀ ਕੁਵੇਂਪੂ ਪ੍ਰਤਿਸ਼ਠਾਨ' ਕਰਨਾਟਕ ਨੇ ਦਸੰਬਰ 2019 ਦੇ ਸ਼ੁਰੂ ਦੇ ਦਿਨਾਂ ਵਿਚ ਫੋਨ ਕਰ ਕੇ ਦੱਸਿਆ ਕਿ ਜਿਊਰੀ ਨੇ ਸਰਬਸੰਮਤੀ ਨਾਲ ਇਸ ਸਾਲ ਦਾ ਪੰਜ-ਲੱਖੀ ਕੁਵੇਂਪੂ ਪੁਰਸਕਾਰ ਮੈਨੂੰ ਅਤੇ ਅਜੀਤ ਕੌਰ ਨੂੰ ਦੇਣ ਦਾ ਫ਼ੈਸਲਾ ਕੀਤਾ ਹੈ। ਕੁਵੇਂਪੂ ਕੱਨੜ ਸਾਹਿਤ ਦੇ ਬਹੁਤ ਵੱਡੇ ਨਾਂ ਹਨ। ਉਨ੍ਹਾਂ ਨੂੰ ਰਾਸ਼ਟਰਕਵੀ ਕਹੇ ਜਾਣ ਸਦਕਾ ਸਾਧਾਰਨ ਪਾਠਕ ਨੂੰ ਉਨ੍ਹਾਂ ਦੇ ਕੇਵਲ ਕਵੀ ਹੋਣ ਦਾ ਭੁਲੇਖਾ ਪੈ ਸਕਦਾ ਹੈ। ਉਨ੍ਹਾਂ ਦੇ ਕਾਵਿ-ਸੰਗ੍ਰਹਿਆਂ ਦੀ ਗਿਣਤੀ ਤਾਂ 31 ਹੈ ਹੀ, ਕਵਿਤਾ ਤੋਂ ਇਲਾਵਾ ਉਨ੍ਹਾਂ ਦੀਆਂ ਰਚਨਾਵਾਂ ਵਿਚ 12 ਨਾਟ-ਪੁਸਤਕਾਂ, 2 ਨਾਵਲ, 3 ਕਹਾਣੀ-ਸੰਗ੍ਰਹਿ, 7 ਪੁਸਤਕਾਂ ਬਾਲਾਂ ਲਈ, 19 ਆਲੋਚਨਾ ਪੁਸਤਕਾਂ, ਨਿਬੰਧ-ਸੰਗ੍ਰਹਿ ਤੇ ਭਾਸ਼ਨ-ਸੰਗ੍ਰਹਿ, 2 ਜੀਵਨੀਆਂ, 1 ਸਵੈਜੀਵਨੀ, 3 ਅਨੁਵਾਦ ਅਤੇ 4 ਪੁਸਤਕਾਂ ਅੰਗਰੇਜ਼ੀ ਵਿਚ ਸ਼ਾਮਲ ਹਨ।

ਲੇਖਕ ਵਜੋਂ ਉਨ੍ਹਾਂ ਨੂੰ ਮਿਲੇ ਸਨਮਾਨਾਂ ਦੀ ਕੋਈ ਗਿਣਤੀ ਨਹੀਂ। ਸਾਹਿਤ ਅਕਾਦਮੀ ਪੁਰਸਕਾਰ, ਗਿਆਨਪੀਠ ਪੁਰਸਕਾਰ ਤੇ ਪੰਪਾ ਪੁਰਸਕਾਰ ਸਮੇਤ ਉਨ੍ਹਾਂ ਨੂੰ ਅਨੇਕ ਸਾਹਿਤਕ ਪੁਰਸਕਾਰ ਭੇਟ ਹੋਏ। 1979 ਵਿਚ ਸਾਹਿਤ ਅਕਾਦਮੀ ਨੇ ਉਨ੍ਹਾਂ ਨੂੰ ਫ਼ੈਲੋਸ਼ਿਪ ਦਿੱਤੀ। ਅੱਠ ਯੂਨੀਵਰਸਿਟੀਆਂ ਨੇ ਉਨ੍ਹਾਂ ਨੂੰ ਡੀ. ਲਿਟ. ਦੀ ਡਿਗਰੀ ਦਿੱਤੀ। ਭਾਰਤ ਸਰਕਾਰ ਨੇ 1958 ਵਿਚ ਪਦਮਭੂਸ਼ਨ ਅਤੇ 1988 ਵਿਚ ਪਦਮਵਿਭੂਸ਼ਨ ਨਾਲ ਨਿਵਾਜਿਆ। ਕਰਨਾਟਕ ਸਰਕਾਰ ਨੇ 1964 ਵਿਚ ਰਾਸ਼ਟਰਕਵੀ ਦਾ ਸਨਮਾਨ ਅਤੇ 1992 ਵਿਚ ਰਾਜ ਦਾ ਸਭ ਤੋਂ ਵੱਡਾ ਸਨਮਾਨ, ਕਰਨਾਟਕ ਰਤਨ ਦਿੱਤਾ। 1980ਵਿਆਂ ਵਿਚ ਪਹਿਲੀ ਵਾਰ, ਤੇ ਸ਼ਾਇਦ ਇਕੋ ਵਾਰ, ਨੋਬੇਲ ਇਨਾਮ ਚੋਣ ਕਮੇਟੀ ਨੇ ਭਾਰਤੀ ਸਾਹਿਤ ਅਕਾਦਮੀ ਨੂੰ ਚਿੱਠੀ ਲਿਖ ਕੇ ਪੁੱਛਿਆ ਕਿ ਸਾਹਿਤ ਦੇ ਇਨਾਮ ਵਾਸਤੇ ਵਿਚਾਰਨ ਲਈ ਉਹ ਕਿਸ ਭਾਰਤੀ ਨਾਂ ਦਾ ਸੁਝਾਅ ਦੇਣਗੇ। ਉਸ ਸਮੇਂ ਕੁਵੇਂਪੂ ਦਾ ਨਾਂ ਭੇਜਣਾ ਹੀ ਵਾਜਬ ਤੇ ਠੀਕ ਸਮਝਿਆ ਗਿਆ ਸੀ।

ਉਨ੍ਹਾਂ ਦੀ ਯਾਦ ਵਿਚ ਦਿੱਤਾ ਜਾਂਦਾ 'ਕੁਵੇਂਪੂ ਰਾਸ਼ਟਰੀਆ ਪੁਰਸਕਾਰ' ਹਰ ਸਾਲ ਕਿਸੇ ਇਕ ਭਾਰਤੀ ਭਾਸ਼ਾ ਦੇ ਸ੍ਰੇਸ਼ਟ ਸਾਹਿਤਕਾਰ ਨੂੰ ਭੇਟ ਕੀਤਾ ਜਾਂਦਾ ਹੈ। ਪੁਰਸਕਾਰ ਦੇ ਪ੍ਰਾਪਤ-ਕਰਤਾ ਦੀ ਚੋਣ ਨਾਮੀ ਲੇਖਕਾਂ ਦੀ ਜਿਊਰੀ ਕਰਦੀ ਹੈ। ਪੁਰਸਕਾਰ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਹ ਜਾਤਪਾਤ, ਧਰਮ, ਭਾਸ਼ਾ, ਉਮਰ ਅਤੇ ਇਸਤਰੀ-ਪੁਰਸ਼ ਦਾ ਕੋਈ ਵੀ ਫ਼ਰਕ ਕੀਤੇ ਬਿਨਾਂ ਦਿੱਤਾ ਜਾਂਦਾ ਹੈ। ਹੁਣ ਤੱਕ ਇਹ ਗੌਰਵਸ਼ਾਲੀ ਪੁਰਸਕਾਰ ਦੇ ਪ੍ਰਾਪਤ-ਕਰਤਾ ਮਾਣਯੋਗ ਲੇਖਕ ਹਨ: ਸਾਲ 2013 ਲਈ ਕੇ. ਸੱਚਿਦਾਨੰਦਨ (ਮਲਿਆਲਮ), 2014 ਲਈ ਨਾਮਵਰ ਸਿੰਘ (ਹਿੰਦੀ), 2015 ਲਈ ਸ਼ਿਆਮ ਮਨੋਹਰ (ਮਰਾਠੀ), 2016 ਲਈ ਦੇਵਨੂਰੁ ਮਹਾਦੇਵ (ਕੱਨੜ), 2017 ਲਈ ਨੀਲਮਨੀ ਫੂਕਨ ਅਤੇ ਹੋਮਨ ਬੋਰਗੁਾਇਨ (ਅਸਾਮੀ), 2018 ਲਈ ਜੀਲਾਨੀ ਬਾਨੋ ਅਤੇ ਰਤਨ ਸਿੰਘ (ਉਰਦੂ)। 2019 ਲਈ ਜਿਊਰੀ ਨੇ ਸਰਬਸੰਮਤੀ ਨਾਲ ਮੇਰੀ ਤੇ ਅਜੀਤ ਕੌਰ ਦੀ ਚੋਣ ਕੀਤੀ।

ਇਸ ਖ਼ਬਰ ਨਾਲ ਪੰਜਾਬੀ ਦੀਆਂ ਮੁਖੀ ਸਾਹਿਤ ਸਭਾਵਾਂ, ਅਕਾਦਮੀਆਂ, ਵਿਭਾਗਾਂ, ਆਲੋਚਕਾਂ, ਆਦਿ ਵਿਚ ਅਜਿਹੀ ਸੁੰਨ ਵਰਤੀ ਕਿ ਹੰਗਲ ਦਾ 'ਸ਼ੁਅਲੇ' ਫ਼ਿਲਮ ਵਾਲਾ ਸਵਾਲ ਦੁਹਰਾਉਣ ਨੂੰ ਦਿਲ ਕਰਦਾ ਸੀ, "ਯਿਹ ਇਤਨਾ ਸੱਨਾਟਾ ਕਿਉਂ ਹੈ ਭਾਈ!" ਪਰ ਸੋਕੇ ਵਿਚ ਵੀ ਕੋਈ ਬੂਟਾ ਹਰਾ ਰਹਿ ਹੀ ਜਾਂਦਾ ਹੈ। ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ, ਡਾ. ਮਹਿੰਦਰ ਸਿੰਘ ਜੀ ਦਾ ਫੋਨ ਆਇਆ। ਉਨ੍ਹਾਂ ਨੇ ਵਧਾਈ ਦੇ ਕੇ ਕਿਹਾ ਕਿ ਸਦਨ ਅਮਕੀ ਤਾਰੀਖ਼ ਨੂੰ ਤੁਹਾਨੂੰ ਤੇ ਅਜੀਤ ਕੌਰ ਜੀ ਨੂੰ ਪੰਜਾਬੀ ਲਈ ਇਹ ਸ਼ੋਭਾ ਖੱਟਣ ਸਦਕਾ ਸਨਮਾਨਣਾ ਚਾਹੁੰਦਾ ਹੈ। ਤੇ ਉਸ ਦਿਨ ਭਰਪੂਰ ਇਕੱਠ ਵਿਚ ਬੀਬੀ ਗੁਰਸ਼ਰਨ ਕੌਰ (ਸ਼੍ਰੀਮਤੀ ਡਾ. ਮਨਮੋਹਨ ਸਿੰਘ) ਨੇ ਸਦਨ ਵੱਲੋਂ ਸਾਨੂੰ ਸ਼ਾਲਾਂ ਭੇਟ ਕੀਤੀਆਂ। ਇਸ ਸਨਮਾਨ ਨਾਲ ਮੈਂ ਸੱਚੇ ਅਰਥਾਂ ਵਿਚ ਸਨਮਾਨਿਆ ਗਿਆ ਮਹਿਸੂਸ ਕੀਤਾ!

ਉਹਨੀਂ ਦਿਨੀਂ ਮੈਂ, ਸੁਭਾਵਿਕ ਸੀ, ਅਜੀਤ ਕੌਰ ਨਾਲ ਕਰਨਾਟਕ ਜਾਣ ਬਾਰੇ ਸਲਾਹ ਕਰਨੀ ਚਾਹੁੰਦਾ ਸੀ ਪਰ ਰੁਕਾਵਟ ਸੰਪਰਕ ਦੀ ਸੀ। ਭਾਈ ਵੀਰ ਸਿੰਘ ਸਾਹਿਤ ਸਦਨ ਵਿਚ ਮਿਲੇ ਤਾਂ ਉਹਨੇ ਦੱਸਿਆ ਕਿ ਆਯੂ ਤੇ ਸਿਹਤ ਕਾਰਨ ਉਹਦਾ ਜਾਣਾ ਅਸੰਭਵ ਹੈ। ਮੈਂ ਅਰਪਨਾ ਕੌਰ ਨੂੰ ਕਿਹਾ ਕਿ ਇਹਨਾਂ ਦੇ ਨਾਂ ਦਾ ਸਨਮਾਨ ਲੈਣ ਲਈ ਉਹ ਚਲੀ ਚੱਲੇ, ਪਰ ਉਹਨੇ ਮਜਬੂਰੀ ਦੱਸੀ ਕਿ ਉਹ ਸਾਂਭ-ਸੰਭਾਲ ਦੇ ਪੱਖੋਂ ਇਹਨਾਂ ਨੂੰ ਛੱਡ ਕੇ ਨਹੀਂ ਜਾ ਸਕਦੀ। 29 ਦਸੰਬਰ 2019 ਨੂੰ ਮੇਰੇ ਸਨਮਾਨ ਮਗਰੋਂ ਟਰੱਸਟ ਦੇ ਪ੍ਰਧਾਨ ਨੇ ਮੈਥੋਂ ਦਿੱਲੀ ਦੇ ਠੀਕ ਮੌਸਮ ਬਾਰੇ ਤੇ ਦਿੱਲੀ ਵਿਚ ਸਮਾਗਮ ਕਰਨ ਲਈ ਕਰਨੇ ਪੈਣੇ ਕੰਮਾਂ ਬਾਰੇ ਪੁੱਛਿਆ। ਆਖ਼ਰ ਫ਼ੈਸਲਾ ਹੋਇਆ ਕਿ ਟਰੱਸਟ ਵੱਲੋਂ 3-4 ਸੱਜਨ ਸਰਦੀ ਮੱਠੀ ਪਈ ਤੋਂ 16 ਮਾਰਚ ਨੂੰ ਦਿੱਲੀ ਆ ਕੇ ਅਜੀਤ ਕੌਰ ਦਾ ਸਨਮਾਨ-ਸਮਾਗਮ ਕਰਨਗੇ।

ਮੈਂ ਆਪਣੇ ਧੰਨਵਾਦੀ ਭਾਸ਼ਨ ਵਿਚ ਕੁਵੇਂਪੂ ਦੀਆਂ ਕਵਿਤਾਵਾਂ ਨੂੰ ਪੰਜਾਬੀ ਕਵਿਤਾ ਵਿਚ ਅਨੁਵਾਦ ਕੇ ਪੁਸਤਕ ਛਪਵਾਉਣ ਦੀ ਗੱਲ ਕਰ ਆਇਆ ਸੀ। ਮੈਂ ਸੋਚਿਆ, ਪੁਸਤਕ ਦੀ ਮੁੱਖ-ਦਿਖਾਈ ਵੀ ਉਸੇ ਸਮਾਗਮ ਵਿਚ ਹੋ ਜਾਵੇ ਤਾਂ ਠੀਕ ਰਹੇ। ਦਿਨ-ਰਾਤ ਲੱਗ ਕੇ ਮੈਂ ਪੁਸਤਕ 'ਅੰਬਰ ਦੀ ਬੁੱਕਲ' ਨਾਂ ਨਾਲ ਪ੍ਰਕਾਸ਼ਿਤ ਕਰਵਾ ਲਈ। ਇਕ ਚੰਗੀ ਗੱਲ ਹੋਰ ਹੋ ਗਈ। ਪੰਜਾਬ ਆਰਟ ਕੌਂਸਲ ਨੇ 'ਪੰਜਾਬ ਗੌਰਵ' ਪੁਰਸਕਾਰ ਦੇਣੇ ਐਲਾਨੇ ਤਾਂ ਪਰਾਪਤ-ਕਰਤਿਆਂ ਵਿਚ ਮੈਂ ਤੇ ਅਜੀਤ ਕੌਰ, ਦੋਵੇਂ ਸ਼ਾਮਲ ਸੀ। ਉਹ 2 ਫ਼ਰਵਰੀ 2020 ਨੂੰ ਚੰਡੀਗੜ੍ਹ ਵੀ ਨਾ ਜਾ ਸਕੀ ਤੇ ਉਹਦਾ ਇਕ ਲੱਖ ਰੁਪਏ ਦਾ ਚੈੱਕ, ਫੁਲਕਾਰੀ ਤੇ ਮਾਣ-ਪੱਤਰ ਮੈਨੂੰ ਸੌਂਪ ਦਿੱਤੇ ਗਏ। ਮੈਨੂੰ ਤਸੱਲੀ ਰਹੀ ਕਿ ਉਹਦੇ ਘਰ ਜਾ ਕੇ ਫੜਾ ਆਉਣ ਦੀ ਥਾਂ ਇਹ ਸਨਮਾਨ ਵੀ 16 ਮਾਰਚ ਵਾਲ਼ੇ ਸਮਾਗਮ ਵਿਚ ਹੀ ਕੁਝ ਮਿੰਟ ਲੈ ਕੇ ਸੰਖੇਪ ਜਾਣਕਾਰੀ ਦਿੰਦਿਆਂ ਭੇਟ ਕੀਤਾ ਜਾ ਸਕੇਗਾ। ਅਜੀਤ ਕੌਰ ਨੂੰ ਇਹ ਦਸਦਿਆਂ ਮੈਂ ਇਹ ਵੀ ਲਿਖਿਆ ਕਿ ਕੁਵੇਂਪੂ ਸਨਮਾਨ ਤੇ 'ਪੰਜਾਬ ਗੌਰਵ' ਤੋਂ ਪਿੱਛੋਂ ਹੁਣ ਆਪਾਂ ਨੂੰ ਇਕ ਹੋਰ ਸਨਮਾਨ ਸਾਂਝਾ ਮਿਲਣਾ ਬਾਕੀ ਰਹਿ ਗਿਆ ਹੈ, ਨੋਬਲ ਇਨਾਮ!

ਤੇ ਫੇਰ ਕੋਰੋਨਾ ਜੀ ਲੰਮੇ, ਸਗੋਂ ਅਣਮਿਥੇ ਸਮੇਂ ਦੇ ਮਹਿਮਾਨ ਬਣ ਕੇ ਆ ਗਏ। ਨਤੀਜੇ ਵਜੋਂ 16 ਮਾਰਚ ਵਾਲ਼ੇ ਸਮਾਗਮ ਦੀ ਕੋਈ ਸੰਭਾਵਨਾ ਨਾ ਰਹਿ ਗਈ। ਦੂਰ ਤੱਕ ਦਾ ਭਵਿੱਖ ਵੀ ਬੇਯਕੀਨਾ ਹੋ ਗਿਆ। ਅਜੀਤ ਕੌਰ ਨੇ ਕਰਨਾਟਕ ਵਾਲ਼ੇ ਪੈਸੇ ਅਣਸਮਾਗਮੇ ਹੀ ਮੰਗਵਾ ਲਏ। ਮੇਰੀ ਅਨੁਵਾਦਿਤ ਪੁਸਤਕ ਲਈ ਟਰੱਸਟ ਵਾਲ਼ਿਆਂ ਆਖਿਆ, ਕੋਰੋਨਾ ਦੇ ਵਿਦਾਅ ਹੁੰਦਿਆਂ ਹੀ ਤੁਹਾਨੂੰ ਕਰਨਾਟਕ ਬੁਲਾ ਕੇ ਉਚੇਚੇ ਸਮਾਗਮ ਵਿਚ ਉਹ ਪੂਰੀ ਸਜ-ਧਜ ਨਾਲ ਪਾਠਕ-ਭੇਟ ਕਰਾਂਗੇ। ਤੇ ਬਾਕੀ ਰਹਿ ਗਿਆ ਮੇਰੇ ਕੋਲ ਪਿਆ ਅਜੀਤ ਕੌਰ ਦਾ 'ਪੰਜਾਬ ਗੌਰਵ'। ਹੁਣ ਉਹ ਸਾਡੇ ਚੰਗੇ-ਵਾਹਵਾ ਸੰਪਰਕ ਦਾ ਵਸੀਲਾ ਬਣ ਗਿਆ। ਮੇਲਾਂ ਆਉਣ-ਜਾਣ ਲੱਗੀਆਂ। ਕਦੀ-ਕਦੀ ਫੋਨ ਵੀ ਆ ਜਾਂਦਾ। ਸਾਨੂੰ ਦੋਵਾਂ ਨੂੰ ਡਰ ਸੀ, ਜੇ ਚੈੱਕ ਦੇ ਤਿੰਨ ਮਹੀਨੇ ਲੰਘ ਗਏ, ਦੁਬਾਰਾ ਮੰਗਵਾਉਣ-ਭੇਜਣ ਦਾ ਝੰਜਟ ਹੋਣਾ ਹੈ। ਆਖ਼ਰ ਅਜੀਤ ਕੌਰ ਨੇ ਆਪਣੇ ਬੈਂਕ-ਲੇਖੇ ਦਾ ਵੇਰਵਾ ਭੇਜਿਆ ਤੇ ਮੈਂ ਉਸ ਬੈਂਕ ਦੀ ਆਪਣੇ ਘਰ ਦੇ ਨੇੜਲੀ ਸ਼ਾਖ਼ ਦਾ ਪਤਾ ਕਰ ਕੇ ਚੈੱਕ ਉਥੇ ਪੁਆ ਦਿੱਤਾ। ਅਜੀਤ ਕੌਰ ਦੀ ਗਦਗਦ ਮੇਲ ਵੀ ਆ ਗਈ।

ਮੇਰੇ ਕੋਲ ਰਹਿ ਗਏ ਮਾਣ-ਪੱਤਰ ਤੇ ਫੁਲਕਾਰੀ। ਮਾਣ-ਪੱਤਰ ਵਿਚ ਉਹਨੂੰ ਕੋਈ ਖਾਸ ਦਿਲਚਸਪੀ ਨਹੀਂ ਸੀ ਦਿਸਦੀ। "ਚੱਲ ਫੇਰ ਕਦੇ ਦੇਖੀ ਜਾਊ। ਪਰ ਮੇਰੀ ਫੁਲਕਾਰੀ ਜ਼ਰੂਰ ਮੈਨੂੰ ਮਿਲ ਜਾਵੇ।" ਕੁਝ ਹਫ਼ਤਿਆਂ ਮਗਰੋਂ ਸਰਕਾਰ ਨੇ ਕੋਰੀਅਰ ਖੋਲ੍ਹ ਦਿੱਤੇ। ਪਰ ਕੋਰੀਅਰ ਵਾਲ਼ੇ ਦੁਕਾਨਾਂ ਖੋਲ੍ਹ ਕੇ ਕੀ ਕਰਦੇ, ਚੰਦਰੇ ਸਮਿਆਂ ਵਿਚ ਕੀਹਨੇ ਕੀਹਨੂੰ ਕਾਹਦਾ ਕੋਰੀਅਰ ਕਰਾਉਣਾ ਸੀ! ਤਾਂ ਵੀ ਮੈਂ ਸੋਚ ਰਿਹਾ ਸੀ ਕਿ ਜੇ ਨੇੜੇ-ਤੇੜੇ ਕਿਸੇ ਕੋਰੀਅਰ ਵਾਲੇ ਨੇ ਦੁਕਾਨ ਖੋਲ੍ਹ ਕੇ ਗਾਹਕ ਉਡੀਕਣ ਦੀ ਹਿੰਮਤ ਕਰ ਲਈ ਹੋਵੇ ਤਾਂ ਮੈਂ ਫੁਲਕਾਰੀ ਭੇਜ ਹੀ ਦੇਵਾਂ। ਏਨੇ ਨੂੰ 16 ਜੂਨ ਨੂੰ ਮੇਲ ਆਈ, "ਮੇਰੇ ਪਿਆਰੇ ਗੁਰਬਚਨ ਜੀ, ਏਨੀ ਲੰਮੀ ਚੁੱਪ ਕਿਉਂ? ਮੈਨੂੰ ਬਹੁਤ ਚਿੰਤਾ ਹੈ।" ਅੱਗੇ ਕੋਰੋਨਾ ਬਾਰੇ ਤੇ ਮਾਹੌਲ ਬਾਰੇ ਗੱਲਾਂ ਲਿਖ ਕੇ, ਫੁਲਕਾਰੀ ਦਾ ਕੋਈ ਸਿੱਧਾ ਜ਼ਿਕਰ ਕੀਤੇ ਬਿਨਾਂ, ਅੰਤ ਇਉਂ ਕੀਤਾ ਸੀ, "ਇਹ ਕੋਰੋਨਾ ਦੀ ਹਨੇਰੀ ਲੰਘ ਜਾਣ ਦੀ ਉਡੀਕ ਹੈ ਤਾਂ ਜੋ ਆਪਾਂ ਫੇਰ ਨਿੱਘੀਆਂ ਗਲਵੱਕੜੀਆਂ ਪਾ ਕੇ ਮਿਲ ਸਕੀਏ!"

ਮੈਂ 18 ਜੂਨ ਨੂੰ ਹੋਰ ਗੱਲਾਂ ਦੇ ਜਵਾਬ ਤੋਂ ਇਲਾਵਾ ਲਿਖਿਆ, "ਮੈਂ ਤੁਹਾਨੂੰ ਫੁਲਕਾਰੀ ਭੇਜਣੀ ਹੈ। ਉਮੀਦ ਹੈ, ਛੇਤੀ ਹੀ ਕੋਰੀਅਰ ਕਰਵਾ ਕੇ ਤੁਹਾਨੂੰ ਮੇਲ ਰਾਹੀਂ ਸੂਚਿਤ ਕਰਨ ਦੇ ਯੋਗ ਹੋ ਜਾਵਾਂਗਾ।" ਜਵਾਬ ਆਇਆ, "ਬਹੁਤ ਪਿਆਰੇ ਗੁਰਬਚਨ ਜੀ, ਬਹੁਤ ਬਹੁਤ ਧੰਨਵਾਦ! ਤੁਸੀਂ ਬਹੁਤ ਲਾਡਲੇ ਦੋਸਤ ਹੋ।" ਆਖ਼ਰ 6 ਜੁਲਾਈ ਨੂੰ ਮੈਂ ਕੋਰੀਅਰ ਕਰਵਾਉਣ ਵਿਚ ਸਫਲ ਹੋ ਗਿਆ। ਉਸ ਵਿਚ ਪਾਈ ਚਿੱਠੀ ਵਿਚ ਵੀ ਮੈਂ ਪਹੁੰਚ ਭੇਜਣ ਦੀ ਤਾਕੀਦ ਕੀਤੀ ਤੇ ਮੇਲ ਰਾਹੀਂ ਸੂਚਿਤ ਕਰ ਕੇ ਵੀ ਉੱਤਰ ਦੇਣ ਲਈ ਕਿਹਾ। ਮੈਂ ਰਸੀਦ ਦੀ ਤਸਵੀਰ ਵੀ ਭੇਜ ਦਿੱਤੀ ਤਾਂ ਜੋ ਕੋਰੀਅਰ ਦੀ ਪੈੜ ਕੱਢੀ ਜਾ ਸਕੇ ਤੇ ਨੇੜੇ ਦੇ ਉਨ੍ਹਾਂ ਦੇ ਦਫ਼ਤਰੋਂ ਵੀ ਪੁੱਛਿਆ ਜਾ ਸਕੇ।

ਮੇਰੀ ਚਿੰਤਾ ਸੱਚੀ ਸੀ। ਰਾਹ ਵਿਚ ਕੋਈ ਫੁਲਕਾਰੀ ਕੱਢ ਕੇ ਪਾਟਿਆ ਹੋਇਆ ਤੌਲੀਆ ਵੀ ਪਾ ਸਕਦਾ ਸੀ। ਕੋਰੀਅਰਾਂ ਵਿਚ ਅਜਿਹਾ ਵਾਪਰਨਾ ਕੋਈ ਅਨਹੋਣੀ ਨਹੀਂ। ਜਵਾਬ ਉਡੀਕ ਕੇ ਮੈਂ 11 ਜੁਲਾਈ ਨੂੰ ਮੇਲ ਕੀਤੀ, "ਬੀਬੀ ਜੀ, ਕੀ 6 ਤਾਰੀਖ਼ ਦਾ ਕਰਵਾਇਆ ਕੋਰੀਅਰ ਅਜੇ ਵੀ ਨਹੀਂ ਮਿਲਿਆ?"

ਹੁਣ ਤਾਂ ਦਿਨਾਂ ਦੀ ਥਾਂ ਹਫ਼ਤੇ-ਮਹੀਨੇ ਬੀਤਦੇ ਜਾਂਦੇ ਹਨ। ਜਵਾਬ ਦੀ ਉਡੀਕ ਹੈ ਤੇ ਇਹ ਉਡੀਕ ਹੁਣ ਉਡੀਕ ਹੀ ਰਹੇਗੀ ਕਿਉਂਕਿ ਅਜੀਤ ਕੌਰ ਨਾਲ ਵਾਹ ਪਏ ਤੋਂ ਹੀ ਪਤਾ ਲਗਦਾ ਹੈ ਕਿ ਅਤਿ-ਭਾਵੁਕ ਸ਼ਬਦਾਂ ਨੂੰ ਪੂਰੀ ਤਰ੍ਹਾਂ ਭਾਵੁਕਤਾ-ਮੁਕਤ ਰਹਿ ਕੇ ਲਿਖਣਾ-ਵਰਤਣਾ ਉਹਦੇ ਵਾਸਤੇ ਸਾਧਾਰਨ ਗੱਲ ਹੈ! ਬੇ-ਆਪਣਿਆਂ ਨੂੰ ਵੀ ਅਪਣੱਤ ਦਿਖਾਉਣ ਦੀ ਅਤੇ ਦੂਰੀਆਂ ਸਿਰਜ ਕੇ ਨੇੜਤਾ ਜਤਾਉਣ ਦੀ ਇਹ ਕਲਾ ਸ਼ਾਇਦ ਕੇਵਲ ਉਸ ਨੂੰ ਹੀ ਆਉਂਦੀ ਹੈ। ਆਪਣੀ ਰਚਨਾ ਵਿਚ ਸ਼ਬਦਾਂ ਦੀ ਵਰਤੋਂ ਦੀ ਕਲਾ ਦਾ ਕਮਾਲ ਤਾਂ ਉਹਨੂੰ ਹਾਸਲ ਹੈ ਹੀ, ਉਹ ਸਾਧਾਰਨ ਵਰਤੋਂ-ਵਿਹਾਰ ਵਿਚ ਵੀ ਘੋਰ ਜਜ਼ਬਾਤੀ ਸ਼ਬਦਾਂ ਨੂੰ ਜਜ਼ਬਿਆਂ ਤੋਂ ਪੂਰੀ ਤਰ੍ਹਾਂ ਮੁਕਤ ਕਰ ਕੇ ਤੇ ਉਨ੍ਹਾਂ ਦਾ ਕੋਈ ਜਜ਼ਬਾਤੀ ਪ੍ਰਭਾਵ ਮਹਿਸੂਸ ਕੀਤੇ ਬਿਨਾਂ ਵਰਤਣ ਦੇ ਸਮਰੱਥ ਹੈ। ਅਗਲਾ ਪਿਆਰਾ, ਲਾਡਲਾ, ਦੋਸਤ, ਯਾਰ, ਆਦਿ ਸੁਣ ਕੇ ਧੰਨ ਹੁੰਦਾ ਰਹਿੰਦਾ ਹੈ, ਉਹ ਅਗਲੇ ਦਾ ਅਰਥ-ਵਿਹੂਣੇ ਸ਼ਬਦ ਸੁਣ ਕੇ ਧੰਨ ਹੋਣਾ ਦੇਖ ਪ੍ਰਸੰਨ ਹੁੰਦੀ ਰਹਿੰਦੀ ਹੈ!

***(ਸਮਾਪਤ)***

***ਅਜੀਤ ਕੌਰ ਆਪਣੀ ਅੰਮ੍ਰਿਤਾ-ਭਗਤੀ ਦੀਆਂ ਦਿਲਚਸਪ ਗੱਲਾਂ ਦਸਦੀ ਹੈ। ਉਹ ਤੇ ਅੰਮ੍ਰਿਤਾ, ਦੋਵੇਂ ਪਟੇਲ ਨਗਰ ਰਹਿੰਦੀਆਂ ਸਨ। ਅਜੀਤ ਕੌਰ ਦਾ ਸਕੂਲ ਉਹਦੇ ਆਪਣੇ ਘਰੋਂ ਡੇਢ, ਪੌਣੇ ਦੋ ਮੀਲ ਸੀ। ਉਹ ਕਹਿੰਦੀ ਹੈ, "ਅੰਮ੍ਰਿਤਾ ਜੀ ਦੇ ਮੂੰਹੋਂ ਨਿੱਕਲੀ ਹਰ ਗੱਲ ਮੇਰੇ ਵਾਸਤੇ ਹਰਫ਼ੇ-ਆਖ਼ਿਰ ਸੀ। ਮੁਰਸ਼ਿਦ ਦਾ ਹੁਕਮ! ਉਨ੍ਹਾਂ ਨੇ ਕਿਹਾ, ਤੂੰ ਰੋਜ਼ ਮੇਰੇ ਘਰੋਂ ਮੇਰੀ ਬੇਟੀ ਨੂੰ ਸਕੂਲ ਲੈ ਜਾਇਆ ਕਰ ਤੇ ਆਉਂਦੀ ਵਾਰੀ ਛੱਡ ਜਾਇਆ ਕਰ। ਉਨ੍ਹਾਂ ਦੇ ਘਰ ਹੋ ਕੇ ਮੇਰਾ ਰਾਹ ਘੱਟੋ-ਘੱਟ ਤਿੰਨ ਮੀਲ ਹੋ ਗਿਆ। ਪਰ ਅੰਮ੍ਰਿਤਾ ਜੀ ਦਾ ਹੁਕਮ ਸੀ, ਉਜਰ ਦੀ ਕੀ, ਸੋਚ ਦੀ ਵੀ ਗੁੰਜਾਇਸ਼ ਨਹੀਂ ਸੀ! ਚਾਰ ਸਾਲ ਮੈਂ ਉਨ੍ਹਾਂ ਦੀ ਬੇਟੀ ਕੰਦਲਾ ਨੂੰ ਰੋਜ਼ ਸਵੇਰੇ, ਤੜਕਸਾਰ ਉਨ੍ਹਾਂ ਦੇ ਘਰੋਂ ਸਕੂਲ ਲੈ ਕੇ ਜਾਂਦੀ ਤੇ ਆਉਂਦੀ ਵਾਰੀ ਉਹਨੂੰ ਘਰ ਛਡਦੀ।"***

# ਪੰਜਾਬ ਦੇ ਵਿਦਿਆਰਥੀ ਘੋਲਾਂ ਦੇ ਰੂ-ਬ-ਰੂ

**ਕਲਾ ਪਰਿਕਰਮਾ**

ਪੰਜਾਬ ਦੀ ਸਿਆਸਤ ਵਿਚ ਵਿਦਿਆਰਥੀ ਲਹਿਰ ਦਾ ਚੋਖਾ-ਚੰਗਾ ਯੋਗਦਾਨ ਰਿਹਾ ਹੈ। ਕੁਝ ਸਮਿਆਂ ਦੌਰਾਨ ਤਾਂ ਇਹ ਯੋਗਦਾਨ ਇੰਨਾ ਭਰਪੂਰ ਹੈ ਕਿ ਸਿਆਸਤ ਵਿਚੋਂ ਵਿਦਿਆਰਥੀ ਲਹਿਰ ਨੂੰ ਮਨਫੀ ਕਰਨਾ ਜਾਂ ਸਿਆਸਤ ਨੂੰ ਵਿਦਿਆਰਥੀ ਲਹਿਰ ਤੋਂ ਵੱਖ ਕਰ ਕੇ ਦੇਖਣਾ ਨਾ-ਮੁਮਕਿਨ ਹੀ ਹੈ। ਇਨ੍ਹਾਂ ਵਿਚੋਂ 20ਵੀਂ ਸਦੀ ਦੇ ਛੇਵੇਂ ਦਹਾਕੇ ਦੇ ਅਖੀਰ ਵਿਚ ਚੱਲੀ ਨਕਸਲਬਾੜੀ ਲਹਿਰ ਵਾਲਾ ਦੌਰ ਖਾਸ ਹੈ। ਉਸ ਵਕਤ ਜਦੋਂ ਪੰਜਾਬ ਦਾ ਨੌਜਵਾਨ ਨਿਜ਼ਾਮ ਤਬਦੀਲੀ ਲਈ ਘਰੋਂ ਨਿੱਕਲ ਤੁਰਿਆ ਸੀ ਤਾਂ ਵਿਦਿਆਰਥੀਆਂ ਦੀ ਸਰਗਰਮੀ ਨੇ ਬੇਹੱਦ


ਕੁਦਰਤ ਕੌਰ

ਅਹਿਮ ਭੂਮਿਕਾ ਨਿਭਾਈ ਅਤੇ ਉਸ ਵਕਤ ਤੇ ਉਸ ਤੋਂ ਬਾਅਦ ਲੜੇ ਗਏ ਘੋਲ ਅੱਜ ਦੀ ਵਿਦਿਆਰਥੀ ਲਹਿਰ ਦੀ ਬੁਨਿਆਦ ਬਣ ਚੁੱਕੇ ਹਨ। ਉਸ ਵਕਤ ਪੰਜਾਬ ਸਟੂਡੈਂਟਸ ਯੂਨੀਅਨ ਨੇ ਸੂਬੇ ਦੀ ਸਿਆਤ ਵਿਚ ਆਪਣਾ ਵੱਖਰਾ ਅਤੇ ਵਿਲੱਖਣ ਰੋਲ ਨਿਭਾਇਆ।

ਪੰਜਾਬ ਦੇ ਪਿੜ ਅੰਦਰ ਪੰਜਾਬ ਸਟੂਡੈਂਟਸ ਯੂਨੀਅਨ ਦਾ ਆਗਮਨ ਪਹਿਲੀ ਮਾਰਚ 1964 ਨੂੰ ਚੰਡੀਗੜ੍ਹ ਤੋਂ ਹੋਇਆ। ਘੋਲ ਦੇ ਪਿੜ ਅੰਦਰ ਇਹ ਸਫਰ ਤਾਂ ਸਥਾਨਕ ਮਸਲਿਆਂ ਤੋਂ ਹੋਇਆ ਸੀ ਪਰ ਇਹ ਘੋਲ ਲੜਦਿਆਂ 1968 ਤੱਕ ਇਸ ਦਾ ਪ੍ਰਭਾਵ ਤਕਰੀਬਨ ਸਮੁੱਚੇ ਪੰਜਾਬ ਅੰਦਰ ਫੈਲ ਚੁੱਕਾ ਸੀ। ਇਸ ਦੀਆਂ ਤਿੱਖੀਆਂ ਅਤੇ ਨਿੱਗਰ ਸਰਮਰਮੀਆਂ ਨੇ ਸਮੇਂ ਦੀ ਸਰਕਾਰ ਨੂੰ ਝੰਜੋੜ ਸੁੱਟਿਆ ਸੀ ਅਤੇ ਸਰਕਾਰ ਜਬਰ ਉਤੇ ਉਤਰ ਆਈ ਸੀ ਪਰ ਵਿਦਿਆਰਥੀ ਲਹਿਰ ਦੇ ਜੁਝਾਰੂ ਕਾਰਕੁਨਾਂ ਨੇ ਸਰਕਾਰ ਦੇ ਜਬਰ ਦਾ ਜਵਾਬ ਪੂਰੇ ਤਾਣ ਨਾਲ ਦਿੱਤਾ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਦੇ ਕੇ ਲਹਿਰ ਦਾ ਸੂਹਾ ਪਰਚਮ ਉਚਾ ਰੱਖਿਆ।

ਪੰਜਾਬ ਸਟੂਡੈਂਟਸ ਯੂਨੀਅਨ ਦੇ ਇਸ ਸੂਹੇ ਇਤਿਹਾਸ ਦੀ ਕਹਾਣੀ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਬਕਾ ਜਨਰਲ ਸਕੱਤਰ (1980-83) ਅਤੇ ਕਮਿਊਨਿਸਟ ਯੂਥ ਲੀਗ (1983-1986) ਦੇ ਸਾਬਕਾ ਪ੍ਰਧਾਨ ਅਜਾਇਬ ਸਿੰਘ ਟਿਵਾਣਾ ਨੇ ਆਪਣੀ ਵੱਡ-ਆਕਾਰੀ ਕਿਤਾਬ ‘ਪੰਜਾਬ ਸਟੂਡੈਂਟਸ ਯੂਨੀਅਨ: ਇਤਿਹਾਸ ਦੀਆਂ ਝਲਕਾਂ’ ਕਲਮਬੱਧ ਕੀਤੀ ਹੈ। ਕੁੱਲ 944 ਸਫਿਆਂ ਅੰਦਰ ਫੈਲੀ ਇਸ ਕਿਤਾਬ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਇਸ ਦੇ ਆਗੂਆਂ ਤੇ ਕਾਰਕੁਨਾਂ ਨਾਲ ਜੁੜੇ ਬਹੁਤ ਸਾਰੇ ਪਹਿਲੂਆਂ ਬਾਰੇ ਗੱਲ ਕੀਤੀ ਗਈ ਹੈ। ਪੰਜਾਬ ਸਟੂਡੈਂਟਸ ਯੂਨੀਅਨ ਬਾਰੇ ਇਸ ਤੋਂ ਪਹਿਲਾਂ ਕੁਝ ਕਿਤਾਬਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿਚ ‘ਵਿਦਿਆਰਥੀ ਲਹਿਰ ਦਾ ਸੁਰਖ ਇਤਿਹਾਸ ਅਤੇ ਮੇਰੀ ਹੱਡਬੀਤੀ’ (1997-ਬਿੱਕਰ ਸਿੰਘ ਕੰਮੇਆਣਾ), ‘ਜ਼ਿੰਦਗੀ ਦੇ ਰਾਹਾਂ ‘ਤੇ’ (2015-ਰਣਜੀਤ ਲਹਿਰਾ), ‘ਪੰਜਾਬ ਸਟੂਡੈਂਟਸ ਯੂਨੀਅਨ ਦਾ ਇਤਿਹਾਸ’ (2018-ਦਰਸ਼ਨ ਖਹਿਰਾ), ‘ਪੰਜਾਬ ਸਟੂਡੈਂਟਸ ਯੂਨੀਅਨ ਦੇ ਅੰਗ ਸੰਗ’ (2019-ਸੁਖਦੇਵ ਸਿੰਘ ਪਾਂਧੀ), ‘ਅਧੂਰਾ ਪੰਨਾ’ (2021-ਸੁਰਜੀਤ ਸਿੰਘ ਸੰਧੂ) ਆਦਿ ਸ਼ਾਮਿਲ ਹਨ। ਇਸ ਤੋਂ ਇਲਾਵਾ ਨੰਦ ਸਿੰਘ ਮਹਿਤਾ ਨੇ ਪੰਜਾਬ ਦੀ ਵਿਦਿਆਰਥੀ ਲਹਿਰ ਨੂੰ ਆਧਾਰ ਬਣਾ ਕੇ ਨਾਵਲ ‘ਰੋਹਲੀ ਗਰਜ’ (2015) ਅਤੇ ਅਮਰ ਆਫ਼ਤਾਬ ਨੇ ਨਾਵਲ ‘ਚਾਨਣ ਦੀ ਲੀਕ’ (2000) ਵੀ ਲਿਖੇ ਹਨ। ਕੁਝ ਹੋਰ ਕਿਤਾਬਾਂ ਵਿਚ ਵੀ ਇਸ ਲਹਿਰ ਦਾ ਜ਼ਿਕਰ ਹੋਇਆ ਹੈ। ਉਂਝ, ਅਜਾਇਬ ਸਿੰਘ ਟਿਵਾਣਾ ਦੀ ਕਿਤਾਬ ਇਨ੍ਹਾਂ ਸਾਰਿਆਂ ਤੋਂ ਵੱਖਰੀ ਹੈ। ਲਿਖਾਰੀ ਦਾ ਦਾਅਵਾ ਹੈ ਕਿ ਉਸ ਨੇ ਕਿਤਾਬ ਲਈ ਸਮੱਗਰੀ ਜੁਟਾਉਣ ਅਤੇ ਇਸ ਨੂੰ ਦਸਤਾਵੇਜ਼ੀ ਰੂਪ ਦੇਣ ਲਈ ਪੂਰੇ ਸੱਤ ਸਾਲ ਖਰਚ ਕੀਤੇ ਹਨ। ਉਸ ਨੇ ਆਪਣੀ ਕਿਤਾਬ ਲਈ ਪੰਜਾਬ ਸਟੂਡੈਂਟਸ ਯੂਨੀਅਨ ਨਾਲ ਜੁੜੇ ਦਸਤਾਵੇਜ਼ਾਂ ਤੱਕ ਤਾਂ ਪਹੁੰਚ ਕੀਤੀ ਹੀ, ਰੋਜ਼ਾਨਾ ‘ਨਵਾਂ ਜ਼ਮਾਨਾ’ ਅਤੇ ਦਿ ਟ੍ਰਿਬਊਨ’ ਦੀਆਂ ਉਸ ਵਕਤ ਦੀਆਂ ਫਾਈਲਾਂ ਵੀ ਫਰੋਲੀਆਂ। ਪੰਜਾਬ ਸਟੂਡੈਂਟਸ ਯੂਨੀਅਨ ਬਾਬਤ ਆਈਆਂ ਪਹਿਲੀਆਂ ਕਿਤਾਬਾਂ ਦਾ ਆਧਾਰ ਲਿਖਾਰੀਆਂ ਦਾ ਆਪਣਾ ਅਨੁਭਵ ਸੀ ਪਰ ਇਸ ਕਿਤਾਬ ਵਿਚ ਅਜਾਇਬ ਸਿੰਘ ਟਿਵਾਣਾ ਨੇ ਦਸਤਾਵੇਜ਼ਾਂ ਨੂੰ ਆਧਾਰ ਬਣਾਇਆ ਹੈ।

ਉਂਝ ਵੀ, ਉਸ ਨੇ ਆਪਣੀ ਇਸ ਰਚਨਾ ਦਾ ਮੁਖ ਮਕਸਦ ਕਿਸੇ ਖਾਸ ਨਜ਼ਰੀਏ ਤੋਂ ਵਿਦਿਆਰਥੀ ਲਹਿਰ ਦੇ ਇਤਿਹਾਸ ਦਾ ਵਿਸ਼ਲੇਸ਼ਣ ਕਰਨਾ ਜਾਂ ਕਿਸੇ ਖਾਸ ਧਿਰ ਦੇ ਪੱਖ ‘ਚ ਖੜ੍ਹ ਕੇ ਦੂਸਰੀ ਦਾ ਵਿਰੋਧ ਕਰਨਾ ਨਹੀਂ ਬਲਕਿ ਪੰਜਾਬ ਦੀ ਵਿਦਿਆਰਥੀ ਲਹਿਰ, ਖਾਸਕਰ ਪੰਜਾਬ ਸਟੂਡੈਂਟਸ ਯੂਨੀਅਨ ਬਾਰੇ ਵੱਧ ਤੋਂ ਵੱਧ ਤੱਥ ਮੁਹੱਈਆ ਕਰਾਉਣ ਦਾ ਮਿਥਿਆ। ਸ਼ਾਇਦ ਇਸ ਮਕਸਦ ਦਾ ਹੀ ਨਤੀਜਾ ਸੀ ਕਿ ਇਹ ਕਿਤਾਬ ਨਿਆਰੀ ਹੋ ਨਿੱਬੜੀ ਹੈ; ਸ਼ਾਇਦ ਇਸੇ ਕਰ ਕੇ ਇਸ ਕਿਤਾਬ ਦੇ ਰਿਲੀਜ਼ ਸਮਾਗਮ ਮੌਕੇ ਪੁਰਾਣੇ ਆਗੂ ਅਤੇ ਕਾਰਕੁਨ ਬਹੁਤ ਚਾਅ ਨਾਲ ਪਹੁੰਚੇ। ਹੋਰ ਤਾਂ ਹੋਰ, ਅੱਜ ਦੀ ਵਿਦਿਆਰਥੀ ਲਹਿਰ ਵਿਚ ਸਰਗਰਮ ਚਾਰ ਜਥੇਬੰਦੀਆਂ- ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ), ਪੰਜਾਬ ਸਟੂਡੈਂਟਸ ਯੂਨੀਅਨ, ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਅਤੇ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਨੇ ਰਲ ਕੇ ਪਟਿਆਲਾ ਵਿਚ ਪੰਜਾਬੀ ਯੂਨੀਵਰਸਿਟੀ ਵਿਖੇ ਸਮਾਗਮ ਰਚਾਇਆ। ਅੱਗੇ ਵਧਣ ਦੇ ਕੋਣ ਤੋਂ ਇਨ੍ਹਾਂ ਗੱਲਾਂ ਦਾ ਸੁਨੇਹਾ ਬਹੁਤ ਵੱਡਾ ਹੈ। ਇਹੀ ਇਸ ਕਿਤਾਬ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ।




*ਪੰਜਾਬ ਸਟੂਡੈਂਟਸ ਯੂਨੀਅਨ ਬਾਰੇ ਲਿਖੀ ਕਿਤਾਬ ਦਾ ਮੁਖੜਾ।*



*ਕਿਤਾਬ ਦੇ ਲਿਖਾਰੀ ਪ੍ਰੋ. ਅਜਾਇਬ ਸਿੰਘ ਟਿਵਾਣਾ।*

## ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਭਰਪੂਰ ਸਮਾਗਮ

*12 ਦਸੰਬਰ 1968 ਨੂੰ ਸ਼ਹੀਦ ਹੋਏ ਇਨਕਲਾਬੀ ਵਿਦਿਆਰਥੀ ਲਹਿਰ ਦੇ ਪਹਿਲੇ ਸ਼ਹੀਦ, ਜਗਤਾਰ ਸਿੰਘ ਦੀ ਯਾਦ ਮੌਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਪੰਜਾਬ ਦੀ ਵਿਦਿਆਰਥੀ ਲਹਿਰ ਦੇ ਇਤਿਹਾਸ ਬਾਰੇ ਅਜਾਇਬ ਸਿੰਘ ਟਿਵਾਣਾ (ਸਾਬਕਾ ਜਰਨਲ ਸਕੱਤਰ, ਪੰਜਾਬ ਸਟੂਡੈਂਟਸ ਯੂਨੀਅਨ) ਦੀ ਪੁਸਤਕ ‘ਪੰਜਾਬ ਸਟੂਡੈਂਟਸ ਯੂਨੀਅਨ: ਇਤਿਹਾਸ ਦੀਆਂ ਝਲਕਾਂ’ ਰਿਲੀਜ਼ ਕੀਤੀ ਗਈ। ਸਮਾਗਮ ਵਿਚ ਜਥੇਬੰਦੀ ਵਿਚ ਕੰਮ ਕਰਨ ਵਾਲੇ ਪੁਰਾਣੇ ਵਿਦਿਆਰਥੀ ਆਗੂ ਅਤੇ ਕਾਰਕੁਨ ਹੁੰਮ-ਹੁਮਾ ਕੇ ਪੁੱਜੇ। ਦਹਾਕਿਆਂ ਬਾਅਦ ਇਕੱਠੇ ਹੋਏ ਇਹਨਾਂ ਕਾਰਕੁਨਾਂ ਦਾ ਇੱਕ-ਦੂਜੇ ਨੂੰ ਮਿਲਣ ਦਾ ਬੜਾ ਚਾਅ ਸੀ। ਇਸ ਦੇ ਨਾਲ ਹੀ ਅੱਜ ਦੇ ਵਿਦਿਆਰਥੀ ਕਾਰਕੁਨ ਵੀ ਪੁਰਾਣੇ ਜੁਝਾਰੂਆਂ ਦਾ ਸੰਗ ਮਾਣ ਕੇ ਗਦਗਦ ਹੋ ਰਹੇ ਸਨ। ਸਮਾਗਮ ਦੌਰਾਨ ਸ਼ਹੀਦ ਜਗਤਾਰ ਸਿੰਘ ਦੀ ਭੈਣ ਹਰਜੀਤ ਕੌਰ ਅਤੇ ਉਹਨਾਂ ਦੀ ਪਰਿਵਾਰ ਦੀ ਮੈਂਬਰ ਹਰਪ੍ਰੀਤ ਕੌਰ ਨੂੰ ਸਨਮਾਨਤ ਕੀਤਾ ਗਿਆ। ਸਮਾਗਮ ਦੌਰਾਨ ਸਾਬਕਾ ਵਿਦਿਆਰਥੀ ਆਗੂਆਂ ਮੁਖਤਿਆਰ ਪੂਹਲਾ, ਜਸਪਾਲ ਜੱਸੀ, ਸੁਖਦਰਸ਼ਨ ਨੱਤ, ਬਲਜੀਤ ਬੱਲੀ, ਰਵਿੰਦਰ ਸਹਿਰਾਅ ਤੇ ਹੋਰ ਪੁਰਾਣੇ ਆਗੂਆਂ ਤੋਂ ਇਲਾਵਾ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਣਬੀਰ ਰੰਧਾਵਾ, ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ) ਦੀ ਆਗੂ ਸ਼੍ਰਿਸ਼ਟੀ, ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਸ਼ਪਿੰਦਰ ਜਿੰਮੀ ਨੇ ਸੰਬੋਧਨ ਕੀਤਾ। ਸਮਾਗਮ ਦੀ ਪ੍ਰਧਾਨਗੀ ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋ. ਜਗਮੋਹਣ ਸਿੰਘ ਨੇ ਕੀਤੀ। ਮੰਚ ਸੰਚਾਲਨ ਗੁਰਪ੍ਰੀਤ, ਸੰਦੀਪ ਕੌਰ ਅਤੇ ਅਮਨ ਖਿਓਵਾਲੀ ਨੇ ਰਲ ਕੇ ਕੀਤਾ। ਇਸ ਮੌਕੇ ਇਸ ਕਿਤਾਬ ਲਈ ਜ਼ਰੂਰੀ ਸਮੱਗਰੀ ਮੁਹੱਈਆ ਕਰਵਾਉਣ ਵਾਲੇ ਸਾਬਕਾ ਕਾਰਕੁਨਾਂ ਦਾ ਮਾਣ-ਤਾਣ ਵੀ ਕੀਤਾ ਗਿਆ। ਇਹ ਸਮਾਗਮ ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ), ਪੰਜਾਬ ਸਟੂਡੈਂਟਸ ਯੂਨੀਅਨ ਤੇ ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ ਨੇ ਕਰਵਾਇਆ ਅਤੇ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਇਸ ਸਮਾਗਮ ਵਿਚ ਸਹਿਯੋਗੀ ਜਥੇਬੰਦੀ ਵਜੋਂ ਸ਼ਾਮਲ ਹੋਈ।*

# ਆਖ ਤਸਵੀਰਾਂ ਬੋਲਦੀਆਂ

*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਦਸੰਬਰ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-565



**ਕੀ ਕਹਿਣੇ ਕਲਾਕਾਰ ਦੇ, ਕਲਾ ਕਰੇ ਕਮਾਲ,**
**ਜਿੱਥੇ ਲਾਵੇ ਹੱਥ ਮਿੱਟੀ ਨੂੰ, ਕਰ ਸੋਨਾ ਦਏ ਵਿਖਾ.ਲ।**
**ਸਾਗਰ ਕੰਢੇ ਰੇਤ ਵਿਚੋਂ ਹੈ, ‘ਮਰਮੇਡ ਰਾਣੀ’ ਬਣਾਈ,**
**ਨਿੱਘੀ ਧੁੱਪ ਵੇਖ ਭੁੱਲੀ ਤਾਂ, ਸੁੱਟ ਘੜਾ ਓਟ ਲਗਾਈ।**
**ਕਰਦੇ ਲੋਕੀਂ ਅਸ਼ ਅਸ਼ ਦੇਖੋ, ਖੜ੍ਹ ਖੜ੍ਹ ਫੋਟੋ ਖਿਚਵਾਵਣ,**
**ਪੇਟ ਦੀ ਖਾਤਰ ਹੱਥ ਜੋੜੇ, ਦਰਸ਼ਕ ਤਰਸ ਕਮਾਵਣ !**

## ਕੈਪਸ਼ਨ ਮੁਕਾਬਲਾ-563



ਨਾਲ ਚੈਨ ਦੇ ਬਹਿਣ ਨ੍ਹੀ ਦਿੰਦੇ,
ਮਨ ਦੇ ਪਏ ਅਧੂਰੇ ਸੁਪਨੇ।
ਲੱਕੜ ਨਾਲ ਕਲਾਕਾਰੀ ਕਰ ਕੇ,
ਕਰ ਲਏ ਇੱਕ ਦਿਨ ਪੂਰੇ ਸੁਪਨੇ।
ਕੋਲੋਂ ਦੀ ਲੰਘ ਜਾਂਦੇ ਸੀ ਜੋ,
ਹਾਣ ਦੇ ਸਾਥੀ ਬੁਲਟ ਚਲਾ ਕੇ।
ਲੱਕੜ ਦੀ ਬਾਈਕ ਦੀਆਂ ਸਿਫਤਾਂ ਕਰਦੇ,
ਹੁਣ ਨਾ ਲੰਘਣ ਪਟਾਕੇ ਪਾ ਕੇ।
***-ਗੁਰਦੇਵ ਸਿੰਘ ਢਪਾਲੀ***

---

ਅਸੀਂ ਵੀ ਕਿਹੜਾ ਘੱਟ ਕਿਸੇ ਤੋਂ
ਆਪਣਾ ਜੁਗਾੜ ਬਣਾ ਲਿਆ ਹੈ।
ਘੜ ਕੇ ਕਾਠ ਦੇ ਸਾਰੇ ਪੁਰਜ਼ੇ
ਰੋਗਨ ਨਵਾਂ ਕਰਵਾ ਲਿਆ ਹੈ।
ਕਿਤੇ ਚਲਾਣ ਨਾ ਕੱਟਿਆ ਜਾਵੇ
ਪਲੇਟ ‘ਤੇ ਨੰਬਰ ਲਿਖਾ ਲਿਆ ਹੈ।
ਸਾਨੂੰ ਨਹੀਂ ਪ੍ਰਵਾਹ ਕਿਸੇ ਦੀ
ਅਸਾਂ ਤਾਂ ਮਨ ਪ੍ਰਚਾਅ ਲਿਆ ਹੈ।
***-ਜਗਮੀਤ ਸਿੰਘ ਪੰਧੇਰ***

---

ਸੁਪਨਿਆਂ ਦਾ ਮਹਿਲ
ਬੱਚੇ ਮਨ ‘ਚ ਉਸਾਰ ਕੇ
ਪੰਜ-ਸੱਤ ਲੱਕੜਾਂ ਨੂੰ
ਜੋੜਿਆ ਸ਼ਿੰਗਾਰ ਕੇ
ਬਾਈਕ ਹੈ ਬਣਾਈ
ਇਹਦੇ ਉੱਤੇ ਝੂਟੇ ਲੈਣ ਲਈ
ਕੱਚੇ ਰਾਹ ‘ਤੇ ਚੱਲਿਆ
ਟਰਾਈ ਇਹਦੀ ਲੈਣ ਲਈ
ਰਸਤੇ ‘ਚ ਜਾਂਦਾ ਬੱਚਾ
ਬਾਈਕ ਨੂੰ ਹੈ ਰੋਕਦਾ
ਅੱਗੇ ਕਰਾਂ ਕੀ ਸੁਧਾਰ
ਉਹ ਦਿਮਾਗ ਵਿਚ ਸੋਚਦਾ।
***-ਮਾਸਟਰ ਪ੍ਰੀਤਮ ਸਿੰਘ ਲੰਮੇ***

---

ਸੁਫਨੇ ਇਨਸਾਨੀ ਕੁਦਰਤੀ ਵਲਵਲਾ ਹੈ
ਨਹੀਂ ਖਰੀਦ ਸਕਦੇ ਕਈ ਵੇਰਾਂ
ਤੜਫਦੇ ਰਹਿੰਦੇ ਅਰਮਾਨ
ਪਰ ਕਲਪਨਾ ਬੜੀ ਹੈ ਬਲਵਾਨ
ਵੇਖੋ ਜੁਆਕ ਖੁਸ਼ੀਆਂ ਬੁਲੰਦੀਆਂ ‘ਤੇ ਹਨ
ਪੁਰਜਾ ਪੁਰਜਾ ਜੋੜ ਲੱਕੜੀ ਦਾ
ਬਣਾ ਸਕੂਟਰੀ
ਖਾਹਸ਼ਾਂ ‘ਤੇ ਕਾਬੂ ਕਰ ਲਿਆ
ਜਿੱਥੇ ਚਾਹ ਉਥੇ ਰਾਹ, ਨਾਲੇ ਖਾਹਸ਼ ਪੂਰੀ,
ਨਾਲੇ ਸਕੂਟਰ ਇੰਨ ਬਿੰਨ
ਅੰਨ੍ਹਾ ਕੀ ਭਾਲੇ ਦੋ ਅੱਖਾਂ।
***-ਦਰਸ਼ਨ ਪਾਲ ਦੋਸਾਂਝ***

---

ਮੋਟਰ ਸਾਈਕਲ ਦੇ ਸ਼ੌਕੀਨਾਂ ਨੇ
ਅਫਰੀਕੀ ਦੇਸ਼ ‘ਚ
ਲੱਕੜ ਦਾ ਬਾਈਕ ਬਣਾਇਆ।
ਬੈਟਰੀ ਵੀ ਰਖਵਾ ਲੈਣੀ ਸੀ,
ਘਸੀਟਣ ਦਾ ਯੱਬ ਜਾਂਦਾ ਮੁਕਾਇਆ।
ਬੱਚਾ ਭਾਵੇਂ ਖੁੱਲ੍ਹ ਕੇ ਹੱਸ ਨੀਂ ਰਿਹਾ,
ਪਰ ਮੁਸਕਰਾਹਟ ਦੱਸ ਰਹੀ ਚਿਹਰੇ ਦੀ,
ਸੁਪਨਾ ਕਲਾਕਾਰ ਨੇ
ਪੂਰਾ ਕਰ ਦਿਖਾਇਆ।
ਬਣ ਜਾਣਾ ਦੁਨੀਆ ਦੇ ਮੋਹਰੀ
ਜੇ ਪਰਮਾਤਮਾ ਨੇ ਚਾਹਿਆ।
***-ਅਮਰਜੀਤ ਸਿੰਘ ਤੂਰ***

---

ਬੱਚੇ ਤਾਂ ਆਖ਼ਰ ਬੱਚੇ ਹੁੰਦੇ,
ਰੀਸਾਂ ਤਾਂ ਕਰ ਹੀ ਬਹਿੰਦੇ ,
ਸ਼ੌਕ ਅਮੀਰਾਂ ਦੇ ਪੂਰੇ ਹੁੰਦੇ,
ਗਰੀਬਾਂ ਦੇ ਅਧੂਰੇ ਰਹਿੰਦੇ।
ਪਰ ਦਿਲੋਂ ਸਭ ਨੇ ਚਾਹੁੰਦੇ,
ਸਾਰੇ ਸੁੱਖ-ਸਾਧਨ ਹੋਵਣ,
ਸੱਧਰ ਹੋਵੇ ਹਰੇਕ ਦੀ ਪੂਰੀ,
ਨਾ ਕਦੇ ਤਰਸੇ ਨਾ ਰੋਵਣ।
***-ਸੇਵਾ ਸਿੰਘ ਨੂਰਪੁਰੀ***

# ਗੁਜਰਾਤ, ਹਿਮਾਚਲ ਅਤੇ ਦਿੱਲੀ ਨਗਰ ਨਿਗਮ ਦੀਆਂ ਚੋਣਾਂ ਤੋਂ ਬਾਅਦ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਬੀਤੇ ਦਿਨੀਂ ਭਾਰਤ ਦੇ ਦੋ ਰਾਜਾਂ, ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਵੀ ਆ ਗਏ ਹਨ ਅਤੇ ਕਿਸੇ ਰਾਜ ਵਰਗੀ ਦਿੱਲੀ ਮਿਉਂਸਪਲ ਕਾਰਪੋਰੇਸ਼ਨ ਦਾ ਨਤੀਜਾ ਵੀ ਆ ਚੁੱਕਾ ਹੈ।ਪਹਿਲਾਂ ਦਿੱਲੀ ਵਾਲੀ ਨਗਰ ਨਿਗਮ ਦਾ ਨਤੀਜਾ ਆਇਆ, ਜਿਸ ਵਿਚ ਪੰਦਰਾਂ ਸਾਲਾਂ ਤੋਂ ਕਬਜ਼ਾ ਕਰੀ ਬੈਠੀ ਭਾਜਪਾ ਨੂੰ ਲਾਂਭੇ ਧੱਕ ਕੇ ਪਹਿਲੀ ਵਾਰ ਆਮ ਆਦਮੀ ਪਾਰਟੀ ਨੂੰ ਸ਼ਹਿਰ ਦੀ ਜ਼ਿੰਮੇਵਾਰੀ ਮਿਲੀ ਹੈ। ਹਿਮਾਚਲ ਪ੍ਰਦੇਸ਼ ਦੀ ਵਿਧਾਨ ਸਭਾ ਵਾਸਤੇ ਕੁੱਲ ਵੋਟਰ ਤਿਰਵੰਜਾ ਲੱਖ ਤੋਂ ਥੋੜ੍ਹੇ ਜਿਹੇ ਘੱਟ ਸਨ, ਪਰ ਦਿੱਲੀ ਨਗਰ ਨਿਗਮ ਦੇ ਵੋਟਰਾਂ ਦੀ ਗਿਣਤੀ ਇੱਕ ਕਰੋੜ ਪੰਜਤਾਲੀ ਲੱਖ ਤੋਂ ਵੱਧ ਹੋਣ ਕਾਰਨ ਉਹ ਆਪਣੇ ਆਪ ਵਿਚ ਇਕ ਪੂਰੇ ਰਾਜ ਵਰਗੀ ਗਿਣੀ ਜਾਂਦੀ ਹੈ। ਇੱਕ ਮੌਕੇ ਦਿੱਲੀ ਵਿਚ ਭਾਜਪਾ ਦੀ ਜਿੱਤ ਹੋਈ ਤੋਂ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ ਕਿ ਦਿੱਲੀ ਦੀ ਜਿੱਤ ਨੂੰ ਅਸਲ ਵਿਚ 'ਮਿੰਨੀ ਹਿੰਦੁਸਤਾਨ' ਦੀ ਜਿੱਤ ਕਹਿਣਾ ਚਾਹੀਦਾ ਹੈ, ਕਿਉਂਕਿ ਇਸ ਸ਼ਹਿਰ ਵਿਚ ਭਾਰਤ ਦੇ ਹਰ ਰਾਜ ਤੋਂ ਲੋਕ ਰਹਿੰਦੇਹਨ। ਇਸ ਲਈ ਜਦੋਂ ਦਿੱਲੀ ਸ਼ਹਿਰ ਦੀ ਜਿੱਤ ਹੋਈ ਤਾਂ ਆਮ ਆਦਮੀ ਪਾਰਟੀ ਦੇ ਆਗੂ ਅਟਲ ਬਿਹਾਰੀ ਵਾਜਪਾਈ ਦੇ ਸ਼ਬਦਾਂ ਵਾਲੀ ਜਿੱਤ ਹੀ ਮਹਿਸੂਸ ਕਰਦੇ ਤੇ ਕਾਫੀ ਜੋਸ਼ ਵਿਚ ਸਨ। ਅਗਲੇ ਦਿਨ ਆਏ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਦੇ ਨਤੀਜਿਆਂ ਨੇ ਉਨ੍ਹਾਂ ਦੀ ਦਿੱਲੀ ਜਿੱਤਣ ਦੀ ਖੁਸ਼ੀ ਖਰਾਬ ਕਰ ਦਿੱਤੀ ਹੈ। ਹਿਮਾਚਲ ਪ੍ਰਦੇਸ਼ ਵਿਚ ਤਾਂ ਉਹ ਚੋਣ ਮੁਹਿੰਮ ਤੋਂ ਅਗੇਤੇ ਹੀ ਕੰਨੀ ਖਿਸਕਾ ਗਏ ਸਨ, ਗੁਜਰਾਤ ਵਿਚ ਉਨ੍ਹਾਂ ਨੂੰ ਵੱਡੀ ਆਸ ਸੀ ਤੇ ਇਸੇ ਕਾਰਨ ਓਥੇ ਸਰਕਾਰ ਬਣਾ ਲੈਣ ਦੇ ਦਾਅਵੇ ਵੀ ਕਰੀ ਜਾ ਰਹੇ ਸਨ, ਪਰ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਵਰਕਰਾਂ ਨੂੰ ਝਟਕਾ ਲੱਗਾ ਹੈ।

ਕਾਂਗਰਸ ਪਾਰਟੀ ਦਾਅਵੇ ਭਾਵੇਂ ਲੱਖ ਕਰਦੀ ਰਹੇ, ਅਸਲ ਵਿਚ ਉਸ ਨੂੰ ਨਾ ਗੁਜਰਾਤ ਵਿਚ ਜਿੱਤਣ ਵਾਲੀ ਆਸ ਸੀ ਤੇ ਨਾ ਹਿਮਾਚਲ ਪ੍ਰਦੇਸ਼ ਵਿਚ ਉਸ ਦੇ ਵਰਕਰਾਂ ਦਾ ਦਿਲ ਧੀਰਜ ਧਰਦਾ ਸੀ। ਕਿਸੇ ਯੋਗ ਅਗਵਾਈ ਤੋਂ ਸੱਖਣੀ ਇਹ ਪਾਰਟੀ ਜਿੰਨੀ ਵੱਡੀ ਚਿੰਤਾ ਵਿਚ ਸੀ, ਉਸ ਦੀ ਰਕੀਬ ਭਾਜਪਾ ਦੇ ਆਗੂ ਇਹ ਦਾਅਵਾ ਕਰਨੋਂ ਨਹੀਂ ਸੀ ਹਟਦੇ ਕਿ ਇਸ ਰਾਜ ਦੀ ਹਰ ਵਾਰੀ ਸਰਕਾਰ ਬਦਲਣ ਦੀ ਰਵਾਇਤ ਤੋੜ ਕੇ ਉਹ ਲਗਾਤਾਰ ਦੂਸਰੀ ਵਾਰੀ ਸਰਕਾਰ ਬਣਾਉਣਗੇ। ਜਦੋਂ ਮਸਾਂ ਦੋ ਦਿਨ ਵੋਟਾਂ ਪੈਣ ਵਿਚ ਰਹਿ ਗਏ ਤਾਂ ਅਚਾਨਕ ਹਵਾ ਦਾ ਰੁਖ ਬਦਲਿਆ ਤੇ ਭਾਰਤ ਸਰਕਾਰ ਵੱਲੋਂ ਚਲਾਈ ਗਈ ਫੌਜ ਦੇ ਅਗਨੀਵੀਰ ਜਵਾਨਾਂ ਦੀ ਸਕੀਮ ਦੀ ਕੌੜ ਉੱਭਰ ਪਈ। ਛੋਟਾ ਜਿਹਾ ਰਾਜ ਹੋਣ ਦੇ ਬਾਵਜੂਦ ਹਿਮਾਚਲ ਪ੍ਰਦੇਸ ਤੋਂ ਬਹੁਤ ਵੱਡੀ ਗਿਣਤੀ ਲੋਕ ਫੌਜ ਦੀ ਸੇਵਾ ਕਰਦੇ ਹਨ ਤੇ ਦੇਸ਼ ਲਈ ਜਾਨਾਂ ਵਾਰਨ ਵਾਲਿਆਂ



ਵਿਚ ਵੀ ਬੜੀ ਵੱਡੀ ਗਿਣਤੀ ਇਸ ਰਾਜ ਦੇ ਫੌਜੀਆਂ ਦੀ ਹੈ। ਇਹੀ ਨਹੀਂ, ਭਾਰਤੀ ਫੌਜ ਦੇ ਜਰਨੈਲਾਂ ਤੇ ਸੇਵਾ ਮੁਕਤ ਜਰਨੈਲਾਂ ਵਿਚ ਵੀ ਬਹੁਤ ਸਾਰੇ ਇਸ ਰਾਜ ਵਿਚੋਂ ਹਨ ਅਤੇ ਉਹ ਅਗਨੀਵੀਰ ਸਕੀਮ ਨੂੰ ਭਵਿੱਖ ਦੇ ਫੌਜੀ ਬਣਨ ਵਾਲੇ ਨੌਜਵਾਨਾਂ ਲਈ ਗਲਤ ਸਮਝਦੇ ਹੋਣ ਕਰ ਕੇ ਇਸ ਦੇ ਖ਼ਿਲਾਫ ਸਨ। ਦੂਸਰਾ ਸੇਬਾਂ ਵਾਲੇ ਕਿਸਾਨ ਭਾਜਪਾ ਰਾਜ ਵਿਚ ਬੁਰੀ ਤਰ੍ਹਾਂ ਲੁੱਟੇ ਗਏ ਸਨ। ਇਨ੍ਹਾਂ ਦੋਹ ਅਹਿਮ ਪੱਖਾਂ ਦਾ ਨਾਂਹ-ਪੱਖੀ ਅਸਰ ਭਾਜਪਾ ਲੀਡਰਸ਼ਿਪ ਨੇ ਕਦੀ ਸੋਚਿਆ ਤੱਕ ਨਹੀਂ ਸੀ ਤੇ ਜਦੋਂ ਅਚਾਨਕ ਇਹ ਅਸਰ ਸਾਹਮਣੇ ਆਇਆ, ਓਦੋਂ ਵਿਗੜੀ ਹੋਈ ਗੱਲ ਸੁਧਾਰਨ ਦਾ ਸਮਾਂ ਨਾ ਹੋਣ ਕਾਰਨ ਭਾਜਪਾ ਮਾਰ ਖਾ ਗਈ ਹੈ।

ਗੁਜਰਾਤ ਵਿਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੋਵੇਂ ਲੱਖ ਬਹਾਨੇ ਬਣਾਉਣ, ਅਸਲ ਵਿਚ ਇਹ ਮੰਨਣ ਦੀ ਲੋੜ ਹੈ ਕਿ ਓਥੇ ਭਾਜਪਾ ਦੀ ਪਕੜ ਪਹਿਲਾਂ ਨਾਲੋਂ ਵੱਧ ਮਜ਼ਬੂਤ ਹੋਈ ਹੈ, ਜਿਸ ਦੇ ਕਈ ਕਾਰਨਾਂ ਵਿਚੋਂ ਇੱਕ ਹਿੰਦੂਤੱਵ ਦਾ ਉਭਾਰ ਵੀ ਹੈ। ਕੁਝ ਲੋਕਾਂ ਦਾ ਖਿਆਲ ਹੈ ਕਿ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਭੇੜ ਵਿਚ ਸੈਕੂਲਰ ਵੋਟਾਂ ਵੰਡੇ ਜਾਣ ਨਾਲ ਭਾਜਪਾ ਵੱਡੀ ਗਿਣਤੀ ਸੀਟਾਂ ਜਿੱਤਣ ਵਿਚ ਸਫਲ ਰਹੀ ਹੈ, ਪਰ ਇਹ ਗੱਲ ਠੀਕ ਨਹੀਂ। ਕਾਂਗਰਸ ਅਤੇ ਆਮ ਆਦਮੀ ਪਾਰਟੀ ਜਿਨ੍ਹਾਂ ਹਲਕਿਆਂ ਵਿਚ ਆਹਮੋ-ਸਾਹਮਣੇ ਭਿੜੀਆਂ ਅਤੇ ਉਨ੍ਹਾਂ ਦੋਵਾਂ ਦੀਆਂ ਵੋਟਾਂ ਮਿਲਾ ਕੇ ਭਾਜਪਾ ਦੇ ਜੇਤੂ ਉਮੀਦਵਾਰ ਨਾਲੋਂ ਵੱਧ ਹਨ, ਉਹ ਮਸਾਂ ਪੈਂਤੀ ਸੀਟਾਂ ਬਣਦੀਆਂ ਹਨ। ਭਾਜਪਾ ਨੂੰ ਇੱਕ ਸੌ ਛਪੰਜਾ ਸੀਟਾਂ ਮਿਲੀਆਂ ਹਨ, ਜੇ ਕਾਂਗਰਸ ਤੇ ਆਮ ਆਦਮੀ ਪਾਰਟੀ ਦੀਆਂ ਮਿਲਾ ਕੇ ਵਧਣ ਵਾਲੀਆਂ ਇਹ ਪੈਂਤੀ ਸੀਟਾਂ ਇੱਕੋ ਜਗ੍ਹਾ ਪੈ ਜਾਂਦੀਆਂ ਤਾਂ ਭਾਜਪਾ ਦੀਆਂ ਜੇਤੂ ਸੀਟਾਂ ਪੈਂਤੀ ਘਟਣੀਆਂ ਸਨ ਤੇ ਫਿਰ ਵੀ ਇੱਕ ਸੌ ਇੱਕੀ ਬਣਨੀਆਂ ਸਨ, ਕਿਸੇ ਵੀ ਹੋਰ ਪਾਰਟੀ ਨੇ ਉਸ ਦੇ ਨੇੜੇ ਨਹੀਂ ਸੀ ਪੁੱਜ ਸਕਣਾ। ਓਥੇ ਭਾਜਪਾ ਦੀ ਪਕੜ ਕਿਸੇ ਨੂੰ ਚੰਗੀ ਲੱਗੇ ਜਾਂ ਨਾ, ਪਰ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਓਥੇ ਕਈ ਹਲਕਿਆਂ ਵਿਚ ਸੱਤਰ ਫੀਸਦੀ ਤੋਂ ਵੱਧ ਵੋਟਾਂ ਭਾਜਪਾ ਦੇ ਉਮੀਦਵਾਰਾਂ ਲਈ ਪਈਆਂ ਹਨ। ਦੋ ਹਲਕਿਆਂ ਵਿਚ ਤਾਂ ਕੁੱਲ ਪੋਲ ਹੋਈਆਂ ਵੋਟਾਂ ਦਾ ਇਕਾਸੀ ਤੇ ਬਿਆਸੀ ਫੀਸਦੀ ਹਿੱਸਾ ਵੀ ਭਾਜਪਾ ਦੇ ਉਮੀਦਵਾਰਾਂ ਵੱਲ ਭੁਗਤਿਆ ਹੈ ਤਾਂ ਇਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਫਿਰਕੂ ਕਤਾਰਬੰਦੀ ਉਸ ਰਾਜ ਵਿਚ ਚੋਖੀ ਹੈ, ਇਸ ਕਾਰਨ ਹਿੰਦੂਤਵ ਦੀ ਲੈਬਾਰਟਰੀ ਕਿਹਾ ਜਾਂਦਾ ਉਹ ਰਾਜ ਇੱਕ ਵਾਰ ਫਿਰ ਭਾਜਪਾ ਨੇ ਜਿੱਤ ਲਿਆ ਹੈ।

ਜੋ ਵੀ ਹੋਇਆ ਹੋਵੇ, ਇਹ ਚੋਣਾਂ ਅਤੇ ਇਨ੍ਹਾਂ ਨਾਲ ਜੁੜੀ ਹੋਈ ਜਿੱਤ ਤੇ ਹਾਰ ਅਤੇ ਇਸ ਨਾਲ ਜੁੜੇ ਵਿਸ਼ਲੇਸ਼ਣਾਂ ਦੇ ਨਾਲ ਹਰ ਪਾਰਟੀ ਨੂੰ ਅੱਗੇ ਵੱਲ ਵੇਖਣਾ ਸ਼ੁਰੂ ਕਰਨ ਦੀ ਫੌਰੀ ਲੋੜ ਹੈ। ਵਿਧਾਨ ਸਭਾ ਚੋਣਾਂ ਦਾ ਅਗਲਾ ਦੌਰ ਅਗਲੇ ਸਾਲ ਮਾਰਚ ਮਹੀਨੇ ਆਉਣਾ ਹੈ ਅਤੇ ਉਨ੍ਹਾਂ ਚੋਣਾਂ ਵਾਲੇ ਰਾਜਾਂ ਵਿਚ ਆਮ ਆਦਮੀ ਪਾਰਟੀ ਕਿਸੇ ਲੇਖੇ ਵਿਚ ਨਹੀਂ ਜਾਪਦੀ। ਇਸ ਲਈ ਭਾਜਪਾ ਅਤੇ ਇਸ ਦੀ ਕੇਂਦਰ ਸਰਕਾਰ ਨਾਲ ਚੱਲਦਾ ਨਿੱਤ ਦਾ ਆਢਾ ਕੁਝ ਸਮਾਂ ਟਾਲ ਕੇ ਦਿੱਲੀ ਵਿਚ ਵੀ ਅਤੇ ਪੰਜਾਬ ਵਿਚ ਵੀ ਵਿਕਾਸ ਦੇ ਕੰਮ ਕਰਨ ਲਈ ਸਹਿਯੋਗ ਦੀ ਨੀਤੀ ਸੋਚਣੀ ਚਾਹੀਦੀ ਹੈ। ਬੀਤੇ ਸਮੇਂ ਵਿਚ ਜਿਸ ਟਕਰਾਅ ਨੇ ਬਹੁਤਾ ਫਾਇਦਾ ਨਹੀਂ ਕੀਤਾ, ਭਵਿੱਖ ਵਿਚ ਵੀ ਹਰ ਵੇਲੇ ਉਸੇ ਤਰ੍ਹਾਂ ਆਢਾ ਲਾਉਣ ਦਾ ਕੋਈ ਲਾਭ ਨਹੀਂ ਹੋਣਾ। ਸਿਆਣੇ ਕਹਿੰਦੇ ਹਨ ਕਿ ਤੁਸੀਂ ਦੋਸਤ ਤਾਂ ਮਰਜ਼ੀ ਦੇ ਚੁਣ ਸਕਦੇ ਹੋ, ਗਵਾਂਢੀ ਕਦੇ ਮਰਜ਼ੀ ਦਾ ਨਹੀਂ ਚੁਣ ਸਕਦੇ, ਜਿਹੜਾ ਮਿਲ ਜਾਂਦਾ ਹੈ, ਚਾਹੁੰਦੇ ਹੋਏ ਜਾਂ ਨਾ ਚਾਹੁੰਦੇ ਹੋਏ ਉਸ ਨਾਲ ਦਿਨ ਕੱਟਣ ਦਾ ਮਾਹੌਲ ਬਣਾਉਣਾ ਪੈਂਦਾ ਹੈ। ਗਵਾਂਢ ਹਰਿਆਣੇ ਦੀ ਭਾਜਪਾ ਸਰਕਾਰ ਜਾਂ ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਹੋਵੇ, ਉਸ ਨੂੰ ਆਮ ਆਦਮੀ ਪਾਰਟੀ ਸੋਚ ਦੇ ਘੋੜੇ ਦੌੜਾ ਕੇ ਨਹੀਂ ਪਛਾੜ ਸਕਦੀ, ਵਿਕਾਸ ਦੇ ਕੰਮਾਂ ਰਾਹੀਂ ਲੋਕਾਂ ਨਾਲ ਆਪਣੀ ਸਾਂਝ ਪਕੇਰੀ ਕਰ ਕੇ ਆਪਣਾ ਆਧਾਰ ਮਜ਼ਬੂਤ ਕਰਨਾ ਪਵੇਗਾ। ਅਗਲੀਆਂ ਪਾਰਲੀਮੈਂਟ ਚੋਣਾਂ ਹੋਣ ਵਿਚ ਮਸਾਂ ਡੇਢ ਸਾਲ ਬਾਕੀ ਰਹਿ ਗਿਆ ਹੈ, ਜੇ ਉਸ ਵੇਲੇ ਭੁਆਂਟਣੀ ਨਹੀਂ ਖਾਣੀ ਤਾਂ ਨਿੱਤ ਦੇ ਕਲੇਸ਼ ਦਾ ਸੁਭਾਅ ਵੀ ਛੱਡਣਾ ਪਵੇਗਾ। ਦਿੱਲੀ ਦੇ ਨਿੱਤ ਦੇ ਕਲੇਸ਼ ਵਿਚ ਆਮ ਆਦਮੀ ਪਾਰਟੀ ਦੀ ਸਾਖ ਵਧੀ ਹੋ ਸਕਦੀ ਹੈ, ਇੱਕ ਜਗ੍ਹਾ ਦੀ ਮਿਸਾਲ ਕਿਸੇ ਦੂਸਰੇ ਥਾਂ ਇੰਨ-ਬਿੰਨ ਲਾਗੂ ਨਹੀਂ ਹੋ ਸਕਦੀ। ਹਰ ਰਾਜ ਦੇ ਲੋਕਾਂ ਦਾ ਸੁਭਾਅ ਵੱਖਰਾ ਅਤੇ ਹਾਲਾਤ ਵੱਖਰੇ ਹੁੰਦੇ ਹਨ ਤੇ ਜਿੱਥੇ ਕਿਸੇ ਪਾਰਟੀ ਨੇ ਚੱਲਣਾ-ਵਿਗਸਣਾ ਹੈ, ਓਥੋਂ ਦੇ ਹਾਲਾਤ ਵੇਖ ਕੇ ਓਥੇ ਨਵਾਂ ਤਜਰਬਾ ਕਰਨਾ ਹੁੰਦਾ ਹੈ। ਪੰਜਾਬ ਦੀ ਸਰਕਾਰ ਤੇ ਇਸ ਦੇ ਮੁਖੀ ਨੂੰ ਹਰ ਗੱਲ ਲਈ ਦਿੱਲੀ ਵੱਲ ਵੇਖਣ ਦੀ ਲੋਕ-ਚਰਚਾ ਅਮਲ ਵਿਚ ਪਛਾੜਨੀ ਚਾਹੀਦੀ ਹੈ।

ਇਹ ਗੱਲ ਸਾਨੂੰ ਇਸ ਲਈ ਕਹਿਣੀ ਪਈ ਹੈ ਕਿ ਪੰਜਾਬ ਦੀ ਅਜੋਕੀ ਸਰਕਾਰ ਬਣਨ ਤੋਂ ਨੌਂ ਮਹੀਨੇ ਚੱਲਣ ਤੱਕ ਹਰ ਗੱਲ ਵਿਚ ਇਹ ਸੁਣਿਆ ਜਾਂਦਾ ਹੈ ਕਿ ਦਿੱਲੀ ਵਿਚ ਅਸੀਂ ਆਹ ਕੀਤਾ ਸੀ ਅਤੇ ਪੰਜਾਬ ਵਿਚ ਕਰਾਂਗੇ। ਪਿਛਲੇ ਸਮੇਂ ਵਿਚ ਜਿੰਨੀ ਲੋੜ ਸੀ, ਉਹ ਮਿਸਾਲਾਂ ਵਰਤ ਲੈਣ ਵਿਚ ਹਰਜ ਨਹੀਂ ਸੀ, ਪਰ ਇਹ ਲੁਕਮਾਨ ਹਕੀਮ ਦਾ ਫਾਰਮੂਲਾ ਨਹੀਂ ਹੈ, ਏਸੇ ਲਈ ਹਿਮਾਚਲ ਪ੍ਰਦੇਸ਼ ਅਤੇ ਗੁਜਰਾਤ ਦੋਵਾਂ ਥਾਂਵਾਂ ਦੇ ਵੋਟਰਾਂ ਨੇ ਇਸ ਦਾ ਹੁੰਗਾਰਾ ਨਹੀਂ ਭਰਿਆ। ਇਹੋ ਗੱਲ ਨੋਟ ਕਰ ਕੇ ਪੰਜਾਬ ਦੀ ਸਰਕਾਰ ਨੂੰ ਚੱਲਣਾ ਪਵੇਗਾ ਅਤੇ ਏਥੋਂ ਦੇ ਲੋਕਾਂ ਵਿਚ ਜਿਹੜੇ ਰੋਸ ਉਪਜਦੇ ਜਾਂ ਵਧੀ ਜਾ ਰਹੇ ਹਨ, ਉਨ੍ਹਾਂ ਵੱਲ ਧਿਆਨ ਦੇ ਕੇ ਹਾਲਾਤ ਦੇ ਮੁਤਾਬਕ ਕਦਮ ਚੁੱਕ ਕੇ ਪਿਛਲੀ ਕਸਰ ਕੱਢਣੀ ਹੋਵੇਗੀ। ਖਾਸ ਗੱਲ ਇਸ ਵਿਚ ਇਹ ਹੈ ਕਿ ਆਮ ਆਦਮੀ ਪਾਰਟੀ ਦੇ ਕੁਝ ਵਿਧਾਇਕਾਂ ਅਤੇ ਜ਼ਿਲ੍ਹਾ ਪੱਧਰ ਦੇ ਆਗੂਆਂ ਦੇ ਬਾਅਦ ਆਮ ਵਰਕਰਾਂ ਵਿਚ ਵੀ ਜਿਹੜੇ ਕਾਂਗਰਸੀਆਂ ਅਤੇ ਅਕਾਲੀਆਂ ਵਾਲੇ ਰੁਝਾਨ ਦਿਸਣੇ ਸ਼ੁਰੂ ਹੋ ਗਏ ਹਨ, ਹਰ ਕਿਸੇ ਨਾਲ ਆਢਾ ਲਾਈ ਰੱਖਣ ਤੇ ਆਪਣੀ ਸਰਕਾਰ ਦੇ ਦਾਬੇ ਮਾਰਨ ਦਾ ਇਹ ਕੰਮ ਰੋਕਣਾ ਹੋਵੇਗਾ। ਸਰਕਾਰੀ ਦਫਤਰਾਂ ਅਤੇ ਅਫਸਰਾਂ ਨਾਲ ਵੀ ਮੰਤਰੀ ਗੱਲ ਕਰਨ ਜਾਂ ਵਿਧਾਇਕ, ਜੇ ਵਿਧਾਇਕਾਂ ਦੇ ਪਰਿਵਾਰਾਂ ਦੇ ਜੀਅ ਅਤੇ ਉਨ੍ਹਾਂ ਨਾਲ ਜੁੜੇ ਹੋਏ ਦੁੱਕੜ-ਤਿੱਕੜਵੀ ਆਪਣੇ ਆਪ ਨੂੰ ਵਿਧਾਇਕ ਸਮਝਦੇ ਅਤੇ ਓਦਾਂ ਦੀ ਹਕੂਮਤੀ ਬੋਲੀ ਬੋਲਦੇ ਹਨ ਤਾਂ ਮੁਸ਼ਕਲਾਂ ਇਸ ਸਰਕਾਰ ਲਈ ਵਧਣਗੀਆਂ। ਸਰਕਾਰ ਦਾ ਮੁਖੀ ਇਸ ਨੂੰ ਮਹਿਸੂਸ ਕਰੇ ਜਾਂ ਨਾ ਕਰੇ, ਆਮ ਲੋਕ ਇਸ ਬਾਰੇ ਸੱਥਾਂ ਵਿਚ ਚਰਚਾ ਕਰਦੇ ਸੁਣੇ ਜਾਣ ਲੱਗ ਪਏ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ 'ਆਵਾਜ਼ੇ ਖਲਕਤ, ਨਗਾਰਾ-ਇ-ਖੁਦਾ' ਵਾਲਾ ਮੁਹਾਵਰਾ ਵੀ ਜ਼ਰੂਰ ਪਤਾ ਹੋਵੇਗਾ। ਅੱਗੋਂ ਉਸ ਨੇ ਕੀ ਕਰਨਾ ਹੈ, ਜ਼ਿੰਮੇਵਾਰੀ ਵੀ ਉਸ ਦੀ ਹੈ ਅਤੇ ਮਰਜ਼ੀ ਵੀ।

## ਡੂੰਘੇ ਦਰਦ ਦਰਿਆਵਾਂ ਦੇ- ਇਕ ਸਾਹਿਤਕ ਪੜਚੋਲ

(ਸਫਾ 14 ਦਾ ਬਾਕੀ)

ਬਣਾਵਟ ਨਹੀਂ ਹੈ। ਉਸ ਦੀ ਸ਼ਾਇਰੀ ਸਾਨੂੰ ਮਾਣ ਸਨਮਾਨ ਨਾਲ ਜਿਊਣਾ ਸਿਖਾਉਂਦੀ ਹੈ। ਇਹ ਸਾਨੂੰ ਸਭ ਤੋਂ ਮੁਸ਼ਕਲ ਸਥਿਤੀਆਂ ਵਿਚ ਵੀ ਹਿੰਮਤ ਨਾਲ ਖੜ੍ਹੇ ਹੋਣ ਲਈ ਪ੍ਰੇਰਿਤ ਕਰਦੀ ਹੈ। ਉਹ ਹਨੇਰੇ ਸਮੇਂ ਵਿਚ ਲੜਨ ਲਈ ਆਪਣੇ ਹੱਕਾਂ ਲਈ ਲੜਨ ਦਾ ਰਸਤਾ ਦਿਖਾਉਂਦੀ ਹੈ। ਇਸ ਲਈ ਮਾਣਕ ਦੀਆਂ ਕਵਿਤਾਵਾਂ ਦੀ ਸਾਰਥਕਤਾ ਹਮੇਸ਼ਾ ਲਈ ਬਣੀ ਰਹੇਗੀ। ਉਹ ਆਪਣੇ ਇਸ ਕਾਵਿ ਸੰਗ੍ਰਹਿ ਲਈ ਮੁਬਾਰਕ ਦਾ ਹੱਕਦਾਰ ਹੈ।

ਰਾਕੇਸ਼ ਮਿਸ਼ਰਾ ਨੇ ਕਵਿਤਾ ਦੀ ਫ਼ਸਲ ਦੀ ਉਸੇ ਤਰ੍ਹਾਂ ਵਾਢੀ ਕੀਤੀ ਹੈ ਜਿਵੇਂ ਕੋਈ ਕਿਸਾਨ ਪੱਕੀਆਂ ਸੁਨਹਿਰੀ ਫ਼ਸਲਾਂ ਨੂੰ ਵੱਢਦਾ ਹੈ। ਜਿਸ ਤਰ੍ਹਾਂ ਉਸ ਦੀ ਉਪਜਾਊ ਵਸੁੰਧਰਾ ਉਸ ਨੂੰ ਸ਼ਸਤਰ ਸ਼ਿਆਮਲ ਧਾਰਾ ਦੀਆਂ ਸਾਰੀਆਂ ਬਰਕਤਾਂ ਪ੍ਰਦਾਨ ਕਰਦੀ ਹੈ, ਉਸੇ ਤਰ੍ਹਾਂ ਪਿਛਲੇ ਕੁਝ ਸਾਲਾਂ ਵਿਚ ਉਸ ਦੀ ਕਵਿਤਾ ਵਿਚ ਵੀ ਵਾਧਾ ਹੋਇਆ ਹੈ। ਤਿੰਨ ਕਾਵਿ ਸੰਗ੍ਰਹਿ ਆਏ ਨੂੰ ਅਜੇ ਬਹੁਤਾ ਸਮਾਂ ਨਹੀਂ ਹੋਇਆ ਕਿ ਪੁਨਰ-ਸ਼ਬਦਾਂ ਦਾ ਦੇਸ਼। ਇਹ ਕਵੀ ਦੀ ਬੇਚੈਨੀ ਨੂੰ ਦਰਸਾਉਂਦਾ ਹੈ। ਉਸ ਦੀਆਂ ਕਵਿਤਾਵਾਂ ਹਰ ਪਲ ਨੂੰ ਪਰਖਣ ਵਾਲੀਆਂ ਕਵਿਤਾਵਾਂ ਹਨ। ਹਰ ਪਲ ਉਸ ਦੀ ਸ਼ਾਇਰੀ ਦਾ ਕੋਈ ਨਾ ਕੋਈ ਅਨੁਭਵ ਹੈ। ਮਹੱਤਵਪੂਰਨ ਸੁਨੇਹੇ ਹਰ ਪਲ ਉਸ ਦਾ ਕਵੀ ਇਹ ਸੰਦੇਸ਼ ਦੇਣ ਲਈ ਤਿਆਰ ਰਹਿੰਦਾ ਹੈ। ਕਵਿਤਾ ਅਜਿਹੇ ਨਿਰੀਖਣਾਂ ਦਾ ਸਬੂਤ ਹੈ ਜਿੱਥੇ ਕਵੀ ਜੀਵਨ ਦੇ ਪੱਖ ਵਿਚ ਆਪਣੀਆਂ ਗਵਾਹੀਆਂ ਨੂੰ ਧਿਆਨ ਵਿਚ ਰੱਖਦਾ ਹੈ ਅਤੇ ਲਿਖਦਾ ਹੈ।

ਆਪਣੀ ਕਵਿਤਾ ਦੇ ਪ੍ਰਭਾਵਾਂ ਬਾਰੇ ਲਿਖਦਿਆਂ ਮੈਂ ਕਿਹਾ ਹੈ ਕਿ ਕਵੀ ਸ਼ਬਦਾਂ ਨਾਲ ਕਵਿਤਾ ਦਾ ਘਰ ਬਣਾਉਂਦਾ ਹੈ। ਇੱਕ ਘਰ ਜਿੱਥੇ ਆਪਣੇ ਆਪ ਦਾ ਇੱਕ ਚੱਕਰ ਹੈ। ਅਗਿਆ ਨੇ ਅਜਿਹੀ ਗੱਲ 'ਐਸਾ ਕੋਈ ਘਰ ਆਪਨੇ ਦੇਖਿਆ ਹੈ' ਸੰਗ੍ਰਹਿ ਦੀ ਇੱਕ ਕਵਿਤਾ ਵਿਚ ਕਹੀ ਸੀ। ਉਹ ਕਵਿਤਾਵਾਂ ਦਾ ਘਰ ਵੀ ਬਣਾਉਂਦੇ ਹਨ। ਉਹ ਘਰ ਜਿੱਥੇ ਆਪਣਿਆਂ ਦੀ ਰੌਸ਼ਨੀ ਹੋਵੇ, ਜਿੱਥੇ ਰਿਸ਼ਤਿਆਂ ਵਿਚ ਹਮਦਰਦੀ ਹੋਵੇ। ਜਦੋਂ ਉਹ ਇੱਕ ਕਵਿਤਾ ਵਿਚ ਕਹਿੰਦਾ ਹੈ ਕਿ 'ਬੱਚੇ ਦੀ ਆਵਾਜ਼/ ਜੀਰੇ ਦੀ ਮਹਿਕ ਮੇਰੀ ਚੇਤਨਾ ਦੀ ਗਲੀ ਵਿਚ ਸੈਰ ਕਰਦੀ ਹੈ' ਤਾਂ ਲੱਗਦਾ ਹੈ ਕਿ ਇਸ ਕਵੀ ਕੋਲ ਚੇਤਨਾ ਦਾ ਇੱਕ ਸਾਫ਼ ਕਟੋਰਾ ਹੈ, ਜਿਸ ਉੱਤੇ ਮੁਹੱਬਤ ਦੀ ਅਮਿੱਟ ਸਿਆਹੀ ਕੁਝ ਹੋ ਸਕਦੀ ਹੈ। ਲਿਖਿਆ ਜਾਵੇ। ਬੇਸ਼ੱਕ ਰਾਕੇਸ਼ ਮਿਸ਼ਰਾ ਨੇ ਕਈ ਕਵਿਤਾਵਾਂ ਲਿਖੀਆਂ ਹਨ, ਜਿਨ੍ਹਾਂ ਦੇ ਗੀਤ ਵੱਖ-ਵੱਖ ਹਨ, ਪਰ ਉਨ੍ਹਾਂ ਦੀ ਚੇਤਨਾ ਵਿਚ ਉਹੀ ਰੋਸ਼ਨੀ, ਉਹੀ ਧੁੱਪ, ਉਹੀ ਛਾਂ, ਉਹੀ ਰੁੱਤਾਂ, ਉਹੀ ਮਿਜ਼ਾਜ ਹੈ। ਪਰ ਜਿਹੜੀਆਂ ਦੋ ਕਵਿਤਾਵਾਂ ਮੈਂ ਚੁਣੀਆਂ ਹਨ ਉਹ ਸ਼ਾਨਦਾਰ ਹਨ। ਇਨ੍ਹਾਂ ਕਵਿਤਾਵਾਂ ਤੋਂ ਉਸਦੀ ਕਵਿਤਾ ਦਾ ਮਕਸਦ ਸਮਝ ਆਉਂਦਾ ਹੈ। ਆਖ਼ਰਕਾਰ, ਕਵਿਤਾ ਆਪਣੇ ਆਪ ਦਾ ਸ਼ੀਸ਼ਾ ਨਹੀਂ ਸਗੋਂ ਸਮਾਜ ਦਾ ਸ਼ੀਸ਼ਾ ਹੈ।

ਇਹ ਵੀ ਕਿ ਰਾਕੇਸ਼ ਮਿਸ਼ਰਾ ਦੀਆਂ ਕਵਿਤਾਵਾਂ ਵਿਚ ਸਮੇਂ ਦੀ ਕੋਈ ਇਤਿਹਾਸਕ ਪੜਚੋਲ ਨਹੀਂ ਹੈ, ਪਰ ਇਨ੍ਹਾਂ ਨੂੰ ਸਮੇਂ ਅਤੇ ਕੁਦਰਤ ਨਾਲ ਮਨੁੱਖੀ ਮਨ ਨੂੰ ਸਮਝਣ ਦਾ ਯਤਨ ਕਿਹਾ ਜਾ ਸਕਦਾ ਹੈ। ਉਹ ਜ਼ਿੰਦਗੀ ਦੇ ਸਾਰੇ ਰੰਗਾਂ ਨੂੰ ਆਪਣੇ ਕਾਵਿ-ਅਨੁਭਵ ਦਾ ਹਿੱਸਾ ਬਣਾਉਂਦੇ ਹਨ ਅਤੇ ਜ਼ਿੰਦਗੀ ਨਾਲ ਆਪਣੇ ਰਿਸ਼ਤੇ ਨੂੰ ਸੂਖਮਤਾ ਨਾਲ ਰੂਪਮਾਨ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਸ ਦਾ ਕਾਵਿਕ ਸੰਸਾਰ ਜੀਵਨ ਵਾਂਗ ਹੀ ਉਦਾਰ ਹੈ। ਉਹ ਵੰਨ-ਸੁਵੰਨੇ ਹਨ ਅਤੇ ਉਹ ਜੋ ਵੀ ਕਰ ਸਕਦੇ ਹਨ, ਉਸ ਨੂੰ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਹਾਂ, ਉਸ ਦੀਆਂ ਕਵਿਤਾਵਾਂ ਅਜੇ ਵੀ ਇਕ-ਰੇਖਿਕ ਹਨ। ਇਸ ਪੱਖੋਂ ਉਹ ਉਨ੍ਹਾਂ ਕਵੀਆਂ ਦੇ ਬਰਾਬਰ ਹੈ ਜੋ ਕਿਸੇ ਵੀ ਦ੍ਰਿਸ਼ ਨੂੰ ਬੇਸਬਰੀ ਨਾਲ ਸਿਲਾਈ ਕਰਨ ਲਈ ਕਾਹਲੇ ਹੁੰਦੇ ਹਨ। ਕੇਵਲ ਇੱਕ ਨਿਰੀਖਣ ਨਾਲ ਉਸ ਦਾ ਕਵੀ ਸੰਤੁਸ਼ਟ ਹੋ ਜਾਂਦਾ ਹੈ ਅਤੇ ਕਿਸੇ ਗੱਲ ਦੀ ਗੱਲ ਕਰਨ ਲਈ ਬੇਸਬਰੇ ਹੋ ਜਾਂਦਾ ਹੈ। ਮਿਸ਼ਰਾ ਦੀਆਂ ਬਹੁਤੀਆਂ ਕਵਿਤਾਵਾਂ ਇਕਾਗਰਤਾ ਦੀਆਂ ਸ਼ਾਨਦਾਰ ਉਦਾਹਰਣਾਂ ਹਨ। ਇਸੇ ਲਈ ਉਸਦੀਆਂ ਨਾ ਸਿਰਫ਼ ਇੱਕੋ ਜਾਂ ਸਮਾਨ ਵਿਸ਼ੇ 'ਤੇ ਬਹੁਤ ਸਾਰੀਆਂ ਕਵਿਤਾਵਾਂ ਮਿਲਦੀਆਂ ਹਨ, ਸਗੋਂ ਦਸ ਤੋਂ ਵੱਧ ਕਵਿਤਾਵਾਂ ਮਿਲਦੀਆਂ ਹਨ।

ਇਸ ਇਕਾਗਰਤਾ ਦੀ ਰੋਸ਼ਨੀ ਵਿਚ, ਮੈਂ ਇਹ ਦੇਖਣਾ ਚਾਹੁੰਦਾ ਹਾਂ ਕਿ ਉਸ ਦੀਆਂ ਬਾਅਦ ਦੀਆਂ ਕਵਿਤਾਵਾਂ ਇਸ ਸੀਮਾ ਨੂੰ ਪਾਰ ਕਰਨ ਲਈ ਕਿੱਥੋਂ ਤੱਕ ਸੰਭਵ ਹੋਈਆਂ ਹਨ। ਜੇਕਰ ਸ਼ਬਦਾਂ ਦੇ ਦੇਸ਼ ਵੱਲ ਝਾਤ ਮਾਰੀਏ ਤਾਂ ਇਸ ਵਿਚ ਪਿਆਰ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਹਨ। ਤੇਰਾ ਵਿਛੋੜਾ, ਤੂੰ ਹੱਸਿਆ, ਪਿਆਰ 1, ਪਿਆਰ 2, ਇੱਕ ਅਧੂਰਾ ਪਿਆਰ ਪੱਤਰ, ਪਿਆਰ, ਪਿਆਰ ਦਾ ਚੱਕਰ, ਪਿਆਰ ਕਰੋ, ਪਹਿਲਾ ਪਿਆਰ, ਪਿਆਰ ਦਾ ਸਫ਼ਰ ਅਤੇ ਪਿਆਰ ਵਰਗੀਆਂ ਕਵਿਤਾਵਾਂ ਪਿਆਰ ਦੇ ਸਾਰੇ ਪਹਿਲੂਆਂ ਦੀ ਪੇਸ਼ਕਾਰੀ ਹਨ। ਇੱਕ ਦੂਜੇ ਦੀਆਂ ਭਾਵਨਾਵਾਂ ਅਤੇ ਤਜ਼ਰਬਿਆਂ ਦੇ ਵਿਚਕਾਰ ਚੱਲਣਾ, ਪਰ ਕੀ ਇਨ੍ਹਾਂ ਕਵਿਤਾਵਾਂ ਨਾਲ ਚੰਗੀ ਪ੍ਰੇਮ ਕਵਿਤਾ ਦੀ ਪਿਆਸ ਬੁਝਾਈ ਜਾ ਸਕਦੀ ਹੈ? ਉਂਜ, ਵਕਤਾ ਅਤੇ ਕਵੀ ਦੋਵਾਂ ਦਾ ਥੋੜ੍ਹਾ-ਬਹੁਤ ਅਣਜਾਣ ਰਹਿਣਾ ਹੀ ਫਾਇਦੇਮੰਦ ਹੈ। ਕਵੀ ਅਤੇ ਬੁਲਾਰੇ ਦੋਹਾਂ ਨੂੰ ਸਭ ਕੁਝ ਡੋਲ੍ਹਣ ਅਤੇ ਕਹਿਣ ਦੀ ਮੁਸ਼ਕਲ ਕਿਉਂ ਹੋਣੀ ਚਾਹੀਦੀ ਹੈ? ਇਸ ਤਰ੍ਹਾਂ ਇਹ ਕਵਿਤਾਵਾਂ ਅਮਿੱਟ ਪਿਆਸ ਛੱਡਦੀਆਂ ਹਨ।

ਦਿਨਕਰ ਦੀ ਸ਼ਾਇਰੀ ਵਿਚ ਆਜ਼ਾਦੀ ਤੋਂ ਪਹਿਲਾਂ ਦੇ ਹਾਲਾਤਾਂ ਦੀ ਸ਼ਾਨਦਾਰ ਅਤੇ ਯਥਾਰਥਕ ਤਸਵੀਰ ਹੈ, ਦੂਜੇ ਪਾਸੇ ਆਜ਼ਾਦੀ ਤੋਂ ਬਾਅਦ ਭਾਰਤ ਦੀ ਦੁਰਦਸ਼ਾ, ਗਰੀਬੀ, ਮੰਦਹਾਲੀ, ਹਫੜਾ-ਦਫੜੀ ਅਤੇ ਅਸਲ ਦਰਦ ਦੇ ਦਿਲ ਦਹਿਲਾ ਦੇਣ ਵਾਲੇ ਦ੍ਰਿਸ਼ ਹਨ। ਉਸ ਨੇ ਅਸਲੀਅਤ ਨੂੰ ਇਸੇ ਤਰ੍ਹਾਂ ਪ੍ਰਗਟ ਕੀਤਾ ਹੈ। ਇਹ ਅਸਲੀਅਤ ਹੈ ਜਿਸ ਦੇ ਅਸੀਂ ਦਰਸ਼ਕ, ਭੋਗਣ ਵਾਲੇ ਹਾਂ ਅਤੇ ਕਈ ਤਰੀਕਿਆਂ ਨਾਲ ਅਸੀਂ ਇਸ ਤੋਂ ਪ੍ਰਭਾਵਿਤ ਹੁੰਦੇ ਹਾਂ। ਜਿਸ ਕਾਰਨ ਸਾਡੀ ਵਿਕਾਸ ਯਾਤਰਾ ਲਹੂ-ਲੁਹਾਣ ਹੋ ਜਾਂਦੀ ਹੈ ਅਤੇ ਜਿਸ ਕਾਰਨ ਮਨੁੱਖ ਲੁੱਟ-ਖਸੁੱਟ ਦੀ ਵਿਸ਼ਾਲ ਮਸ਼ੀਨ ਵਿਚ ਫਸ ਜਾਂਦਾ ਹੈ। ਦਿਨਕਰ ਰਾਸ਼ਟਰੀ ਕਾਵਿ ਧਾਰਾ ਦਾ ਮਹੱਤਵਪੂਰਨ ਕਵੀ ਹੈ। ਵਿਜੇਂਦਰ ਨਰਾਇਣ ਸਿੰਘ ਨੇ ਆਪਣੀ ਕੌਮੀਅਤ ਦੇ ਤਿੰਨ ਰੂਪਾਂ ਬਾਰੇ ਚਰਚਾ ਕੀਤੀ। ਅਤੀਤ ਦੀ ਵਡਿਆਈ, ਵਰਤਮਾਨ ਦੀ ਤਰਸਯੋਗ ਹਾਲਤ ਅਤੇ ਇਸ ਦੇ ਹੱਲ ਲਈ ਇਨਕਲਾਬ ਦਾ ਸਮਰਥਨ। ਉਨ੍ਹਾਂ ਵਿਚ ਭਾਰੀ ਉਤਸ਼ਾਹ ਹੈ। ਦੇਸ਼ ਲਈ ਜਿਨ੍ਹਾਂ ਨੇ ਆਪਣੇ ਆਪ ਨੂੰ ਵਾਰ ਦਿੱਤਾ ਹੈ। ਉਸ ਵੱਲ ਦਿਨਕਰ ਵਿਚ ਉਬਲਦਾ ਕਰੰਟ ਹੈ। ਇਸ ਲਈ ਖੁੱਲ੍ਹੇਆਮ ਦਾ ਤੂਫ਼ਾਨ ਵੀ ਹੈ। ਇੱਥੇ ਸਾਮਰਾਜਵਾਦ ਦਾ ਵਿਰੋਧ ਹੈ। ਉਹ ਹਮੇਸ਼ਾ ਸਮਾਜਿਕ ਅਸਮਾਨਤਾ ਦੇ ਵਿਰੁੱਧ ਰਿਹਾ ਹੈ। ਉਹ ਸਮਾਜ ਵਿਚ ਬਰਾਬਰੀ ਲਿਆਉਣਾ ਚਾਹੁੰਦੇ ਹਨ।

## ਕਵਿਤਾ
### ਸੰਘਰਸ਼ਾਂ ਦੇ ਪੈਂਡੇ

ਅਸੀਂ ਕਿੱਦਾਂ ਪੁੱਜੇ ਮੰਜ਼ਿਲਾਂ 'ਤੇ,
ਇਹ ਰਾਹਵਾਂ ਜਾਣਦੀਆਂ
ਸਾਨੂੰ ਕਿੱਦਾਂ ਸਾੜਿਆ ਧੁੱਪਾਂ ਨੇ,
ਇਹ ਛਾਵਾਂ ਜਾਣਦੀਆਂ।

ਐਵੇਂ ਨਹੀਓਂ ਦੁਨੀਆ 'ਤੇ ਅੱਜ,
ਬੱਲੇ ਬੱਲੇ ਹੁੰਦੀ ਆ
ਅਸੀਂ ਡੋਲ੍ਹਿਆ ਮੁੜ੍ਹਕਾ ਜੁੱਸਿਆਂ 'ਚੋਂ,
ਇਹ ਥਾਵਾਂ ਜਾਣਦੀਆਂ।

ਕਿੰਝ ਤਰੱਕੀਆਂ ਆਈਆਂ ਪਾ ਕੇ,
ਚੂੜਾ ਸਾਡੇ ਵਿਹੜਿਆਂ ਨੂੰ
ਨਾਲ ਮਿਹਨਤਾਂ ਲਈਆਂ ਇਹ ਤਾਂ,
ਲਾਵਾਂ ਜਾਣਦੀਆਂ।

ਅਸੀਂ ਕਿਵੇਂ ਚੱਟਾਨਾਂ ਬਣ ਕੇ ਮੱਥੇ,
ਲਾਏ ਨਾਲ ਤੂਫਾਨਾਂ ਦੇ
ਕਿੰਝ ਹਿੰਮਤਾਂ ਸਾਡੀਆਂ ਲੜੀਆਂ,
ਤੇਜ਼ ਹਵਾਵਾਂ ਜਾਣਦੀਆਂ।


ਅਸੀਂ ਕਿੰਝ ਗੁਜ਼ਾਰੇ ਕੀਤੇ,
ਲੜਕੇ ਨਾਲ ਗਰੀਬੀਆਂ ਦੇ
ਇਹ ਤਾਂ ਡਾਣਸੀਵਾਲੀਆ
ਸਾਡੀਆਂ ਮਾਵਾਂ ਜਾਣਦੀਆਂ।

-ਕੁਲਵੀਰ ਸਿੰਘ ਡਾਨਸੀਵਾਲ
ਫੋਨ: 778 863 2472

# ਸੋਵੀਅਤ ਸਿਸਟਮ ਬਾਰੇ ਮੁੜ ਵਿਚਾਰ ਦਾ ਵੇਲਾ

***'ਪੰਜਾਬ ਟਾਈਮਜ਼' ਦੇ ਪਿਛਲੇ ਅੰਕ (10 ਦਸੰਬਰ, 2022) ਵਿਚ ਸੋਵੀਅਤ ਯੂਨੀਅਨ ਬਾਰੇ ਨੌਜਵਾਨ ਲਿਖਾਰੀ ਮਾਨਵ ਦਾ ਲੇਖ 'ਸੋਵੀਅਤ ਯੂਨੀਅਨ ਵਿਚ ਧਾਰਮਿਕ ਆਜ਼ਾਦੀ' ਛਾਪਿਆ ਸੀ ਜਿਸ ਵਿਚ ਧਰਮ ਦੇ ਪਹਿਲੂ ਤੋਂ ਵੱਖ-ਵੱਖ ਪੱਖ ਵਿਚਾਰੇ ਗਏ ਸਨ। ਇਸ ਵਾਰ ਅਸੀਂ ਡਾ. ਐਸ.ਐਸ. ਛੀਨਾ ਦਾ ਇਹ ਲੇਖ ਛਾਪ ਰਹੇ ਹਨ ਜਿਸ ਵਿਚ ਉਨ੍ਹਾਂ ਸੋਵੀਅਤ ਯੂਨੀਅਨ ਦੇ ਕੁਝ ਖਾਸ ਪੱਖਾਂ ਬਾਰੇ ਚਰਚਾ ਕੀਤੀ ਹੈ ਜੋ ਅੱਜ ਦੇ ਪ੍ਰਸੰਗ ਵਿਚ ਕਈ ਨੁਕਤਿਆਂ ਤੋਂ ਬਹੁਤ ਅਹਿਮ ਅਤੇ ਦਿਲਚਸਪ ਹੈ।***

ਆਧੁਨਿਕ ਇਤਿਹਾਸ ਵਿਚ ਪਹਿਲਾ ਰਾਜਸੀ ਇਨਕਲਾਬ 1789 ਵਿਚ ਫਰਾਂਸ ਦੀ ਕ੍ਰਾਂਤੀ ਸੀ ਜਿਸ ਵਿਚ ਦੇਸ਼ ਭਰ ਦੇ ਕਿਸਾਨਾਂ ਨੇ ਉਸ ਵਕਤ ਦੇ ਜਗੀਰਦਾਰਾਂ ਅਤੇ ਸਰਕਾਰ ਖ਼ਿਲਾਫ਼ ਵਿਦਰੋਹ ਕਰ ਕੇ ਫਰਾਂਸ ਦੇ ਬਾਦਸ਼ਾਹ ਲੂਈ ਸੋਲ੍ਹਵੇਂ ਨੂੰ ਗ੍ਰਿਫ਼ਤਾਰ ਕਰ ਕੇ ਫਾਂਸੀ 'ਤੇ ਚੜ੍ਹਾ ਦਿੱਤਾ ਅਤੇ ਰਾਜ ਪ੍ਰਬੰਧ ਬਦਲ ਕੇ ਲੋਕਪੱਖੀ ਰਾਜ ਪ੍ਰਬੰਧ ਕਾਇਮ ਕਰ ਦਿੱਤਾ। ਇਸੇ ਤਰ੍ਹਾਂ 1917 ਵਾਲਾ ਰੂਸ ਦਾ ਇਨਕਲਾਬ ਵੀ ਕਿਸਾਨਾਂ ਨੇ ਹੀ ਕੀਤਾ ਜਿਸ ਵਿਚ ਰੂਸ ਦੇ ਜ਼ਾਰ ਨੂੰ ਗ੍ਰਿਫ਼ਤਾਰ ਕਰ ਕੇ ਕਿਸਾਨਾਂ ਅਤੇ ਕਿਰਤੀਆਂ ਦੀ ਹਕੂਮਤ ਕਾਇਮ ਕਰ ਲਈ ਗਈ। ਬਾਅਦ ਵਿਚ ਪ੍ਰਭੂਸੱਤਾ ਵਾਲੇ 15 ਹੋਰ ਰਾਜ (ਸਟੇਟ) ਰੂਸ ਨਾਲ ਸ਼ਾਮਲ ਹੋ ਗਏ ਅਤੇ ਰੂਸ ਦਾ



ਨਾਂ ਬਦਲ ਕੇ ਸੋਵੀਅਤ ਯੂਨੀਅਨ ਰੱਖ ਦਿੱਤਾ ਗਿਆ। ਸੋਵੀਅਤ ਯੂਨੀਅਨ ਦੀ ਕਾਇਮੀ ਨੇ ਦੁਨੀਆ ਭਰ ਦੀ ਅਗਾਂਹਵਧੂ ਲਹਿਰ ਨੂੰ ਬਹੁਤ ਵੱਡਾ ਹੁਲਾਰਾ

**ਡਾ. ਸ ਸ ਛੀਨਾ**

ਦਿੱਤਾ ਅਤੇ ਦੁਨੀਆ ਵਿਚ ਕਿਰਤੀ ਪੱਖੀ ਕਾਨੂੰਨੀ ਵਿਵਸਥਾ ਕੀਤੀ ਗਈ। ਬਹੁਤ ਸਾਰੇ ਯੂਰਪੀ ਦੇਸ਼ਾਂ ਨੇ ਭਾਵੇਂ ਸੋਵੀਅਤ ਯੂਨੀਅਨ ਵਾਲੀ ਸਮਾਜਵਾਦੀ ਪ੍ਰਣਾਲੀ ਨਾ ਅਪਣਾਈ ਪਰ ਉਨ੍ਹਾਂ ਸਭ ਦੇਸ਼ਾਂ ਵਿਚ ਅਪਣਾਈ ਗਈ ਸਮਾਜਿਕ ਸੁਰੱਖਿਆ ਸੋਵੀਅਤ ਯੂਨੀਅਨ ਤੋਂ ਪ੍ਰਭਾਵਿਤ ਹੋਣ ਕਰ ਕੇ ਉਹ ਕਾਨੂੰਨੀ ਵਿਵਸਥਾ ਕੀਤੀ ਗਈ ਜਿਸ ਵਿਚ ਭਾਵੇਂ ਰੁਜ਼ਗਾਰ ਦੇ ਅਧਿਕਾਰ ਨੂੰ ਮੌਲਿਕ ਅਧਿਕਾਰ ਤਾਂ ਨਾ ਬਣਾਇਆ ਗਿਆ (ਜਿਸ ਤਰ੍ਹਾਂ ਸੋਵੀਅਤ ਯੂਨੀਅਨ ਨੇ ਅਪਣਾਇਆ ਸੀ) ਪਰ ਜ਼ਿਆਦਾਤਰ ਦੇਸ਼ਾਂ ਨੇ ਬੇਰੁਜ਼ਗਾਰੀ ਭੱਤੇ ਤੇ ਸਮਾਜਿਕ ਸੁਰੱਖਿਆ ਜਿਸ ਵਿਚ ਪੈਨਸ਼ਨ, ਪ੍ਰਾਵੀਡੈਂਟ ਫੰਡ, ਬੀਮਾ ਆਦਿ ਸ਼ਾਮਿਲ ਸਨ, ਸਭ ਸੋਵੀਅਤ ਯੂਨੀਅਨ ਤੋਂ ਪ੍ਰਭਾਵਿਤ ਹੋ ਕੇ ਕੀਤਾ।

ਸੋਵੀਅਤ ਯੂਨੀਅਨ ਜਿਹੜਾ 1917 ਤੋਂ ਪਹਿਲਾਂ ਆਰਥਿਕ ਸਮੱਸਿਆਵਾਂ ਨਾਲ ਘਿਰਿਆ ਹੋਇਆ ਸੀ ਅਤੇ ਜਿਸ ਵਿਚ ਖੁਰਾਕ ਸਭ ਤੋਂ ਵੱਡੀ ਸਮੱਸਿਆ ਸੀ, ਉਹ ਨਾ ਸਿਰਫ਼ ਦੁਨੀਆ ਦੇ ਖੁਸ਼ਹਾਲ ਦੇਸ਼ਾਂ ਵਿਚ ਹੀ ਗਿਆ ਸਗੋਂ ਉਹ ਵੱਡੀ ਫੌਜੀ ਤਾਕਤ ਵੀ ਬਣ ਗਿਆ। ਇੱਥੋਂ ਤੱਕ ਕਿ ਉਹ ਅਮਰੀਕਾ ਵਾਂਗ ਹੀ ਤਾਕਤਵਰ ਦੇਸ਼ ਬਣਿਆ ਜੋ ਉਸ ਵਕਤ ਦੁਨੀਆ ਦਾ ਸਭ ਤੋਂ ਵਿਕਸਤ ਦੇਸ਼ ਸੀ। ਸੋਵੀਅਤ ਯੂਨੀਅਨ ਹੀ ਦੁਨੀਆ ਦਾ ਪਹਿਲਾ ਉਹ ਦੇਸ਼ ਸੀ ਜਿਸ ਨੇ 1957 ਵਿਚ ਆਪਣੇ ਇਕ ਵਿਅਕਤੀ ਨੂੰ ਪੁਲਾੜ ਵਿਚ ਭੇਜ ਕੇ ਪੁਲਾੜ ਖੋਜ ਦੀ ਨੀਂਹ ਰੱਖੀ ਸੀ।

ਵੀਹਵੀਂ ਸਦੀ ਵਿਚ ਹੋਈਆਂ ਪ੍ਰਮੁੱਖ ਘਟਨਾਵਾਂ ਵਿਚ ਸੋਵੀਅਤ ਯੂਨੀਅਨ ਦਾ ਹੋਂਦ ਵਿਚ ਆਉਣਾ ਉਹ ਘਟਨਾ ਸੀ ਜਿਸ ਨੇ ਦੁਨੀਆ ਭਰ ਦੇ ਗ਼ੁਲਾਮ ਦੇਸ਼ਾਂ ਅੰਦਰ ਨਵੀਂ ਜਾਗ੍ਰਿਤੀ ਪੈਦਾ ਕੀਤੀ। ਭਾਰਤ ਦੀ ਸੁਤੰਤਰਤਾ ਦੀ ਲੜਾਈ ਜ਼ਿਆਦਾਤਰ ਸੋਵੀਅਤ ਯੂਨੀਅਨ ਵਿਚ ਪੈਦਾ ਹੋਈ ਅਾਂਗਹਵਧੂ ਲਹਿਰ ਤੋਂ ਵੱਡੀ ਤਰ੍ਹਾਂ ਪ੍ਰਭਾਵਿਤ ਸੀ; ਇਸੇ ਤਰ੍ਹਾਂ ਹੋਰ ਦੇਸ਼ਾਂ ਵਿਚ ਵੀ ਉਨ੍ਹਾਂ ਦੇਸ਼ਾਂ ਦੀ ਸੁਤੰਤਰਤਾ ਨੂੰ ਵੱਡਾ ਹੁਲਾਰਾ ਮਿਲਿਆ। ਸੋਵੀਅਤ ਯੂਨੀਅਨ ਦੇ ਆਰਥਿਕ ਪ੍ਰਬੰਧ ਵਿਚ ਇਹ ਗੱਲ ਮੁੱਖ ਸੀ ਕਿ ਉਤਪਾਦਨ ਦੇ ਸਾਰੇ ਸਾਧਨਾਂ 'ਤੇ ਸਾਰੀ ਜਨਤਾ ਜਾਂ ਸਰਕਾਰ ਦਾ ਕੰਟਰੋਲ ਸੀ; ਉਹ ਉਤਪਾਦਨ ਸਾਧਨ ਭਾਵੇਂ ਖੇਤੀ ਸੀ ਜਾਂ ਉਦਯੋਗ। ਹਰ ਇਕ ਕੋਲ ਰੁਜ਼ਗਾਰ ਦਾ ਅਧਿਕਾਰ ਸੀ; ਜੇ ਰੁਜ਼ਗਾਰ ਨਾ ਹੋਵੇ ਤਾਂ ਉਹ ਕਾਨੂੰਨੀ ਤੌਰ 'ਤੇ ਰੁਜ਼ਗਾਰ ਪ੍ਰਾਪਤ ਕਰ ਸਕਦਾ ਸੀ। ਇਸ ਅਰਥਚਾਰੇ ਨੇ ਤੇਜ਼ ਰਫ਼ਤਾਰ ਨਾਲ ਵਿਕਾਸ ਕੀਤਾ। 1927 ਵਿਚ ਜਦੋਂ ਦੁਨੀਆ ਭਰ ਵਿਚ ਵੱਡੀ ਮੰਦੀ ਫੈਲੀ ਜਿਸ ਕਰ ਕੇ ਹਰ ਰੋਜ਼ ਕੀਮਤਾਂ ਘਟ ਰਹੀਆਂ ਸਨ, ਉਤਪਾਦਿਤ ਇਕਾਈਆਂ ਤੇ ਕਾਰਖਾਨੇ ਬੰਦ ਹੋ ਰਹੇ ਸਨ ਅਤੇ ਕਿਰਤੀ ਬੇਰੁਜ਼ਗਾਰ ਹੋ ਰਹੇ ਸਨ, ਉਸ ਵਕਤ ਦੁਨੀਆ ਭਰ ਵਿਚ ਸਿਰਫ਼ ਸੋਵੀਅਤ ਯੂਨੀਅਨ ਹੀ ਇਕ ਉਹ ਦੇਸ਼ ਸੀ ਜਿੱਥੇ ਨਾ ਕੀਮਤਾਂ ਘਟ ਰਹੀਆਂ ਸਨ ਅਤੇ ਨਾ ਹੀ ਕਿਸੇ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇੱਥੋਂ ਤੱਕ ਕਿ ਦੁਨੀਆ ਭਰ ਵਿਚ ਇਹ ਰਾਇ ਬਣ ਰਹੀ ਸੀ ਕਿ ਹਰ ਦੇਸ਼ ਨੂੰ ਸੋਵੀਅਤ ਯੂਨੀਅਨ ਵਰਗੀ ਵਿਵਸਥਾ ਬਣਾਉਣੀ ਚਾਹੀਦੀ ਹੈ।



ਫਿਰ 1939 ਵਿਚ ਜਦੋਂ ਦੂਸਰੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਹਰ ਦੇਸ਼ ਵਿਚ ਕੀਮਤਾਂ ਵਧਣ ਦਾ ਰੁਝਾਨ ਪੈਦਾ ਹੋ ਗਿਆ ਅਤੇ ਦਿਨ-ਬ-ਦਿਨ ਕੀਮਤਾਂ ਵਧ ਰਹੀਆਂ ਸਨ, ਵਸਤੂਆਂ ਦੀ ਥੁੜ੍ਹ ਦੀ ਸਮੱਸਿਆ ਸੀ ਪਰ ਸਿਰਫ਼ ਸੋਵੀਅਤ ਯੂਨੀਅਨ ਹੀ ਇਕ ਉਹ ਦੇਸ਼ ਸੀ ਜਿੱਥੇ ਕੀਮਤਾਂ ਵੀ ਸਥਿਰ ਸਨ ਅਤੇ ਥੁੜ੍ਹ ਦੀ ਵੀ ਕੋਈ ਸਮੱਸਿਆ ਨਹੀਂ ਸੀ। 1969 ਤੱਕ ਦੁਨੀਆ ਦੀ 49 ਫ਼ੀਸਦ ਵਸੋਂ (ਜਦੋਂ ਕੋਈ 63 ਫ਼ੀਸਦ ਖੇਤਰ ਵਿਚ ਸਮਾਜਵਾਦੀ ਢਾਂਚਾ ਸੀ ਜਿਸ ਵਿਚ 1949 'ਚ ਚੀਨ ਵੀ ਸ਼ਾਮਲ ਹੋ ਗਿਆ ਤੇ ਉਹ ਆਪਣਾ ਪਛੜਾਪਨ ਦੂਰ ਕਰ ਕੇ ਦੁਨੀਆ ਦੇ ਵਿਕਸਤ ਦੇਸ਼ਾਂ ਵਿਚ ਸ਼ਾਮਲ ਹੋ ਚੁੱਕਾ ਸੀ) ਸਮਾਜਵਾਦੀ ਢਾਂਚੇ ਤਹਿਤ ਆ ਚੁੱਕੀ ਹੈ।

1991 ਵਿਚ ਸੋਵੀਅਤ ਯੂਨੀਅਨ ਦਾ ਸਮਾਜਵਾਦੀ ਢਾਂਚਾ ਢਹਿ-ਢੇਰੀ ਹੋ ਗਿਆ। ਇਸ ਦੇ ਦੁਨੀਆ ਦੇ ਕਰੋੜਾਂ ਲੋਕਾਂ ਦੀ ਅਗਾਂਹਵਧੂ ਸੋਚ ਨੂੰ ਇੰਨੀ ਵੱਡੀ ਢਾਹ ਲਾਈ ਕਿ ਦੁਨੀਆ ਵਿਚ ਇਕ ਵਾਰ ਫਿਰ ਪੂੰਜੀਵਾਦੀ ਪ੍ਰਣਾਲੀ ਅਪਣਾਉਣ ਦੇ ਰੁਝਾਨ ਦਾ ਮੁੱਢ ਬੱਝ ਗਿਆ। ਇਸ ਤੋਂ ਬਾਅਦ ਦੁਨੀਆ ਭਰ 'ਚ ਐੱਲ.ਪੀ.ਜੀ. (ਉਦਾਰੀਕਰਨ, ਨਿੱਜੀਕਰਨ ਸੰਸਾਰੀਕਰਨ) ਵੱਲ ਰੁਚੀ 'ਚ ਵਾਧਾ ਹੁੰਦਾ ਗਿਆ। ਸੋਵੀਅਤ ਯੂਨੀਅਨ 'ਚ ਜਿੱਥੇ ਪ੍ਰਾਈਵੇਟ ਜਾਇਦਾਦ ਦੀ ਜਗ੍ਹਾ ਜਨਤਾ ਦੇ ਆਰਥਿਕਤਾ 'ਤੇ ਕੰਟਰੋਲ ਨੂੰ ਆਰਥਿਕ ਸਮੱਸਿਆਵਾਂ ਦਾ ਹੱਲ ਮੰਨਿਆ ਗਿਆ ਸੀ, ਉੱਥੇ ਐੱਲ.ਪੀ.ਜੀ. ਤਹਿਤ ਜਨਤਾ ਜਾਂ ਸਰਕਾਰ ਦੇ ਕੰਟਰੋਲ ਨੂੰ ਆਰਥਿਕ ਸਮੱਸਿਆਵਾਂ ਦੀ ਜੜ੍ਹ ਮੰਨਿਆ ਗਿਆ ਅਤੇ ਪ੍ਰਾਈਵੇਟ ਪੂੰਜੀ ਜਿਹੜੀ ਆਰਥਿਕ ਸਮੱਸਿਆ ਦੀ ਜੜ੍ਹ ਮੰਨੀ ਗਈ ਸੀ, ਉਸ ਨੂੰ ਆਰਥਿਕ ਸਮੱਸਿਆਵਾਂ ਦਾ ਹੱਲ ਮੰਨਿਆ ਗਿਆ। ਸੋਵੀਅਤ ਯੂਨੀਅਨ ਢਹਿ-ਢੇਰੀ ਹੋ ਗਿਆ ਅਤੇ ਉਸ ਵਿਚ ਸ਼ਾਮਲ ਸਾਰੇ ਹੀ 15 ਰਾਜ ਵੱਖ ਵੱਖ ਰਾਜ (ਸਟੇਟ) ਬਣ ਗਏ ਜਿਨ੍ਹਾਂ ਵਿਚ ਉਜ਼ਬੇਕਿਸਤਾਨ, ਕਜ਼ਾਖਿਸਤਾਨ, ਯੂਕਰੇਨ, ਜਾਰਜੀਆ ਆਦਿ ਸ਼ਾਮਲ ਸਨ। ਫਿਰ ਇਨ੍ਹਾਂ ਵਿਚਕਾਰ ਰਾਜਸੀ ਕੁੜੱਤਣ ਵਧ ਗਈ, ਯੂਕਰੇਨ-ਜੰਗ ਵਾਲੇ ਹਾਲਾਤ ਬਣ ਗਏ ਭਾਵੇਂ ਉਹ ਸਭ ਰਾਜ ਪਹਿਲਾਂ ਸੋਵੀਅਤ ਯੂਨੀਅਨ ਦਾ ਹਿੱਸਾ ਸਨ।

ਸੋਵੀਅਤ ਯੂਨੀਅਨ ਦਾ ਢਹਿ-ਢੇਰੀ ਹੋਣਾ ਦੁਨੀਆ ਦੇ ਇਤਿਹਾਸ ਦੀ ਬਹੁਤ ਮਹੱਤਵਪੂਰਨ ਘਟਨਾ ਸੀ ਜਿਸ ਨੇ ਦੁਨੀਆ ਭਰ ਦੇ ਅਗਾਂਹਵਧੂ ਵਿਚਾਰਵਾਨਾਂ ਨੂੰ ਡੂੰਘੀ ਨਿਰਾਸ਼ਾ ਦਿੱਤੀ ਜਿਹੜੇ ਹਰ ਇਕ ਵਿਚ ਬਰਾਬਰੀ ਅਤੇ ਬਰਾਬਰੀ ਦੇ ਮੌਕੇ ਦੇਖਦੇ ਸਨ। ਇਹ ਗੱਲ ਇਕ ਵਾਰ ਨਹੀਂ ਬਲਕਿ ਹਜ਼ਾਰਾਂ ਵਾਰ ਸਾਬਤ ਹੋ ਚੁੱਕੀ ਹੈ ਕਿ ਆਰਥਿਕ ਨਾ-ਬਰਾਬਰੀ ਜਿੱਥੇ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਲਈ ਰੁਕਾਵਟ ਹੈ, ਉੱਥੇ ਉਹ ਆਰਥਿਕ ਵਿਕਾਸ ਵਿਚ ਵੀ ਰੁਕਾਵਟ ਹੈ। ਬਹੁਤ ਸਾਰੇ ਯੂਰਪੀ ਦੇਸ਼ ਜਿਨ੍ਹਾਂ ਵਿਚ ਭਾਵੇਂ ਪੂੰਜੀਵਾਦੀ ਪ੍ਰਣਾਲੀ ਹੈ ਪਰ ਉਨ੍ਹਾਂ ਨੇ ਆਰਥਿਕ ਬਰਾਬਰੀ ਬਣਾਉਣ ਲਈ ਕਾਨੂੰਨੀ ਪ੍ਰਕਿਰਿਆ ਅਪਣਾਈ ਹੈ। ਚੀਨ ਦੁਨੀਆ ਦਾ ਸਭ ਤੋਂ ਵੱਡਾ ਸਮਾਜਵਾਦੀ ਦੇਸ਼ ਭਾਵੇਂ ਪ੍ਰਾਈਵੇਟ ਜਾਇਦਾਦ ਦੀ ਖੁੱਲ੍ਹ ਨੂੰ ਤਾਂ ਪ੍ਰਵਾਨ ਕਰਦਾ ਹੈ ਪਰ ਉਹ ਵੀ ਆਮ ਸ਼ਹਿਰੀਆਂ ਦੀ ਆਰਥਿਕ ਬਰਾਬਰੀ ਬਣਾਈ ਰੱਖਣ ਲਈ ਸਫ਼ਲ ਹੋਇਆ ਹੈ ਜਦੋਂਕਿ ਰੂਸ ਜਿਹੜਾ ਸੋਵੀਅਤ ਯੂਨੀਅਨ ਦਾ ਮੋਹਰੀ ਰਾਜ ਸੀ, ਉਸ ਵਿਚ ਹੁਣ ਆਰਥਿਕ ਨਾ-ਬਰਾਬਰੀ ਬਹੁਤ ਸਾਰੇ ਵਿਕਾਸ ਕਰ ਰਹੇ ਦੇਸ਼ਾਂ ਤੋਂ ਵੀ ਜ਼ਿਆਦਾ ਵਧ ਰਹੀ ਹੈ।

ਉਂਝ, ਸੋਵੀਅਤ ਯੂਨੀਅਨ ਦੇ ਮੋਹਰੀ ਰਹੇ ਰੂਸ ਵਿਚ ਆਮ ਸ਼ਖ਼ਸ ਅੱਜ ਵੀ ਉਨ੍ਹਾਂ ਕਦਰਾਂ-ਕੀਮਤਾਂ ਦਾ ਸਤਿਕਾਰ ਕਰਦਾ ਹੈ ਜਿਹੜੀਆਂ ਉਸ ਦੇਸ਼ ਨੇ 1917 ਵਿਚ ਅਪਣਾਈਆਂ ਸਨ। ਮੈਂ 2016 ਵਿਚ ਰੁਮਾਨੀਆ ਜਾਣਾ ਸੀ ਅਤੇ ਰਸਤੇ ਵਿਚ ਮੈਨੂੰ ਕੋਈ 4-5 ਘੰਟੇ ਮਾਸਕੋ ਦੇ ਹਵਾਈ ਅੱਡੇ 'ਤੇ ਰੁਮਾਨੀਆ ਜਾਣ ਵਾਲੇ ਜਹਾਜ਼ ਦੀ ਉਡੀਕ ਕਰਨੀ ਪਈ। ਏਅਰਪੋਰਟ 'ਤੇ ਜਦੋਂ ਮੈਂ ਚਾਹ ਪੀਣ ਲੱਗਾ ਤਾਂ ਉੱਥੇ ਹਵਾਈ ਜਹਾਜ਼ਾਂ ਨਾਲ ਸਬੰਧਿਤ ਅਤੇ ਹੋਰ ਕਰਮਚਾਰੀਆਂ ਦੇ ਮੋਢਿਆਂ 'ਤੇ ਦਾਤਰੀ ਤੇ ਹਥੌੜੇ (ਕਿਸਾਨਾਂ ਤੇ ਕਿਰਤੀਆਂ ਦੇ ਪ੍ਰਤੀਕ) ਦੇ ਨਿਸ਼ਾਨਾਂ ਵਾਲੇ ਬੈਜ ਲੱਗੇ ਦੇਖੇ। ਪੁੱਛਣ 'ਤੇ ਉਨ੍ਹਾਂ ਕਰਮਚਾਰੀਆਂ ਨੇ ਦੱਸਿਆ: "ਅਸੀਂ ਹੁਣ ਵੀ ਇਨ੍ਹਾਂ ਨਿਸ਼ਾਨਾਂ ਦਾ ਸਤਿਕਾਰ ਕਰਦੇ ਹਾਂ ਕਿਉਂ ਜੋ ਇਹ ਆਰਥਿਕ ਬਰਾਬਰੀ ਵਾਲੇ ਸਮਾਜ ਦੀ ਯਾਦ ਕਰਾਉਂਦੇ ਹਨ" ਪਰ ਜਦੋਂ ਮੈਂ ਚਾਹ ਦਾ ਭੁਗਤਾਨ ਕਰਨ ਲੱਗਾ ਤਾਂ ਰੈਸਟੋਰੈਂਟ ਦਾ ਮਾਲਕ ਕਹਿਣ ਲੱਗਾ: "ਅਸੀਂ ਜਾਂ ਤਾਂ ਰੂਬਲ (ਰੂਸ ਦੀ ਕਰੰਸੀ) ਜਾਂ ਡਾਲਰ ਹੀ ਪ੍ਰਵਾਨ ਕਰਦੇ ਹਾਂ।" ਇਹ ਸੁਣ ਕੇ ਬੜਾ ਅਜੀਬ ਲੱਗਿਆ ਕਿ ਉਹ ਡਾਲਰ ਜਿਹੜੀ ਅਮਰੀਕਾ ਦੀ ਕਰੰਸੀ ਹੈ, ਉਸ ਨੂੰ ਕਿੰਨੀ ਅਹਿਮੀਅਤ ਦਿੱਤੀ ਜਾ ਰਹੀ ਹੈ, ਭਾਵੇਂ ਕੋਈ 50 ਸਾਲ ਦੀ ਸਰਦ ਜੰਗ ਵਿਚ ਅਮਰੀਕਾ ਹੀ ਰੂਸ ਦੇ ਮੁੱਖ ਨਿਸ਼ਾਨੇ 'ਤੇ ਸੀ। ਉਸ ਸਰਦ ਜੰਗ ਵਿਚ ਦੋਵੇਂ ਦੇਸ਼ ਇਕ-ਦੂਸਰੇ ਨੂੰ ਲਗਾਤਾਰ ਨੀਵਾਂ ਦਿਖਾਉਣ ਦੀ ਕੋਈ ਕਸਰ ਨਹੀਂ ਸਨ ਛੱਡਦੇ। ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਨਾਲ ਪ੍ਰਾਈਵੇਟ ਜਾਇਦਾਦ ਨੂੰ ਜਿਹੜਾ ਉਤਸ਼ਾਹ ਮਿਲਿਆ ਹੈ, ਉਸ ਨੂੰ ਕਿਰਤੀ ਕਾਨੂੰਨਾਂ ਵਿਚ ਪ੍ਰਵਾਨ ਕੀਤਾ ਗਿਆ ਹੈ। ਇਹੋ ਵਜ੍ਹਾ ਹੈ ਕਿ ਇਸ ਰੁਝਾਨ ਵਿਚ ਦੁਨੀਆ ਭਰ ਵਿਚ ਨਿਯਮਤ ਕਿਰਤੀਆਂ ਦੀ ਜਗ੍ਹਾ ਠੇਕੇ ਦੇ ਕਿਰਤੀ, ਪੈਨਸ਼ਨ ਦਾ ਖ਼ਾਤਮਾ, ਕੱਚੀਆਂ ਨੌਕਰੀਆਂ, ਆਰਥਿਕ ਨਾ-ਬਰਾਬਰੀ ਕਰ ਕੇ ਆਰਥਿਕ ਅਤੇ ਸਿਆਸੀ ਸ਼ੋਸ਼ਣ ਵਰਗੀਆਂ ਸਭ ਬੁਰਾਈਆਂ ਲਗਾਤਾਰ ਵਧ ਰਹੀਆਂ ਹਨ।

---

# ਭਾਰਤ ਦੀ ਅੱਜ ਦੀ ਸਿਆਸਤ

ਬਾਬਰੀ ਮਸਜਿਦ ਨੂੰ ਤਹਿਸ-ਨਹਿਸ ਕਰਨ ਦੇ ਕਾਂਡ ਨੂੰ ਤੀਹ ਸਾਲ ਪੂਰੇ ਹੋ ਗਏ ਹਨ। ਹਜੂਮ ਨੇ ਸ਼ਰੇਆਮ ਮਸਜਿਦ ਢਾਹ ਦਿੱਤੀ ਸੀ ਪਰ ਇਸ ਮਕਸਦ ਲਈ ਵਿਆਪਕ ਲਾਮਬੰਦੀ ਕੀਤੀ ਗਈ ਸੀ ਜਿਸ ਨੇ ਭਾਰਤ ਦੀ ਧਰਮ ਨਿਰਪੱਖ ਨੀਂਹ ਹਿਲਾ ਦਿੱਤੀ ਸੀ। ਸਿਆਸੀ ਨਾਫ਼ਰਮਾਨੀ ਦੀ ਇਹ ਕਾਰਵਾਈ ਸਿਆਸਤ ਅਤੇ ਜਨਤਕ ਮਾਮਲਿਆਂ ਵਿਚ ਬਹੁਗਿਣਤੀ ਭਾਵਨਾਵਾਂ ਨੂੰ ਉਭਾਰਨ ਅਤੇ ਇਨ੍ਹਾਂ ਦੇ ਹਿੱਤਾਂ ਨੂੰ ਬੱਝਵੇਂ ਰੂਪ ਵਿਚ ਤਰਜੀਹ ਦੇਣ

**ਜ਼ੋਯਾ ਹਸਨ**

ਲਈ ਧਾਰਮਿਕ ਪਛਾਣ ਤੇ ਬਿੰਬਾਂ ਦੀ ਲਾਮਬੰਦੀ ਦੀ ਤਾਕਤ ਦੀ ਸ਼ਾਹਦੀ ਭਰਦੀ ਹੈ। ਇਸ ਮਗਰੋਂ ਧਰਮ ਅਤੇ ਸਟੇਟ/ਰਿਆਸਤ ਵਿਚਕਾਰ ਵਖਰੇਵਾਂ ਹੋਰ ਵੀ ਕਮਜ਼ੋਰ ਹੋ ਗਿਆ ਜਿਸ ਦੇ ਸਿੱਟੇ ਵਜੋਂ ਤੰਗਨਜ਼ਰ ਸਿਆਸਤ ਨੂੰ ਨਵਾਂ ਹੁਲਾਰਾ ਮਿਲਿਆ।

ਅਯੁੱਧਿਆ ਵਿਵਾਦ ਨੇ ਧਰਮ ਨਿਰਪੱਖ ਲੋਕਤੰਤਰ ਵਜੋਂ ਭਾਰਤ ਦੀ ਮਜ਼ਬੂਤੀ ਦੀ ਅਜ਼ਮਾਇਸ਼ ਹੋਈ ਸੀ। ਸੰਵਿਧਾਨਕ ਤੌਰ 'ਤੇ ਇਸ ਨੇ ਭਾਰਤ ਦੇ ਬਹੁਵਾਦੀ, ਸਦਭਾਵਨਾ ਵਾਲੇ ਰਾਸ਼ਟਰ ਦੇ ਵਿਚਾਰ ਦੇ ਉਲਟ ਬਹੁਗਿਣਤੀ ਵਾਲੇ ਵਿਚਾਰ ਦੇ ਹੱਕ ਵਿਚ ਵਿਚਾਰਕ ਪ੍ਰਵਚਨ ਤੇ ਸੰਸਥਾਈ ਸਿਆਸਤ ਤਬਦੀਲ ਕਰਨ ਦੇ ਮੌਕੇ ਮੁਹੱਈਆ ਕਰਵਾਏ ਸਨ। ਭਾਰਤ ਦੀ ਸਿਆਸਤ ਵਿਚ ਹਿੰਦੂ ਕੱਟੜਪੰਥ ਦਾ ਜੋ ਉਭਾਰ ਇਸ ਵੇਲੇ ਦੇਖਣ ਨੂੰ ਮਿਲ ਰਿਹਾ ਹੈ, ਉਸ ਦੀਆਂ ਜੜ੍ਹਾਂ ਉਸ ਲਹਿਰ ਵਿਚ ਫੈਲੀਆਂ ਹੋਈਆਂ ਹਨ ਜੋ ਅਯੁੱਧਿਆ ਵਿਚ ਬਾਬਰੀ ਮਸਜਿਦ ਨੂੰ ਗਿਰਾ ਕੇ ਉਸ ਦੀ ਥਾਂ ਰਾਮ ਮੰਦਰ ਬਣਾਉਣ ਲਈ ਵਿੱਢੀ ਗਈ ਸੀ। ਪਿਛਲੇ ਤੀਹ ਸਾਲਾਂ ਦੌਰਾਨ ਅਯੁੱਧਿਆ ਲਹਿਰ ਲਈ ਜ਼ਮੀਨ ਤਿਆਰ ਕੀਤੇ ਬਗ਼ੈਰ ਰਾਜਸੀ ਸੱਤਾ ਦੀ ਇਹ ਚਾਰਾਜੋਈ ਸਫ਼ਲ ਨਹੀਂ ਹੋ ਸਕਦੀ ਸੀ।

ਇਸ ਸਮੁੱਚੇ ਵਿਵਾਦ ਵਿਚ ਸ਼ਾਮਲ ਹੋ ਕੇ, ਖ਼ਾਸਕਰ ਜਦੋਂ ਹਿੰਦੂਤਵੀ ਸਿਆਸਤ ਦਾ ਉਭਾਰ ਹੋ ਰਿਹਾ ਸੀ, ਕਾਂਗਰਸ ਨੇ ਵੀ ਇਸ ਵਿਚ ਚੋਖਾ ਯੋਗਦਾਨ ਪਾਇਆ ਹੈ। ਹਾਲਾਂਕਿ ਇਸ ਨੇ 'ਫਿਰਕਾਪ੍ਰਸਤੀ ਦੇ ਸ਼ੇਰ ਦੀ ਸਵਾਰੀ ਕਰਨ' ਤੋਂ ਗੁਰੇਜ਼ ਕੀਤਾ ਸੀ ਪਰ ਇਸ ਨੇ ਸਾਡੇ ਜਨਤਕ ਜੀਵਨ ਵਿਚ ਧਰਮ ਆਧਾਰਿਤ ਸਿਆਸਤ ਦੇ ਕੇਂਦਰੀ ਕਿਰਦਾਰ ਨਿਭਾਉਣ ਲਈ ਮਾਹੌਲ ਮੁਹੱਈਆ ਕਰਵਾ ਦਿੱਤਾ। ਇਸ ਨਾਲ ਚੁਣਾਵੀ ਸਿਆਸਤ ਦੇ ਰਾਹ ਅਤੇ ਤੌਰ-ਤਰੀਕੇ ਹੀ ਬਦਲ ਗਏ; ਇੰਝ ਸੱਤਾ 'ਤੇ ਇਸ ਦਾ ਆਪਣਾ ਏਕਾਧਿਕਾਰ ਵੀ ਘਟ ਗਿਆ। ਕਾਂਗਰਸ ਦੇ ਏਕਾਧਿਕਾਰ ਦੇ ਖਾਤਮੇ ਨਾਲ ਭਾਜਪਾ ਦੇ ਬਹੁਗਿਣਤੀ ਵਾਲੀ ਸਿਆਸਤ ਦੇ ਬ੍ਰਾਂਡ ਦਾ ਉਭਾਰ ਹੋਇਆ ਅਤੇ ਇਸ ਦੇ ਨਾਲ ਹੀ ਮੱਧ ਵਰਗ ਦੀ ਵੱਡੀ ਸੰਖਿਆ ਇਹ ਵਿਚਾਰ ਮੰਨਣ ਲੱਗ ਪਈ ਕਿ ਹਿੰਦੂ ਬਹੁਗਿਣਤੀ ਨੂੰ ਜਨਤਕ ਖੇਤਰ ਵਿਚ ਆਪਣਾ ਸਹੀ ਮੁਕਾਮ ਨਹੀਂ ਦਿੱਤਾ ਜਾ ਰਿਹਾ।

ਅਯੁੱਧਿਆ ਅੰਦੋਲਨ ਦੀ ਵਿਉਂਤਬੰਦੀ ਕੁਝ ਇਸ ਤਰੀਕੇ ਨਾਲ ਕੀਤੀ ਗਈ ਸੀ ਤਾਂ ਕਿ ਇਹ ਪ੍ਰਭਾਵ ਸਿਰਜਿਆ ਜਾ ਸਕੇ ਕਿ ਹਿੰਦੂਆਂ ਨੂੰ ਘੱਟਗਿਣਤੀਆਂ ਹੱਥੋਂ ਸਤਾਇਆ ਜਾ ਰਿਹਾ ਹੈ ਹਾਲਾਂਕਿ ਇਹ ਤੱਥ ਸਭ ਜਾਣਦੇ ਸਨ ਕਿ ਹਿੰਦੂਆਂ ਦੀ ਬਹੁਤ ਭਾਰੀ ਬਹੁਗਿਣਤੀ ਹੈ ਤੇ ਉਹ ਜੀਵਨ ਦੇ ਲਗਭਗ ਸਾਰੇ ਖੇਤਰਾਂ ਵਿਚ ਛਾਏ ਹੋਏ ਹਨ। ਇਸ ਦੇ ਬਾਵਜੂਦ ਹਿੰਦੂਆਂ ਦਾ ਵੱਡਾ ਤਬਕਾ ਜਾਣੇ ਅਣਜਾਣੇ ਹਿੰਦੂ ਰਿਆਸਤ/ਸਟੇਟ ਦੇ ਵਿਚਾਰ ਦਾ ਧਾਰਨੀ ਬਣ ਗਿਆ ਜਿੱਥੇ ਸਦੀਆਂ ਪਹਿਲਾਂ ਮੁਸਲਿਮ ਹਮਲਾਵਰਾਂ ਦੇ ਕੀਤੇ ਦਮਨ ਨੂੰ 'ਸੋਧਿਆ' ਜਾਵੇਗਾ। ਬਦਲੇ ਦੀ ਸਿਆਸਤ ਅਤੇ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਣਾ ਦੁਨੀਆ ਭਰ ਵਿਚ ਸੱਜੇ-ਪੱਖੀ ਨਿਰੰਕੁਸ਼ ਹਕੂਮਤਾਂ ਦੀ ਪਛਾਣ ਰਹੀ ਹੈ ਤੇ ਭਾਰਤ ਵਿਚ ਵੀ ਇਹੀ ਸਿਆਸੀ ਪ੍ਰਵਚਨ ਭਾਰੂ ਹੋ ਗਿਆ। ਹਿੰਦੂਆਂ ਦੀ ਏਕਤਾ ਆਪਸੀ ਸਾਂਝ ਦੇ ਆਧਾਰ ਦੀ ਬਜਾਇ ਕਿਸੇ 'ਅੰਦਰੂਨੀ ਦੁਸ਼ਮਣ' ਨੂੰ ਨਿਸ਼ਾਨਾ ਮਿੱਥ ਕੇ ਕਾਇਮ ਕਰਨ 'ਤੇ ਜ਼ੋਰ ਦਿੱਤਾ ਜਾਣ ਲੱਗ ਪਿਆ।

2014 ਅਤੇ 2019 ਦੀਆਂ ਸ਼ਾਨਦਾਰ ਜਿੱਤਾਂ ਤੋਂ ਬਾਅਦ ਭਾਜਪਾ ਨੇ ਭਾਰਤੀ ਸਿਆਸਤ ਵਿਚ ਕੇਂਦਰੀ ਧੁਰੀ ਵਜੋਂ ਕਾਂਗਰਸ ਦੀ ਥਾਂ ਲੈ ਲਈ ਹੈ। ਸੁਪਰੀਮ ਕੋਰਟ ਨੇ ਅਯੁੱਧਿਆ ਕੇਸ ਬਾਰੇ ਰੋਜ਼ਾਨਾ ਸੁਣਵਾਈ ਦਾ ਪ੍ਰਬੰਧ ਕਰ ਕੇ ਨਵੰਬਰ 2019 ਵਿਚ ਆਪਣਾ ਫ਼ੈਸਲਾ ਸੁਣਾ ਦਿੱਤਾ। ਹਾਲਾਂਕਿ ਅਦਾਲਤ ਨੇ ਮਸਜਿਦ ਢਾਹੇ ਜਾਣ ਦੀ ਕਾਰਵਾਈ ਨੂੰ ਕਾਨੂੰਨ ਦੀ ਵੱਡੀ ਉਲੰਘਣਾ ਕਰਾਰ ਦਿੱਤਾ ਪਰ ਫਿਰ ਵੀ ਝਗੜੇ ਵਾਲੀ ਜਗ੍ਹਾ ਹਿੰਦੂ ਰਾਸ਼ਟਰਵਾਦੀ ਧਿਰਾਂ ਨੂੰ ਸੌਂਪਣ ਦਾ ਹੁਕਮ ਸੁਣਾ ਦਿੱਤਾ।

ਇਹ ਫ਼ੈਸਲਾ ਭਾਜਪਾ ਲਈ ਵੱਡੀ ਕਾਨੂੰਨੀ ਅਤੇ ਸਿਆਸੀ ਜਿੱਤ ਸਾਬਿਤ ਹੋਇਆ। ਕਈ ਲੋਕਾਂ ਦਾ ਖਿਆਲ ਸੀ ਕਿ ਇਸ ਫ਼ੈਸਲੇ ਨਾਲ ਵਿਵਾਦ ਵਾਲੇ ਸਥਾਨਾਂ ਬਾਰੇ ਟਕਰਾਅ ਸੁਲਝ ਜਾਣਗੇ ਅਤੇ ਫਿਰਕੂ ਲਾਮਬੰਦੀ ਘਟ ਜਾਵੇਗੀ ਪਰ ਕੁਝ ਮਹੀਨੇ ਪਹਿਲਾਂ ਗਿਆਨਵਾਪੀ ਕੇਸ ਵਿਚ ਜੋ ਕੁਝ ਹੋਇਆ, ਉਸ ਤੋਂ ਸਾਫ਼ ਹੋ ਗਿਆ ਹੈ ਕਿ ਗੱਲ ਅਜੇ ਖ਼ਤਮ ਨਹੀਂ ਹੋਈ। ਧਰਮ ਸਥਾਨਾਂ ਬਾਰੇ ਕਾਨੂੰਨ (ਵਿਸ਼ੇਸ਼ ਉਪਬੰਧ)-1991 ਦੇ ਹੁੰਦੇ ਸੁੰਦੇ ਵਾਰਾਨਸੀ ਵਿਚਲੀ ਗਿਆਨਵਾਪੀ ਮਸਜਿਦ ਨੂੰ ਲੈ ਕੇ ਕੀਤੇ ਜਾ ਰਹੇ ਦਾਅਵੇ ਦਰਸਾ ਰਹੇ ਹਨ ਕਿ ਅਯੁੱਧਿਆ ਘਟਨਾਵਾਂ ਦਾ ਦੁਹਰਾਓ ਹੋ ਰਿਹਾ ਹੈ। ਇਸ ਐਕਟ ਅਧੀਨ 15 ਅਗਸਤ, 1947 ਤੋਂ ਕਿਸੇ ਵੀ ਧਾਰਮਿਕ ਸਥਾਨ ਦਾ ਚਰਿੱਤਰ ਬਦਲਣ ਦੀ ਮਨਾਹੀ ਕੀਤੀ ਗਈ ਹੈ। ਜਦੋਂ ਡਾਢੇ ਵਿਵਾਦ ਖੜ੍ਹੇ ਕਰਨ 'ਤੇ ਆ ਜਾਣ ਤਾਂ ਕਾਨੂੰਨ ਉਨ੍ਹਾਂ ਨੂੰ ਕਿਵੇਂ ਰੋਕ ਸਕੇਗਾ? ਅਯੁੱਧਿਆ ਕੇਸ ਵਾਂਗ ਇਸ ਕੇਸ ਵਿਚ ਵੀ ਕੋਈ ਕਾਨੂੰਨ ਜਾਂ ਇਤਿਹਾਸ ਦਾ ਝਗੜਾ ਨਹੀਂ ਸੀ ਸਗੋਂ ਮਸਲਾ ਤਾਂ ਇਹ ਸੀ ਕਿ ਬਹੁਗਿਣਤੀ ਵਾਲੇ ਸਿਆਸੀ ਏਜੰਡੇ ਨੂੰ ਕਿਵੇਂ ਉਭਾਰਿਆ ਜਾਵੇ।

ਇਨ੍ਹਾਂ ਘਟਨਾਕ੍ਰਮਾਂ ਤੋਂ ਪਰ੍ਹੇ ਅਯੁੱਧਿਆ ਫ਼ੈਸਲੇ ਨੇ ਸੱਤਾਧਾਰੀ ਧਿਰ ਨੂੰ ਵਡੇਰੇ ਹਿੰਦੂਤਵੀ ਮਨਸੂਬੇ ਦੀਆਂ ਬਾਕੀ ਕੜੀਆਂ ਜੋੜਨ ਲਈ ਹੱਲਾਸ਼ੇਰੀ ਦਿੱਤੀ ਜਿਨ੍ਹਾਂ ਵਿਚ ਧਾਰਾ 370 ਹਟਾ ਕੇ ਜੰਮੂ ਕਸ਼ਮੀਰ ਨੂੰ ਸੰਵਿਧਾਨਕ ਤੌਰ 'ਤੇ ਦਿੱਤਾ ਗਿਆ ਵਿਸ਼ੇਸ਼ ਦਰਜਾ ਖ਼ਤਮ ਕਰਨਾ; ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਅਤੇ ਇਕਸਾਰ ਸ਼ਹਿਰੀ ਜ਼ਾਬਤਾ ਲਾਗੂ ਕਰਨਾ ਸ਼ਾਮਲ ਸਨ। ਬਾਬਰੀ ਮਸਜਿਦ ਨੂੰ ਢਾਹੁਣ ਦੀ ਯੋਜਨਾ ਤੇ ਇਸ ਨੂੰ ਸਰਅੰਜਾਮ ਦੇਣ ਵਾਲੇ ਲੋਕਾਂ ਨੂੰ ਸਜ਼ਾ ਮਿਲਣ ਦੇ ਕੋਈ ਆਸਾਰ ਨਹੀਂ ਹਨ ਪਰ ਰਾਮ ਜਨਮ ਭੂਮੀ ਟਰਸਟ ਵਲੋਂ ਰਾਮ ਮੰਦਰ ਦੀ ਉਸਾਰੀ ਲਈ ਕਰਵਾਇਆ ਗਿਆ ਭੂਮੀ ਪੂਜਨ ਉਦੋਂ ਸਰਕਾਰੀ ਅਤੇ ਸਿਆਸੀ ਸਮਾਗਮ ਦਾ ਰੂਪ ਧਾਰ ਗਿਆ ਜਦੋਂ ਪ੍ਰਧਾਨ ਮੰਤਰੀ ਮੰਦਰ ਦਾ ਨੀਂਹ ਪੱਥਰ ਰੱਖਣ ਲਈ ਉੱਥੇ ਪਹੁੰਚੇ।

ਦੂਜੀਆਂ ਸਿਆਸੀ ਪਾਰਟੀਆਂ 'ਤੇ ਵੀ ਅਯੁੱਧਿਆ ਮੁੱਦੇ ਦਾ ਗਹਿਰਾ ਪ੍ਰਭਾਵ ਪਿਆ ਹੈ। ਇਸ ਨੇ ਬਹੁਤ ਸਾਰੀਆਂ ਪਾਰਟੀਆਂ ਨੂੰ ਹਿੰਦੂ ਬਹੁਗਿਣਤੀ ਨੂੰ ਤਰਜੀਹ ਦੇਣ ਲਈ ਮਜਬੂਰ ਕੀਤਾ ਤੇ ਘੱਟਗਿਣਤੀਆਂ ਦੇ ਹਿੱਤਾਂ ਦੀ ਰਾਖੀ ਦੋਇਮ ਦਰਜੇ 'ਤੇ ਚਲੀ ਗਈ ਹੈ।

ਅਯੁੱਧਿਆ ਨੇ ਸਿਆਸੀ ਖੇਤਰ ਵਿਚ ਬਹੁਤ ਭੰਨ-ਤੋੜ ਕੀਤੀ ਹੈ ਅਤੇ ਕਾਨੂੰਨ ਤੇ ਨੀਤੀ ਦੇ ਲਿਹਾਜ਼ ਤੋਂ ਬਹੁਗਿਣਤੀ ਵਾਲੇ ਸਿਧਾਂਤਾਂ ਤੇ ਨਸਲੀ ਰਾਜ ਦੀ ਕਾਇਮੀ ਲਈ ਮਜ਼ਹਬੀ ਰਾਸ਼ਟਰਵਾਦ ਨੂੰ ਰੇਖਾਂਕਤ ਕੀਤਾ ਹੈ। ਇਸ ਨੇ ਸਮਾਜਿਕ ਧਰਾਤਲ 'ਤੇ ਪਈਆਂ ਤ੍ਰੇੜਾਂ ਨੂੰ ਹੋਰ ਗਹਿਰਾ ਕਰ ਦਿੱਤਾ ਹੈ। ਇਸ ਦੇ ਮਾਇਨੇ ਇਹ ਹਨ ਕਿ ਲੋਕਤੰਤਰ ਦਾ ਦਾਇਰਾ ਸੁੰਗੜਨ, ਸਿਆਸੀ ਪੱਧਰ 'ਤੇ ਨਿਰੰਕੁਸ਼ ਪ੍ਰਣਾਲੀ ਦੀ ਮਜ਼ਬੂਤੀ, ਸਮਾਵੇਸ਼ੀ ਰਾਸ਼ਟਰਵਾਦ ਦੀ ਥਾਂ ਧਾਰਮਿਕ ਰਾਸ਼ਟਰਵਾਦ ਅਤੇ ਆਪਸੀ ਸਤਿਕਾਰ ਤੇ ਸਹਿਣਸ਼ੀਲਤਾ ਦੇ ਪਤਨ ਹੋਇਆ ਹੈ। ਅੱਜ ਭਾਵੇਂ ਅਯੁੱਧਿਆ ਚੋਣ ਮੁੱਦਾ ਨਹੀਂ ਰਹਿ ਗਿਆ ਪਰ ਇਸ ਵਲੋਂ ਪੈਦਾ ਕੀਤਾ ਗਿਆ ਧਰੁਵੀਕਰਨ ਪਹਿਲਾਂ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਰੂਪ ਧਾਰਨ ਕਰ ਚੁੱਕਿਆ ਹੈ ਜੋ ਭਾਰਤ ਦੇ ਬਹੁਵਾਦੀ ਲੋਕਤੰਤਰ ਦੀ ਹੋਂਦ ਲਈ ਖ਼ਤਰਾ ਬਣ ਗਿਆ ਹੈ।

# ਸਾਡੇ ਚੇਤਿਆਂ 'ਚ ਵਸਦਾ ਵਾਰਿਸ ਸ਼ਾਹ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਪਿਛਲੇ ਮਹੀਨੇ ਦੇ ਅੰਤਲੇ ਦਿਨਾਂ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕੈਂਪਸ ਵਿਚ ਹੋਰਨਾਂ ਗੱਲਾਂ ਤੋਂ ਬਿਨਾਂ ਵਾਰਿਸ ਸ਼ਾਹ ਦੇ ਹੇਠ ਲਿਖੇ ਬੋਲ ਵੀ ਖ਼ੂਬ ਗੂੰਜੇ:

ਬਖਸ਼ ਇਹ ਗੁਨਾਹ ਤੂੰ ਭਾਬੀਆਂ ਨੂੰ
ਕੌਣ ਜੰਮਿਆ ਜੋ ਗੁਨਾਹਗਾਰ ਨਾਹੀਂ
ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ
ਅਤੇ ਭਾਈਆਂ ਬਾਝ ਬਹਾਰ ਨਾਹੀਂ
ਭਾਈ ਮਰਨ ਤੇ ਪੈਂਦੀਆਂ ਭੱਜ ਬਾਹੀਂ
ਬਿਨਾ ਭਾਈਆਂ ਪਰੇ ਪਰਿਵਾਰ ਨਾਹੀਂ
ਲੱਖ ਓਟ ਹੈ ਕੋਲ ਵਸੰਦਿਆਂ ਦੀ
ਭਾਈਆਂ ਗਿਆਂ ਜੇਡੀ ਕੋਈ ਹਾਰ ਨਾਹੀਂ
ਭਾਈ ਢਾਂਵਦੇ ਭਾਈ ਉਸਾਰਦੇ ਨੇ
ਭਾਈਆਂ ਬਾਝ ਬਾਹਾਂ, ਬੇਲੀ, ਯਾਰ ਨਾਹੀਂ

ਅਸਲ ਵਿਚ ਅੱਜ-ਕੱਲ੍ਹ ਓਧਰਲੇ ਤੇ ਏਧਰਲੇ ਪੰਜਾਬ ਵਿਚ ਵਾਰਿਸ ਸ਼ਾਹ ਦੀ ਤੀਜੀ ਜਨਮ ਸ਼ਤਾਬਦੀ ਮਨਾਈ ਜਾ ਰਹੀ ਹੈ। ਸਮਾਗਮ ਰੰਗ ਬੰਨ੍ਹ ਰਹੇ ਹਨ। ਕਿਧਰੇ ਸਨ ਸੰਤਾਲੀ ਦੀ ਵੰਡ ਸਮੇਂ ਨੂੰਹਾਂ ਧੀਆਂ ਦੀ ਬੇਪਤੀ ਨਾਲ ਜੁੜੇ ਅੰਮ੍ਰਿਤਾ ਪ੍ਰੀਤਮ ਦੇ ਹੇਠ ਲਿਖੇ ਬੋਲ ਚੇਤੇ ਕੀਤੇ ਜਾ ਰਹੇ ਹਨ:

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ
ਤੇ ਅੱਜ ਕਿਤਾਬ ਏ ਇਸ਼ਕ ਦਾ ਕੋਈ ਅਗਲਾ ਵਰਕ ਫੋਲ
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ
ਉਠ ਦਰਦਮੰਦਾਂ ਦਿਆ ਦਰਦੀਆ ਤੂੰ ਤੱਕ ਅਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ

ਅਤੇ ਕਿਧਰੇ ਪੰਜਾਬ ਦੇ ਕਾਲੇ ਦਿਨਾਂ ਵਿਚ ਖਾਲਿਸਤਾਨੀ ਅਤਿਵਾਦੀਆਂ ਦੀ ਹੈਂਕੜ ਨਾਲ ਜੁੜੇ ਸੁਰਜੀਤ ਪਾਤਰ ਦੇ ਹੇਠ ਲਿਖੇ ਬੋਲ ਦੁਹਰਾਏ ਜਾ ਰਹੇ ਹਨ:

ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ
ਹੁਣ ਸ਼ਿਵ ਕੁਮਾਰ ਦੀ ਵਾਰੀ ਹੈ
ਉਹ ਜ਼ਖਮ ਪੁਰਾਣੇ ਭੁੱਲ ਹੀ ਗਏ
ਨਵਿਆਂ ਦੀ ਹੋਈ ਤਿਆਰੀ ਹੈ।

ਵਾਰਿਸ ਸ਼ਾਹ ਦੇ ਇਹੋ ਜਿਹੇ ਬੋਲੇ ਦੇਸ ਵਿਦੇਸ਼ ਵਸਦੇ ਪੰਜਾਬੀਆਂ ਦੇ ਤਨ ਮਨ ਵਿਚ ਵਸੇ ਹੋਏ ਹਨ। ਉਨ੍ਹਾਂ ਵਿਚਲੀ ਜੀਵਨ ਸ਼ੈਲੀ ਤੇ ਜੀਵਨ ਦੇ ਸੱਚ ਨੂੰ ਮੁੜ ਮੁੜ ਯਾਦ ਕੀਤਾ ਜਾਂਦਾ ਹੈ:

1. ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ
ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ
2. ਵਾਰਿਸ ਸ਼ਾਹ ਨਾ ਦੱਬੀਏ ਮੋਤੀਆਂ ਨੂੰ
ਫੁੱਲ ਅੱਗ ਦੇ ਵਿੱਚ ਨਾ ਸਾੜੀਏ ਜੀ
3. ਵਾਰਿਸ ਸ਼ਾਹ ਲੁਕਾਈਏ ਖਲਕ ਕੋਲੋਂ
ਭਾਵੇਂ ਆਪਣਾ ਹੀ ਗੁੜ ਖਾਈਏ ਜੀ

ਉਸਦੀ ਹੀਰ ਦੇ ਕਿੱਸੇ ਵਿਚ ਸਾਡੀ ਰੋਜ਼ਾਨਾ ਜ਼ਿੰਦਗੀ ਦਾ ਸੱਚ ਏਨੀ ਖ਼ੂਬਸੂਰਤੀ ਨਾਲ ਪਰੋਇਆ ਮਿਲਦਾ ਹੈ ਕਿ ਅਸੀਂ ਆਪਣੇ ਦਿਲ ਨੂੰ ਧਰਵਾਸ ਦੇਣ ਲਈ ਇਸਨੂੰ ਹਰ ਦਮ ਚੇਤੇ ਰੱਖਦੇ ਹਾਂ। ਜਿਸ ਤਰ੍ਹਾਂ

ਅੱਖੀਂ ਵੇਖਿਆਂ ਬਾਝ ਪ੍ਰੀਤ ਨਾਹੀਂ
ਜਿਵੇਂ ਬਿਨਾ ਯਕੀਨ ਇਤਬਾਰ ਨਾਹੀਂ
ਬਾਝੋਂ ਦੁੱਖ ਦੇ ਸੁੱਖ ਨਸੀਬ ਨਾਹੀਂ
ਲਗਨ ਬਾਝ ਖੁਆਰ ਸੰਸਾਰ ਨਾਹੀਂ
ਬਾਝੋਂ ਹਿਜਰ ਦੇ ਜ਼ੌਕ ਨੇ ਸ਼ੌਕ ਨਾਹੀਂ



ਬਾਝੋਂ ਵਸਲ ਦੇ ਮੌਜ ਬਹਾਰ ਨਾਹੀਂ

ਕੋਈ ਉਹਦੇ ਨਾਲ ਸਹਿਮਤ ਹੋਵੇ ਜਾਂ ਨਾ ਹੋਵੇ ਉਹ ਆਪਣੇ ਮਨ ਦੇ ਕੌੜੇ ਸੱਚ ਨੂੰ ਉਜਾਗਰ ਕਰਨ ਲੱਗਿਆਂ ਵੀ ਨਹੀਂ ਝਿਜਕਦਾ:

ਵਾਰਿਸ ਰੰਨ, ਫਕੀਰ, ਤਲਵਾਰ, ਘੋੜਾ
ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ।

ਔਰਤ ਬਾਰੇ ਇਹ ਬੋਲ ਉਸਨੂੰ ਭਾਗਪਰੀ ਦੇ ਵਰਤ ਵਰਤਾਰੇ ਦੀ ਦੇਣ ਸਨ ਜਾਂ ਕਿਸੇ ਹੋਰ ਦੀ। ਮੀਆਂ ਵਾਰਿਸ ਸ਼ਾਹ ਇਨ੍ਹਾਂ ਉੱਤੇ ਵੀ ਉਸੇ ਤਰ੍ਹਾਂ ਪਹਿਰਾ ਦਿੰਦਾ ਹੈ ਜਿਵੇਂ ਹੋਰਨਾਂ ਉੱਤੇ। ਇੱਕ ਥਾਂ ਉਹ ਆਪਣੀ ਸਮੁੱਚੀ ਸ਼ਾਇਰੀ ਨੂੰ ਕੁਰਾਨ ਮਜੀਦ ਦੀ ਅਰਥਾਵਲੀ ਕਹਿੰਦਾ ਹੈ:

ਇਹ ਕੁਰਾਨ ਮਜੀਦ ਦੇ ਮਾਇਨੇ ਨੇ
ਜਿਹੜੇ ਸ਼ਿਅਰ ਮੀਆਂ ਵਾਰਿਸ ਸ਼ਾਹ ਦੇ ਨੇ

ਮੀਆਂ ਵਾਰਿਸ ਸ਼ਾਹ ਦੀ ਸ਼ਾਇਰੀ ਨੂੰ ਸੌਖੇ ਸ਼ਬਦਾਂ ਵਿਚ ਸਮਝਾਉਣ ਤੇ ਇਸਦੀ ਉੱਤਮਤਾਈ ਵਰਸਾਉਣ ਲਈ ਮੈਂ ਪਾਕਿਸਤਾਨ ਦੇ ਉਸ ਸ਼ਾਇਰ ਨੂੰ ਅੰਤਿਕਾ ਵਿਚ ਪੇਸ਼ ਕਰਨਾ ਚਾਹਾਂਗਾ ਜਿਸਨੇ ਮੈਨੂੰ ਧਰਮ ਦਾ ਬਾਪ ਬਣ ਰੱਖਿਆ ਹੈ। ਉਸਦਾ ਨਾਂ ਅਮਾਨਤ ਅਲੀ ਹੈ ਤੇ ਉਸਨੇ ਆਪਣਾ ਤਖ਼ੱਲਸ ਮੁਸਾਫਿਰ ਰੱਖਿਆ ਹੋਇਆ ਹੈ। ਗੁਰਮੁਖ ਸਿੰਘ ਮੁਸਾਫਰ ਵਾਲਾ ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਵਾਰਿਸ ਓਧਰਲੇ ਪੰਜਾਬ ਦੇ ਚੇਤਿਆਂ ਵਿਚ ਵੀ ਸਾਡੇ ਜਿੰਨਾ ਹੀ ਵਸਦਾ ਹੈ।

**ਅੰਤਿਕਾ**

-ਅਮਾਨਤ ਅਲੀ ਮੁਸਾਫਰ ਗਿੱਲ ਲਾਹੌਰ-
ਵਾਰਿਸ ਸ਼ਾਹ ਤੇ ਮਾਣ ਪੰਜਾਬ ਕਰਦਾ
ਜੀਨੂੰ ਰੰਗ ਪੰਜਾਬੀ ਨੂੰ ਲਾਇਆ ਏ
ਹਰਫ਼ ਲੱਭ ਕੇ ਲਾਲ ਜਵਾਹਰ ਹੀਰੇ
ਸਾਡੇ ਸਿਰ ਦਾ ਤਾਜ ਬਣਾਇਆ ਏ
ਏਦਵਾ ਜਨਮ ਜੰਡਿਆਲ ਤੇ ਵਿਚ ਹੋਇਆ
ਗੁਲ ਸ਼ੇਰ ਮੁਹੰਮਦ ਦਾ ਜਾਇਆ ਏ
ਖ਼ਾਤਰ ਇਲਮ ਦੀ ਜਾ ਕਸੂਰ ਬੈਠਾ
ਹੱਕ ਸੱਚ ਦਾ ਸਬਕ ਪਕਾਇਆ ਏ
ਮੁਰਸ਼ਦ ਪਾਕਿ ਦੀ ਤਲਸ਼ ਬੇਦਾਰ ਕੀਤਾ
ਪਾਕਪਟਨ ਜਾ ਪੈਰ ਟਿਕਾਇਆ ਏ
ਕੀਤੀ ਸ਼ਾਹ ਮਖ਼ਦੂਮ ਦੀ ਬੈਤ ਸਈਅਦ
ਮਲਿਕਾ ਹਾਂਸ ਦਾ ਤਖ਼ਤ ਸਜਾਇਆ ਏ
ਸੁੱਤਾ ਹੋਇਆ ਸੀ ਨਾਲ ਆਰਾਮ ਵਾਰਿਸ
ਭਾਗਪਰੀ ਨੇ ਆਣ ਜਗਾਇਆ ਏ
ਉਨੂੰ ਇਸ਼ਕ ਦਾ ਭੂਤ ਸਵਾਰ ਹੋਇਆ
ਸਈਯਦ ਆਪਣਾ ਫ਼ਰਜ਼ ਨਿਭਾਇਆ ਏ
ਗਿਣ ਗਿਣ ਕੇ ਪੁੰਨ ਤੇ ਪਾਪ ਦੱਸੇ
ਬਾਲਾਂ ਵਾਂਗ ਜਹਾਨ ਸਮਝਾਇਆ ਏ
ਉਦ੍ਹੇ ਬੋਲ ਮਿਠਾਸ ਨਾਲ ਭਰੇ ਸਾਰੇ
ਸੁੱਚਾ ਸਾਫ਼ ਅੰਦਾਜ਼ ਅਪਣਾਇਆ ਏ
ਕਿਤੇ ਪਿੰਡਾਂ ਦੇ ਰਸਮ ਰਿਵਾਜ ਦੱਸੇ
ਨਾਲੇ ਰੱਬ ਦਾ ਹੁਕਮ ਸੁਣਾਇਆ ਏ
ਵਾਰਿਸ ਸ਼ਾਹ ਹਕੀਕਤਾਂ ਦੱਸੀਆਂ ਨੇ
ਹਰ ਨਫ਼ਸ ਨੂੰ ਹਸਰ ਪੁਚਾਇਆ ਏ
ਸਾਡਾ ਸੱਭਿਆਚਾਰ ਸਭ ਚਾਕ ਕੀਤਾ
ਮੁੱਲਾਂ ਕਾਜ਼ੀਆਂ ਕਹਿਰ ਕਮਾਇਆ ਏ
ਰੂਹ ਹੀਰ ਤੇ ਹੈ ਕਲਬੂਤ ਰਾਂਝਾ
ਸੱਚੇ ਇਸ਼ਕ ਦੇ ਵੱਲ ਪਰਤ ਆਇਆ ਏ
ਰਾਂਝਾ ਹੱਕ ਦੀ ਖਾਤਰ ਖੁਆਰ ਹੋਇਆ
ਜਾਨ ਦੇਣ ਤੋਂ ਨਾ ਘਬਰਾਇਆ ਏ
ਮੰਜ਼ਿਲ ਮਿਲੇ ਦਾ ਘਰਾਂ ਵਿੱਚ ਬੈਠਿਆਂ ਨੂੰ
ਵਾਰਿਸ ਸ਼ਾਹ ਨੇ ਸੱਚ ਫਰਮਾਇਆ ਏ
ਕਿੱਸੇ ਹੀਰ ਦੀ ਵਿੱਚ ਮੁਸਾਫਰਾਂ ਓਏ
**ਸਾਡਾ ਸਾਰਾ ਸਮਾਜ ਸਮਾਇਆ ਏ।**

# ਕਬੱਡੀ ਖਿਡਾਰੀ: ਗੁਰਜੀਤ ਸਿੰਘ ਪੂਰੇਵਾਲ

ਇਕਬਾਲ ਸਿੰਘ ਜੱਬੋਵਾਲੀਆ

ਗੁਰਜੀਤ ਸਿੰਘ 8 ਜੂਨ 1955 ਨੂੰ ਇਤਿਹਾਸਕ ਪਿੰਡ ਹਕੀਮਪੁਰ ਵਿਖੇ ਜਨਮਿਆ। ਮਲਕੀਤ ਸਿੰਘ ਤੇ ਚਰਨ ਸਿੰਘ, ਗੁਰਜੀਤ ਦੇ ਵੱਡੇ ਭਰਾ ਸਨ। ਪਿਤਾ ਸ. ਹਰਬੰਸ ਸਿੰਘ ਆਪਣੇ ਪੁੱਤਰਾਂ ਨੂੰ ਪਹਿਲਵਾਨੀ/ਕਬੱਡੀ ਦੇ ਖੇਤਰ 'ਚ ਤਕੜੇ ਖਿਡਾਰੀ ਵੇਖਣਾ ਚਾਹੁੰਦਾ ਸੀ। ਜੋ ਤਿੰਨਾਂ ਭਰਾਵਾਂ ਨੇ ਕਬੱਡੀ 'ਚ ਕਰ ਵਿਖਾਇਆ। ਉਨ੍ਹਾਂ ਦੇ ਬਾਬਾ ਤੇ ਪੜਦਾਦਾ ਵੀ ਖੇਡਾਂ ਦੇ ਸ਼ੌਕੀਨ ਸਨ। ਉਹ ਭਾਰ ਚੁੱਕਦੇ ਸਨ।

ਗੁਰਜੀਤ ਨੇ ਪ੍ਰਾਇਮਰੀ ਸਿੱਖਿਆ ਪਿੰਡੋਂ ਅਤੇ ਦਸਵੀਂ ਕਲਾਸ ਲਈ ਮੁਕੰਦਪੁਰ ਦਾਖਲਾ ਲਿਆ। ਮੁਕੰਦਪੁਰ ਪੜ੍ਹਦਾ ਉਹ ਕਬੱਡੀ ਦਾ ਵਧੀਆ ਖਿਡਾਰੀ ਬਣਿਆ। ਸਕੂਲਾਂ ਦੀ ਸਟੇਟ ਖੇਡਿਆ, ਜਗਤਪੁਰ ਦੇ ਹਾਈ ਸਕੂਲ ਵਿਚ ਇਕ ਸਾਲ ਪੜ੍ਹਾਈ ਕੀਤੀ ਤੇ ਪੰਜਾਬ-ਪੱਧਰ ਦਾ ਖਿਡਾਰੀ ਬਣ ਕੇ ਉਭਰਿਆ।

1974-75 ਵਿਚ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਦਾਖਲ ਹੋਇਆ ਤੇ ਉਹਦਾ ਪੇਂਡੂ ਤੇ ਜਿਗਰੀ-ਯਾਰ ਕਬੱਡੀ ਖਿਡਾਰੀ ਲਹਿੰਬੀ ਵੀ ਨਾਲ ਹੀ ਦਾਖਲ ਹੋ ਗਿਆ। ਦੋਵਾਂ 'ਕੱਠਿਆਂ ਪੜ੍ਹਾਈ ਕੀਤੀ ਤੇ ਕਬੱਡੀ ਖੇਡੀ। ਉਨ੍ਹਾਂ ਦੀ ਖੇਡ ਤੋਂ ਪ੍ਰਭਾਵਿਤ ਹੋ ਕੇ ਪ੍ਰਸਿੱਧ ਕੋਚ ਤੇ ਪਹਿਲਵਾਨ ਸ. ਜਗੀਰ ਸਿੰਘ ਸੱਘਵਾਲ ਵਾਲੇ ਦੋਵਾਂ ਨੂੰ ਬੰਗਾ ਕਾਲਜ ਤੋਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਲੈ ਗਏ।

1976-77 ਵਿਚ ਦੋਵੇਂ ਖਾਲਸਾ ਕਾਲਜ ਜਲੰਧਰ ਦੇ ਵਿਦਿਆਰਥੀ ਰਹੇ ਤੇ ਤਕੜੇ ਖਿਡਾਰੀਆਂ ਵਜੋਂ ਪਹਿਚਾਣੇ ਜਾਣ ਲੱਗੇ। ਘਰ ਦਾ ਚੰਗਾ ਗੁਜ਼ਾਰਾ ਹੋਣ ਕਰਕੇ ਖ਼ੁਰਾਕ ਦੀ ਕੋਈ ਘਾਟ ਨਹੀਂ ਸੀ। ਗੁਰਜੀਤ ਦੇ ਵੱਡੇ ਭਰਾ ਮਲਕੀਤ ਤੇ ਚਰਨ ਦੋਵੇਂ ਪੜ੍ਹਾਈ ਦੇ ਨਾਲ ਨਾਲ ਬੰਗਾ ਕਾਲਜ ਅਤੇ ਇਲਾਕੇ ਦੇ ਨਾਮਵਰ ਖਿਡਾਰੀ ਸਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ 'ਚ ਖੇਡਦੇ ਭਰਾਵਾਂ ਵੱਲ ਵੇਖ ਗੁਰਜੀਤ ਵੀ ਉਨ੍ਹਾਂ ਰਾਹਾਂ 'ਤੇ ਚਲਦਾ ਗਿਆ। ਮੈਂ ਖੁਦ (ਲੇਖਕ) ਗੁਆਂਢੀ ਪਿੰਡ ਬੈਸਾਂ ਅਤੇ ਹੋਰ ਪਿੰਡਾਂ 'ਚ ਕਬੱਡੀ ਮੈਚਾਂ 'ਚ ਦੋਵਾਂ ਦੀ ਤਕੜੀ ਖੇਡ ਵੇਖੀ। ਇਹ ਗੱਲ ਸੰਨ "78-79 ਦੀ ਹੈ।

1976 ਤੇ '77 ਦੋ ਸਾਲ ਉਸ ਨੇ ਸ਼੍ਰੀ ਆਨੰਦਪੁਰ ਸਾਹਿਬ ਹੋਲੇ-ਮਹੱਲੇ 'ਤੇ ਮੈਚ ਖੇਡੇ। ਜਗਤਪੁਰ ਦੇ ਸ. ਨਿਰੰਜਨ ਸਿੰਘ ਸਟੇਡੀਅਮ ਵਿਚ ਦੋ ਸਾਲ ਸ਼ੋਅ-ਮੈਚ ਲਾਏ।

ਲਾਇਲਪੁਰ ਖਾਲਸਾ ਕਾਲਜ ਵਲੋਂ ਖੇਡਦਿਆਂ ਗੁਰਜੀਤ ਹੁਰਾਂ ਨੇ ਨਡਾਲਾ ਕਾਲਜ ਦੀ ਟੀਮ ਨੂੰ ਦੋ ਵਾਰ ਹਰਾਇਆ। ਨਡਾਲਾ ਕਾਲਜ ਦੀ ਟੀਮ ਵੀ ਤਕੜੀ ਸੀ ਜਿਸ ਵਿਚ ਬਲਵਿੰਦਰ ਫ਼ਿੱਡੂ ਤੇ ਅਰਜਨ ਕਾਉਂਕੇ ਵਰਗੇ ਖਿਡਾਰੀ ਸਨ। ਯੂਨੀਵਰਸਿਟੀ ਚੈਂਪੀਅਨਸ਼ਿਪ ਗੁਰਜੀਤ ਦੀ ਕਪਤਾਨੀ ਹੇਠ ਜਿੱਤੀ ਗਈ। ਇੰਟਰ-ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਵੀ ਪ੍ਰਤੀਨਿਧਤਾ ਕੀਤੀ।



ਗੁਰਜੀਤ ਸਿੰਘ ਪੂਰੇਵਾਲ



(ਖੱਬੇ ਤੋਂ ਸੱਜੇ) ਉੱਘੇ ਕਬੱਡੀ ਕੁਮੈਂਟੇਟਰ ਪ੍ਰੋ. ਮੱਖਣ ਸਿੰਘ ਹਕੀਮਪੁਰ, ਇਕਬਾਲ ਸਿੰਘ ਜੱਬੋਵਾਲ, ਗੁਰਜੀਤ ਸਿੰਘ ਪੂਰੇਵਾਲ ਅਤੇ ਹਰਪ੍ਰੀਤ ਸਿੰਘ।

ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਇੰਟਰ-ਯੂਨੀਵਰਸਿਟੀਆਂ ਅਤੇ ਪਿੰਡਾਂ ਦੇ ਖੇਡ-ਮੇਲਿਆਂ ਦੇ ਸ਼ੋਅ-ਮੈਚ ਲਾਉਂਦਾ ਸੰਨ 1978 'ਚ ਗੁਰਜੀਤ ਆਪਣੇ ਭਰਾਵਾਂ ਕੋਲ ਕੈਨੇਡਾ ਦੇ ਸ਼ਹਿਰ ਵੈਨਕੂਵਰ ਚਲਾ ਗਿਆ। ਓਸੇ ਸਾਲ ਹੀ ਪਿੰਡ ਪਾਸਲਾ ਦੀ ਲੜਕੀ ਨਾਲ ਉਹ ਵਿਆਹਿਆ ਗਿਆ। ਵਿਆਹ ਤੋਂ ਬਾਅਦ ਵੀ ਉਹ ਖੇਡਦਾ ਰਿਹਾ। ਸੱਤ-ਅੱਠ ਸਾਲ ਕੈਨੇਡਾ ਕਬੱਡੀ ਖੇਡੀ।

ਸੰਨ 1978 'ਚ ਇੰਗਲੈਂਡ ਦੀ ਟੀਮ ਕੈਨੇਡਾ ਖੇਡਣ ਗਈ। ਕੈਨੇਡਾ ਦੀ ਟੀਮ 'ਚ ਮਲਕੀਤ, ਚਰਨ ਤੇ ਗੁਰਜੀਤ ਤਿੰਨੇ ਭਰਾ ਤਕੜਾ ਖੇਡੇ। ਗੁਰਜੀਤ ਨੇ ਟੋਰਾਂਟੋ, ਵੈਨਕੂਵਰ, ਐਡਮਿੰਟਨ ਦੇ ਮੈਚਾਂ 'ਚ ਰੇਡਾਂ ਪਾਈਆਂ। 1978 ਤੋਂ 1989 ਦੌਰਾਨ ਤਿੰਨਾਂ ਭਰਾਵਾਂ ਦੀ ਖੇਡ ਪੂਰੀ ਚੜ੍ਹਦੀ-ਕਲਾ ਵਿਚ ਸੀ। ਫਿਰ ਕੈਨੇਡਾ ਦੀ ਟੀਮ ਇੰਗਲੈਂਡ ਖੇਡਣ ਜਾਣੀ ਸੀ। ਇੰਗਲੈਂਡ ਦੇ ਉਹ ਮੈਚ ਇਤਿਹਾਸਕ ਮੰਨੇ ਜਾਣੇ ਸਨ ਪਰ ਜਾਣ ਤੋਂ ਕੁਝ ਦਿਨ ਪਹਿਲਾਂ ਹੀ ਗੁਰਜੀਤ ਹੁਰਾਂ ਦੇ ਪਿਤਾ ਸ. ਹਰਬੰਸ ਸਿੰਘ ਪੂਰੇਵਾਲ ਦਾ ਦੇਹਾਂਤ ਹੋ ਗਿਆ, ਜਿਸ ਕਰਕੇ ਉਹ ਇੰਗਲੈਂਡ ਖੇਡਣ ਨਾ ਜਾ ਸਕੇ।

ਘਰ 'ਚ ਖੇਡਾਂ ਦਾ ਮਾਹੌਲ ਹੋਣ ਕਰਕੇ ਪੂਰੇਵਾਲ ਪਰਿਵਾਰ ਦੀ ਚੌਥੀ ਪੀੜ੍ਹੀ ਵੀ ਖੇਡਾਂ 'ਚ ਰੁਚੀ ਰੱਖਣ ਲੱਗ ਪਈ ਸੀ। ਗੁਰਜੀਤ ਦੇ ਪੁੱਤਰ ਪਰਮਿੰਦਰ ਪੈਰੀ ਤੇ ਤਜਿੰਦਰ ਟੈਰੀ ਕੁਸ਼ਤੀਆਂ 'ਚ ਪਰਿਵਾਰ ਦਾ ਨਾਂ ਉਚਾ ਕਰਨ ਲੱਗੇ। ਪੈਰੀ ਨੇ ਬੀ. ਸੀ. ਦੇ ਸਕੂਲਾਂ ਦੀ ਚੈਂਪੀਅਨਸ਼ਿਪ ਜਿੱਤੀ ਤੇ ਸਮੁੱਚੇ ਕੈਨੇਡਾ ਵਿਚੋਂ ਦੂਜੀ ਪੁਜ਼ੀਸ਼ਨ ਹਾਸਲ ਕੀਤੀ। ਜਦਕਿ ਟੈਰੀ ਨੇ ਬੀ. ਸੀ. ਕੁਸ਼ਤੀ ਚੈਂਪੀਅਨਸ਼ਿਪ ਜਿੱਤੀ ਅਤੇ ਨੈਸ਼ਨਲ ਜਿੱਤ ਕੇ ਸਮੂਹ ਪੰਜਾਬੀ ਭਾਈਚਾਰੇ ਅਤੇ ਪਰਿਵਾਰ ਦਾ ਨਾਂ ਉਚਾ ਕੀਤਾ। ਉਹ ਕੁਸ਼ਤੀ ਟੀਮ ਦਾ ਮੈਂਬਰ ਬਣ ਕੇ ਕਿਊਬਾ ਵੀ ਘੁਲਣ ਗਿਆ।

ਪੂਰੇਵਾਲ ਭਰਾਵਾਂ ਨੇ ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਚ ਬੜੇ ਸਾਲ ਬਲਿਊ-ਬੇਰੀ ਫ਼ਾਰਮ ਵੀ ਚਲਾਇਆ। ਜਗਤਪੁਰ ਦੇ ਸਟੇਡੀਅਮ ਵਿਚ ਆਪਣੇ ਪਿਤਾ ਦੀ ਯਾਦ ਵਿਚ ਉਚ-ਪੱਧਰੀ ਕਬੱਡੀ ਮੈਚ, ਕੁਸ਼ਤੀਆਂ ਤੇ ਹਰ ਤਰ੍ਹਾਂ ਦੇ ਮੈਚ ਕਰਵਾਏ। ਗੁਰਜੀਤ ਦੇ ਲੜਕੇ ਟੈਰੀ ਨੇ ਪੂਰੇਵਾਲ ਖੇਡ-ਮੇਲੇ 'ਤੇ ਪੰਜਾਬ ਕੁਮਾਰ ਤੇ ਭਾਰਤ ਕੁਮਾਰ ਵਰਗੇ ਦੋ ਖਿਤਾਬ ਜਿੱਤੇ। ਖੇਡ ਮੇਲੇ ਦੀਆਂ ਇਨ੍ਹਾਂ ਜਿੱਤਾਂ ਨਾਲ ਟੈਰੀ ਨੇ ਆਪਣੇ ਵੱਡ-ਵਡੇਰਿਆਂ ਦੇ ਮਾਣ ਨੂੰ ਹੋਰ ਵਧਾਇਆ। ਇਹ ਪਰਿਵਾਰ ਖੇਡਾਂ ਦੇ ਹਰ ਖੇਤਰ ਵਿਚ ਵਧ-ਚੜ੍ਹ ਕੇ ਯੋਗਦਾਨ ਪਾ ਰਿਹੈ। ਯੋਗਤਾ ਰੱਖਣ ਵਾਲੇ ਹਰ ਖਿਡਾਰੀ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਹਨ। 2008 ਦੀ ਚੀਨ ਓਲੰਪਿਕ ਜਾਣ ਵਾਲੇ ਜਸਵੀਰ ਸਿੰਘ ਕਰਨਾਣਾ ਨੂੰ ਕੈਨੇਡਾ ਸੱਦਣ ਦਾ ਸਿਹਰਾ ਵੀ ਪੂਰੇਵਾਲ ਪਰਿਵਾਰ ਸਿਰ ਜਾਂਦੈ। ਵੇਟ-ਲਿਫ਼ਟਿੰਗ ਦੇ ਪ੍ਰਸਿੱਧ ਕੋਚ ਸ. ਮੱਖਣ ਸਿੰਘ ਸੰਧੂ ਦੇ ਪੂਰੇਵਾਲ ਪਰਿਵਾਰ ਨਾਲ ਪਿਆਰ ਸਦਕਾ ਜਸਵੀਰ ਸਿੰਘ ਨੂੰ ਕੈਨੇਡਾ ਆਉਣ ਦਾ ਸੁਭਾਗ ਪ੍ਰਾਪਤ ਹੋਇਐ।

ਤਿੰਨਾਂ ਭਰਾਵਾਂ ਵਲੋਂ 1988 ਤੋਂ ਆਪਣੇ ਪੂਜਨੀਕ ਪਿਤਾ ਦੀ ਮਿੱਠੀ ਤੇ ਨਿੱਘੀ ਯਾਦ ਵਿਚ ਹਰ ਸਾਲ ਲੱਖਾਂ ਦਾ ਖਰਚਾ ਕਰ ਕੇ ਹਕੀਮਪੁਰ ਦਾ ਖੇਡ-ਮੇਲਾ ਕਰਵਾਇਆ ਜਾਂਦੈ। ਜਿਸ ਨੂੰ ਦੋਆਬੇ ਦੇ ਮਿੰਨੀ ਓਲੰਪਿਕ ਵਜੋਂ ਵੀ ਜਾਣਿਆ ਜਾਂਦਾ ਰਿਹੈ। ਇਲਾਕੇ ਦਾ ਇਹ ਇਤਿਹਾਸਕ ਪਿੰਡ ਮੁਕੰਦਪੁਰ ਤੋਂ ਫ਼ਗਵਾੜੇ ਜਾਂਦੀ ਛੋਟੀ ਨਹਿਰ ਕੋਲ ਵਸਿਆ ਹੋਇਐ। ਇਸ ਪਿੰਡ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੀ ਗੁਰੂ ਹਰਿ ਰਾਏ ਸਾਹਿਬ ਤੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਛੋਹ ਪ੍ਰਾਪਤ ਹੈ ਤੇ ਉਨ੍ਹਾਂ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੈ। ਪੂਰੇਵਾਲ ਭਰਾਵਾਂ ਦੀ ਵੱਡੀ ਚਿੱਟੀ ਕੋਠੀ ਵੀ ਨਾਲ ਹੀ ਹੈ। ਜਿਸ ਨੂੰ ਵ੍ਹਾਈਟ-ਹਾਊਸ ਦੇ ਨਾਂ ਨਾਲ ਵੀ ਜਾਣਿਆ ਜਾਂਦੈ। ਨਹਿਰ ਦੇ ਨਾਲ ਹੀ ਦੂਜੇ ਪਾਸੇ ਜਗਤਪੁਰ ਵਾਲੇ ਸ. ਨਿਰੰਜਨ ਸਿੰਘ ਦੀ ਯਾਦ ਵਿੱਚ ਸਟੇਡੀਅਮ ਬਣਿਆ ਹੋਇਐ ਜਿਸ ਵਿਚ ਬੜੇ ਸਾਲਾਂ ਤੋਂ ਟੂਰਨਾਮੈਂਟ ਤੇ ਹੋਰ ਖੇਡਾਂ ਹੁੰਦੀਆਂ ਆ ਰਹੀਆਂ ਨੇ। ਪੂਰੇਵਾਲ ਭਰਾਵਾਂ ਦਾ ਖੇਡ-ਮੇਲਾ ਵੀ ਉਥੇ ਹੀ ਹੁੰਦਾ ਰਿਹੈ।

ਹਕੀਮਪੁਰ 'ਚ ਹੋਰ ਵੀ ਤਕੜੇ ਕਬੱਡੀ ਖਿਡਾਰੀ ਤੇ ਨਾਮੀ ਭਾਰ ਚੁਕਾਵੇ ਹੋਏ ਨੇ। ਗੁਰਜੀਤ ਹੁਰਾਂ ਦੇ ਬਾਬਾ ਸ. ਊਧਮ ਸਿੰਘ ਤੇ ਪੜਦਾਦਾ ਸ. ਸੁੰਦਰ ਸਿੰਘ ਖੇਡਾਂ 'ਚ ਸ਼ੌਕ ਰੱਖਣ ਦੇ ਨਾਲ ਨਾਲ ਭਾਰ ਚੁੱਕਦੇ ਹੁੰਦੇ ਸਨ। ਪਿੰਡ ਦੇ ਪੁਰਾਣੇ ਕਬੱਡੀ ਖਿਡਾਰੀਆਂ 'ਚ ਮਲਕੀਤ ਸਿੰਘ, ਚਰਨ ਸਿੰਘ ਤੇ ਗੁਰਜੀਤ ਸਿੰਘ ਤੋਂ ਇਲਾਵਾ ਸਰਬਣ ਸਿੰਘ, ਪਿਆਰਾ ਸਿੰਘ, ਤਿਲਕ ਰਾਜ, ਪ੍ਰਕਾਸ਼, ਸੁੱਚਾ ਸਿੰਘ, ਬਹਾਦੁਰ ਸਿੰਘ, ਮਹਿੰਦਰ ਸਿੰਘ, ਲਹਿੰਬਰ ਸਿੰਘ ਲਹਿੰਬੀ ਹੋਏ ਨੇ, ਜਿਨ੍ਹਾਂ ਹਮੇਸ਼ਾਂ ਪਿੰਡ ਦੀ ਚੜ੍ਹਤ ਬਣਾਈ ਰੱਖੀ। ਸਭ ਤੋਂ ਵੱਡੀ ਗੱਲ ਕਬੱਡੀ ਕੁਮੈਂਟਰੀ ਵਿਚ ਨਵੀਆਂ ਰੂਹਾਂ ਬਖਸ਼ਣ ਵਾਲੇ ਪ੍ਰੋ. ਮੱਖਣ ਸਿੰਘ ਨੇ ਹਕੀਮਪੁਰ ਦਾ ਨਾਂ ਸਾਰੀ ਦੁਨੀਆਂ 'ਚ ਉਚਾ ਕੀਤਾ। ਹਕੀਮਪੁਰ ਖੇਡ-ਮੇਲੇ 'ਤੇ ਪੂਰੇਵਾਲ ਭਰਾਵਾਂ ਨੇ ਪ੍ਰੋ. ਮੱਖਣ ਸਿੰਘ ਨੂੰ ਕਾਰ ਦੀਆਂ ਚਾਬੀਆਂ ਫ਼ੜਾ ਕੇ ਮਾਣ ਬਖਸ਼ਿਆ ਸੀ। ਭਾਰਤੀ ਹਾਕੀ ਟੀਮ ਦੀ ਖਿਡਾਰਨ ਤੇ ਕੋਚ ਸਰੋਜ ਬਾਲਾ ਦਾ ਮਾਣ ਸਨਮਾਨ ਕੀਤਾ। ਪੁਰਾਣੇ ਖਿਡਾਰੀਆਂ, ਕੋਚਾਂ, ਪਹਿਲਵਾਨਾਂ, ਉਚ ਅਫ਼ਸਰਾਂ ਅਤੇ ਯੋਗਤਾ ਰੱਖਦੀਆਂ ਹੋਰ ਮਾਣ-ਮੱਤੀਆਂ ਸ਼ਖਸੀਅਤਾਂ ਨੂੰ ਹਮੇਸ਼ਾਂ ਮਾਣ ਬਖਸ਼ਿਆ।

# ਨਿੱਕੇ ਨਿੱਕੇ ਕਾਰਜਾਂ ਦੇ ਵੱਡੇ ਅਰਥ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਨਿੱਕੇ ਵਿਚਾਰਾਂ, ਸਰੋਕਾਰਾਂ, ਸੁਪਨਿਆਂ ਅਤੇ ਸੰਭਾਵਨਵਾਂ ਦੇ ਵੱਡੇ ਅਰਥ ਸਮਝਾਏ ਹਨ।*

ਨਿੱਕੇ ਵਿਚਾਰਾਂ, ਸਰੋਕਾਰਾਂ, ਸੁਪਨਿਆਂ ਅਤੇ ਸੰਭਾਵਨਵਾਂ ਦੇ ਵਸੀਹ ਅਰਥ। ਕੁਝ ਵੀ ਨਿੱਕਾ ਨਹੀਂ। ਸਿਰਫ਼ ਸਾਡੀ ਸੋਚ ਨਿੱਕੀ। ਸਾਡੇ ਨਜ਼ਰੀਏ ਦਾ ਸੌੜਾਪਣ। ਸਾਡੀ ਦਿੱਬ-ਦ੍ਰਿਸ਼ਟੀ ਵਿਚ ਵਲਗਣਾਂ ਦਾ ਵਾਸ। ਬਹੁਤ ਵੱਡੇ ਅਰਥ ਹੁੰਦੇ ਨੇ ਨਿੱਕੇ ਨਿੱਕੇ ਦਾਇਰਿਆਂ ਵਿਚ ਸਿਮਟੇ ਸ਼ਬਦਾਂ ਦੇ, ਬੋਲਾਂ ਦੇ ਅਤੇ ਇਸ਼ਾਰਿਆਂ ਦੇ। ਸਿਰਫ਼ ਸਾਨੂੰ ਸਮਝ ਨਹੀਂ ਆਉਂਦੀ ਜਾਂ ਅਸੀਂ ਜਾਣ-ਬੁੱਝ ਕੇ ਇਸਨੂੰ ਅਣਗੌਲਿਆ ਕਰਦੇ। ਯਾਦ ਰੱਖਣਾ! ਅਣਗੌਲੇ ਕੀਤਿਆਂ ਬਹੁਤ ਕੁਝ ਗਵਾਚ ਜਾਂਦਾ। ਨਿੱਕੇ ਨਿੱਕੇ ਹੁੰਗਾਰਿਆਂ ਨੂੰ ਅਣਗੌਲੇ ਕੀਤਿਆਂ ਰੁਕ ਜਾਂਦਾ ਹੈ ਗੁਫ਼ਤਗੂ ਦਾ ਪ੍ਰਵਾਹ। ਨਿੱਕੀਆਂ ਨਿੱਕੀਆਂ ਸੈਨਤਾਂ ਨੂੰ ਅਣਗੌਲਿਆਂ ਕਰ ਕੇ ਅਸੀਂ ਸੈਨਤਾਂ ਦੀ ਭਾਸ਼ਾ ਨੂੰ ਸਮਝਣ ਵਿਚ ਨਾਕਾਮ। ਇਸ ਵਿਚੋਂ ਪੈਦਾ ਹੋਣ ਵਾਲੇ ਉਨ੍ਹਾਂ ਕਾਰਜਾਂ, ਸੋਚਾਂ, ਜਾਂ ਭਵਿੱਖੀ ਸੰਭਾਵਨਾਵਾਂ ਤੋਂ ਵਿਰਵੇ ਹੋ ਜਾਂਦੇ ਹਾਂ ਜਿਹੜੇ ਅਸੀਂ ਸੁਪਨਈ ਤਸ਼ਬੀਹ ਰਾਹੀਂ ਕਿਆਸਦੇ ਅਤੇ ਇਸਨੂੰ ਪੂਰਾ ਕਰਨਾ ਲੋਚਦੇ ਹਾਂ। ਨਿੱਕੀਆਂ-ਨਿੱਕੀਆਂ ਤੋਤਲੀਆਂ ਗੱਲਾਂ ਭਾਵੇਂ ਅਸੀਂ ਨਹੀਂ ਸਮਝਦੇ। ਪਰ ਇਸਦੇ ਅਰਥ ਸਮਝਣੇ ਹੋਣ ਤਾਂ ਬੋਲ ਰਹੇ ਬੱਚੇ ਦੇ ਹਾਵ ਭਾਵਾਂ ਨੂੰ ਕਿਆਸਣ ਦੀ ਆਦਤ ਪਾਉਣਾ। ਮਾਂਵਾਂ ਸ਼ਾਇਦ ਸਭ ਤੋਂ ਜ਼ਿਆਦਾ ਗੁਣੀ-ਗਿਆਨੀ ਹੁੰਦੀਆਂ ਹਨ। ਤਾਂ ਹੀ ਉਹ ਬੱਚੇ ਦੇ ਹਰ ਤੋਤਲੇ ਬੋਲ ਨੂੰ ਸਮਝ ਕੇ ਉਸਦੀ ਲੋੜ ਦੀ ਪੂਰਤੀ ਲਈ ਸਭ ਤੋਂ ਪਹਿਲਾਂ ਉਚੇਚ ਕਰਦੀਆਂ। ਐਵੇਂ ਤਾਂ ਨਹੀਂ ਕਹਿੰਦੇ ਕਿ ਗੂੰਗੇ ਦੀ ਮਾਂ ਹੀ ਗੂੰਗੇ ਦੇ ਇਸ਼ਾਰਿਆਂ ਨੂੰ ਸਮਝ ਸਕਦੀ ਹੈ। ਇਹ ਤੋਤਲੇ ਬੋਲ ਹੀ ਸਮਾਂ ਆਉਣ 'ਤੇ ਵਧੀਆ ਬੁਲਾਰੇ ਦੇ ਰੂਪ ਵਿਚ ਲੱਖਾਂ ਦੇ ਇਕੱਠ ਨੂੰ ਕੀਲ ਲੈਂਦੇ। ਜਨਮ-ਸਿੱਧ ਕੋਈ ਵੀ ਬੁਲਾਰਾ ਨਹੀਂ ਹੁੰਦਾ। ਇਕ ਇਕ ਬੋਲ ਜੁੜ ਕੇ ਹੀ ਲੰਮੇਰੇ ਭਾਸ਼ਣ ਬਣਦੇ ਜਾਂ ਨਾਮਵਰ ਬੁਲਾਰਿਆਂ ਵਿਚ ਸ਼ਾਮਲ ਹੁੰਦੇ।

ਨਿੱਕਾ ਜਿਹਾ ਟਟਹਿਣਾ ਕਾਲੀ ਸ਼ਾਹ ਰਾਤ ਦੀ ਵੱਖੀ ਵਿਚ ਚੀਰ ਪਾ ਦਿੰਦਾ। ਨਿੱਕੀ ਜਿਹੀ ਸੂਈ ਵੱਡੇ ਲੰਘਾਰ ਸਿਊਣ ਦੇ ਕਾਬਲ ਹੁੰਦੀ। ਕੋਚਰੀ ਦੀ ਹੂਕ ਟਿੱਕੀ ਰਾਤ ਦੀ ਚੁੱਪ ਨੂੰ ਤੋੜਦੀ। ਛੋਟਾ ਜਿਹਾ ਰੋਸਾ ਸੰਬੰਧਾਂ ਦੇ ਨਿੱਘ ਨੂੰ ਠਾਰ ਦਿੰਦਾ। ਇਕ ਹੀ ਨਿੱਘਾ ਬੋਲ ਰਿਸ਼ਤਿਆਂ ਵਿਚ ਪਸਰੀ ਸੁੰਨ ਨੂੰ ਪਿਘਲਾ ਦਿੰਦਾ। ਇਕ ਹੀ ਵਾਕ ਕਈ ਗ੍ਰੰਥਾਂ ਨੂੰ ਜਨਮ ਦਿੰਦਾ। ਇਕ ਹੀ ਦਬਕਾ ਕਈ ਵਾਰ ਚੀਖ਼-ਚਿਹਾੜਿਆਂ ਨੂੰ ਚੁੱਪ ਕਰਵਾ ਦਿੰਦਾ। ਨਿੱਕੀ ਜਿਹੀ ਪੁਚਕਾਰ ਬੱਚੇ ਨੂੰ ਸ਼ੇਰ ਬਣਾ ਦਿੰਦੀ ਅਤੇ ਨਿੱਕੀ ਜਿਹੀ ਹੱਲਾਸ਼ੇਰੀ ਬੱਚੇ ਨੂੰ ਸੁਪਨੇ ਲੈਣ ਦੀ ਜਾਚ ਸਿਖਾ ਦਿੰਦੀ। ਜਦ ਮਨੁੱਖੀ ਨਜ਼ਰੀਆ ਛੋਟਾ ਹੁੰਦਾ ਤਾਂ ਉਸਦੀ ਸੁਪਨਈ ਪ੍ਰਵਾਜ਼ ਬਹੁਤ ਛੋਟੀ ਹੁੰਦੀ। ਉਸਦਾ ਹੌਸਲਾ, ਹਿੰਮਤ ਜਾਂ ਹੱਲਾਸ਼ੇਰੀ ਨਿੱਕੀ ਹੁੰਦੀ ਤਾਂ ਕੁਝ ਵੀ ਸੰਭਵ ਨਹੀਂ। ਸਿਰਫ਼ ਨਿੱਕੇ ਨਜ਼ਰੀਏ ਨੂੰ ਵੱਡੇ ਅਰਥ ਦੇਣ ਲਈ ਸਾਨੂੰ ਵੱਡੇ ਹੋਣ ਦੀ ਜਾਚ ਹੋਣੀ ਚਾਹੀਦੀ। ਨਿੱਕੇ ਨਿੱਕੇ ਲੋਕ ਹੀ ਆਪਣੇ ਤੋਂ ਵੱਡਿਆਂ ਦੀਆਂ ਲੱਤਾਂ ਖਿੱਚ ਕੇ, ਉਨ੍ਹਾਂ ਨੂੰ ਆਪਣੇ ਬਰੋਬਰ ਕਰਨ ਦੀ ਲੋਚਾ ਪਾਲਦੇ। ਕਾਸ਼ ਕਿ ਉਹ ਖ਼ੁਦ ਵੱਡੇ ਹੋ ਕੇ ਉਨ੍ਹਾਂ ਦੇ ਹਾਣ ਦਾ ਹੋ ਜਾਣ ਤਾਂ ਦੁਨੀਆਂ ਵਿਚਲੀ ਹੀਣ-ਭਾਵਨਾ ਤੇ ਈਰਖ਼ਾ ਖਤਮ ਹੋ ਜਾਵੇਗੀ। ਇਹ ਵੀ ਸਾਡੇ ਹੀ ਸਮਿਆਂ ਦਾ ਸੱਚ ਹੈ ਕਿ ਵੱਡੇ ਵੱਡੇ ਘਰਾਂ ਵਿਚ ਬੌਣੇ ਲੋਕ ਰਹਿੰਦੇ ਨੇ। ਤਖ਼ਤਾਂ-ਤਾਜਾਂ 'ਤੇ ਕਾਬਜ਼ ਨੇ ਛੋਟੇ ਛੋਟੇ ਲੋਕ। ਸੁੱਚੇ ਸ਼ਬਦਾਂ ਦੀ ਦਰਗਾਹ 'ਤੇ ਬੈਠੇ ਨੇ ਮਹੰਤਾਂ ਵਰਗੇ ਲੋਕ ਜਿਹੜੇ ਸਿਰਫ਼ ਆਪਣੇ ਸੇਵਕਾਂ ਦੀਆਂ ਮਨੋਕਾਮਨਾਵਾਂ ਨੂੰ ਗੁਮਰਾਹ ਕਰ ਕੇ ਆਪਣੀਆਂ ਲਾਲਸਾਵਾਂ ਦੀ ਪੂਰਤੀ ਕਰਦੇ। ਉਨ੍ਹਾਂ ਲਈ ਸਰਬੱਤ ਦੇ ਭਲੇ ਦੇ ਅਰਥ ਸਿਰਫ਼ ਨਿੱਜਤਾ ਵਿਚ ਲਿੱਬੜੀ ਖੁਦਦਾਰੀ ਹੁੰਦੀ। ਸਾਈਕਲ਼ ਦਾ ਨਿੱਕਾ ਜਿਹਾ ਵਾਲਵ, ਸਾਈਕਲ-ਸਫ਼ਰ ਵਿਚ ਅਹਿਮ। ਪਹਿਲਾ ਡੁੱਬਕਾ ਹੀ ਪੂਰਨਿਆਂ ਦੀ ਸ਼ੁਰੂਆਤ ਅਤੇ ਫਿਰ ਪੂਰਨਿਆਂ ਤੋਂ ਤੁਰਦਾ ਤੁਰਦਾ ਬੱਚਾ ਵੱਡਾ ਲਿਖਾਰੀ ਬਣ ਜਾਂਦਾ। ਅੱਖਰਾਂ ਦੀ ਅਰਥਕਾਰੀ ਦਾ ਸਿਰਨਾਵਾਂ ਅਤੇ ਗਿਆਨ-ਬੋਧ ਦਾ ਭੰਡਾਰ।

ਨਿੱਕੀ ਜਿਹੀ ਸ਼ੁਰੂਆਤ ਵੱਡੇ ਵੱਡੇ ਉਦਮਾਂ ਦੀ ਨੀਂਹ। ਕੁਝ ਵੀ ਇਕ ਦਿਨ ਵਿਚ ਤਿਆਰ ਨਹੀਂ ਹੁੰਦਾ ਅਤੇ ਨਾ ਹੀ ਬਣਦਾ। ਇਹ ਵੱਡੇ ਵੱਡੇ ਲੋਕ, ਖਿਡਾਰੀ, ਲੇਖਕ, ਵਿਗਿਆਨੀ, ਅਦਾਰੇ ਅਤੇ ਸ਼ਖ਼ਸੀਅਤਾਂ, ਨਿੱਕੀ ਜਿਹੀ ਸ਼ੁਰੂਆਤ ਦਾ ਸਿਖਰ। ਇਨ੍ਹਾਂ ਨਾਲ ਈਰਖਾ ਨਾ ਕਰੋ, ਸਗੋਂ ਸ਼ੁਰੂਆਤ ਕਰੋ। ਤੁਹਾਡੀ ਸ਼ੁਰੂਆਤ ਹੀ ਤੁਹਾਨੂੰ ਮੰਜ਼ਲ ਦਾ ਦਿਸਹੱਦਾ ਦਿਖਾਵੇਗੀ। ਅਕਸਰ ਲੋਕ ਕਿਸੇ ਦੀ ਪ੍ਰਾਪਤੀ ਨੂੰ ਦੇਖਦੇ। ਉਸਦੀ ਸ਼ੁਰੂਆਤ, ਸਾਲਾਂ ਦੀ ਲਗਨ, ਮਿਹਨਤ ਅਤੇ ਸਿਰੜਤਾ ਨੂੰ ਸਲਾਮ ਕਰਨਾ ਭੁੱਲ ਹੀ ਜਾਂਦੇ। ਕੁਝ ਵੀ ਰੇਡੀਮੇਡ ਨਹੀਂ ਹੁੰਦਾ। ਨਿੱਕੀ ਨਿੱਕੀ ਇੱਟ ਨੂੰ ਜੋੜ ਕੇ ਹੀ ਵੱਡੀਆਂ ਬਿਲਡਿੰਗਾਂ ਤਾਮੀਰ ਹੁੰਦੀਆਂ। ਇਕ ਇਕ ਸਫ਼ਾ ਜੁੜ ਕੇ ਕਿਤਾਬ ਦਾ ਰੂਪ ਧਾਰਦਾ ਅਤੇ ਇਕ ਇਕ ਪ੍ਰਵਚਨ ਹੀ ਹੌਲੀ ਹੌਲੀ ਸਤਸੰਗ ਦਾ ਰੂਪ ਧਾਰਨ ਕਰਦਾ। ਨਿੱਕੇ ਤੇ ਨਿੱਘੇ ਪਲ ਹੀ ਜ਼ਿੰਦਗੀ ਦੇ ਸੁਰਖ ਰੰਗਾਂ ਦੀ ਤਸਵੀਰ ਹੁੰਦੀ। ਮਸਤਕ 'ਤੇ ਉਕਰੀ ਤਕਦੀਰ ਹੁੰਦੇ, ਤਲੀਆਂ 'ਤੇ ਕਰਮ-ਲਕੀਰ ਹੁੰਦੇ ਅਤੇ ਇਨ੍ਹਾਂ ਪਲਾਂ ਵਿਚੋਂ ਹੀ ਜਿਊਣ-ਜੋਗੀ ਜ਼ਿੰਦਗੀ ਦਾ ਮੁਹਾਂਦਰਾ ਨਿਖਰਦਾ। ਕਦੇ ਵੀ ਆਪਣਿਆਂ ਨਾਲ ਇਨ੍ਹਾਂ ਨਿੱਕੇ ਪਲਾਂ ਦੀ ਸੰਗਤੀ ਮਾਨਣਾ ਨਾ ਵਿਸਾਰੋ। ਥੋੜ੍ਹੇ ਜਿਹੇ ਚੁਲਬੁਲੇਪਣ, ਨਿਹੋਰੇ, ਸ਼ਿਕਵੇ, ਰੋਸੇ ਅਤੇ ਅਪਣੱਤ ਵਿਚੋਂ ਸੰਬੰਧਾਂ ਵਿਚ ਪਕਿਆਈ ਅਤੇ ਤਾਜ਼ਗੀ ਪੈਦਾ ਹੁੰਦੀ ਹੈ। ਮਨ ਵਿਚ ਹੌਲੀ ਹੌਲੀ ਕਦੇ ਵੀ ਕੂੜ-ਕਬਾੜ ਦੇ ਢੇਰ ਨਾ ਲਗਾਓ ਸਗੋਂ ਮਨ ਨੂੰ ਫੁੱਲਾਂ ਵਰਗੇ ਪਲਾਂ ਤੇ ਸੁਗੰਧਮਈ ਗੁਫ਼ਤਗੂ ਨਾਲ ਮਹਿਕਾਓ। ਜ਼ਿੰਦਗੀ ਦੀ ਝੋਲੀ ਵਿਚ ਜ਼ਿੰਦਗੀ ਦੇ ਜਸ਼ਨ ਦਾ ਸ਼ਗਨ ਪਾਓ।

ਨਿੱਕੇ ਨਿੱਕੇ ਕਦਮ ਪੁੱਟਦਿਆਂ ਕਦੇ ਨਾ ਘਬਰਾਓ ਕਿਉਂਕਿ ਇਹ ਹੀ ਉਚੇਰੀਆਂ ਮੰਜ਼ਲਾਂ ਦੀ ਪੈੜ ਬਣਦੇ। ਪੈਰ ਪੁੱਟੋਗੇ ਤਾਂ ਹੀ ਪੈਰਾਂ ਵਿਚ ਸਫ਼ਰ ਉਗੇਗਾ ਤੇ ਇਸ ਸਫ਼ਰ ਨੂੰ ਸਿਰਨਾਵਾਂ ਮਿਲੇਗਾ। ਤੁਸੀਂ ਨਵੀਆਂ ਪੈੜਾਂ ਦਾ ਨਾਮ ਬਣ ਕੇ ਸਮਾਜ ਨੂੰ ਨਵੇਂ ਦਿਸਹੱਦਿਆਂ ਦੀ ਦੱਸ ਪਾਵੋਗੇ। ਸਿਰਫ਼ ਉਹੀ ਲੋਕ ਹੀ ਲੋਕ-ਚੇਤਿਆਂ ਵਿਚ ਜਿਉਂਦੇ ਜੋ ਵੱਖਰੇ ਰਾਹਾਂ ਦੀ ਸਿਰਜਣਾ ਕਰਦੇ ਅਤੇ ਅਲੋਕਾਰੀ-ਅਰਥਾਂ ਨਾਲ ਜੀਵਨ ਨੂੰ ਪਰਿਭਾਸ਼ਤ ਕਰਦੇ।

ਨਿੱਕੇ ਨਿੱਕੇ ਚਾਅ ਹੀ ਜ਼ਿੰਦਗੀ ਦਾ ਹੁਸਨ ਤੇ ਹੁਲਾਸ ਅਤੇ ਆਸ ਤੇ ਧਰਵਾਸ ਹੁੰਦੇ। ਚਾਵਾਂ ਨੂੰ ਕਦੇ ਵੀ ਮੁਰਝਾਉਣ ਨਾ ਦਿਓ। ਸਗੋਂ ਇਨ੍ਹਾਂ ਚਾਵਾਂ ਨੂੰ ਦੁਸ਼ਵਾਰੀਆਂ ਅਤੇ ਦੁੱਖਾਂ ਦੀਆਂ ਲੂਆਂ ਤੋਂ ਬਚਾਓ ਕਿਉਂਕਿ ਚਾਅ ਜਿਉਂਦੇ ਰਹਿਣ ਤਾਂ ਤੱਤੀਆਂ ਲੂਆਂ ਵਿਚ ਵੀ ਬੰਦੇ ਜਿਊਂਦਾ। ਓਬੜ-ਖੋਭੜ ਰਾਹਾਂ 'ਤੇ ਤੁਰਦਿਆਂ ਵੀ ਮਿੱਥੇ ਮਕਸਦ ਨੂੰ ਪੂਰਾ ਕਰਦਾ। ਮਿੱਧੇ ਹੋਏ ਚਾਅ ਸਿਰਫ਼ ਵਿਰਲਾਪ ਤੇ ਵਿਯੋਗ ਹੀ ਸਾਡੀ ਝੋਲੀ ਪਾਉਂਦੇ ਅਤੇ ਸਾਡੇ ਨੈਣਾਂ ਦੇ ਨਾਂ ਖਾਰਾਪਣ ਲਾਉਂਦੇ। ਨਿੱਕੀਆਂ ਨਿੱਕੀਆਂ ਗੱਲਾਂ ਹੀ ਲੰਮੀ ਚੌੜੀ ਗੁਫ਼ਤਗੂ ਦਾ ਆਧਾਰ। ਮਿੱਤਰ-ਢਾਣੀ ਵਿਚ ਨਾ ਖਤਮ ਹੋਣ ਵਾਲੀ ਰਾਮ-ਕਹਾਣੀ। ਕਦੇ ਸਿੱਧ-ਗੋਸ਼ਟਿ ਬਣਦੀਆਂ। ਕਦੇ ਭਰਮ-ਭੁਲੇਖਿਆਂ ਨੂੰ ਦੂਰ ਕਰਦੀਆਂ। ਕਦੇ ਹਾਕ ਦਾ ਹੁੰਗਾਰਾ ਬਣਦੀਆਂ। ਕਦੇ ਅੰਦਰ ਬੈਠੀ ਚੁੱਪ ਨੂੰ ਤੋੜ, ਕੁਦਰਤ ਦਾ ਰਾਗ ਬਣਦੀਆਂ। ਟੁੱਟ ਰਹੇ ਰਿਸ਼ਤਿਆਂ ਨੂੰ ਜੋੜਦੀਆਂ ਵੀ ਅਤੇ ਸਬੰਧਾਂ ਵਿਚ ਪਸਰੀ ਚੁੱਪ ਨੂੰ ਬੋਲਾਂ ਦਾ ਵਰਦਾਨ ਦਿੰਦੀਆਂ। ਨਿੱਕੇ ਨਿੱਕੇ ਸ਼ਬਦਾਂ ਵਿਚ ਜਦ ਵੱਡੇ ਅਰਥਾਂ ਦੇ ਦੀਵੇ ਜਗਦੇ ਤਾਂ ਆਲਾ-ਦੁਆਲਾ ਰੋਸ਼ਨ ਹੁੰਦਾ, ਵਰਕਿਆਂ 'ਤੇ ਰੌਸ਼ਨੀ ਫੈਲਦੀ, ਪਾਠਕ ਦੇ ਦੀਦਿਆਂ ਵਿਚ ਸੂਰਜਾਂ ਦੀ ਲੋਅ ਪੈਦਾ ਹੁੰਦੀ। ਉਹ ਜ਼ਿੰਦਗੀ ਨੂੰ ਵੱਖਰੇ ਦ੍ਰਿਸ਼ਟੀਕੋਣ ਨਾਲ ਦੇਖਣ, ਸਮਝਣ ਅਤੇ ਸਮਝਾਉਣ ਦਾ ਕਰਮ-ਨਾਮਾ ਬਣ ਜਾਂਦੇ। ਅਜੇਹੇ ਲੋਕ ਕਰਮਯੋਗੀ ਬਣ ਕੇ ਸਮਾਜ ਅਤੇ ਸੰਸਾਰ ਨੂੰ ਨਵੇਂ ਅਰਥ ਦੇ, ਇਸ ਦੀਆਂ ਨਵੀਨਤਮ ਸੰਭਾਵਨਾਵਾਂ ਅਤੇ ਸਮਰੱਥਾਵਾਂ ਦੇ ਤਰਜ਼ਮਾਨ ਬਣ ਜਾਂਦੇ। ਨਵੀਂ ਸੋਚ ਦਾ ਪੈਗਾਮ, ਨਵੇਂ ਅੰਜ਼ਾਮ ਅਤੇ ਅਜ਼ਲੀ ਪ੍ਰਮਾਣ।

ਨਿੱਕੇ ਨਿੱਕੇ ਘਰ ਹੀ ਬੱਚਿਆਂ ਨੂੰ ਆਪਣੀ ਗੋਦ ਵਿਚ ਖਿਡਾ, ਉਨ੍ਹਾਂ ਨੂੰ ਅੰਬਰ ਜੇਡ ਬਣਾਉਂਦੇ। ਨਿੱਕੇ ਨਿੱਕੇ ਘਰਾਂ ਵਿਚ ਰਹਿਣ ਵਾਲੇ ਵੱਡੇ ਲੋਕ, ਵੱਡੇ ਘਰਾਂ ਵਿਚ ਰਹਿਣ ਵਾਲੇ ਬੌਣੇ ਲੋਕਾਂ ਨਾਲੋਂ ਬਹੁਤ ਵੱਡੇ, ਸੱਚੇ ਅਤੇ ਜੀਵਨ ਦੀਆਂ ਨਰੋਈਆਂ ਪ੍ਰਾਪਤੀਆਂ ਦਾ ਨਾਜ਼ ਹੁੰਦੇ।

ਨਿੱਕੇ ਨਿੱਕੇ ਹੁਲਾਰੇ ਹੀ ਚਾਵਾਂ ਦੀ ਪੀਂਘ ਨਾਲ ਬਿਰਖ ਦੀ ਸਿਖਰ ਨੂੰ ਛੂਹ, ਅੰਬਰ ਤੀਕ ਚੜ੍ਹਾਉਂਦੇ। ਨਵੇਂ ਦਿਸਹੱਦਿਆਂ ਦਾ ਸਿਰਨਾਵਾਂ ਦੇ, ਨਵੀਂ ਉਡਾਣ ਭਰਨ ਲਈ ਉਤਸ਼ਾਹਤ ਕਰਦੇ। ਨਿੱਕੇ ਨਿੱਕੇ ਦ੍ਰਿਸ਼ ਵੱਡੀ ਕੈਨਵੈਸ 'ਤੇ ਜ਼ਹੀਨ ਚਿੱਤਰਕਾਰੀ ਦਾ ਸੰਸਾਰ ਚਿੱਤਰਦੇ। ਇਨ੍ਹਾਂ ਦੇ ਡੂੰਘੇ ਅਰਥਾਂ ਵਿਚ ਜੀਵਨ ਦੀ ਹਰ ਦਾਤ, ਸੁਗਾਤ ਅਤੇ ਉਗਦੀ ਪ੍ਰਭਾਤ ਵੀ ਹੁੰਦੀ। ਕਦੇ ਕਦਾਈਂ ਤਾਂ ਕਾਲਖਾਂ ਭਰੀ ਰਾਤ ਵਿਚ ਚਾਨਣ ਦੀ ਬਰਾਤ ਹੁੰਦੀ।

ਨਿੱਕੀਆ ਨਿੱਕੀਆਂ ਕਣੀਆਂ ਹੀ ਬਾਰਸ਼ ਦਾ ਰੂਪ ਧਾਰ, ਸੁੱਕੀਆਂ ਨਦੀਆਂ, ਬਰੇਤਾ ਬਣੇ ਦਰਿਆਵਾਂ ਨੂੰ ਫਿਰ ਤੋਂ ਮੁੱਢਲੇ ਸਰੂਪ ਵਿਚ ਪਰਤਣ ਦਾ ਸੁਨੇਹਾ ਹੁੰਦੀਆਂ। ਇਹ ਦਰਿਆ ਸਮੁੰਦਰ ਵਿਚ ਮਿਲ ਕੇ ਸਮੁੰਦਰ ਹੋ ਜਾਂਦੇ। ਕੇਹਾ ਸੁਹਾਵਣਾ ਸਫ਼ਰ ਹੈ ਕਣੀਆਂ ਤੋਂ ਸਮੁੰਦਰ ਤੀਕ ਦਾ। ਕਦੇ ਮਨ ਵਿਚ ਕਣੀ ਤੋਂ ਸਮੁੰਦਰ ਬਣਨ ਦੀ ਚਾਹਨਾ ਮਨ ਵਿਚ ਪੈਦਾ ਹੋ ਜਾਵੇ ਤਾਂ ਸਮੁੰਦਰ ਬਣਨ ਲੱਗਿਆਂ ਦੇਰ ਨਹੀਂ ਲੱਗਦੀ। ਇਸ ਸਫ਼ਰ 'ਤੇ ਤੁਰੋ ਤਾਂ ਸਹੀ ਤੁਸੀਂ ਵੀ ਸਮੁੰਦਰ ਬਣ ਜਾਵੋਗੇ। ਨਿੱਕੇ ਨਿੱਕੇ ਕਣ ਹੀ ਤ੍ਰੇਲ-ਮੋਤੀਆਂ ਦੀ ਮਾਲਾ ਬਣਦੇ। ਤ੍ਰੇਲ-ਤੁਪਕਿਆਂ ਵਿਚੋਂ ਡਲਕਦੀ ਰੌਸ਼ਨੀ ਸਤਰੰਗੀ ਬਣਦੀ। ਨਿੱਕੇ ਨਿੱਕੇ ਦੀਵੇ ਜਗ ਕੇ ਦੀਵਿਆਂ ਦੀ ਡਾਰ ਬਣਦੇ। ਨਿੱਕੀ ਜਿਹੀ ਮੋਮਬੱਤੀ ਦਾ ਜੇਰਾ ਦੇਖੋ ਕਿ ਉਹ ਹਨੇਰੇ ਵਿਚ ਜਗਣ ਦਾ ਹਰ ਹੀਲਾ ਕਰਦੀ ਭਾਵੇਂ ਕਿ ਵਗਦੀ ਹਵਾ ਉਸਨੂੰ ਬੁਝਾਉਣ ਦੀ ਪੂਰੀ ਵਾਹ ਲਾਉਂਦੀ। ਬੁੱਝ ਕੇ ਵੀ ਆਪਣੀ ਮੋਮ ਬੰਨੇਰੇ 'ਤੇ ਪਿਘਲਾ, ਆਖਰੀ ਸਫ਼ਰ 'ਤੇ ਤੁਰ ਜਾਂਦੀ ਅਤੇ ਅਚੇਤ ਸੁਨੇਹੇ ਦੇ ਜਾਂਦੀ ਕਿ ਇਹ ਮੋਮ ਫਿਰ ਮੱਮਬਤੀ ਬਣ ਕੇ ਹਨੇਰੇ ਨਾਲ ਆਢਾ ਲਾਵੇ।



ਨਿੱਕੇ ਨਿੱਕੇ ਲਾਡ-ਦੁਲਾਰ ਬੱਚਿਆਂ ਨੂੰ ਬਚਪਨੇ ਦੇ ਸੁਖਨਵਾਰ ਅਤੇ ਬੇਫਿਕਰੇ ਪਲਾਂ ਦਾ ਅਕਹਿ ਅਨੰਦ ਮਾਨਣ ਲਈ ਉਤਸ਼ਾਹਿਤ ਕਰਦੇ। ਬੱਚਿਆਂ ਦਾ ਬਚਪਨਾ ਜਿਉਂਦਾ ਰਹਿੰਦਾ ਅਤੇ ਇਸ ਬਚਪਨੇ ਨੂੰ ਵਡੇਰੇ ਵੀ ਪੂਰਨ ਦਿਲਦਾਰੀ ਨਾਲ ਮਾਣਦੇ।

ਨਿੱਕੇ ਨਿੱਕੇ ਆਸਰੇ ਹੀ ਹਿਚਕੋਲੇ ਖਾਂਦੀ ਬੇੜੀ ਨੂੰ ਕੰਢੇ ਲਾ ਸਕਦੇ। ਡਿੱਗ ਰਹੀ ਛੱਤ ਨੂੰ ਡਿੱਗਣ ਤੋਂ ਬਚਾਉਣ ਵਾਲੀ ਥੰਮੀ ਹੀ ਕਈ ਵਾਰ ਸਿਰ ਦੀ ਛੱਤ ਬਣ ਜਾਂਦੀ। ਨਿੱਕੇ ਨਿੱਕੇ ਉਦਮ ਹੀ ਵੱਡੀਆਂ ਪੁਲਾਂਘਾਂ ਪੁੱਟਣ ਦੀ ਸ਼ੁਰੂਆਤ ਹੁੰਦੇ। ਅਕਸਰ ਲੋਕ ਸਲਾਹਾਂ ਬਹੁਤ ਬਣਾਉਂਦੇ, ਦਿਨੇ ਸੁਪਨੇ ਲੈਂਦੇ। ਪਰ ਛੋਟੀ ਜਿਹੀ ਕੋਸ਼ਿਸ਼, ਨਵੀਂ ਸ਼ੁਰੂਆਤ ਦਾ ਮੂਲ-ਮੰਤਰ ਹੁੰਦੀ ਜਿਸ ਵਿਚੋਂ ਬਹੁਤ ਸਾਰੀਆਂ ਸੰਭਾਨਾਵਾਂ ਉਜਾਗਰ ਹੁੰਦੀਆਂ। ਨਿੱਕੀਆਂ ਨਿੱਕੀਆਂ ਉਦਾਸੀਆਂ ਹੀ ਫਿਰ ਬਾਬਾ ਨਾਨਕ ਦੀਆਂ ਚਾਰ-ਉਦਾਸੀਆਂ ਬਣ ਕੇ ਨਾਨਕ ਨਾਮ ਦਾ ਨਾਦ ਬਣਦੀਆਂ। ਨਾਨਕ ਦੇ ਸੰਦੇਸ਼ ਨੂੰ ਚਾਰ ਦਿਸ਼ਾਵਾਂ ਵਿਚ ਫੈਲਾ, ਨਵੀਂ ਸੋਚ, ਨਵੇਂ ਫ਼ਲਸਫ਼ੇ ਅਤੇ ਨਵੇਂ ਸੂਰਜ ਦੇ ਆਗਮਨ ਦਾ ਐਲਾਨ-ਨਾਮਾ ਹੁੰਦੀਆਂ। ਉਦਾਸੀ ਨੂੰ ਕਦੇ ਵੀ ਨਾ ਨਕਾਰੋ ਕਿਉਂਕਿ ਉਦਾਸੀ ਵਿਚੋਂ ਹੀ ਆਸਾਂ ਅਤੇ ਉਮੀਦਾਂ ਨੇ ਨਵੀਆਂ ਪੇਸ਼ਗੋਈਆਂ ਕਰਨੀਆਂ ਹੁੰਦੀਆਂ। ਨਿੱਕੇ ਨਿੱਕੇ ਉਲਾਹਮੇ ਜਾਂ ਸ਼ਿਕਵੇ ਕਰੋ ਪਰ ਇਨ੍ਹਾਂ ਨੂੰ ਕਦੇ ਵੀ ਵੱਡੀ ਤਰੇੜ ਬਣਨ ਦਾ ਮੌਕਾ ਨਾ ਦਿਓ। ਨਾ ਹੀ ਅਜੇਹਾ ਹੋਵੇ ਕਿ ਉਮਰਾਂ ਤੋਂ ਵੱਡੀ ਦੂਰੀ ਪਾ ਲੈਣਾ ਜਿਸਨੂੰ ਨਾ-ਪੂਰਨ ਦਾ ਹਿਰਖ਼, ਸਾਰੀ ਉਮਰ ਹੀ ਤੁਹਾਡੇ ਸਾਹਾਂ ਦਾ ਝੋਰਾ ਬਣਿਆ ਰਹੇ। ਵੈਸੇ ਸ਼ਿਕਵੇ ਅਸੀਂ ਆਪਣਿਆਂ ਨਾਲ ਹੀ ਕਰਦੇ ਹਾਂ। ਗੈਰਾਂ ਨਾਲ ਕਿਸਨੇ ਸ਼ਿਖਵੇ ਕਰਨੇ ਜਾਂ ਉਲਾਹਮੇ ਦੇਣੇ? ਨਿੱਕੇ ਨਿੱਕੇ ਰੋਸੇ ਹੀ ਕਈ ਵਾਰ ਸਾਡੇ ਤਲੀ 'ਤੇ ਆਪਣਿਆਂ ਦੀਆਂ ਕਬਰਾਂ ਵੀ ਖੁਣ ਜਾਂਦੇ ਅਤੇ ਇਹ ਕਬਰਾਂ ਫਿਰ ਸਾਰੀ ਉਮਰ ਸਾਨੂੰ ਸੋਗ ਹੀ ਅਰਪ ਕਰਦੀਆਂ। ਸਾਡੇ ਆਲੇ-ਦੁਆਲੇ ਵਿਚ ਫੈਲੀਆਂ ਇਹ ਨਿੱਕੀਆਂ-ਨਿੱਕੀਆਂ ਕਹਾਣੀਆ ਹੀ ਹੁੰਦੀਆਂ ਜੋ ਲੰਮੀਆਂ ਕਹਾਣੀਆਂ, ਵੱਡੇ ਬਿਰਤਾਂਤ, ਨਾਵਲ ਅਤੇ ਮਿਥਿਹਾਸਕ ਜਾਂ ਇਤਿਹਾਸਕ ਵਿਸਥਾਰ ਬਣ ਜਾਂਦੀਆਂ। ਇਨ੍ਹਾਂ ਵਿਚੋਂ ਬੀਤੇ ਹੋਏ ਨੂੰ ਪੜ੍ਹ, ਸਮਝ ਅਤੇ ਸਮਝਾ ਕੇ ਅਸੀਂ ਵਰਤਮਾਨ ਜਾਂ ਭਵਿੱਖ ਨੂੰ ਸੁਚਾਰੂ ਸੇਧ ਦੇ ਸਕਦੇ ਹਾਂ।

ਨਿੱਕੀਆਂ ਨਿੱਕੀਆਂ ਕਰੂੰਬਲਾਂ ਹੀ ਪੱਤਿਆਂ 'ਤੇ ਟਾਹਣੀਆਂ ਨੂੰ ਜਨਮ ਦਿੰਦਿਆਂ, ਬਿਰਖ ਦਾ ਹਰਿਆਵਲਾ ਬਾਣਾ ਬਣਦੀਆਂ। ਹਵਾ ਰੁਮਕਦੀ ਤਾਂ ਪੱਤਿਆਂ ਵਿਚ ਪੈਦਾ ਹੋਈ ਸੰਗੀਤਕ ਫਿਜ਼ਾ ਚੌਗਿਰਦੇ ਨੂੰ ਨੱਚਣ ਲਾਉਂਦੀ ਅਤੇ ਬਿਰਖ਼ ਨੂੰ ਝੂਲਣ ਲਾਉਂਦੀ। ਪੱਤਿਆਂ ਦੀ ਰਹਿਬਰੀ ਵਿਚ ਰਹਿੰਦੇ ਪਰਿੰਦਿਆਂ ਅਤੇ ਬੋਟਾਂ ਨੂੰ ਨਵੀਂ ਪ੍ਰਵਾਜ਼ ਭਰਨ ਅਤੇ ਹਰ ਪਲ ਨੂੰ ਮਾਨਣ ਦਾ ਸਬੱਬ ਮਿਲਦਾ। ਇਹ ਪੱਤਿਆਂ ਦਾ ਝੁਰਮਟ ਕਦੇ ਤਿੱਖੜ-ਦੁਪਿਹਰਾਂ ਵਿਚ ਛਾਵਾਂ ਦਿੰਦਾ, ਕਦੇ ਬਾਰਸ਼ ਤੋਂ ਓਟ ਅਤੇ ਕਦੇ ਬਿਰਖ ਦੇ ਗਲ ਲੱਗ ਕੇ ਰੋਣਾ ਵੀ ਮਨੁੱਖ ਲਈ ਰਾਹਤ ਦਾ ਸਬੱਬ ਬਣਦਾ। ਨਿੱਕੇ ਨਿੱਕੇ ਬੀਜ ਹੀ ਹੁੰਦੇ ਜੋ ਪੁੰਗਰਦੇ, ਮੌਲ਼ ਕੇ ਫਸਲਾਂ ਦਾ ਰੂਪ ਧਾਰਦੇ। ਨਿੱਕੇ ਨਿੱਕੇ ਕਿਆਰੇ ਖੇਤ ਬਣਦੇ, ਨਿੱਕੀਆਂ ਕਿਆਰੀਆਂ ਵਿਚ ਵਗਦਾ ਪਾਣੀ ਹੀ ਧਰਤੀ ਨੂੰ ਖੁਸ਼ਹਾਲੀ ਅਰਪਦਾ। ਧਰਤੀ ਨੂੰ ਆਪਣੇ ਵਿਚ ਲੁਕਾਉਂਦੇ ਅਤੇ ਖਾਲੀ ਭੜੋਲਿਆਂ ਨੂੰ ਭਰਦੇ। ਜੱਟ ਦੇ ਮੁੱਖ ਦਾ ਨੂਰ ਬਣਦੇ। ਕਿੰਨਾ ਲੰਮੇਰਾ ਅਤੇ ਸੁਖਨਵਰ ਸਫ਼ਰ ਹੈ ਨਿੱਕੇ ਜਿਹੇ ਬੀਜ ਤੋਂ ਬੋਹਲ ਤੀਕ ਦਾ। ਇਸਦੀ ਹਾਸਲਤਾ ਹੀ ਮਨੁੱਖਤਾ ਲਈ ਸਦੀਵੀ ਜਿਉਣ ਦਾ ਮੂਲ-ਸਰੋਤ।

ਨਿੱਕੇ ਨਿੱਕੇ ਅਦਬੀ ਉਦਮ ਹੀ ਹੌਲੀ-ਹੌਲੀ ਸਾਹਿਤ ਸਿਰਜਣਾ ਦਾ ਸਿਰਨਾਵਾਂ ਬਣ, ਨਵੇਂ ਮਰਹੱਲਿਆਂ, ਨਵੇਂ ਸਰੋਕਾਰਾਂ ਅਤੇ ਨਵੇਂ ਮੁਹਾਵਰੇ ਰਾਹੀਂ ਨਵੀਆਂ ਸਿਨਫ਼ਾਂ ਨੂੰ ਮਾਂ-ਬੋਲੀ ਦੇ ਨਾਮ ਕਰਦੇ। ਇਸ ਦੇ ਰੁਤਬੇ ਅਤੇ ਬੁਲੰਦਗੀ ਨੂੰ ਨਵੀਂ ਪਛਾਣ ਦਿੰਦੇ। ਨਿੱਕੀਆਂ ਨਿੱਕੀਆਂ ਕਵਿਤਾਵਾਂ ਹੀ ਲੰਮੀ ਨਜ਼ਮ ਦਾ ਆਧਾਰ ਬਣ, ਬਹੁਭਾਂਤੀ ਅਰਥਾਂ ਦੀ ਬਿਆਨਕਾਰੀ ਹੁੰਦੀਆਂ। ਨਿੱਕੇ ਨਿੱਕੇ ਪਬ ਹੀ ਵੱਡੇ ਹੋ, ਨਵੀਆਂ ਰਾਹਾਂ ਦੀ ਨਿਸ਼ਾਨਦੇਹੀ ਕਰਦੇ, ਹਵਾ ਨੂੰ ਗੰਢਾਂ ਵੀ ਦਿੰਦੇ ਅਤੇ ਔਝੜ ਰਾਹਾਂ ਦੀ ਮੀਨਾਕਾਰੀ ਆਪਣੇ ਪੱਬਾਂ 'ਤੇ ਕਰਦੇ। ਨੰਗੇ ਪੈਰਾਂ ਨਾਲ ਉਕਰੇ ਸਫ਼ਰ ਨਵੀਆਂ ਕੀਰਤੀਆਂ ਦਾ ਸ਼ਰਫ਼ ਹੁੰਦੇ। ਨਿੱਕੇ ਨਿੱਕੇ ਹੱਥ ਜਦ ਆਪਣੇ ਹੱਥਾਂ ਵਿਚ ਕਲਮ ਫੜਦੇ ਤਾਂ ਆਪਣੀਆਂ ਕਰਮ-ਰੇਖਾਵਾਂ ਖੁਦ ਉਕਰਨ ਦੇ ਕਾਬਲ ਹੁੰਦੇ ਅਤੇ ਹਸਤ-ਰੇਖਾਵਾਂ ਇਨ੍ਹਾਂ ਦੀਆਂ ਬਾਂਦੀ ਹੋ ਜਾਂਦੀਆਂ।

ਨਿੱਕੇ ਨਿੱਕੇ ਸਤਿਕਾਰ ਹੀ ਮਨੁੱਖੀ ਮਾਨਸਿਕਤਾ ਵਿਚ ਅਦਬ ਦਾ ਰੰਗ ਤੇ ਰੂਹ ਦਾ ਚਾਅ ਹੁੰਦੇ ਜਿਸ ਨਾਲ ਮਨ ਦੀ ਸੂਹੀ ਭਾਅ, ਚੌਗਿਰਦੇ ਨੂੰ ਆਪਣੇ ਰੰਗ ਵਿਚ ਰੰਗ, ਇਸਨੂੰ ਸਰਘੀ ਦਾ ਨਾਮ ਦੇ ਜਾਂਦੀ। ਨਿੱਕੀ ਨਿੱਕੀ ਅਪਣੱਤ ਹੀ ਰੂਹਾਂ ਦੀ ਸਾਂਝ। ਰੂਹਾਂ ਦੇ ਰਿਸ਼ਤੇ ਪੈਦਾ ਹੁੰਦੇ। ਫਿਰ ਰੂਹ ਤੋਂ ਰੂਹ ਤੀਕ ਦੀ ਜਾਚਨਾ-ਯਾਤਰਾ ਜ਼ਿੰਦਗੀ ਨੂੰ ਨਵੇਂ ਅਰਥ ਦੇ ਜਾਂਦੀ ਅਤੇ ਜ਼ਿੰਦਗੀ ਦੇ ਹਰ ਪਲ ਨੂੰ ਮਾਨਣ ਦਾ ਸ਼ੌਕ ਮਨ ਵਿਚ ਅੰਗੜਾਈਆਂ ਭਰਦਾ। ਕਦੇ ਵੀ ਕਿਸੇ ਚੀਜ਼, ਵਸਤ, ਉਦਮ, ਵਿਚਾਰ, ਵਰਤਾਰੇ ਜਾਂ ਵਿਹਾਰ ਨੂੰ ਨਿੱਕਾ ਨਾ ਸਮਝੋ। ਨਿੱਕੀ ਸਾਡੀ ਸੋਚ ਹੁੰਦੀ ਜਿਹੜੀ ਸਾਡੇ ਬੌਣੇਪਣ ਦਾ ਅਹਿਸਾਸ ਸਾਨੂੰ ਕਰਵਾ ਜਾਂਦੀ। ਵਸੀਹ ਸੋਚ ਵਾਲੇ ਲੋਕਾਂ ਦੀ ਨਜ਼ਰ ਅਤੇ ਨਜ਼ਰੀਆ ਬਹੁਤ ਵਿਸ਼ਾਲ ਹੁੰਦਾ। ਉਨ੍ਹਾਂ ਲਈ ਅੰਬਰ ਵੀ ਆਪਣਾ, ਧਰਤੀ ਵੀ ਉਨ੍ਹਾਂ ਦੀ। ਉਨ੍ਹਾਂ ਦੇ ਵਿਹੜੇ ਵਿਚ ਤਾਰਿਆਂ ਦੀ ਆਰਤੀ ਹੁੰਦੀ। ਰੌਸ਼ਨੀ ਵਿਚ ਉਹ ਖ਼ੁਦ ਵੀ ਨਹਾਉਂਦੇ ਅਤੇ ਹੋਰਨਾਂ ਨੂੰ ਇਸ ਵਿਚ ਇਸ਼ਨਾਨ ਕਰਨ ਲਈ ਪ੍ਰੇਰਿਤ ਕਰਦੇ। ਇਨ੍ਹਾਂ ਨਿੱਕੇ ਨਿੱਕੇ ਜਾਪਦੇ ਸ਼ਬਦਾਂ ਵਿਚੋਂ ਵੱਡੇ ਅਰਥਾਂ ਦੀ ਸੁਪਨਗੋਈ ਕਰਨੀ ਅਤੇ ਆਪਣੇ ਖੁਆਬਾਂ ਨੂੰ ਇਨ੍ਹਾਂ ਦਾ ਹਾਣੀ ਬਣਾਉਣਾ, ਕੁਝ ਕੁ ਵਿਰਲਿਆਂ ਦਾ ਕਰਮ-ਧਰਮ। ਤੁਸੀਂ ਹੀ ਤਾਂ ਹੋ ਜਿਹੜੇ ਇਸ ਕਰਮ-ਧਰਮ ਦਾ ਯੋਗ ਕਮਾਉਣ ਦੇ ਯੋਗ ਹੋ।

# ਦੁਨੀਆ ਦੇ ਸ਼ਾਹਕਾਰ ਨਾਵਲ ਪੜ੍ਹਦਿਆਂ

ਜੰਗ ਬਹਾਦੁਰ ਗੋਇਲ ਪੰਜਾਬੀ ਸਾਹਿਤ ਜਗਤ ਦਾ ਬਹੁਵਿਧਾਵੀ ਹਸਤਾਖਰ ਹੈ। ਉਹ ਚੰਗਾ ਨਾਵਲਕਾਰ, ਵਾਰਤਕਕਾਰ ਅਤੇ ਅਨੁਵਾਦਕ ਤਾਂ ਹੈ ਹੀ ਸਗੋਂ ਵਿਸ਼ਵ ਦੇ ਮਹਾਨ ਅਤੇ ਸ਼ਾਹਕਾਰ ਨਾਵਲਾਂ ਦੇ ਬਿਰਤਾਂਤ ਨੂੰ ਆਤਮਸਾਤ ਕਰ ਪੁਨਰ-ਸਿਰਜਣ ਕਰਦਿਆਂ ਭਾਵਪੂਰਤ ਅਤੇ ਅਰਥਪੂਰਨ ਟਿੱਪਣੀ ਸਹਿਤ ਪੇਸ਼ ਕਰਦਾ ਹੈ। ਇਹ ਪੁਨਰ-ਸਿਰਜਤ ਪਾਠ ਪਾਠਕਾਂ ਨੂੰ ਅੰਗਰੇਜ਼ੀ ਪੜ੍ਹਨ ਦੀ ਮੁਸ਼ਕਿਲ ਤੋਂ ਨਿਜਾਤ ਦਿਵਾਉਂਦਾ ਹੈ ਅਤੇ ਜਿਨ੍ਹਾਂ ਪਾਠਕਾਂ ਕੋਲ ਸਮੇਂ ਤੇ ਸਾਧਨਾਂ ਦੀ ਕਮੀ ਹੈ ਉਨ੍ਹਾਂ ਨੂੰ ਇਕੋ ਕਿਤਾਬ ਵਿਚ ਦਸ ਬਾਰਾਂ ਨਾਵਲ ਸੰਖੇਪ ਰੂਪ 'ਚ ਆਪਣੇ ਮੂਲ ਸੁਭਾਅ, ਆਤਮਾ, ਰੌਚਿਕਤਾ ਅਤੇ ਸਵਾਦ ਸਹਿਤ ਪੜ੍ਹਨ ਨੂੰ ਮਿਲ ਜਾਂਦੇ ਹਨ।

ਹਥਲੀ ਪੁਸਤਕ 'ਵਿਸ਼ਵ ਸਾਹਿਤ ਦੇ

**ਮਨਮੋਹਨ**
**ਫੋਨ: 82839-48811**

ਸ਼ਾਹਕਾਰ ਨਾਵਲ (ਭਾਗ ਪੰਜਵਾਂ)' ਤੋਂ ਪਹਿਲਾਂ ਮੈਂ ਚਾਰੋ ਭਾਗ ਪੜ੍ਹੇ ਹਨ। ਇਨ੍ਹਾਂ ਵਿਚ ਕੁੱਲ 56 ਨਾਵਲ ਸ਼ਾਮਿਲ ਹਨ। ਇਨ੍ਹਾਂ ਨਾਵਲਾਂ ਵਿਚੋਂ ਕੁਝ ਮੈਂ ਪਹਿਲਾਂ ਮੂਲ ਰੂਪ ਵਿਚ ਪੜ੍ਹੇ ਸਨ ਪਰ ਜੰਗ ਬਹਾਦੁਰ ਗੋਇਲ ਵੱਲੋਂ ਪੇਸ਼ ਕੀਤੇ ਨਾਵਲੀ ਰੂਪ ਪੜ੍ਹ ਕੇ ਉਨ੍ਹਾਂ ਬਿਰਤਾਂਤਾਂ ਸਬੰਧੀ ਸਮਝ ਹੋਰ ਸੂਖ਼ਮ ਅਤੇ ਸਪੱਸ਼ਟ ਹੋਈ। ਜਿਵੇਂ ਪਹਿਲੇ ਭਾਗ ਵਿਚ ਹੈਨਰੀ ਫੀਲਡਿੰਗ ਦਾ ਨਾਵਲ 'ਟੌਮ ਜੋਨਜ਼', ਬਾਲਜ਼ਾਕ ਦਾ 'ਓਲਡ ਗੋਰੀਓ ਅਤੇ ਜੌਨ ਸਟੈਨਬੈਕ ਦਾ ਨਾਵਲ 'ਗਰੇਪਸ ਆਫ ਰਾਥ' ਪਹਿਲੀ ਵਾਰ ਪੜ੍ਹੇ। ਫਿਓਦਰ ਦੋਸਤੋਵਸਕੀ ਦੇ ਨਾਵਲ 'ਕਰਾਈਮ ਐਂਡ ਪਨਿਸ਼ਮੈਂਟ' ਬਾਰੇ ਸਮਝ ਇਸ ਭਾਗ ਵਿਚੋਂ ਪੜ੍ਹ ਕੇ ਹੋਰ ਸੂਖ਼ਮ ਹੋਈ। ਦੂਜੇ ਭਾਗ ਵਿਚ ਸਿੰਕਲੇਅਰ ਲੂਈਸ ਦਾ ਨਾਵਲ 'ਐਰੋਸਮਿਥ' ਪਹਿਲੀ ਵਾਰ ਪੜ੍ਹਿਆ ਅਤੇ ਦੋਸਤੋਵਾਸਕੀ ਦੇ ਨਾਵਲ 'ਦਿ ਬ੍ਰਦਰਜ਼ ਕਾਰਮਾਜ਼ੋਵ' ਬਾਰੇ ਪੜ੍ਹ ਕੇ ਬਿਰਤਾਂਤ ਦੀਆਂ ਗੁੰਝਲਾਂ ਸੁਲਝੀਆਂ। ਤੀਜੇ ਭਾਗ ਵਿਚ ਵਿਲੀਅਮ ਮੇਕਪੀਸ ਥੈਕਰੇ ਦਾ ਨਾਵਲ 'ਵੈਨਿਟੀ ਫੇਅਰ' ਅਤੇ ਏਰਿਕ ਮਾਰੀਆ ਰੇਮਾਰਕ ਦਾ 'ਆਲ ਕੁਆਈਟ ਔਨ ਦਿ ਵੈਸਟਰਨ ਫਰੰਟ' ਪਹਿਲੀ ਵਾਰ ਪੜ੍ਹੇ। ਹਾਰਪਰ ਲੀ ਦੇ ਨਾਵਲ 'ਟੂ ਕਿਲ ਏ ਮੌਕਿੰਗ ਬਰਡ' ਬਾਰੇ ਸੂਝ ਨੂੰ ਨਵੇਂ ਵਿਸਤਾਰ ਮਿਲੇ। ਚੌਥੇ ਭਾਗ 'ਚ ਐਫ ਸਕਾਟ ਫਿਟਜ਼ਜਰਾਲਡ ਦਾ ਨਾਵਲ 'ਦਿ ਗ੍ਰੇਟ ਗੈਟਸਬੀ' ਅਤੇ ਏਂਟਨੀ ਦਿ ਸੇਂਟ ਅਕਸੂਪੇਰੀ ਦਾ 'ਦਿ ਲਿਟਲ ਪ੍ਰਿੰਸ' ਪਹਿਲੀ ਵਾਰ ਪੜ੍ਹੇ। ਵਿਲੀਅਮ ਫਾਕਨਰ ਦੇ ਨਾਵਲ 'ਦਿ ਸਾਊਂਡ ਐਂਡ ਦਿ ਫਿਊਰੀ' ਵਾਲਾ ਲੇਖ ਦੋ ਵਾਰ ਪੜ੍ਹਿਆ ਅਤੇ ਇਸ ਦਾ ਆਨੰਦ ਮਾਣਿਆ।


ਹੱਥਲੇ ਭਾਵ ਪੰਜਵੇਂ ਭਾਗ ਵਿਚ ਦਸ ਨਾਵਲ ਦਰਜ ਹਨ; ਵਿਕਤੋਰ ਹਯੂਗੋ ਦਾ 'ਲੇ ਮਿਜ਼ਰੇਬਲ', ਅਨਾਤੋਲੇ ਫ਼ਰਾਂਸ ਦਾ 'ਬਾਯਾ', ਇਥਲ ਲਿਲੀਅਨ ਵਾਓਨਿਚ ਦਾ 'ਦਿ ਗੈਡਫ਼ਲਾਈ', ਭਗਵਤੀ ਚਰਣ ਵਰਮਾ ਦਾ 'ਚਿੱਤਰਲੇਖਾ', ਨਿਕੋਲਾਈ ਓਸਤਰੋਵਸਕੀ ਦਾ 'ਹਾਊ ਦਿ ਸਟੀਲ ਵਾਜ਼ ਟੈਂਪਰਡ', ਗੁੰਟਰ ਗ੍ਰਾਸ ਦਾ 'ਦਿ ਟਿਨ ਡਰੰਮ', ਚਿੰਗੀਜ਼ ਆਇਤਮਤੋਵ ਦਾ 'ਪਹਿਲਾ ਅਧਿਆਪਕ', ਇਸਮਾਈਲ ਕਾਦਰੇ ਦਾ 'ਦਿ ਇੰਗਲਿਸ਼ ਪੇਸ਼ੈਂਟ' ਅਤੇ ਅਲਬਰਟ ਕਾਮੂ ਦਾ 'ਦਿ ਪਲੇਗ'।

ਇਥਲ ਲਿਲੀਅਨ ਵਾਓਨਿਚ ਦੇ ਨਾਵਲ 'ਦਿ ਗੈਡਫ਼ਲਾਈ' ਦਾ ਜੰਗ ਬਹਾਦੁਰ ਗੋਇਲ ਵੱਲੋਂ ਹੀ ਕੀਤਾ ਅਨੁਵਾਦ ਪਿਛਲੇ ਹੀ ਸਾਲ ਪੜ੍ਹਿਆ ਸੀ ਪਰ ਇਸ ਬਾਰੇ ਉਨ੍ਹਾਂ ਵੱਲੋਂ ਹੀ ਲਿਖਿਆ ਲੇਖ ਪੜ੍ਹ ਕੇ ਬਿਰਤਾਂਤ ਦੀ ਸਰਬਕਾਲਿਕ ਮਹੱਤਤਾ ਦੀ ਥਾਹ ਲੱਗੀ ਕਿ ਇਹ ਨਾਵਲ ਨਿਕੋਲਾਈ ਓਸਤਰੋਵਸਕੀ ਦੇ 'ਹਾਊ ਦਿ ਸਟੀਲ ਵਾਜ਼ ਟੈਂਪਰਡ' ਦੇ ਬਿਰਤਾਂਤ ਦੇ ਪਾਤਰਾਂ ਦੇ ਜੀਵਨ ਸੰਘਰਸ਼ ਦਾ ਪ੍ਰੇਰਨਾ ਸਰੋਤ ਕਿਵੇਂ ਤੇ ਕਿਉਂ ਬਣਿਆ? ਜੰਗ ਬਹਾਦੁਰ ਗੋਇਲ 'ਦਿ ਗੈਡਫ਼ਲਾਈ' ਦੀ ਮਹੱਤਤਾ ਨਾਇਕ ਪਾਵੇਲ ਦੇ ਮੂੰਹੋਂ ਅਖਵਾਉਂਦਾ ਹੈ ਜਦੋਂ ਉਹ ਜੰਗ 'ਚ ਮੱਥੇ 'ਤੇ ਗੋਲੀ ਲੱਗਣ ਕਾਰਨ ਹਸਪਤਾਲ 'ਚ ਜ਼ੇਰੇ ਇਲਾਜ ਹੈ ਅਤੇ ਉਸਦਾ ਵੱਡਾ ਭਰਾ ਆਰਤਮ ਅਤੇ ਤੋਨੀਆ ਉਸਦੀ ਖ਼ਬਰ ਲੈਣ ਆਉਂਦੇ ਹਨ ਤੇ ਪੁੱਛਦੇ ਹਨ ਕਿ ਏਨੀ ਜਾਨਲੇਵਾ ਤਕਲੀਫ਼ ਸਹਿਣ ਦਾ ਕੀ ਰਾਜ਼ ਹੈ ਤਾਂ ਪਾਵੇਲ ਕਹਿੰਦਾ ਹੈ: "ਡਾਕਟਰ! ਗੈਡਫ਼ਲਾਈ ਪੜ੍ਹੋ, ਤੁਹਾਨੂੰ ਜਵਾਬ ਮਿਲ ਜਾਵੇਗਾ।"

ਦਿ ਗੈਡਫ਼ਲਾਈ' ਦੇ ਪਾਤਰ ਆਰਥਰ ਬਾਰੇ ਜੰਗ ਬਹਾਦੁਰ ਗੋਇਲ ਲਿਖਦਾ ਹੈ; 'ਆਰਥਰ ਦੀ ਕੁਰਬਾਨੀ ਹੋਰ ਵੀ ਮਹੱਤਵਪੂਰਨ ਇਸ ਲਈ ਹੈ ਕਿਉਂਕਿ ਜਿਸ ਇਟਲੀ ਦੇਸ਼ ਦੀ ਆਜ਼ਾਦੀ ਲਈ ਉਹ ਲੜਿਆ-ਮਰਿਆ, ਉਹ ਉਸਦੀ ਜਨਮ ਭੂਮੀ ਨਹੀਂ ਸੀ। ਇਸ ਤਰ੍ਹਾਂ ਉਹ ਮਨੁੱਖ ਜਾਤੀ ਦੀ ਆਜ਼ਾਦੀ ਦਾ ਮਸੀਹਾ ਬਣ ਕੇ ਉੱਭਰਦਾ ਹੈ। ਰੂਸ ਹੋਵੇ ਜਾਂ ਚੀਨ, ਜਿੱਥੇ ਕਿਤੇ ਵੀ ਨੌਜਵਾਨਾਂ ਨੇ ਆਜ਼ਾਦੀ ਲਈ ਸੰਘਰਸ਼ ਕੀਤਾ, ਉਨ੍ਹਾਂ ਨੇ 'ਗੈਡਫ਼ਲਾਈ' ਤੋਂ ਹੀ ਪ੍ਰੇਰਨਾ ਹਾਸਿਲ ਕੀਤੀ।'

ਨੋਬੇਲ ਪੁਰਸਕਾਰ ਨਾਲ ਸਨਮਾਨਿਤ ਜਰਮਨੀ ਦੇ ਲੇਖਕ ਗੁੰਟਰ ਗ੍ਰਾਸ ਦਾ ਨਾਵਲ 'ਦਿ ਟਿਨ ਡਰੰਮ' ਮਨੁੱਖੀ ਇਤਿਹਾਸ ਦੀ ਸਭ ਤੋਂ ਭਿਆਨਕ ਸਦੀ ਭਾਵ ਵੀਹਵੀਂ ਸਦੀ ਨਾਲ ਸਬੰਧਿਤ ਹੈ ਜਿਸ ਨੂੰ ਦੋ ਵਿਸ਼ਵ-ਯੁੱਧਾਂ ਦਾ ਸੰਤਾਪ ਝੱਲਣਾ ਪਿਆ। 'ਦਿ ਟਿਨ ਡਰੰਮ' ਦਾ ਪਾਤਰ ਲੈਂਕਸ ਇਸ ਨੂੰ 'ਹਿੰਸਕ, ਰਹੱਸਮਈ ਅਤੇ ਉਭਾਊ ਸਦੀ' ਆਖਦਾ ਹੈ। ਜੰਗ ਬਹਾਦੁਰ ਗੋਇਲ ਲਿਖਦਾ ਹੈ ਕਿ 30 ਅਪਰੈਲ 1945 ਨੂੰ ਜਦੋਂ ਹਿਟਲਰ ਨੇ ਆਪਣੀ ਪੁੜਪੁੜੀ 'ਤੇ ਗੋਲੀ ਮਾਰ ਆਤਮਹੱਤਿਆ ਕਰ ਲਈ। 'ਹਾਈ ਅਤੇ ਮਾਇਟੀ' ਹਿਟਲਰ ਦਾ ਅੰਤ ਗਰੀਕ ਟ੍ਰੈਜਡੀ ਵਰਗਾ ਸੀ... ਇਹ ਉਹ ਸਮਾਂ ਸੀ ਜਦੋਂ ਜਰਮਨੀ ਆਪਣੇ ਇਤਿਹਾਸ ਦੇ ਸਭ ਤੋਂ ਭਿਆਨਕ ਦੌਰ ਵਿਚੋਂ ਗੁਜ਼ਰ ਰਿਹਾ ਸੀ। ਬੀਥੋਵਨ ਅਤੇ ਗੇਟੇ ਦੀ ਧਰਤੀ 'ਤੇ ਸੰਗੀਤ ਅਤੇ ਕਵਿਤਾ ਦੇ ਸੋਮੇ ਸੁੱਕ ਗਏ ਸਨ। ਅਜਿਹੇ ਸਮਿਆਂ ਵਿਚ ਉੱਥੋਂ ਦੇ ਮੰਨੇ-ਪ੍ਰਮੰਨੇ ਬੁੱਧੀਜੀਵੀ ਥਿਓਡਰ ਅਡੋਰਨੋ ਨੇ 1949 ਵਿਚ ਲਿਖੇ ਆਪਣੇ ਇਕ ਕਿਤਾਬ 'ਟਇਸ ਟੋ ਟਿ-ਏਰਅਟੂਰਏ ਵਿਚ ਲਿਖਿਆ ਸੀ: 'ਆਊਸ਼ੈਵਿਜ਼ ਦੇ ਖ਼ੌਫ਼ਨਾਕ ਪਰਛਾਵਿਆਂ ਹੇਠ ਹੁਣ ਕਦੇ ਕਵਿਤਾ ਜਨਮ ਨਹੀਂ ਲੈ ਸਕੇਗੀ'। ਨਿਰਾਸ਼ਾ ਦੇ ਅਜਿਹੇ ਆਲਮ 'ਚ ਜਦੋਂ ਗੁੰਟਰ ਗ੍ਰਾਸ ਦਾ ਨਾਵਲ 'ਦਿ ਟਿਨ ਡਰੰਮ' ਛਪਿਆ ਤਾਂ ਇਹ ਜਰਮਨ ਭਾਸ਼ਾ ਅਤੇ ਸਾਹਿਤ ਲਈ ਇਕ ਵਰਦਾਨ ਸਿੱਧ ਹੋਇਆ... ਗੁੰਟਰ ਗ੍ਰਾਸ ਨੇ ਆਪਣੀ ਕੌਮ ਦੀ ਜ਼ੰਗ ਖਾਧੀ ਜ਼ਮੀਰ ਆਪਣੀ ਆਤਮਾ ਦੀ ਭੱਠੀ ਵਿਚ ਤਪਾ ਕੇ ਨਿਰਮਲ ਕੀਤਾ। ਨਿਰਾਸ਼ਾ ਦੀ ਦਲਦਲ ਵਿਚ ਫਸੀ ਲੋਕ-ਮਾਨਸਿਕਤਾ ਨੂੰ ਉਸ ਨੇ ਉਮੀਦ ਦੀ ਇਕ ਕਿਰਨ ਵਿਖਾਈ ਅਤੇ ਇਕ ਮਨੋਵਿਗਿਆਨਕ ਵਾਂਗ ਉਸਨੇ ਆਪਣੇ ਦੇਸ਼ ਵਾਸੀਆਂ ਦਾ ਸਮੂਹਿਕ ਮਨੋਵਸ਼ਲੇਸ਼ਣ ਕਰ ਕੇ ਉਨ੍ਹਾਂ ਨੂੰ ਵਿਵੇਕ ਪ੍ਰਦਾਨ ਕੀਤਾ। ਇਸ ਸੰਦਰਭ ਵਿਚ ਵੀਹਵੀਂ ਸਦੀ ਦੇ ਮਹਾਨ ਨਾਵਲਕਾਰ ਗੈਬਰੀਅਲ ਗਾਰਸ਼ੀਆ ਮਾਰਕੇਏਜ਼ ਦਾ ਇਹ ਕਥਨ ਕਿੰਨਾ ਸਾਰਥਕ ਹੈ: 'ਗੁੰਟਰ ਗ੍ਰਾਸ ਨੇ ਆਪਣੇ ਦੇਸ਼ ਦਾ ਕਾਇਆ ਕਲਪ ਕਰ ਦਿੱਤਾ'।

ਬੁੱਕਰ ਪੁਰਸਕਾਰ ਨਾਲ ਸਨਮਾਨਿਤ ਮਾਈਕਲ ਓਦੀਚੀ ਦਾ 1992 'ਚ ਛਪਿਆ ਨਾਵਲ 'ਦਿ ਇੰਗਲਿਸ਼ ਪੇਸ਼ੈਂਟ' ਮੈਂ ਸੰਨ 2001 ਵਿਚ ਪੜ੍ਹਿਆ ਤੇ ਬਾਅਦ ਵਿਚ ਇਸ 'ਤੇ ਬਣੀ ਫਿਲਮ ਵੀ ਦੇਖੀ ਜਿਸ ਵਿਚ ਰਾਲਫ ਫਿਨੈਂਸ, ਜੂਲੀਟੇ ਬਿਨੋਚੇ, ਵਿਲੈਮ ਡਾਫੋਏ, ਕ੍ਰਿਸਟੀਨ ਸਕੌਟ ਥਾਮਸ ਅਤੇ ਨਵੀਨ ਐਂਡਰਿਊ ਨੇ ਬੜੀ ਗ਼ਜ਼ਬ ਅਦਾਕਾਰੀ ਕੀਤੀ ਪਰ ਜੰਗ ਬਹਾਦੁਰ ਗੋਇਲ ਦਾ ਇਸ ਬਾਰੇ ਲੇਖ ਪੜ੍ਹ ਕੇ ਇਸ ਨਾਵਲ ਬਾਰੇ ਮੇਰੀ ਸਮਝ




*ਜੰਗ ਬਹਾਦੁਰ ਗੋਇਲ ਦੀ ਕਿਤਾਬ 'ਵਿਸ਼ਵ ਸਾਹਿਤ ਦੇ ਸ਼ਾਹਕਾਰ ਨਾਵਲ (ਭਾਗ ਪੰਜਵਾਂ)' ਦਾ ਮੁਖੜਾ।*

ਹੋਰ ਰੌਸ਼ਨ ਹੋਈ। ਉਨ੍ਹਾਂ ਦਾ ਕਹਿਣਾ ਹੈ ਕਿ ਦੂਜੇ ਵਿਸ਼ਵ ਯੁੱਧ ਦੀ ਪਿੱਠਭੂਮੀ 'ਤੇ ਲਿਖਿਆ ਇਹ ਨਾਵਲ ਯੁੱਧ ਦੇ ਖ਼ਿਲਾਫ਼ ਇਕ ਪ੍ਰੋਟੈਸਟ ਹੈ। ਇਸ ਨਾਵਲ ਦੀ ਕਹਾਣੀ ਦਾ ਆਰੰਭ ਸਥਾਨ ਇਟਲੀ ਦੇ ਸ਼ਹਿਰ ਫਲੋਰੈਂਸ ਤੋਂ ਥੋੜ੍ਹੀ ਦੂਰ ਸਥਿਤ ਵਿਲਾ ਸਾਂ ਗਿਰੋਲਾਮਾ ਹੈ। ਨਾਵਲ ਦੇ ਚਾਰ ਪਾਤਰ ਤਿੰਨ ਵੱਖਰੇ ਵੱਖਰੇ ਮੁਲਕਾਂ ਦੇ ਵਸਨੀਕ ਹਨ: ਦੋ ਕੈਨੇਡਾ ਤੋਂ, ਤੀਜਾ ਹੰਗਰੀ ਅਤੇ ਚੌਥਾ ਭਾਰਤ ਤੋਂ ਹੈ ਜੋ ਸਿੱਖ ਹੈ। ਇਹ ਚਾਰ ਪਾਤਰ ਤਿੰਨ ਮੁਲਕਾਂ ਦੇ ਹੀ ਨਹੀਂ ਸਗੋਂ ਤਿੰਨ ਮਹਾਂਦੀਪਾਂ ਉੱਤਰੀ ਅਮਰੀਕਾ, ਯੂਰਪ ਅਤੇ ਏਸ਼ੀਆ ਦੀ ਪ੍ਰਤੀਨਿਧਤਾ ਕਰਦੇ ਹਨ। ਉਨ੍ਹਾਂ ਦੇ ਮੁਲਕ, ਮਹਾਂਦੀਪ, ਸਭਿਅਤਾ ਅਤੇ ਸੰਸਕ੍ਰਿਤੀ ਵੱਖੋ-ਵੱਖਰੇ ਹਨ, ਪਰ ਉਨ੍ਹਾਂ ਦੀ ਬੋਲਚਾਲ ਦੀ ਭਾਸ਼ਾ (ਅੰਗਰੇਜ਼ੀ) ਸਾਂਝੀ ਹੈ। ਵਿਸ਼ਵ ਦੀਆਂ ਸ਼ਾਹਕਾਰ ਲਿਖਤਾਂ ਵਿਚ ਹੈਰੋਡੋਟਸ ਦਾ ਪੰਜਵੀਂ ਸਦੀ 'ਚ ਲਿਖਿਆ 'ਇਤਿਹਾਸ', ਡੈਨੀਅਲ ਡੈਫੋ ਦਾ 'ਰੌਬਿਨਸਨ ਕਰੂਸੋ', ਤਾਲਸਤਾਏ ਦਾ ਨਾਵਲ 'ਐਨਾ ਕੈਰੇਨੀਨਾ', ਫੈਨੀਮੋਰ ਕੂਪਰ ਦਾ ਨਾਵਲ 'ਦਿ ਲਸਟ ਆਫ ਮੋਰੀਕਾਨਸ', ਸ਼ੈਕਸਪੀਅਰ ਦਾ 'ਦਿ ਟੈਂਪਸਟ' ਅਤੇ ਸਟੇਂਡਹਲ ਦਾ ਨਾਵਲ 'ਦਿ ਚਾਰਟਰ ਹਾਊਸ ਪਰਮਾ' ਆਦਿ ਸਨ। ਇਨ੍ਹਾਂ ਬਿਰਤਾਂਤਾਂ ਕਾਰਨ ਇਸ ਨਾਵਲ ਵਿਚ ਅੰਤਰ-ਪਾਠਤਾਮਿਕ ਸੰਦਰਭ ਅਤੇ ਹਵਾਲੇ 'ਦਿ ਇੰਗਲਿਸ਼ ਪੇਸ਼ੈਂਟ' ਨੂੰ ਗਹਿਰਾ, ਗੰਭੀਰ, ਦਾਰਸ਼ਨਿਕ ਅਤੇ ਪੜ੍ਹਨਯੋਗ ਬਣਾਉਂਦੇ ਹਨ।

ਦੂਜੇ ਵਿਸ਼ਵ ਯੁੱਧ ਨਾਲ ਹੀ ਸੰਬਧਿਤ ਇਕ ਹੋਰ ਨਾਵਲ ਹੈ 'ਦਿ ਜਨਰਲ ਆਫ਼ ਦਿ ਡੈੱਡ ਆਰਮੀ' (ਲੇਖਕ ਇਸਮਾਇਲ ਕਾਦਰੇ)। ਕਾਦਰੇ ਅਲਬਾਨੀਆ ਤੋਂ ਹੈ ਜਿਥੋਂ ਦੀ ਸੇਵਾ, ਦਯਾ ਅਤੇ ਤਿਆਗ ਦੀ ਮੂਰਤ ਸੇਂਟ ਮਦਰ ਟੈਰੇਸਾ ਹੈ। 1963 'ਚ ਫਰਾਂਸਿਸੀ 'ਚ ਛਪਿਆ ਇਹ ਨਾਵਲ ਅੰਗਰੇਜ਼ੀ 'ਚ ਅਨੁਵਾਦ ਹੋਇਆ ਤਾਂ ਪਾਠਕਾਂ ਨੇ ਇਸ ਨੂੰ ਖ਼ੂਬ ਮਾਣਿਆ। ਦੂਜੇ ਵਿਸ਼ਵ ਯੁੱਧ ਦੇ ਸ਼ੁਰੂ 'ਚ ਇਟਲੀ ਨੇ ਅਲਬਾਨੀਆ 'ਤੇ ਹਮਲਾ ਕਰ ਅਧੀਨ ਕਰ ਲਿਆ। ਅਲਬਾਨੀਆ ਦੀ ਫ਼ੌਜ ਸੂਰਮਤਾਈ ਨਾਲ ਲੜੀ ਅਤੇ ਇਟਲੀ ਦੀਆਂ ਸਾਮਰਾਜਵਾਦੀ ਫ਼ੌਜਾਂ ਦਾ ਵੱਡਾ ਨੁਕਸਾਨ ਕੀਤਾ। ਵੀਹ ਸਾਲ ਬਾਅਦ ਇਟਲੀ ਅਤੇ ਅਲਬਾਨੀਆ ਦੀਆਂ ਸਰਕਾਰਾਂ ਵਿਚ ਸਮਝੌਤਾ ਹੋਇਆ ਕਿ ਇਟਲੀ ਸਰਕਾਰ ਆਪਣਾ ਇਕ ਜਰਨੈਲ ਅਲਬਾਨੀਆ ਭੇਜੇਗੀ ਤਾਂ ਕਿ ਪਰਾਈ ਧਰਤੀ 'ਚ ਦਫ਼ਨ ਇਤਾਲਵੀ ਫ਼ੌਜੀਆਂ ਦੀਆਂ ਕਬਰਾਂ ਪੁੱਟ ਕੇ ਉਨ੍ਹਾਂ ਦੀਆਂ ਅਸਥੀਆਂ ਨੂੰ ਵਾਪਸ ਦੇਸ਼ ਲਿਆ ਕੇ ਪੂਰੇ ਸਰਕਾਰੀ ਸਨਮਾਨਾਂ ਨਾਲ ਮੁੜ ਸਪੁਰਦ-ਏ-ਖ਼ਾਕ ਕੀਤਾ ਜਾਵੇ। ਜਰਨੈਲ ਨਾਲ ਇਕ ਪਾਦਰੀ ਵੀ ਭੇਜਿਆ ਗਿਆ। ਇਨ੍ਹਾਂ ਦੋਹਾਂ ਪਾਤਰਾਂ ਦੁਆਲੇ ਹੀ ਕਬਰਾਂ ਪੁੱਟਣ ਦਾ ਇਹ ਬਿਰਤਾਂਤ ਉਸਰਦਾ ਹੈ। ਦੋਹਾਂ ਦਰਮਿਆਨ ਸੰਵਾਦ, ਸਥਿਤੀਆਂ ਅਤੇ ਤਣਾਓ-ਟਕਰਾਓ ਇਸ ਬਿਰਤਾਂਤ ਨੂੰ ਰੌਚਕ ਬਣਾਉਂਦਾ ਹੈ। ਨਾਵਲ ਦਾ ਅੰਤ ਇਸ ਬਿਰਤਾਂਤ ਨੂੰ ਸਿਖਰ 'ਤੇ ਪਹੁੰਚਾਂਦਾ ਹੈ: 'ਜਰਨੈਲ ਤੇ ਪਾਦਰੀ ਨੇ ਜਦੋਂ ਇਸ ਧਰਤੀ 'ਤੇ ਪਹਿਲੀ ਵੇਰਾਂ ਪੈਰ ਧਰਿਆ ਸੀ, ਉਸ ਦਿਨ ਵੀ ਬਾਰਸ਼ ਦੇ ਨਾਲ-ਨਾਲ ਬਰਫ਼ਬਾਰੀ ਹੋ ਰਹੀ ਸੀ ਤੇ ਜਿਸ ਦਿਨ ਉਹ ਪਰਾਈ ਧਰਤੀ ਤੋਂ ਦੋ ਸਾਲਾਂ ਬਾਅਦ ਆਪਣੇ ਮੁਲਕ ਵਾਪਸ ਜਾਣ ਲੱਗੇ ਤਾਂ ਉਦੋਂ ਵੀ ਬਾਰਸ਼ ਦੇ ਨਾਲ ਨਾਲ ਬਰਫ਼ਬਾਰੀ ਹੋ ਰਹੀ ਸੀ। ਹਵਾਈ ਅੱਡੇ ਤੋਂ ਦਿਸਦੇ ਪਹਾੜ ਬਰਫ਼ ਦੀ ਸਫ਼ੇਦ ਚਾਦਰ ਨਾਲ ਢਕੇ ਹੋਏ ਸਨ। ਉਹ ਆਏ ਸਨ ਇਕ ਮਹਾਨ ਮਿਸ਼ਨ ਦੀ ਪੂਰਤੀ ਹਿੱਤ, ਪਰ ਉਨ੍ਹਾਂ ਜਦ ਕਬਰਾਂ ਪੁੱਟੀਆਂ ਤਾਂ ਮੋਏ ਜਾਗ ਪਏ ਤੇ ਉਨ੍ਹਾਂ ਨੂੰ ਸ਼ਰਮਸਾਰ ਕਰ ਗਏ;


ਕਬਰਾਂ ਥਾਣੀਂ ਨਾ ਲੰਘੋ,
ਮੁਰਦੇ ਜਾਗ ਜਾਣਗੇ।
ਹੋ ਸਕਦਾ ਹੈ ਉਹ
ਤੁਹਾਨੂੰ ਸ਼ਰਮਸਾਰ ਕਰ ਜਾਣ।

ਦੂਜੇ ਵਿਸ਼ਵ ਯੁੱਧ ਤੋਂ ਦੋ ਸਾਲ ਬਾਅਦ 1947 ਵਿਚ ਅਲਬਰਟ ਕਾਮੂ ਦਾ ਨਾਵਲ 'ਦਿ ਪਲੇਗ' ਛਪਿਆ। ਇਸ ਤੋਂ ਪਹਿਲਾਂ ਉਹ 'ਦਿ ਆਊਟਸਾਈਡਰ' ਲਿਖ ਕੇ ਪਹਿਲਾਂ ਹੀ ਵੱਡੇ ਪੱਧਰ 'ਤੇ ਮਕਬੂਲ ਹੋ ਚੁੱਕਾ ਸੀ। ਇਹ ਨਾਵਲ ਮੂਲ ਰੂਪ ਵਿਚ ਮਹਾਮਾਰੀ ਨਾਲ ਜੁੜੀ ਭਿਆਨਕਤਾ ਅਤੇ ਕਚਿਆਣ ਬਾਰੇ ਹੈ ਪਰ ਇਹ ਸਾਰਾ ਕੁਝ ਦੂਜੀ ਸੰਸਾਰ ਜੰਗ 'ਚੋਂ ਪੈਦਾ ਹੋਈ ਤਬਾਹੀ ਅਤੇ ਮਨੁੱਖੀ ਘਾਣ ਦੇ ਦ੍ਰਿਸ਼ ਵਿਚੋਂ ਹੀ ਜਨਮਿਆ ਹੈ। ਨਾਵਲ ਦਾ ਆਰੰਭ ਇਨ੍ਹਾਂ ਸਤਰਾਂ ਨਾਲ ਹੁੰਦਾ ਹੈ: 'ਓਰਾਨ ਦੇ ਆਤਮ-ਕੇਂਦਰਿਤ ਵਸਨੀਕਾਂ ਨੂੰ 194... ਦੀ ਬਸੰਤ ਰੁੱਤ ਵਿਚ ਇਕ ਅਜੀਬੋ-ਗ਼ਰੀਬ ਘਟਨਾ ਦਾ ਸਾਹਮਣਾ ਕਰਨਾ ਪਿਆ, ਜਿਸ ਦੀ ਉਨ੍ਹਾਂ ਨੇ ਕਦੇ ਕਲਪਨਾ ਵੀ ਨਹੀਂ ਸੀ ਕੀਤੀ ਪਰ ਇਸ ਘਟਨਾ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਬਹੁਤ ਨੇੜਿਓਂ ਪ੍ਰਭਾਵਿਤ ਕੀਤਾ'।

ਜੰਗ ਬਹਾਦੁਰ ਗੋਇਲ ਨੇ ਫਰਾਂਸ ਦੇ ਮਹਾਨ ਲੇਖਕ ਅਨਾਤੋਲੇ ਫਰਾਂਸ ਦੇ 1890 'ਚ ਛਪੇ ਨਾਵਲ 'ਬਾਯਾ' ਅਤੇ ਹਿੰਦੀ ਸਾਹਿਤ ਦੇ ਵੱਡੇ ਨਾਵਲਕਾਰ ਭਗਵਤੀ ਚਰਣ ਸ਼ਰਮਾ ਦੇ 1934 'ਚ ਛਪੇ ਨਾਵਲ 'ਚਿੱਤਰਲੇਖਾ' ਨੂੰ ਵੀ ਸ਼ਾਮਿਲ ਕੀਤਾ ਹੈ। ਦੋਵਾਂ ਨਾਵਲਾਂ ਦੇ ਬਿਰਤਾਂਤ ਦਾ ਕੱਥ ਇਕੋ ਤਰ੍ਹਾਂ ਦੀ ਸੰਵੇਦਨਾ ਭਾਵਨਾ ਵਾਲਾ ਹੈ। ਉਹ ਲਿਖਦਾ ਹੈ ਕਿ ਭਗਵਤੀ ਚਰਨ ਵਰਮਾ ਨੂੰ 'ਚਿੱਤਰਲੇਖਾ' ਤੋਂ ਮਿਲੀ ਸ਼ੁਹਰਤ ਦੇ ਨਾਲ ਨਾਲ ਤਿੱਖੀ ਆਲੋਚਨਾ ਦਾ ਵੀ ਸਾਹਮਣਾ ਕਰਨਾ ਪਿਆ। ਉਸਦੇ ਆਲੋਚਕਾਂ ਦਾ ਕਹਿਣਾ ਸੀ ਕਿ ਉਸਨੇ ਅਨਾਤੋਲੇ ਫਰਾਂਸ ਦੇ ਨਾਵਲ 'ਬਾਯਾ' ਦੀ ਨਕਲ ਕੀਤੀ ਹੈ। 'ਚਿੱਤਰਲੇਖਾ' ਨਾਵਲ ਦੇ ਦੂਜੇ ਐਡੀਸ਼ਨ ਵਿਚ ਭਗਵਤੀ ਚਰਣ ਵਰਮਾ ਨੇ ਆਪਣਾ ਸਪੱਸ਼ਟੀਕਰਨ ਪੇਸ਼ ਕੀਤਾ: 'ਅਨਾਤੋਲੇ ਫਰਾਂਸ ਦੀ 'ਬਾਯਾ' ਅਤੇ ਮੇਰੀ 'ਚਿੱਤਰਲੇਖਾ' ਵਿਚਕਾਰ ਓਨਾ ਹੀ ਅੰਤਰ ਹੈ ਜਿੰਨਾ ਮੇਰੇ ਤੇ ਅਨਾਤੋਲੇ ਫਰਾਂਸ ਵਿਚਕਾਰ ਹੈ।' ਇਸ ਵਿਚ ਕੋਈ ਸ਼ੱਕ ਨਹੀਂ ਕਿ ਭਗਵਤੀ ਚਰਣ ਵਰਮਾ ਨੇ ਅਨਾਤੋਲੇ ਫਰਾਂਸ ਦੇ ਨਾਵਲ 'ਬਾਯਾ' ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਹੋ ਕੇ ਆਪਣਾ ਨਾਵਲ 'ਚਿੱਤਰਲੇਖਾ' ਲਿਖਿਆ। ਦੋਹਾਂ ਨਾਵਲਾਂ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਹਨ- ਬਾਯਾ ਨਰਤਕੀ ਹੈ ਤੇ ਚਿੱਤਰਲੇਖਾ ਵੀ। ਬਾਯਾ ਨਾਵਲ ਦਾ ਪਫਨੂਟਿਸ ਜੋਗੀ ਹੈ ਅਤੇ ਚਿੱਤਰਲੇਖਾ ਦਾ ਕੁਮਾਰਗਿਰੀ ਵੀ। ਪਰ ਵਰਮਾ ਦੇ ਨਾਵਲ ਦੇ ਕਥਾਨਕ ਦੀ ਰੂਪ ਰੇਖਾ, ਪਰਿਵੇਸ਼ ਅਤੇ ਫਲਸਫ਼ੇ ਦਾ ਆਧਾਰ ਮੌਲਿਕ ਹੈ ਜੋ ਭਾਰਤੀ ਦਰਸ਼ਨ 'ਤੇ ਆਧਾਰਿਤ ਹੈ। 'ਬਾਯਾ' ਨਾਵਲ ਦੀ ਰਚਨਾ ਰਾਹੀਂ ਅਨਾਤੋਲੇ ਫਰਾਂਸ ਨੇ ਮਨੁੱਖੀ ਜ਼ਿੰਦਗੀ ਦੇ ਮੁੱਢ ਕਦੀਮ ਤੋਂ ਹੀ ਮਨੁੱਖੀ ਹਿਰਦੇ ਨੂੰ ਵਿਚਲਿਤ ਕਰਦੇ ਆਏ ਗੰਭੀਰ ਪ੍ਰਸ਼ਨਾਂ 'ਤੇ ਡੂੰਘਾ ਚਿੰਤਨ ਕੀਤਾ ਹੈ।


ਵਿਕਤੋਰ ਹਯੂਗੋ ਦੇ ਨਾਵਲ 'ਲੇ ਮਿਜ਼ਰੇਬਲ' ਦਾ ਪੰਜਾਬੀ ਅਨੁਵਾਦ ਸੰਖੇਪ ਰੂਪ ਵਿਚ ਮੈਂ ਵਿਦਿਆਰਥੀ ਜੀਵਨ ਵਿਚ ਪੜ੍ਹਿਆ ਸੀ, ਪਰ ਇਸ ਬਾਰੇ ਜੰਗ ਬਹਾਦੁਰ ਗੋਇਲ ਦਾ ਲੇਖ ਪੜ੍ਹ ਇਸ ਦੇ ਵਿਰਾਟ ਅਰਥ ਸਮਝ ਆਏ ਹਨ। ਉਨ੍ਹਾਂ ਨੇ ਇਸ ਸੰਗ੍ਰਹਿ 'ਚ ਇਸ ਨਾਵਲ ਨੂੰ ਸ਼ਾਮਿਲ ਕਰਦਿਆਂ ਇਹ ਦੱਸਿਆ ਹੈ ਕਿ ਇਹ ਇਕ ਵੱਡ ਆਕਾਰੀ ਰਚਨਾ ਹੈ ਜੋ ਸਤਾਈ ਸੌ ਤੋਂ ਵੱਧ ਪੰਨਿਆਂ ਵਿਚ ਫੈਲਿਆ ਹੋਇਆ ਹੈ। ਇਸ ਨਾਵਲ ਨੂੰ 'ਨਾਵਲ ਆਫ਼ ਸੈਂਚਰੀ' ਵੀ ਕਿਹਾ ਜਾਂਦਾ ਹੈ। ਇਹ ਫਰਾਂਸ ਦੇ ਸਮਾਜਿਕ, ਰਾਜਨੀਤਕ ਅਤੇ ਆਰਥਿਕ ਹਾਲਾਤ ਦਾ ਇਤਿਹਾਸਕ ਦਸਤਾਵੇਜ਼ ਹੈ। ਇਸ ਨਾਵਲ ਵਿਚ ਕਿੰਨੀਆਂ ਹੀ ਕਹਾਣੀਆਂ ਹਨ ਅਤੇ ਅਣਗਿਣਤ ਪਾਤਰ। ਇਸ ਨਾਵਲ ਦਾ ਤਾਣਾ-ਬਾਣਾ ਮੁੱਖ ਪਾਤਰ ਜਾਂ-ਵਾਲਜ਼ਾਂ ਦੀ ਜ਼ਿੰਦਗੀ ਵਿਚ ਭੁੱਖ, ਗ਼ਰੀਬੀ, ਬਿਮਾਰੀ, ਪੀੜ ਤੇ ਅਗਿਆਨਤਾ ਦੇ ਇਰਦ-ਗਿਰਦ ਬੁਣਿਆ ਹੈ। ਜਾਂ-ਵਾਲਜ਼ਾਂ ਨਾਲ ਭੁੱਖ ਦੀ ਤੜਪ ਤੋਂ ਅੱਕ ਚੋਰੀ ਦੀ ਘਟਨਾ ਤੋਂ ਲੈ ਕੇ ਆਤਮਾ ਦੇ ਜਾਗਰਿਤ ਹੋਣ ਤੱਕ ਦੇ ਅੰਤ ਤੱਕ ਫੈਲਿਆ ਇਹ ਬਿਰਤਾਂਤ ਮਨੁੱਖੀ ਸਭਿਅਤਾ ਦੇ ਇਤਿਹਾਸ ਨੂੰ ਆਪਣੇ ਕਲਾਵੇ 'ਚ ਲੈਂਦਾ ਹੈ। ਪੋਸਟ ਸਕ੍ਰਿਪਟ ਵਿਚ ਆਪਣੇ ਪੁਨਰ-ਕਥਨ ਵਿਚ ਵਿਕਤੋਰ ਹਯੂਗੋ ਨਾਵਲ ਦੇ ਥੀਮ ਨੂੰ ਸਪੱਸ਼ਟ ਕਰਦਿਆਂ ਲਿਖਦਾ ਹੈ: 'ਪਾਠਕ ਸਾਹਮਣੇ ਇਹ ਜੋ ਪੁਸਤਕ ਹੈ, ਉਹ ਆਰੰਭ ਤੋਂ ਅੰਤ ਤਕ ਬੁਰਾਈ ਤੋਂ ਚੰਗਿਆਈ ਤਕ ਦਾ ਸਫ਼ਰ ਹੈ। ਇਹ ਅਨਿਆਂ ਤੋਂ ਨਿਆਂ, ਝੂਠ ਤੋਂ ਸੱਚਾਈ, ਰਾਤ ਤੋਂ ਦਿਨ, ਢਿੱਡ ਦੀ ਭੁੱਖ ਤੋਂ ਆਤਮਾ ਦੀ ਤ੍ਰਿਪਤੀ, ਬੇਈਮਾਨੀ ਤੋਂ ਇਮਾਨਦਾਰੀ, ਅਗਿਆਨਤਾ ਤੋਂ

(ਬਾਕੀ ਸਫਾ 25 'ਤੇ)










*ਇਥਲ ਲਿਲੀਅਨ ਵਾਓਨਿਚ ਦੇ ਨਾਵਲ 'ਦਿ ਗੈਡਫ਼ਲਾਈ', ਭਗਵਤੀ ਚਰਣ ਵਰਮਾ ਦੇ 'ਚਿੱਤਰਲੇਖਾ' ਅਤੇ ਵਿਕਤੋਰ ਹਯੂਗੋ ਦੇ ਨਾਵਲ 'ਲੇ ਮਿਜ਼ਰੇਬਲਸਰਵਰਕ ਨੇ ਸਰਵਰਕ।*

ਕਹਾਣੀ

# ਡ੍ਰੀਮ ਲੈਂਡ

***ਪਰਵਾਸ ਮੁੱਢ-ਕਦੀਮ ਤੋਂ ਹੀ ਮਨੁੱਖ ਨਾਲ ਜੁੜਿਆ ਰਿਹਾ ਹੈ। ਪਰਵਾਸੀ ਬੰਦਾ ਜਿੱਥੇ ਵੀ ਆਪਣਾ ਟਿਕਾਣਾ ਕਰਦਾ ਹੈ, ਆਪਣੇ ਪਿਛੋਕੜ ਨਾਲ ਜੁੜਿਆ ਤੰਦ-ਤਾਣਾ ਨਾਲ ਹੀ ਲੈ ਕੇ ਜਾਂਦਾ ਹੈ; ਯਾਦਾਂ ਦੀ ਪੋਟਲੀ ਤਾਂ ਸਦਾ ਉਸ ਦੇ ਅੰਗ-ਸੰਗ ਰਹਿੰਦੀ ਹੈ। ਉਂਝ, ਅਮਰੀਕਾ ਵੱਸਦੇ ਲਿਖਾਰੀ ਬਲਦੇਵ ਸਿੰਘ ਗਰੇਵਾਲਨੇ ਪਰਵਾਸੀ ਹੋਏ ਬੰਦੇ ਅਤੇ ਉਸ ਦੇ ਪਿਛੋਕੜ ਤੇ ਯਾਦਾਂ ਦੀ ਜੋ ਬਾਤ ਇਸ ਕਹਾਣੀ ਵਿਚ ਪਾਈ ਹੈ, ਉਹ ਬਹੁਤ ਨਿਰਾਲੀ ਹੈ। ਇਸ ਕਹਾਣੀ ਵਿਚ ਮਨੁੱਖੀ ਸੁਭਾਅ ਦੀਆਂ ਬਹੁਤ ਸਾਰੀਆਂ ਪਰਤਾਂ ਬੜੀ ਸੂਖਮਤਾ ਨਾਲ ਨਮੂਦਾਰ ਹੋਈਆਂ ਹਨ।***



ਅਸੀਂ ਤਿੰਨੋਂ ਕਾਰ ਵਿਚ ਬੈਠਕੇ ਉੱਥੋਂ ਤੁਰਨ ਹੀ ਲੱਗੇ ਸੀ ਕਿ ਦੇਖਿਆ ਉਹੋ ਸੋਹਣੀ ਕੁੜੀ ਸਾਡੀ ਵੱਲ ਭੱਜੀ ਆ ਰਹੀ ਹੈ। ਬਾਂਹ ਉੱਚੀ ਕਰਕੇ ਸਾਨੂੰ ਰੁਕਣ ਦਾ ਇਸ਼ਾਰਾ ਵੀ ਕਰ ਰਹੀ ਹੈ।

ਅਸੀਂ ਰੁਕ ਜਾਂਦੇ ਹਾਂ। ਉਸ ਨੂੰ ਉਡੀਕਣ ਲੱਗ ਜਾਂਦੇ ਹਾਂ।

ਅੱਜ ਸਾਡਾ ਲਗਭਗ ਪੂਰਾ ਦਿਨ ਇਸੇ ਮਾਰਕਿਟ ਵਿਚ ਬੀਤਿਆ ਹੈ...।

ਸਵੇਰੇ ਲੌਂਗ ਆਈਲੈਂਡ ਵਿਚ, ਮੇਰੀ ਨੇਬਰਹੁਡ ਵਿਚ ਰਹਿੰਦੇ ਮੇਰੇ ਮਿੱਤਰ ਨਵਤੇਜ ਸਿੰਘ ਦਾ ਫੋਨ ਆਇਆ ਸੀ। ਉਸ ਦੇ ਮਰਸੀਡੀਜ ਐੱਸ.ਯੂ.ਵੀ. ਦਾ, ਬੈਕ ਕਰਦਿਆਂ, ਐਕਸੀਡੈਂਟ ਹੋ ਗਿਆ ਸੀ। ਉਸ ਦੀ ਰੀਅਰ ਵਿੰਡਸਕਰੀਨ ਟੁੱਟ ਗਈ ਸੀ ਤੇ ਪਿਛਲੇ ਹਿੱਸੇ ਵਿਚ ਡੈਂਟ ਪੈ ਗਏ ਸਨ। ਉਸ ਨੇ ਫੋਨ ਉਪਰ ਕੁਈਨਜ਼ ਵਿਚ ਕਿਸੇ ਮਕੈਨਿਕ ਪਾਸੋਂਐਸਟੀਮੇਟ ਲਿਆ ਸੀ। ਉਸ ਨੇ ਦੋ ਹਜ਼ਾਰ ਡਾਲਰ ਵਿਚ ਕਾਰ ਠੀਕ ਕਰ ਦੇਣ ਦਾ ਐਸਟੀਮੇਟ ਦਿੱਤਾ ਸੀ। ਇਸ ਲਈ ਮੇਰਾ ਦੋਸਤ ਮੈਨੂੰ ਪੁੱਛ ਰਿਹਾ ਸੀ, ਕੀ ਮੈਂ ਉਸਦੇ ਨਾਲ ਕੁਈਨਜ਼ ਚੱਲਣਾ ਚਾਹਾਂਗਾ।

ਅਸੀਂ ਲਗਭਗ ਰਿਟਾਇਰਡ ਹਾਂ, ਪੁੱਤਰਾਂ ਨੇ ਸਾਡੇ ਕੰਮ ਕਾਰ ਸੰਭਾਲ ਲਏ ਹਨ।ਕੋਵਿਡ ਐਪੀਡੈਮਿਕ ਕਾਰਨ ਅਸੀਂ ਘਰਾਂ ਅੰਦਰ ਹੀ ਡੇੜ੍ਹ

**ਬਲਦੇਵ ਸਿੰਘ ਗਰੇਵਾਲ**
**ਫੋਨ: + 1-212-645-2395**

ਸਾਲ ਤੋਂ ਸੀਮਤ ਰਹੇ ਹਾਂ। ਹੁਣ ਜਦ ਕੋਵਿਡ ਥੋੜ੍ਹਾ ਘਟਿਆ ਹੈ, ਅਸੀਂ ਦੋਸਤ ਮਿੱਤਰ ਮਿਲਣ ਅਤੇ ਘੁੰਮਣ ਫਿਰਨ ਦੇ ਬਹਾਨੇ ਢੂੰਡਦੇ ਰਹਿੰਦੇ ਹਾਂ।ਆਨੀ-ਬਹਾਨੀ ਇਕੱਠੇ ਹੁੰਦੇ ਹਾਂ, ਗੱਪਾਂ ਮਾਰਦੇ ਹਾਂ। ਹੱਸਦੇ ਹਾਂ। ਮਨੋਰੰਜਨ ਕਰਦੇ ਹਾਂ।ਸੋ, ਮੈਂ ਨਵਤੇਜ ਨੂੰ ਯੈੱਸ ਕਰ ਦਿੱਤੀ। ਰਾਹ ਵਿਚ ਨਾਲ ਦੀ ਕਾਊਂਟੀ ਵਿਚ ਰਹਿੰਦੇ, ਆਪਣੇ ਇਕ ਹੋਰ ਦੋਸਤ ਐੱਸ.ਪੀ. ਨੂੰ ਵੀ ਨਾਲ ਲੈ ਲਿਆ।

ਉਂਝ ਤਾਂ ਇਸ ਦੇਸ਼ ਵਿਚ ਆ ਕੇ ਵਧੇਰੇ ਪਰਵਾਸੀ ਮੁੱਢੋਂ ਸੁੱਢੋਂ ਜ਼ਿੰਦਗੀ ਸ਼ੁਰੂ ਕਰਦੇ ਹਨ ਪਰ ਇੰਡੀਆ ਦੇ ਪਹਿਲੇ ਪ੍ਰੋਫੈਸ਼ਨ ਜਾਂ ਰੁਤਬੇ ਉਹਨਾਂ ਦੇ ਨਾਲ ਹੀ ਏਥੇ ਆ ਜਾਂਦੇ ਹਨ। ਇੱਥੇ ਯੋਗਤਾ ਅਨੁਸਾਰ ਨਹੀਂ ਸਗੋਂ ਜੋ ਵੀ ਕੰਮ ਮਿਲਦਾ ਹੈ, ਉਹੋ ਸ਼ੁਰੂ ਕਰ ਲੈਂਦੇ ਹਨ। ਨਵਤੇਜ ਇੰਡੀਆ ਵਿਚ ਮਾਸਟਰ ਸੀ, ਇੱਥੇ ਉਹ ਕੰਸਟ੍ਰਕਸ਼ਨ ਦਾ ਵੱਡਾ ਕੰਟਰੈਕਟਰ ਹੈ ਪਰ ਇੱਥੇ ਵੀ ਉਹ ਮਾਸਟਰ ਹੀ ਅਖਵਾਉਂਦਾ ਹੈ। ਮੈਂ ਉੱਥੇ ਫੌਜ ਵਿਚ ਸੀ, ਇੱਥੇ ਰੀਅਲ ਅਸਟੇਟ ਕਰਦਾ ਹਾਂ ਪਰ ਸਭ ਫੌਜੀ ਹੀ ਆਖਦੇ ਹਨ। ਗੁਲਜ਼ਾਰ ਸਿੰਘ ਉੱਥੇ ਪੰਜਾਬ ਪੁਲਿਸ ਵਿਚੋਂ ਐੱਸ.ਪੀ. ਰਿਟਾਇਰ ਹੋਇਆ ਸੀ, ਉਸ ਦੇ ਪੁੱਤਰਾਂ ਨੇ ਉਸ ਨੂੰ ਸਪਾਂਸਰ ਕਰ ਕੇ ਇੱਥੇ ਬੁਲਾ ਲਿਆ ਸੀ।ਉਹ ਇੱਥੇ ਵੀ ਸਾਡਾ ਐੱਸ.ਪੀ. ਹੀ ਹੈ।

ਕੁਈਨਜ਼ ਨੂੰ ਆਉਂਦਿਆਂ ਐੱਸ.ਪੀ. ਨੇ ਸੁਝਾਅ ਦਿੱਤਾ ਕਿ ਪਹਿਲਾਂ ਇਸ ਮਾਰਕਿਟ ਵਿਚ ਪਤਾ ਕਰ ਲਿਆ ਜਾਵੇ। ਮੈਂ ਤਾਂ ਉਸ ਦੇ ਸੁਝਾਅ ਦਾ ਮਜ਼ਾਕ ਉਡਾਇਆ ਸੀ, ਕਿਹਾ ਸੀ- ਪੁਲਸੀਏ ਨੂੰ ਇੱਥੇ ਵੀ ਚੋਰ ਬਾਜ਼ਾਰ ਹੀ ਪਸੰਦ ਆਇਆ ਹੈ। ਕਿਉਂਕਿ ਕਈ ਲੋਕ ਇਸ ਮਾਰਕਿਟ ਨੂੰ ਇੰਡੀਆ ਦੇ ਚੋਰ ਬਾਜ਼ਾਰਾਂ ਵਰਗਾ ਹੀ ਸਮਝਦੇ ਹਨ ਪਰ ਮਾਸਟਰ ਨੂੰ ਐੱਸ.ਪੀ. ਦਾ ਸੁਝਾਅ ਚੰਗਾ ਲੱਗਿਆ ਸੀ। ਉਸ ਕੋਲ਼ ਕਾਰ ਦਾ ਫੁੱਲ ਇੰਸ਼ੋਰੈਂਸ ਨਹੀਂ, ਇਸ ਲਈ ਕਾਰ ਰਿਪੇਅਰ ਦਾ ਪੂਰਾ ਬਿੱਲ ਉਹਨੂੰ ਪੱਲਿਉਂ ਦੇਣਾ ਪੈਣਾ ਸੀ। ਇਸ ਮਾਰਕਿਟ ਵਿਚ ਕੰਮ ਸਸਤਾ ਹੋ ਸਕਦਾ ਸੀ, ਇਸ ਲਈ ਇੱਥੇ ਆਉਣ ਦਾ ਫ਼ੈਸਲਾ ਹੋ ਗਿਆ ਸੀ।

ਇਸ ਮਾਰਕਿਟ ਵਿਚ ਮੈਂ ਪਹਿਲਾਂ ਕਦੇ ਨਹੀਂ ਸੀ ਆਇਆ। ਇੰਝ ਲੱਗਦਾ ਸੀ, ਇਸ ਨੂੰ ਮਾਰਕਿਟ ਕਹਿਣਾ ਇਸ ਸ਼ਬਦ ਦੀ ਹੇਠੀ ਕਰਨਾ ਹੈ। ਟੁੱਟੀ-ਭੱਜੀ ਸੜਕ। ਪੰਜਾਬ ਦੇ ਕੱਚੇ ਰਾਹਾਂ ਤੋਂ ਵੀ ਗਈ ਗੁਜ਼ਰੀ। ਦੋਹੀਂ ਪਾਸੀਂ ਸਟੋਰ। ਸਟੋਰ ਘੱਟ, ਟੀਨ ਦੇ ਖੋਖੇ ਵੱਧ ਲੱਗਦੇ ਸਨ। ਹਰ ਪਾਸੇ ਕਾਰਾਂ ਦੇ ਪੁਰਜ਼ੇ ਤੇ ਡੁੱਲ੍ਹੇ ਤੇਲ ਦੇ ਦਾਗ਼। ਤੇਲ ਅਤੇ ਕਾਲਖ ਰੰਗੇਕੱਪੜਿਆਂ ਵਿਚ ਕੰਮ ਕਰਦੇ ਮਕੈਨਿਕ। ਕੜਕਦੀ ਧੁੱਪ ਵਿਚ ਰੇੜ੍ਹੀਆਂ ਵਿਚ ਕਾਰਾਂ ਦਾ ਭਾਰੀ ਭਰਕਮ ਪਾਰਟ ਧੱਕਦੇ ਪਸੀਨੋ-ਪਸੀਨੀ ਹੋਏ ਮਜ਼ਦੂਰ...।

ਕੋਈ 30 ਸਾਲ ਪਹਿਲਾਂ ਜਦ ਮੈਂ ਫਲੱਸ਼ਿੰਗ (ਕੁਈਨਜ਼) ਇਲਾਕੇ ਵਿਚ ਰਹਿੰਦਾ ਸੀ, ਉਦੋਂ ਮੈਂ ਰੋਜ਼7 ਨੰਬਰ ਸਬਵੇ ਟਰੇਨ ਰਾਹੀਂ ਇੱਥੋਂ ਦੀ ਬਰੌਂਕਸ ਜਾਇਆ ਕਰਦਾ ਸੀ।ਉਦੋਂ ਫਲੱਸ਼ਿੰਗ ਨੂੰ ਬਾਕੀ ਕੁਈਨਜ਼ ਤੋਂ ਵੱਖ ਕਰਦਾ ਰਿਵਰ ਕਾਫੀ ਸੁੱਕ ਚੁੱਕਾ ਸੀ। ਸੋ, ਇੱਥੇਵੈੱਟ ਲੈਂਡ ਹੀ ਹੁੰਦੀ ਸੀ। ਦਿੱਭ ਉੱਗੀ ਹੁੰਦੀ ਸੀ। ਕਿਧਰੇ ਛਪੜੀਆਂ ਵਿਚ ਤਰੱਕਿਆ ਪਾਣੀ ਖਲੋਤਾ ਹੁੰਦਾ ਸੀ।ਸਿਰਫ਼ ਇਕ ਪਾਸੇ 'ਜੰਕ ਯਾਰਡ' ਹੁੰਦਾ ਸੀ ਜਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਟੁੱਟੀਆਂ ਭੱਜੀਆਂ ਕਾਰਾਂਪ੍ਰੈੱਸ ਕਰ ਕੇ ਉਪਰ ਦੇ ਉਪਰ ਰੱਖੀਆਂ ਹੁੰਦੀਆਂ ਸਨ। ਕਾਰਾਂ ਦੇ ਪਾਰਟ ਚਿਣ ਕੇ ਰੱਖੇ ਹੁੰਦੇ ਸਨ।

ਇਸ ਤੋਂ ਕਾਫੀ ਹਟਵਾਂ ਰੂਜ਼ਵੈਲਟ ਐਵਿਨਿਊ 'ਤੇ ਸ਼ੀਆ ਸਟੇਡੀਅਮ ਹੁੰਦਾ ਸੀ।

ਸ਼ੀਆ ਸਟੇਡੀਅਮ ਦੀ ਥਾਂ ਹੁਣ ਸਿਟੀ ਫੀਲਡ ਸਟੇਡੀਅਮ ਉੱਸਰ ਚੁੱਕਾ ਹੈ। ਵੈੱਟ ਲੈਂਡ ਵਾਲੀ ਥਾਂ ਇਹ ਉਬੜ-ਖਾਬੜ ਮਾਰਕਿਟ ਹੋਂਦ ਵਿਚ ਆ ਗਈ ਹੈ ਪਰ ਨਿਊਯਾਰਕ ਦੇ ਮੈਪ 'ਤੇ ਅਜੇ ਵੀ ਇਸ ਮਾਰਕਿਟ ਦੀ ਕੋਈ ਹੋਂਦ ਨਹੀਂ ਸਗੋਂ ਅਜੇ ਵੀ ਵੈੱਟ ਲੈਂਡ ਹੀ ਹੈ।

ਅਸੀਂ ਬਾਰਾਂ ਕੁ ਵਜੇ ਇੱਥੇ ਪੁੱਜ ਗਏ ਸੀ। ਇਕ ਦੋ ਦੁਕਾਨਾਂ ਤੋਂ ਪੁੱਛਿਆ। ਇਕ ਦੁਕਾਨ ਵਾਲਾ ਸੱਤ ਸੌ ਡਾਲਰਾਂ ਵਿਚ ਪੂਰਾ ਕੰਮ ਕਰਨ ਲਈ ਮੰਨ ਗਿਆ। ਉਸ ਨੂੰ ਕਾਰ ਦੇ ਕੇ ਅਸੀਂ ਆਰਾਮ ਕਰਨ ਲਈ ਕੋਈ ਥਾਂ ਢੂੰਡਣ ਲੱਗ ਪਏ ਪਰ ਪੂਰੀ ਮਾਰਕਿਟ ਵਿਚ ਸਾਨੂੰ ਕੋਈ ਠੰਢੀ ਥਾਂ ਆਰਾਮ ਕਰਨ ਲਈ ਨਾ ਲੱਭ ਸਕੀ। ਗਰਮੀ ਵੀ ਅੱਤ ਦੀ ਸੀ। ਸਵੇਰੇ ਹੀ ਟੈਂਪਰੇਚਰ 92 ਡਿਗਰੀ ਨੂੰ ਟੱਪ ਗਿਆ ਸੀ। ਇਹ ਮਾਰਕਿਟ ਭੱਠੀ ਬਣੀ ਹੋਈ ਸੀ। ਅਸੀਂ ਘੁੰਮ ਫਿਰ ਕੇ ਦੇਖਿਆ, ਕੋਈ ਦੁਕਾਨ ਏਅਰਕੰਡੀਸ਼ਨਡ ਹੋਣ ਦੀ ਤਾਂ ਗੱਲ ਹੀ ਛੱਡੋ, ਕਿਸੇ ਵਿਚ ਬੈਠਣ ਲਈ ਕੁਰਸੀ ਤਕ ਨਹੀਂ ਸੀ। ਦੂਰ ਤਕ ਕਿਧਰੇ ਕੋਈ ਦਰਖ਼ਤ ਵੀ ਨਹੀਂ ਸੀ ਜਿਸ ਦੀ ਛਾਵੇਂ ਖੜ੍ਹ ਸਕੀਏ।

ਮਕੈਨਿਕ ਨੇ ਪੰਜ ਵਜੇ ਤਕ ਕਾਰ ਠੀਕ ਕਰਨ ਦਾ ਭਰੋਸਾ ਦਿੱਤਾ ਸੀ। ਇਸ ਲਈ ਪੰਜ ਘੰਟੇ ਇਸੇ ਭੱਠੀ ਵਰਗੇ ਬਾਜ਼ਾਰ ਵਿਚ ਗੁਜ਼ਾਰਨ ਦੀ ਸਾਡੀ ਮਜਬੂਰੀ ਬਣ ਗਈ ਸੀ। ਇਕ ਤਾਂ ਮਾਸਟਰ ਦਾ ਖਿਆਲ ਸੀ ਕਿ ਕਾਰ 'ਤੇ ਨਜ਼ਰ ਰੱਖੀ ਜਾਣੀ ਚਾਹੀਦੀ ਹੈ। ਦੂਜਾ ਕੋਈ ਵੀ ਮਾਰਕਿਟ ਇੱਥੋਂ ਘੱਟੋ-ਘੱਟ ਤਿੰਨ ਚਾਰ ਮੀਲ ਦੂਰ ਸੀ। ਏਨੀ ਗਰਮੀ ਵਿਚ ਏਨਾ ਤੁਰਨ ਦੀ ਸਾਡੇ ਵਿਚ ਹਿੰਮਤ ਵੀ ਹੈ ਨਹੀਂ ਸੀ। ਜਦ ਇਹ ਮਾਰਕਿਟ ਨਕਸ਼ੇ ਵਿਚ ਹੀ ਨਹੀਂ, ਊਬਰ ਸਰਵਿਸ ਇੱਥੇ ਆਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਅਸੀਂ ਕੜਕਦੀ ਧੁੱਪ ਵਿਚ ਸੜਦੇ ਭੁੱਜਦੇ, ਇੱਥੇ ਹੀ ਕੋਈ ਰੈਸਟੋਰੈਂਟ ਢੂੰਡਣ ਲੱਗੇ। ਇਕ 'ਡੇਲੀ' ਦਾ ਸਾਈਨ ਦਿਸਿਆ, ਤੁਰਦੇ ਤੁਰਦੇ ਆਸ ਨਾਲ ਉੱਥੇ ਪੁੱਜੇ ਤਾਂ ਉਹ ਸਾਲਾਂ ਦੀ ਬੰਦ ਪਈ ਜਾਪੀ। ਸਾਡੇ ਲਈ ਇਕ ਇਕ ਮਿੰਟ ਕੱਟਣਾ ਔਖਾ ਹੋ ਰਿਹਾ ਸੀ। ਅਖੀਰ ਘੁੰਮਦੇ ਫਿਰਦਿਆਂ ਇਕ ਦੁਕਾਨ ਦਾ ਤਿੰਨ ਕੁ ਫੁੱਟ ਚੌੜਾ ਪਰਛਾਵਾਂ ਦਿਸਿਆ, ਅਸੀਂ ਉੱਥੇ ਹੀ ਜਾ ਖੜ੍ਹੇ ਹੋਏ।

ਇੰਝ ਲੱਗ ਰਿਹਾ ਸੀ ਜਿਵੇਂ ਅਸੀਂ ਕਿਸੇ ਰੇਗਿਸਤਾਨ ਵਿਚ ਭਟਕ ਰਹੇ ਹਾਂ ਤੇ ਕਿਸੇ ਸੁੱਕੀ ਸੜੀ ਕਿੱਕਰ ਦੀ ਤਿੱਤਰ ਖੰਭੀ ਛਾਂ ਹੇਠ ਆ ਖਲੋਤੇ ਹਾਂ। ਪਸੀਨੇ ਨਾਲ ਭਿੱਜ ਗਏ ਸੀ। ਬੁੱਲ੍ਹਾਂ ਉਪਰ ਪਿਆਸ ਨਾਲ ਸਿਕੜੀ ਜੰਮਣ ਲੱਗ ਪਈ ਸੀ। ਮੈਂ ਦੋਹਾਂ ਦੋਸਤਾਂ ਨੂੰ ਕੋਸ ਰਿਹਾ ਸੀ। ਐੱਸ.ਪੀ. ਨੂੰ ਇੱਥੋਂ ਦਾ ਸੁਝਾਅ ਦੇਣ ਲਈ ਅਤੇ ਮਾਸਟਰ ਨੂੰ ਬੱਚਤ ਦਾ ਲਾਲਚ ਕਰਨ ਲਈ ਪਰ ਹੁਣ ਗਰਮੀ ਬਰਦਾਸ਼ਤ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ।

ਐੱਸ.ਪੀ. ਕਹਿਣ ਲੱਗਾ- ਫੌਜੀਆ, ਕਿਉਂ ਮਰਦਾ ਜਾਨਾਂ, ਵਾਢੀਆਂ ਦਾ ਚੇਤਾ ਭੁੱਲ ਗਿਆ? ਜੇਠ ਹਾੜ੍ਹ ਦੀਆਂ ਤਪਦੀਆਂ ਧੁੱਪਾਂ ਵਿਚ ਕਣਕਾਂ ਵੱਢਦੇ ਹੁੰਦੇ ਸੀ। ਸਾਰਾ ਸਾਰਾ ਦਿਨ ਪਿੱਠ ਲੂਹ ਹੋ ਜਾਂਦੀ ਸੀ।

ਵਾਢੀਆਂ ਚੇਤੇ ਆਉਣ ਨਾਲ ਗਰਮੀ ਸਹਿਣ ਦੀ ਸ਼ਕਤੀ ਜਿਹੀ ਆ ਗਈ। ਵਾਢੀਆਂ ਦੀਆਂ ਗੱਲਾਂ ਯਾਦ ਆਉਣ ਲੱਗ ਪਈਆਂ।

ਮਾਸਟਰ ਨੇ ਐੱਸ.ਪੀ. ਨੂੰ ਟਿੱਚਰ ਕੀਤੀ- ਤੇਰੇ ਵਰਗੇ ਭੁੱਖੜ ਕਣਕਾਂ ਮੂਹਰੇ ਜਾਲ਼ ਵੀ ਲਗਾ ਲੈਂਦੇ ਸੀ, ਤਿੱਤਰ ਬਟੇਰ ਫੜਨ ਲਈ।

-ਏਹਦੇ ਵਿਚ ਮਾੜੀ ਗੱਲ ਕੀ ਸੀ? ਨਾਲ਼ੇ ਦੇਵੀ ਦੇ ਦਰਸ਼ਨ, ਨਾਲ਼ੇ ਮੁੰਜ ਬਗੜ। ਬੰਦ ਕਮਰਿਆਂ ਵਿਚ ਨਿਆਣੇ ਪੜ੍ਹਾਉਣ ਵਾਲੇ ਮਾਸਟਰਾਂ ਨੂੰ ਏਹਨਾਂ ਗੱਲਾਂ ਦਾ ਕੀ ਪਤਾ। ਐੱਸ.ਪੀ. ਨੇ ਜਵਾਬ ਦਿੰਦਿਆਂ ਮਾਸਟਰ ਦੇ ਗਿੱਟਿਆਂ 'ਚ ਵੀ ਲਾ ਦਿੱਤੀ।

ਐੱਸ.ਪੀ. ਤੇ ਮਾਸਟਰ ਦੀ ਨੋਕ ਝੋਕ ਵਿਚ ਮੈਂ ਸ਼ਾਮਲ ਹੋਣ ਹੀ ਲੱਗਾ ਸੀ ਕਿ ਦੇਖਿਆ, ਇਕ ਕੁੜੀ ਬਕਸਾ ਨੁਮਾ ਰੇੜ੍ਹੀ ਧੱਕਦੀ ਆ ਰਹੀ ਹੈ। ਅਸੀਂ ਉਸ ਵੱਲ ਦੇਖਣ ਲੱਗ ਪਏ।

ਵੀਹ-ਬਾਈ ਸਾਲਾਂ ਦੀ ਭਰ ਜਵਾਨ ਸਪੈਨਿਸ਼ ਕੁੜੀ। ਗੋਰਾ ਦਗ ਦਗ ਕਰਦਾ ਰੰਗ। ਪੰਜਾਬਣਾਂ ਵਰਗੇ ਤਿੱਖੇ ਨੈਣ ਨਕਸ਼। ਗੁਦਗੁਦਾ ਭਰਵਾਂ ਸਰੀਰ। ਧੁੱਪ ਨਾਲ਼ ਮੂੰਹ ਲਾਲ ਸੂਹਾ। ਅਸੀਂ ਉਸ ਵੱਲ ਦੇਖਦੇ ਹੀ ਰਹਿ ਗਏ। ਮਿੰਟ ਦੀ ਮਿੰਟ ਸਾਨੂੰ ਗਰਮੀ ਭੁੱਲ ਗਈ। ਕੋਲ਼ ਆਈ ਤਾਂ ਪਤਾ ਲੱਗਾ, ਉਹ ਆਈਸ ਕਰੀਮ ਵੇਚ ਰਹੀ ਸੀ।

ਅਸੀਂ ਉਸ ਕੋਲ਼ੋਂ ਆਈਸ ਕਰੀਮ ਲੈ ਕੇ ਚੂਸਣ ਲੱਗ ਪਏ। ਆਈਸ ਕਰੀਮ ਕਾਹਦੀ, ਨਿਰਾ ਮਿੱਠਾ ਪਾਣੀ ਹੀ ਜਮਾਇਆ ਹੋਇਆ ਸੀ ਪਰ ਉਸ ਵੇਲ਼ੇ ਉਹ ਆਈਸ ਕਰੀਮ ਵੀ ਸਾਡੇ ਲਈ ਨਿਆਮਤ ਹੋ ਨਿਬੜੀ। ਪਿਆਸ ਬੁਝਾਉਣ ਲਈ ਕੁਝ ਤਾਂ ਮਿਲਿਆ ਸੀ।

ਉਹ ਕੁੜੀ ਪੈਸੇ ਲੈ ਕੇ ਰੇੜ੍ਹੀ ਧੱਕਦੀ ਅੱਗੇ ਤੁਰ ਗਈ। ਐੱਸ.ਪੀ. ਉਸ ਨੂੰ ਜਾਂਦੀ ਨੂੰ ਲਗਾਤਾਰ ਦੇਖੀ ਗਿਆ। ਕਹਿਣ ਲੱਗਾ- ਮਾਸਟਰ, ਇਹ ਕੁੜੀ ਦਿਹਾੜੀ ਦੇ ਕਿੰਨੇ ਕੁ ਬਣਾ ਲੈਂਦੀ ਹਊ?

-ਬਣਾ ਲੈਂਦੀ ਹਊ ਪੰਜਾਹ ਸੱਠ ਡਾਲਰ। ਮਾਸਟਰ ਨੇ ਕਿਹਾ।

-ਸਿਰਫ਼! ਇਹਨੂੰ ਕਹਿ ਮੇਰੇ ਨਾਲ ਇਕ ਘੰਟੇ ਲਈ ਮੋਟਲ ਵਿਚ ਚੱਲੇ, ਸੌ ਡਾਲਰ ਦਊਂ। ਐੱਸ.ਪੀ. ਨੇ ਭੁੱਖੀਆਂ ਨਜ਼ਰਾਂ ਨਾਲ ਕੁੜੀ ਵੱਲ ਦੇਖਦਿਆਂ ਕਿਹਾ।

-ਸ਼ਰਮ ਕਰ, ਐੱਸ.ਪੀ.। ਆਪਣੀ ਧੌਲ਼ੀ ਦਾਹੜੀ ਦੀ ਹੀ ਸ਼ਰਮ ਕਰ। ਮਾਸਟਰ ਨੇ ਚੋਟ ਮਾਰੀ।

-ਯਾਰ, ਏਹਦਾ ਹੱਕ ਐ। ਵਿਚਾਰਾ ਛੜਾ ਜੂ ਹੋਇਆ। ਮੈਂ ਸੁਆਦ ਲੈਂਦਿਆਂ ਕਿਹਾ।

ਕੋਵਿਡ ਮਹਾਮਾਰੀ ਦੇ ਪਹਿਲੇ ਹੱਲੇ ਹੀ ਐੱਸ.ਪੀ. ਦੀ ਪਤਨੀ ਉਸ ਦਾ ਸ਼ਿਕਾਰ ਹੋ ਗਈ ਸੀ। ਉਦੋਂ ਅਸੀਂ ਆਪਣੇ ਦੋਸਤ ਦੇ ਗ਼ਮ ਵਿਚ ਵੀ ਸ਼ਾਮਿਲ ਨਹੀਂ ਸੀ ਹੋ ਸਕੇ। ਵਿਚਾਰੀ ਦਾ ਕਿਰਿਆ ਕਰਮ ਵੀ 'ਆਨ ਲਾਈਨ ਲਾਈਵ' ਦੇਖਿਆ ਸੀ। ਹੁਣ ਸਮੇਂ ਨਾਲ ਜ਼ਖ਼ਮ ਭਰ ਚੁੱਕੇ ਹਨ। ਹੁਣ ਐੱਸ.ਪੀ. ਸਾਡੇ ਮਜ਼ਾਕ ਲਈ ਛੜਾ ਹੋ ਗਿਆ ਹੈ।

ਜਦ ਤਕ ਉਹ ਕੁੜੀ ਦਿਸਦੀ ਰਹੀ, ਐੱਸ.ਪੀ. ਉਸ ਨੂੰ ਲਗਾਤਾਰ ਦੇਖੀ ਗਿਆ। ਜਦ ਅੱਖਾਂ ਤੋਂ ਉਹਲੇ ਹੋ ਗਈ, ਸੁਆਦ ਲੈ ਲੈ ਆਈਸ ਕਰੀਮ ਚੂਸਣ ਲੱਗ ਪਿਆ।

-ਐੱਸ.ਪੀ, ਆਈਸ ਕਰੀਮ ਈ ਚੂਸਦਾਂ ਕਿ...।ਮਾਸਟਰ ਨੇ ਉਸ ਵੱਲ ਦੇਖਦਿਆਂ, ਫਿਰ ਟਕੋਰ ਮਾਰੀ।

-ਮਾਸਟਰ, ਜੇ ਤੁਸੀਂ ਲੋਕ ਕਲਾਸਾਂ ਵਿਚ ਨਿਆਣੇ ਦੇਖ ਕੇ ਉਹਨਾਂ ਦੀਆਂ ਮਾਵਾਂ ਦੀ ਕਲਪਨਾ ਕਰਦੇ ਰਹਿੰਦੇ ਹੋ ਤਾਂ ਮੈਨੂੰ ਕਲਪਨਾ ਦੰਦੀਆਂ ਵੱਢਦੀ ਆ?ਐੱਸ.ਪੀ. ਨੇ ਜਵਾਬੀ ਹਮਲਾ ਕਰ ਦਿੱਤਾ।

ਇਸ ਚੁੰਝ ਚਰਚਾ ਵਿਚ ਸਾਨੂੰ ਗਰਮੀ ਭੁੱਲੀ ਰਹੀ। ਜਦ ਤਕ ਆਈਸ ਕਰੀਮ ਮੁੱਕੀ, ਸਾਡੇ ਸਿਰਾਂ ਤੋਂ ਛਾਂ ਵੀ ਜਾਂਦੀ ਲੱਗੀ। ਅਸੀਂ ਫੇਰ ਉੱਥੋਂ ਤੁਰ ਪਏ, ਕੋਈ ਹੋਰ ਟਿਕਾਣਾ ਢੂੰਡਣ। ਇੱਧਰ ਉਧਰ ਫਿਰਦਿਆਂ ਢਾਈ ਤਿੰਨ ਘੰਟੇ ਬੀਤ ਗਏ ਸਨ। ਅਸੀਂ ਕਾਰ ਵਾਲੀ ਦੁਕਾਨ 'ਤੇ ਗਏ। ਮਕੈਨਿਕ ਨੇ ਅਜੇ ਕਾਰ ਉਪਰ ਕੰਮ ਵੀ ਸ਼ੁਰੂ ਨਹੀਂ ਸੀ ਕੀਤਾ।ਅਸੀਂ ਥੋੜ੍ਹਾ ਤਲ਼ਖ ਹੋਏ। ਦੁਕਾਨਦਾਰ ਨੇ ਇਕ ਮਕੈਨਿਕ ਕਾਰ 'ਤੇ ਲਗਾ ਦਿੱਤਾ। ਅਸੀਂ ਫਿਰ ਉੱਥੋਂ ਤੁਰ ਪਏ।

ਹੁਣ ਭੁੱਖ ਵੀ ਆਪਣਾ ਕਮਾਲ ਦਿਖਾਉਣ ਲੱਗ ਪਈ ਪਰ ਖਾਣਾ ਮਿਲਣ ਦੀ ਕੋਈ ਸੰਭਾਵਨਾ ਨਹੀਂ ਸੀ।

ਐੱਸ.ਪੀ. ਕਹਿਣ ਲੱਗਾ- ਯਾਰ, ਇਹਨਾਂ ਲੋਕਾਂ ਨੂੰ ਭੁੱਖ ਨਹੀਂ ਲੱਗਦੀ? ਏਥੇ ਇਕ ਵੀ ਰੈਸਟੋਰੈਂਟ ਨਹੀਂ ਨੇੜੇ-ਤੇੜੇ।

ਮੈਨੂੰ ਯਾਦ ਆਇਆ, ਜਦ ਮੈਂ ਅਮਰੀਕਾ ਨਵਾਂ ਨਵਾਂ ਆਇਆ ਸੀ, ਇਕ ਫੁੱਲ ਸਰਵਿਸ ਗੈਸ ਸਟੇਸ਼ਨ 'ਤੇ ਕੰਮ ਕਰਨ ਲੱਗਾ ਸੀ। ਅਸੀਂ ਉਦੋਂ ਅਪਾਰਟਮੈਂਟ ਵਿਚ ਪੰਜ ਜਣੇ ਰਹਿੰਦੇ ਸੀ। ਅਸੀਂ ਸਾਰੇ ਹੀ ਕੱਚੇ ਸੀ। ਅਸੀਂ ਰਾਤ ਦੀ ਰੋਟੀ ਬਣਾਉਂਦੇ ਹੋਏ, ਅਗਲੇ ਦਿਨ ਦੁਪਹਿਰ ਲਈ ਵੀ ਰੋਟੀ ਬਣਾ ਲੈਂਦੇ ਸੀ ਤੇ ਕੰਮ 'ਤੇ ਨਾਲ ਲੈ ਆਉਂਦੇ ਸੀ। ਕਦੇ ਮੁੱਲ ਲੈ ਕੇ ਖਾਣਾ ਨਹੀਂ ਸੀ ਖਾਧਾ। ਉਦੋਂ ਪੀਜ਼ੇ ਦੀ ਇਕ ਸਲਾਈਸ ਲੈਣ ਲਈ ਵੀ ਡਾਲਰ ਖਰਚਣ ਦੀ ਹਿੰਮਤ ਨਹੀਂ ਸੀ ਪੈਂਦੀ। ਡਾਲਰ ਨੂੰ ਇੰਡੀਅਨ ਰੁਪਈਆਂ ਨਾਲ ਗੁਣਾਂ ਕਰਕੇ ਦੇਖਦੇ ਸੀ ਅਤੇ ਏਨੀ ਰਕਮ ਖਰਚਣ ਤੋਂ ਡਰ ਜਾਂਦੇ ਸੀ। ਇਕ ਦਿਨ ਮੈਂ ਰੋਟੀ ਨਾਲ ਨਾ ਲਿਆ ਸਕਿਆ, ਦੁਪਿਹਰ ਨੂੰ ਜਦ ਉਸ ਪਾਸੇ ਫੂਡ ਟਰੱਕ ਆਇਆ, ਮੈਂ ਵੀ ਭੱਜ ਕੇ ਸੈਂਡਵਿਚ ਲੈਣ ਗਿਆ। ਮੈਨੂੰ ਦੇਖ ਕੇ ਆਲ਼ੇ ਦੁਆਲ਼ੇ ਦੇ ਸਟੋਰਾਂ ਵਾਲਿਆ ਨੇ ਰੌਲ਼ਾ ਪਾ ਦਿੱਤਾ- ਓ ਗੁੱਡ ਨਿਊਜ਼, ਟੂਡੇ ਸਿੰਘ ਇਜ਼ ਹੈਵਿੰਗ ਲੰਚ!

ਮੈਂ ਸ਼ਰਮਿੰਦਾ ਜਿਹਾ ਹੋ ਕੇ ਸੈਂਡਵਿਚ ਲੈ ਕੇ ਮੁੜ ਆਇਆ ਸੀ।

ਇਹ ਗੱਲ ਯਾਦ ਆਉਂਦਿਆਂ ਹੀ ਮੈਂ ਇਹਨਾਂ ਦੁਕਾਨਾਂ ਦੇ ਮਜ਼ਦੂਰਾਂ ਅਤੇ ਮਕੈਨਕਾਂ ਨੂੰ ਆਪਣੇ ਵਰਗੇ ਸਮਝਣ ਲੱਗ ਪਿਆ। ਇਹ ਲੋਕ ਵੀ ਸਾਡੇ ਵਾਂਗ ਹੀ ਅਜੇ ਨਵੇਂ ਹੋਣਗੇ...। ਡਾਲਰ ਖਰਚਣ ਤੋਂ ਡਰਦੇ ਹੋਣਗੇ। ਮੈਂ ਇਹਨਾਂ ਨਾਲ ਆਪਣਾ ਨਾਤਾ ਜਿਹਾ ਮਹਿਸੂਸ ਕਰਨ ਲੱਗ ਪਿਆ।

ਅਮਰੀਕਾ ਨੂੰ ਪਰਵਾਸੀਆਂ ਦਾ ਦੇਸ਼ ਕਿਹਾ ਜਾਂਦਾ ਹੈ। ਦੁਨੀਆ ਭਰ ਤੋਂ ਲੋਕ ਔਖੇ ਹਾਲੀਂ ਇੱਥੇ ਆਉਂਦੇ ਹਨ। ਮਿਹਨਤ ਕਰਦੇ ਹਨ, ਸਫਲ ਹੁੰਦੇ ਹਨ। ਫਿਰ ਉਨ੍ਹਾਂ ਦੀ ਥਾਂ ਨਵੇਂ ਪਰਵਾਸੀ ਆ ਜਾਂਦੇ ਹਨ,ਮਿਹਨਤ ਕਰਦੇ ਆਪ ਖੁਸ਼ਹਾਲ ਹੁੰਦੇ ਹਨ।ਦੇਸ ਵੀ ਖੁਸ਼ਹਾਲ ਹੁੰਦਾ ਚਲਾ ਜਾਂਦਾ ਹੈ।

ਮੈਂ ਸੋਚਦਾ ਹਾਂ, ਜਦ ਮੈਂ ਅਮਰੀਕਾ ਆਇਆ ਸੀ, ਲੌਂਗ ਆਈਲੈਂਡ ਦਾ ਸੁਪਨਾ ਲੈਣਾ ਵੀ ਔਖੀ ਗੱਲ ਲੱਗਦੀ ਸੀ। ਅੱਜ ਮੈਂ ਉਸੇ ਲੌਂਗ ਆਈਲੈਂਡ ਵਿਚ ਰਹਿੰਦਾ ਹਾਂ। ਕੱਲ੍ਹ ਨੂੰ ਇਹ ਸਭ ਲੋਕ ਵੀ ਕਿਤੇ ਦਾ ਕਿਤੇ ਪੁੱਜਜਾਣਗੇ...।

ਗਰਮੀ ਨਾਲ ਸਾਡੀਆਂ ਪਿੱਠਾਂ ਸੜਨ ਲੱਗ ਪਈਆਂ ਹਨ ਪਰ ਕਿਧਰੇ ਕੋਈ ਛਾਂ ਨਹੀਂ। ਬੈਠਣ ਨੂੰ ਕੋਈ ਥਾਂ ਨਹੀਂ। ਦੁਕਾਨਾਂ ਵਿਚ ਮਕੈਨਿਕ, ਮਜ਼ਦੂਰ ਸਭ ਆਪਣੇ ਕੰਮਾਂ ਵਿਚ ਮਸਰੂਫ ਹਨ। ਪਸੀਨਾ ਵਹਿ ਰਿਹਾ ਹੈਪਰ ਉਹਨਾਂ ਲਈ ਕੋਈ ਗਰਮੀ ਨਹੀਂ। ਕੁਝ ਮਜ਼ਦੂਰ ਨੰਗੇ ਪਿੰਡੇ ਟਰਾਲੀਆਂ ਉੱਪਰ ਭਾਰੇ-ਭਾਰੇ ਕਾਰਾਂ ਦੇ ਪਾਰਟ ਧੱਕਦੇ ਜਾ ਰਹੇ ਹਨ।ਇਕ ਮਾੜਚੂ ਜਿਹਾ ਭਾਰ ਧੱਕਦਾ ਜਾ ਰਿਹਾ ਹੈ।

ਸਾਨੂੰ ਉਹ ਕੁੜੀ ਫਿਰ ਨਜ਼ਰ ਆ ਗਈ। ਅਸੀਂ ਉਸ ਕੋਲ਼ ਗਏ।ਫਿਰ ਆਈਸ ਕਰੀਮ ਲਈ। ਸੋਚਿਆ, ਘੜੀ ਪਲ ਤਾਂ ਠੰਢਕ ਮਹਿਸੂਸ ਹੋਵੇਗੀ।

***(ਬਾਕੀ ਅਗਲੇ ਸਫੇ 'ਤੇ)***

# ਦੁਨੀਆ ਦੇ ਸ਼ਾਹਕਾਰ ਨਾਵਲ ਪੜ੍ਹਦਿਆਂ

*(ਸਫਾ 23 ਦਾ ਬਾਕੀ)*

ਗਿਆਨ, ਪਾਪ ਤੋਂ ਪੁੰਨ, ਨਰਕ ਤੋਂ ਸੁਰਗ, ਨਾਸਤਿਕਤਾ ਤੋਂ ਆਸਤਿਕਤਾ ਅਤੇ ਹਨੇਰੇ ਤੋਂ ਪ੍ਰਕਾਸ਼ ਤਕ ਦੀ ਲੰਬੀ ਯਾਤਰਾ ਹੈ। ਨਾਵਲ ਦੇ ਆਰੰਭ ਵਿਚ ਡਬਲ ਰੋਟੀ ਮੁੱਢਲੀ ਜ਼ਰੂਰਤ ਦੇ ਤੌਰ 'ਤੇ ਪ੍ਰਮੁੱਖ ਸਥਾਨ ਰੱਖਦੀ ਹੈ ਤਾਂ ਅੰਤ ਵਿਚ ਆਤਮ-ਗਿਆਨ ਹੀ ਮਨੁੱਖੀ ਜ਼ਿੰਦਗੀ ਦੇ ਅੰਤਿਮ ਟੀਚੇ ਵਜੋਂ ਉਭਰਦਾ ਹੈ। ਆਰੰਭ ਵਿਚ ਮਨੁੱਖ ਪਸ਼ੂ ਹੈ ਅਤੇ ਅੰਤ ਵਿਚ ਫ਼ਰਿਸ਼ਤਾ'।

ਰੂਸੀ ਲੇਖਕ ਚਿੰਗੀਜ਼ ਆਇਤਮਾਤੋਵ ਦਾ ਨਾਵਲ 'ਪਹਿਲਾ ਅਧਿਆਪਕ' ਜੰਗ ਬਹਾਦੁਰ ਗੋਇਲ ਨੇ ਇਸ ਸੰਗ੍ਰਹਿ 'ਚ ਸ਼ਾਮਿਲ ਕਰਨ ਦਾ ਕਾਰਨ ਦੱਸਿਆ ਹੈ ਕਿ ਇਹ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਵਾਲੇ ਅਧਿਆਪਕਾਂ ਦੀ ਮਹਿਮਾ ਵਿਚ ਲਿਖੀ ਗਈ ਪੁਸਤਕ ਹੈ। ਚਿੰਗੀਜ਼ ਆਇਤਮਾਤੋਵ ਨੇ ਰੂਸ ਦੇ ਸਭ ਤੋਂ ਔਖੇ ਸਮਿਆਂ ਵਿਚ ਸਭ ਤੋਂ ਵੱਧ ਪੱਛੜੇ ਇਲਾਕੇ ਵਿਚ ਲੋਕਾਂ ਦੀ ਅਨਪੜ੍ਹਤਾ, ਅਗਿਆਨਤਾ, ਔਰਤਾਂ ਦੀ ਦੁਰਦਸ਼ਾ, ਬਹੁ-ਪਤਨੀ ਪ੍ਰਥਾ, ਅਗਵਾ ਕੀਤੀ ਹੋਈ ਕੁੜੀ ਨਾਲ ਜ਼ੋਰ-ਜ਼ਬਰਦਸਤੀ ਨਾਲ ਹੋਈ ਸ਼ਾਦੀ ਨੂੰ ਸਮਾਜਿਕ ਮਾਨਤਾ, ਔਰਤਾਂ 'ਤੇ ਅਸਹਿ ਜ਼ੁਲਮ, ਔਰਤਾਂ ਨੂੰ ਗਵਾਰ ਅਤੇ ਜਾਹਿਲ ਬਣਾ ਕੇ ਰੱਖਣ ਦੀ ਸਮਾਜਿਕ ਬੁਰਾਈ, ਆਦਿ ਕਿੰਨੀਆਂ ਹੀ ਕੁਰੀਤੀਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਲਿਖਿਆ'। ਵਿਦਿਆ ਪੜ੍ਹਾਈ ਬਾਰੇ ਇਹ ਬਿਰਤਾਂਤ ਇਕ ਤਰ੍ਹਾਂ ਨਾਲ ਮਹਾਕਾਵਿ ਹੈ ਜੋ ਦੋ ਪਾਤਰਾਂ ਦੇ ਸੰਵਾਦ 'ਤੇ ਆਧਾਰਿਤ ਹੈ। ਇਸ ਨਾਵਲ ਦੇ ਦੋ ਬਿਰਤਾਂਤਕਾਰ ਭਾਵ ਦੋ ਕਥਾਕਾਰ ਹਨ। ਇਕ ਚਿੱਤਰਕਾਰ ਹੈ ਅਤੇ ਦੂਜਾ ਬਿਰਤਾਂਤ ਵਿਚ ਸਮਾਹਿਤ 'ਮੈਂ' ਦਾ ਕਿਰਦਾਰ। ਇਸ ਦਾ ਪ੍ਰਮੁੱਖ ਭਾਗ ਆਲਤੀਨਾਈ ਦਾ ਲਿਖਿਆ ਖ਼ਤ ਹੈ ਜੋ 'ਮੈਂ' ਕਿਰਦਾਰ ਨੂੰ ਸੰਬੋਧਿਤ ਹੈ। ਇਹ ਦੋਵੇਂ ਕਿਰਗਿਜ਼ਸਤਾਨ ਦੇ ਪਿੰਡ ਕੁਰਕੁਰੇਊ ਦੇ ਬਾਸ਼ਿੰਦੇ ਹਨ।

ਇਸ ਪੁਸਤਕ ਨੂੰ ਪੜ੍ਹਦਿਆਂ ਸਹਿਜੇ ਹੀ ਪਤਾ ਲੱਗਦਾ ਹੈ ਕਿ ਨਾਵਲਾਂ ਦੀ ਚੋਣ ਵੇਲੇ ਜੰਗ ਬਹਾਦੁਰ ਗੋਇਲ ਦੇ ਅਵਚੇਤਨ ਵਿਚ ਵਿਸ਼ਿਆਂ ਦੀ ਇਕ ਅਮੂਰਤ ਜਿਹੀ ਪਾਠਗਤ ਅਤੇ ਵਿਸ਼ੇਗਤ ਅੰਤਰ-ਸਾਂਝ ਕਾਰਜਸ਼ੀਲ ਹੈ। ਇਸ ਚੋਣ ਪਿੱਛੇ ਇਕ ਪ੍ਰਬੁੱਧ ਪਾਠਕ ਦੀ ਸਾਹਿਤ ਪ੍ਰਤੀ ਸਹਿਜ-ਸੰਤੁਲਿਤ ਸਮਝ ਹੈ ਜੋ ਉਸ ਨੇ ਸਾਲਾਂਬੱਧੀ ਸਾਹਿਤ ਅਧਿਐਨ 'ਚੋਂ ਕਮਾਈ ਹੈ। ਜੰਗ ਬਹਾਦੁਰ ਗੋਇਲ ਨੇ ਇਸ ਪ੍ਰਕਾਰ ਦੀ ਵਿਧਾ ਸਿਰਜੀ ਹੈ ਜਿਸ ਨਾਲ ਆਮ ਪਾਠਕ ਨੂੰ ਬੜੀ ਸਹੂਲਤ ਮਿਲੀ ਹੈ। ਉਸ ਨੂੰ ਨਾ ਸਿਰਫ਼ ਉੱਤਮ ਨਾਵਲ ਸਾਹਿਤ ਪ੍ਰਾਪਤ ਹੁੰਦਾ ਹੈ ਸਗੋਂ ਉਸ ਦੀ ਸਰਲ ਵਿਆਖਿਆ ਅਤੇ ਸਰਬਪੱਖੀ ਜਾਣਕਾਰੀ ਵੀ ਮਿਲਦੀ ਹੈ ਜਿਸ ਨਾਲ ਉਸ ਦੀ ਪਾਠ ਨਾਲ ਬੜੇ ਸੁਭਾਵਿਕ ਢੰਗ ਨਾਲ ਸਾਂਝ ਪੈ ਜਾਂਦੀ ਹੈ।

# ਪੰਜਾਬ 'ਚ ਨੌਜਵਾਨੀ ਦੇ ਘਾਣ ਦਾ 'ਅਨਸੈਂਸਰਡ ਕੌੜਾ ਸੱਚ' - ਕੈਟ

ਪੰਜਾਬ 'ਚ 1984 'ਚ ਆਪ੍ਰੇਸ਼ਨ 'ਬਲਿਊਸਟਾਰ', ਇੰਦਰਾ ਗਾਂਧੀ ਦੀ ਹੱਤਿਆ ਤੇ ਉਸ ਤੋਂ ਬਾਅਦ, ਦਿੱਲੀ ਸਿੱਖ ਕਤਲੇਆਮ ਤੋਂ ਬਾਅਦ ਵੱਡੇ ਪੱਧਰ 'ਤੇ ਚੱਲੀ ਵੱਖਵਾਦ ਦੀ ਲਹਿਰ ਨੂੰ ਖਤਮ ਕਰਨ ਲਈ, ਸਮੇਂ ਦੇ ਸਿਸਟਮ ਨੇ, ਪੁਲਿਸ ਨੂੰ ਬੇਸ਼ੁਮਾਰ ਤਾਕਤਾਂ ਬਖਸ਼, ਅਜਿਹਾ ਅਣਐਲਾਨਿਆ ਸ਼ਾਸਕ ਬਣਾ ਦਿੱਤਾ ਸੀ ਕਿ ਖਾੜਕੂਆਂ ਹੀ ਨਹੀਂ, ਆਮ ਲੋਕਾਂ ਨੇ ਵੀ ਕਿੰਨੇ ਕੁ ਸਾਹ ਲੈਣੇ ਨੇ, ਪੁਲਿਸ ਹੀ ਤੈਅ ਕਰਨ ਲੱਗ ਪਈ ਸੀ। ਅਜਿਹੇ ਕਾਲੇ ਦੌਰ 'ਚ ਕੁੱਝ ਪੁਲਿਸ ਅਫ਼ਸਰਾਂ ਨੇ, ਖਾੜਕੂਆਂ 'ਚ ਕਿਵੇਂ, ਆਪਣੇ ਕੈਟ ਭਰਤੀ ਕੀਤੇ, ਕਿਵੇਂ ਉਨ੍ਹਾਂ ਵਰਤੇ ਗਏ ਆਮ ਮੁੰਡਿਆਂ ਦੀ ਮੁਖਬਰੀ ਨੇ ਪੁਲਿਸ ਦੇ ਮੋਢੇ ਮੈਡਲਾਂ ਨਾਲ ਤੇ ਘਰ ਦੌਲਤਾਂ ਨਾਲ ਭਰ ਦਿੱਤੇ ਪਰ ਕਿਵੇਂ ਇਸ ਦੌਰ 'ਚ ਆਮ ਘਰਾਂ ਦੇ ਬੇਕਸੂਰ ਜੀਅ, ਦੋਵੇਂ ਧਿਰਾਂ ਦੇ ਤਸ਼ੱਦਦ ਦਾ ਸ਼ਿਕਾਰ ਹੋਏ ਤੇ ਫੇਰ ਅਗਲੇ ਕੁੱਝ ਸਾਲਾਂ ਬਾਅਦ ਨੌਜਵਾਨਾਂ ਦੇ ਖਾਤਮੇ ਦਾ, ਰਾਜਨੀਤਕ ਤਾਕਤਾਂ ਤੇ ਅਫਸਰਸ਼ਾਹੀ ਦੇ ਗੱਠਜੋੜ ਸਦਕਾ, ਅਜਿਹਾ 'ਚਿੱਟੇ ਅਤਿਵਾਦ' ਦਾ ਦੌਰ ਸ਼ੁਰੂ ਹੋਇਆ ਹੈ, ਜਿਸ ਨੇ ਸਿਵਿਆਂ ਦੇ ਰਾਹ ਪੱਧਰੇ ਕਰ ਦਿੱਤੇ, ਇਸ ਕੌੜੇ ਸੱਚ ਨੂੰ ਜਿਸ ਬੇਬਾਕ ਤਰੀਕੇ ਨਾਲ, ਨੈੱਟਫਲਿਕਸ 'ਤੇ ਬੀਤੇ ਦਿਨੀਂ ਰਿਲੀਜ਼ ਵੈੱਬਸੀਰੀਜ਼ 'ਕੈਟ' 'ਚ ਦਿਖਾਇਆ ਗਿਆ ਹੈ, ਉਹ ਬਾਕਮਾਲ ਹੈ। ਨਸ਼ੇ ਦੇ ਨਾਲ-ਨਾਲ ਪੰਜਾਬ 'ਚ ਪੁਲਿਸ 'ਤੇ ਰਾਜਨੀਤਿਕ ਕੰਟਰੋਲ, ਜਾਤੀਵਾਦ, ਧਰਮ ਪਰਿਵਰਤਨ, ਵਿਦੇਸ਼ ਜਾਣ ਦੀ ਅੰਨ੍ਹੀ ਦੌੜ, ਔਰਤ, ਸ਼ਰਾਬ, ਗਾਇਕ ਤੇ ਗੀਤ ਕੁੱਲ ਮਿਲਾ ਕੇ, ਫਿਲਮ ਬਣਾਉਣ ਵਾਲਿਆਂ, ਬਲਵਿੰਦਰ ਜੰਜੂਆ, ਰੁਪਿੰਦਰ ਚਹਿਲ ਤੇ ਜਿੰਮੀ ਸਿੰਘ ਨੇ, ਬਹੁਤ ਮਿਹਨਤ ਕੀਤੀ ਏ। ਇੰਝ ਜਾਪਦਾ ਹੈ ਜਿਵੇਂ ਉਨ੍ਹਾਂ ਪਿਛਲੇ 40 ਕੁ ਸਾਲਾਂ ਤੋਂ, ਪੰਜਾਬ ਦੇ ਘਰ-ਘਰ 'ਚ ਝਾਤੀ ਮਾਰੀ ਹੋਵੇ।

ਗੁਰਨਾਮ ਦੇ ਪ੍ਰਮੁੱਖ ਕਿਰਦਾਰ 'ਚ ਰਣਦੀਪ ਹੁੱਡਾ ਨੇ ਕੋਈ ਐਕਟਿੰਗ ਨਹੀਂ ਕੀਤੀ, ਕਿਉਂਕਿ ਉਹ ਅੱਠ ਐਪੀਸੋਡ ਦੀ ਲੰਮੀ ਵੈੱਬਸੀਰੀਜ਼ 'ਚ ਕਿੱਧਰੇ ਵੀ ਰਣਦੀਪ ਹੁੱਡਾ ਨਹੀਂ, ਗੁਰਨਾਮ ਸਿੰਘ ਹੀ ਲੱਗਦੈ, ਉਸਦੇ ਚਿਹਰੇ ਦੇ 'ਐਕਸਪਰੈਸ਼ਨਜ਼' ਬਹੁਤੀ ਥਾਈਂ ਤਾਂ ਤੁਹਾਡੇ ਧੁਰ-ਅੰਦਰ ਤੀਕ ਹਿੰਝੋੜ ਜਾਂਦੇ ਨੇ। ਮਾਂ-ਬਾਪ ਦਾ ਕਤਲ, ਭਰਾ ਦਾ ਚਿੱਟੇ ਦੇ ਦਲਦਲ 'ਚ ਪੈਣਾ, ਮੁਖਬਰੀ ਤੇ ਗੱਦਾਰੀ ਦੇ ਵਿਚਾਲੇ ਵੀ ਪਿਆਰ ਤੇ ਨੈਤਿਕਤਾ ਦੇ ਪੈਮਾਨੇ 'ਤੇ ਡੋਲਦਾ-ਜੂਝਦੇ ਗੁਰਨਾਮ (ਹੁੱਡਾ) ਦਾ ਕੰਮ ਵੇਖ, ਬਸ ਇਕੋ ਗੱਲ ਮੂੰਹੋਂ ਨਿਕਲਦੀ ਏ, ਵਾਹ! ਗੁਰਨਾਮ ਦੇ ਹੀ ਮੁੱਛ-ਫੁੱਟ ਰੋਲ 'ਚ ਜ਼ਬਰਦਸਤ ਐਕਟਿੰਗ ਕਰਦੇ ਹੋਏ 'ਗੈਰੀ' ਬਣੇ, 'ਅਭਿਸ਼ਾਂਤ ਰਾਣਾ' ਦੀਆਂ ਅੱਖਾਂ, ਉਸਦੇ ਮੂੰਹ ਤੋਂ ਵੱਧ ਬੋਲਦੀਆਂ ਜਾਪੀਆਂ। ਖਾੜਕੂ ਸਿੰਘਾਂ ਦਾ, ਪੁਲਿਸ ਤੇ ਸਿਸਟਮ ਦਾ ਹਰ ਪਾਸਾ, ਨਿਰਪੱਖ ਢੰਗ ਨਾਲ ਦਿਖਾਇਆ ਗਿਆ ਹੈ। ਭਾਵੇਂ ਫਿਲਮ ਦਾ ਅਸਲ ਹੀਰੋ ਰਣਦੀਪ ਹੁੱਡਾ ਹੈ, ਪਰ ਪੁਲਿਸ ਇੰਸਪੈਕਟਰ ਬਣਿਆ 'ਸ਼ਹਿਤਾਬ ਸਿੰਘ' ('ਸਵਿੰਦਰ ਵਿੱਕੀ') ਆਪਣੀ ਅਦਾਕਾਰੀ ਨਾਲ, ਸਾਰਿਆਂ ਨੂੰ ਖਾ ਗਿਆ ਹੈ। ਪੰਜਾਬ 'ਚ ਚਿੱਟੇ ਦੇ ਵਪਾਰ ਦੀ ਮਾਲਕ ਦੇ ਰੋਲ 'ਚ, ਤਾਕਤਵਰ ਕੈਬਨਿਟ ਮੰਤਰੀ 'ਮੈਡਮ ਔਲਖ' (ਗੀਤਾ ਅਗਰਵਾਲ) ਤੇ ਉਸਦੇ ਵਫ਼ਾਦਾਰ ਸਿਪਹਸਲਾਰ 'ਸ਼ਮਸ਼ੇਰ' (ਜੈਪ੍ਰੀਤ ਸਿੰਘ) ਨੇ, ਪੰਜਾਬ 'ਚ ਲੀਡਰਾਂ ਤੇ ਉਨ੍ਹਾਂ ਦੇ ਖਾਸਮ-ਖਾਸਾਂ ਦੀ, ਅਸਲ ਰਾਜਨੀਤਕ ਤਾਕਤ ਦੀ ਤਸਵੀਰ ਬਾਖੂਬੀ ਪੇਸ਼ ਕੀਤੀ ਹੈ, ਲੰਗੜੇ 'ਮੁਖਤਿਆਰ' ਦੇ ਕਿਰਦਾਰ 'ਚ ਸੁਖਵਿੰਦਰ ਚਹਿਲ ਨੇ ਪੂਰਾ ਮੇਲਾ ਲੁੱਟ ਲਿਆ ਹੈ, ਹਾਂ ਬਬੀਤਾ ਦੇ ਰੋਲ 'ਚ ਜਸਲੀਨ ਕੌਰ ਹੋਰ ਵਧੀਆ ਕਰ ਸਕਦੀ ਸੀ।

ਅਤਿਵਾਦੀ ਬਲਜੀਤ ਰਾਜਪੁਰੀਆ (ਗੁਰਿੰਦਰ ਮਕਣਾ) ਦਾ ਕਿਰਦਾਰ ਜਿੱਥੇ ਇਕ ਬਦਨਾਮ 'ਅਖੌਤੀ ਨਿਹੰਗ' ਤੇ ਨਕਲੀ ਖਾੜਕੂਆਂ ਦੇ ਨੇੜ-ਤੇੜ ਜਾਪਦਾ ਏ, ਉੱਥੇ ਹੀ ਕਈ ਥਾਈਂ ਸ਼ਹਿਤਾਬ ਸਿੰਘ ਨੂੰ ਵੇਖ ਬਿਲਕੁਲ, ਉਸ ਵੇਲੇ ਦੇ ਬੇਹੱਦ ਜ਼ਾਲਮ ਪੁਲਿਸ ਅਫ਼ਸਰ ਦੀ ਝਲਕ ਪੈਂਦੀ ਹੈ। ਇਸੇ ਤਰ੍ਹਾਂ 'ਲਾਡੀ' ਦਾ ਕਿਰਦਾਰ, ਸਾਫ ਤੌਰ 'ਤੇ ਪੰਜਾਬ ਦੇ ਨਸ਼ੇ ਦੇ ਕਾਰੋਬਾਰ 'ਚ ਫੜੇ ਗਏ, ਵੱਡੇ ਸਾਬਕਾ ਕਬੱਡੀ ਖਿਡਾਰੀ ਤੋਂ ਪ੍ਰੇਰਿਤ ਲੱਗਦੈ, ਹਾਲਾਂਕਿ ਇਸ ਫਿਲਮ ਦਾ ਕਲਾਈਮੈਕਸ ਅਪੱਚ ਜਿਹੀ ਤਾਂ ਕਰਦਾ ਹੈ ਪਰ ਇਸ ਨਾਲ ਅਗਲਾ ਭਾਗ ਬੇਹੱਦ ਜ਼ਬਰਦਸਤ ਬਣੇਗਾ। ਜਿਹੜੀ ਚੀਜ਼ ਫਿਲਮ 'ਚ ਰੜਕਦੀ ਹੈ, ਉਹ ਹੈ ਹਿੰਦੀ ਵੈੱਬਸੀਰੀਜ਼ ਬਣਾਉਣ ਲਈ, ਐਕਟਰਾਂ ਰਾਹੀਂ ਬਹੁਤ ਘੱਟ ਪੰਜਾਬੀ ਡਾਇਲਾਗ। ਕਈ ਥਾਈਂ ਬੇਲੋੜੇ ਅਸ਼ਲੀਲ ਸੀਨ ਤੇ ਹਿੰਦੀ 'ਚ ਗੰਦੀਆਂ ਗਾਲਾਂ, ਜੋ ਮਸਾਲਾ ਭਰਨ ਲਈ ਧੱਕੇ ਨਾਲ ਹੀ ਫਿੱਟ ਕੀਤੀਆਂ ਗਈਆਂ ਹਨ, ਫਿਜ਼ੂਲ ਜਾਪਦੀਆਂ ਨੇ, ਫਿਰ ਵੀ ਕੁਲ ਮਿਲਾ ਕੇ ਇਹ ਵੈੱਬਸੀਰੀਜ਼ ਬਾਕਮਾਲ ਹੈ, ਸ਼ੁਰੂ ਕਰਨ ਤੋਂ ਬਾਅਦ ਪੂਰੀ ਦੇਖੇ ਬਿਨਾਂ ਨ੍ਹੀਂ ਛੱਡੀ ਜਾ ਸਕਦੀ।

***-ਅਸ਼ੋਕ ਸੋਨੀ***

---

*(ਪਿਛਲੇ ਸਫੇ ਦਾ ਬਾਕੀ)*

ਤੁਰੇ ਜਾਂਦਿਆਂ ਸੜਕ ਦੇ ਇਕ ਕਿਨਾਰੇਵੱਡੀਆਂ ਵੱਡੀਆਂ ਸੀਮੈਂਟ ਤੇ ਕੰਕ੍ਰੀਟ ਦੀਆਂ ਸਲੈਬਾਂ ਖਲੋਤੀਆਂ ਦਿਸ ਪਈਆਂ। ਅਸੀਂ ਉਨ੍ਹਾਂ ਉਪਰ ਬੈਠ ਕੇ ਥੋੜ੍ਹਾ ਆਰਾਮ ਮਹਿਸੂਸ ਕੀਤਾ। ਲੱਤਾਂ ਨੂੰ ਚੰਗਾ ਚੰਗਾ ਲੱਗਾ।

ਮੈਂ ਕਿਹਾ- ਯਾਰ, ਇਹਨਾਂ ਲੋਕਾਂ ਨੇ ਤਾਂ 'ਵੈੱਟ ਲੈਂਡ' ਨੂੰ 'ਸਵੈੱਟ ਲੈਂਡ' ਬਣਾ ਰੱਖਿਆ।

ਮਾਸਟਰ ਕਹਿਣ ਲੱਗਾ- ਹਾਂ ਯਾਰ, ਇਹ ਲੋਕ ਧੰਨ ਦੇ ਹਨ। ਏਨੀ ਗਰਮੀ ਵਿਚ ਵੀ ਆਪਣੇ ਕੰਮਾਂ ਵਿਚ ਰੁਝੇਹੋਏ ਹਨ।

ਐੱਸ.ਪੀ. ਨੇ ਜੁਆਬ ਦਿੱਤਾ- ਜਦੋਂ ਸਾਉਣ ਭਾਦੋਂ ਦੀਆਂ ਕੜਕਦੀਆਂ ਹੁੰਮਸ ਭਰੀਆਂ ਧੁੱਪਾਂ ਵਿਚ ਜੱਟ ਮੱਕੀ ਦੀ ਗੁਡਾਈ ਕਰਦੇ ਹਨ ਤਾਂ ਉਹ ਧੰਨ ਦੇ ਨਹੀਂ ਸੀ ਹੁੰਦੇ?

ਮੈਨੂੰ ਯਾਦ ਆਇਆ, ਮੈਂ ਗੈਸ ਸਟੇਸ਼ਨ ਉੱਤੇ 12 ਘੰਟੇ ਦੀ ਡਿਊਟੀ ਦਿਆ ਕਰਦਾ ਸੀ। ਸਰਦੀਆਂ ਨੂੰ ਚੁਫੇਰੇ ਬਰਫ਼ਾਂ ਦੇ ਦੈੜ ਲੱਗੇ ਹੋਏ ਸਨ।ਮੈਂ ਸਵੇਰ ਦਾ ਗੈਸ ਪੰਪ ਕਰਨ ਲੱਗਾ ਹੋਇਆ ਸੀ। ਨੋਜ਼ਲਾਂ ਬਰਫ਼ ਵਰਗੀਆਂ ਠੰਢੀਆਂ ਸਨ। ਫੜਦਿਆਂ ਹੱਥ ਠੰਢ ਨਾਲ ਦੁਖਣ ਲੱਗ ਜਾਂਦੇ ਸੀ। ਦਸਤਾਨੇ ਪਹਿਨ ਕੇ ਪੈਸੇ ਗਿਣਨੇ ਔਖੇ ਸਨ। ਇਸ ਲਈ ਜਦ ਵੀ ਵਿਹਲ ਮਿਲਦੀ ਸੀ, ਜੇਬਾਂ ਵਿਚ ਹੱਥ ਪਾ ਕੇ ਨਿੱਘੇ ਕਰ ਲੈਂਦਾ ਸੀ। ਸ਼ਾਮ ਨੂੰ ਹਵਾ ਤੇਜ਼ ਹੋ ਗਈ ਅਤੇ ਬੂੰਦਾ-ਬਾਂਦੀ ਸ਼ੁਰੂ ਹੋ ਗਈ। ਟੈਂਪਰੇਚਰਮਾਈਨਸ ਬਾਈ ਤਕ ਚਲਾ ਗਿਆ। ਉਧਰ ਕਾਰਾਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ। ਇਹੋ ਜਿਹੇ ਭੈੜੇ ਮੌਸਮ ਵਿਚ ਲੋਕ 'ਸੈਲਫ ਸਰਵਿਸ' ਦੀ ਬਜਾਇ 'ਫੁੱਲ ਸਰਵਿਸ ਗੈਸ ਸਟੇਸ਼ਨ' ਤੋਂ ਹੀ ਗੈਸ ਲੈਣ ਭੱਜ ਪੈਂਦੇ ਹਨ। ਗੈਸ ਵੀ ਸਿਰਫ ਡਾਲਰ ਦੋ ਡਾਲਰ ਦੀ ਹੀ ਖਰੀਦਦੇ ਹਨ। ਮੈਂ ਨੱਸ ਨੱਸ ਕੰਮ ਕਰਦਾ ਰਿਹਾ। ਅਚਾਨਕ ਮੇਰੇ ਹੱਥ ਮੁੜਨੋਂ ਹਟ ਗਏ। ਨੋਜ਼ਲ ਫੜੀ ਹੀ ਨਾ ਜਾਵੇ। ਉਂਗਲ਼ਾਂ ਮੁੜ ਹੀ ਨਹੀਂ ਸੀ ਰਹੀਆਂ। ਮੈਂ ਘਬਰਾ ਗਿਆ। ਕੰਮ ਵਿਚੇ ਛੱਡ ਕੇ ਅੰਦਰ ਨੂੰ ਭੱਜਾ।ਦਫਤਰ ਵਿਚ ਮਘਦੇ ਹੀਟਰ ਉਪਰ ਹੀ ਹੱਥ ਰੱਖ ਦਿੱਤੇ। ਕਿੰਨੇ ਹੀ ਮਿੰਟਾਂ ਤਕ ਗਰਮੀ ਮਹਿਸੂਸ ਹੀ ਨਾ ਹੋਈ। ਬਾਹਰ ਕਾਰਾਂ ਵਾਲੇ ਹਾਰਨ ਮਾਰੀ ਜਾਣ। ਜਦੋਂ ਹੱਥ ਥੋੜ੍ਹੇ ਨਿੱਘੇ ਹੋਏ, ਮੈਂ ਫਿਰ ਜਾ ਕੇ ਗੈਸ ਪੰਪ ਕਰਨ ਲੱਗ ਪਿਆ ਸੀ।

ਮਾਸਟਰ ਦੀ ਗੱਲ ਮੈਨੂੰ ਬੀਤੇ ਵਿਚ ਲੈ ਗਈ ਸੀ, ਮੇਰੇ ਮੂੰਹੋਂ ਨਿਕਲਿਆ- ਮਾਸਟਰ, ਮਜਬੂਰੀ ਸਭ ਕੁਝ ਬਰਦਾਸ਼ਤ ਕਰਨ ਦੀ ਹਿੰਮਤ ਦੇ ਦਿੰਦੀ ਹੈ।

-ਫੌਜੀਆ, ਬੰਦ ਕਮਰਿਆਂ ਵਿਚ ਨਿਆਣੇ ਪੜ੍ਹਾਉਣ ਵਾਲ਼ੇ ਮਾਸਟਰ ਇਹਨਾਂ ਗੱਲਾਂ ਬਾਰੇ ਕੀ ਜਾਨਣ?ਐੱਸ.ਪੀ. ਨੇ ਫਿਰ ਮਾਸਟਰ ਨੂੰ ਧਰ ਲਿਆ।

-ਓਏ ਵੱਡਿਆ ਐੱਸ.ਪੀ., ਮੈਂ ਸਿੱਧਾ ਕੰਸਟ੍ਰਕਸ਼ਨ ਕੰਟਰੈਕਟਰ ਨਹੀਂ ਸੀ ਬਣ ਗਿਆ! ਨਿਊਯਾਰਕ ਦੀਆਂ ਸੜਕਾਂ ਉਪਰ ਸੀਮੈਂਟ ਰੇਤ ਦੀਆਂ ਘਾਣੀਆਂ ਕਰਦਾ ਰਿਹਾਂ। ਸਕਾਫਲਾਂ ਉਪਰ ਟੰਗ ਹੁੰਦਾ ਰਿਆਂ। ਤੇਰੇ ਵਾਂਗ ਮੈਂ ਕੋਈ ਪੁੱਤਰਾਂ ਦਾ ਬੁਲਾਇਆ ਇੱਥੇ ਨਹੀਂ ਆਇਆ ਤੇ ਮੁਫ਼ਤ ਦੀ ਪੈਨਸ਼ਨ ਨਹੀਂ ਕੁੱਟਦਾ। ਮਾਸਟਰ ਨੇ ਵੀ ਜਵਾਬੀ ਹਮਲਾ ਕਰ ਦਿੱਤਾ।

ਮੈਂ ਗੱਲ ਦਾ ਰੁਖ਼ ਬਦਲਣ ਲਈ ਕਿਹਾ- ਊਂ ਯਾਰ, ਇਸ ਦੇਸ਼ ਵਿਚ ਮਿਹਨਤ ਦਾ ਮੁੱਲ ਐ। ਮਿਹਨਤ ਨਾਲ ਇਨਸਾਨ ਅੱਗੇ ਵਧ ਸਕਦਾ। ਇੰਡੀਆ ਵਿਚ ਤਾਂ ਮਜ਼ਦੂਰ, ਸਾਰੀ ਉਮਰ ਹੀ ਮਜ਼ਦੂਰ ਰਹਿੰਦਾ...।

-ਤਾਂ ਹੀ ਤਾਂ ਸਾਰੀ ਦੁਨੀਆ ਏਥੇ ਨੂੰ ਭੱਜਦੀ ਐ। ਐੱਸ.ਪੀ. ਨੇ ਕਿਹਾ।

-ਜਿਹੜੇ ਆਪ ਨਹੀਂ ਭੱਜਦੇ, ਉਹਨਾਂ ਨੂੰ ਪੁੱਤ ਬੁਲਾ ਲੈਂਦੇ ਆ। ਮਾਸਟਰ ਨੇ ਫਿਰ ਉਸ ਦੇ ਗਿੱਟਿਆਂ 'ਤੇ ਲਗਾ ਦਿੱਤੀ।

ਮੈਂ ਆਪਣੀ ਗੱਲ ਜਾਰੀ ਰੱਖੀ- ਅੱਜ ਇਹਨਾਂ ਨੇ 'ਵੈੱਟ ਲੈਂਡ' ਨੂੰ 'ਸਵੈੱਟ ਲੈਂਡ' ਬਣਾਇਆ, ਕੱਲ੍ਹ ਨੂੰ 'ਡ੍ਰੀਮ ਲੈਂਡ' ਵੀ ਬਣਾ ਦੇਣਗੇ। ਅਜੇ ਇਹ ਬਾਜ਼ਾਰ ਨਿਊਯਾਰਕ ਦੇ ਨਕਸ਼ੇ 'ਤੇ ਵੀ ਨਹੀਂ, ਕੱਲ੍ਹ ਨੂੰ ਸਿਟੀ ਪ੍ਰਸ਼ਾਸਨ ਨੂੰ ਹੋਸ਼ ਆ ਈ ਜਾਣੀ ਆ। ਇਹ ਏਰੀਆ ਵੀ ਕਿਸੇ ਡਿਵੈਲਪਮੈਂਟ ਪਲੈਨ ਹੇਠ ਆ ਏ ਜਾਣਾ। ਏਥੇ ਵੀ ਵਧੀਆ ਸਟੋਰ ਤੇ ਵਰਕਸ਼ਾਪਾਂ ਉਸਰ ਜਾਣੀਆਂ।

ਮਾਸਟਰ ਨੇ ਮੇਰੀ ਹਾਂ ਵਿਚ ਹਾਂ ਮਿਲਾ ਦਿੱਤੀ- ਏਹਨਾਂ ਮਕੈਨਿਕਾਂ ਅਤੇ ਮਜ਼ਦੂਰਾਂ ਨੇ ਉਹਨਾਂ ਸਟੋਰਾਂ ਵਰਕਸ਼ਾਪਾਂ ਦੇ ਮਾਲਕ ਹੋਣੈ।

-ਹਾਂ, ਤੇ ਸਰਕਾਰ ਨੂੰ ਮਿਲੀਅਨ ਡਾਲਰ ਪ੍ਰੋਪਰਟੀ ਟੈਕਸ, ਸੇਲ ਟੈਕਸ ਤੇ ਆਮਦਨ ਟੈਕਸ ਆਉਣਾ ਸ਼ੁਰੂ ਹੋ ਜਾਣੈ।ਬਿਜਲੀ, ਫੋਨ ਵਰਗੀਆਂ ਸਹੂਲਤਾਂ ਦੇ ਬਿੱਲ ਵੱਖਰੇ...। ਮੈਂ ਕਿਹਾ।

ਐੱਸ.ਪੀ ਨੇ ਜਵਾਬ ਦਿੱਤਾ- ਫਿਰ ਏਥੇ ਵੀ ਸੱਤ ਸੌ ਦਾ ਕੰਮ, ਦੋ ਹਜ਼ਾਰ ਵਿਚ ਹੋਣ ਲੱਗ ਪੈਣਾ।

ਸਲੈਬਾਂ ਉਪਰ ਬੈਠਿਆਂ ਸਾਡੀਆਂ ਲੱਤਾਂ ਅੱਕਲਕਾਨ ਮਹਿਸੂਸ ਕਰਨ ਲੱਗ ਪਈਆਂ। ਸਾਡੇ ਪੈਰ ਧਰਤੀ ਉਪਰ ਨਹੀਂ ਸੀ ਲੱਗ ਰਹੇ। ਲਟਕਦੀਆਂ ਲੱਤਾਂ ਔਖ ਮਹਿਸੂਸ ਕਰਨ ਲੱਗ ਪਈਆਂ। ਅਸੀਂ ਉਠ ਕੇ ਖੜ੍ਹੇ ਹੋ ਗਏ। ਇੰਝ ਹੀ ਇਧਰ ਉਧਰ ਭਟਕਦਿਆਂ, ਸਾਢੇ ਪੰਜ ਵੱਜ ਗਏ। ਭੁੱਖ ਵੀ ਲੱਗ ਕੇ ਮਰ ਗਈ ਸੀ। ਅਸੀਂ ਕਾਰ ਦੇਖਣ ਇਕ ਵਾਰ ਫਿਰ ਉਸ ਦੁਕਾਨ 'ਤੇ ਗਏ। ਮਕੈਨਿਕ ਡੈਂਟ ਕੱਢ ਕੇ ਪ੍ਰਾਈਮਰ ਮਾਰ ਰਿਹਾ ਸੀ। ਅਜੇ ਘੱਟੋ-ਘੱਟ ਇਕ ਘੰਟਾ ਹੋਰ ਲੱਗ ਜਾਣਾ ਸੀ।

ਅਸੀਂ ਦੁਕਾਨ ਵਿਚੋਂ ਨਿਕਲੇ ਤਾਂ ਉਹ ਸੋਹਣੀ ਕੁੜੀ ਫਿਰ ਦਿਸ ਪਈ। ਅਸੀਂ ਉਸ ਕੋ਼ਲ ਚਲੇ ਗਏ। ਦੇਖਿਆ, ਉਹ ਕੋਕ ਵੀ ਵੇਚ ਰਹੀ ਸੀ। ਅਸੀਂ ਕੋਕ ਦੀਆਂ ਬੋਤਲਾਂ ਲੈ ਕੇ ਫਿਰ ਸੜਕੇ ਸੜਕ ਤੁਰ ਪਏ।

ਹੁਣ ਐੱਸ.ਪੀ. ਨੇ ਉਸ ਕੁੜੀ ਵੱਲ ਪਹਿਲਾਂ ਵਾਂਗ ਲਲਚਾਈਆਂ ਨਜ਼ਰਾਂ ਨਾਲ ਨਹੀਂ ਸੀ ਦੇਖਿਆ। ਕਹਿਣ ਲੱਗਾ- ਫੌਜੀ, ਯਾਦ ਐ ਜਦ ਵਾਢੀ ਕਰਦੇ ਹੁੰਦੇ ਸੀ ਤਾਂ ਪਿੰਡ ਦਾ ਝਿਊਰ ਵਹਿੰਗੀ ਉਪਰ ਘੜੇ ਲੱਦੀ ਖੇਤ ਖੇਤ ਪਾਣੀ ਪਿਆਉਂਦਾ ਹੁੰਦਾ ਸੀ?

-ਹਾਂ ਯਾਰ, ਇਹ ਕੁੜੀ ਤਾਂ ਉਹੋ ਹੀ ਕੰਮ ਕਰ ਰਹੀ ਹੈ। ਮੈਂ ਕਿਹਾ।

-ਬੜੀ ਮਿਹਨਤੀ ਕੁੜੀ ਐ। ਐੱਸ.ਪੀ. ਦੀ ਹੁਣ ਉਸ ਕੁੜੀ ਬਾਰੇ ਰਾਇ ਬਦਲ ਚੁੱਕੀ ਸੀ।

ਮਾਸਟਰ ਦਾ ਕਹਿਣਾ ਸੀ ਕਿ ਜਦ ਕਦੀ ਇੱਥੇ ਆਧੁਨਿਕ ਬਾਜ਼ਾਰ ਬਣੇਗਾ, ਇਸ ਕੁੜੀ ਦਾ ਏਥੇ ਰੈਸਟੋਰੈਂਟ ਹੋਵੇਗਾ।

-ਇਸ ਦਾ ਮਤਲਬ ਹੈ ਕਿ ਸਾਡੇ ਐੱਸ.ਪੀ. ਦੀ ਰੀਝ ਕਦੇ ਪੂਰੀ ਨਹੀਂ ਹੋਣੀ? ਮੈਂ ਫਿਰ ਗੱਲ ਮਜ਼ਾਕ ਕਰਨ ਲਈ ਕਹੀ।

-ਛੱਡ ਯਾਰ, ਸਾਨੂੰ ਇਹਨਾਂ ਮਿਹਨਤੀ ਲੋਕਾਂ ਨਾਲ ਹਮਦਰਦੀ ਕਰਨੀ ਚਾਹੀਦੀ ਹੈ। ਐੱਸ.ਪੀ. ਗੰਭੀਰ ਸੀ।

-ਜੋ ਅਸੀਂ ਕੱਲ੍ਹ ਸਾਂ, ਇਹ ਅੱਜ ਨੇ। ਮੈਨੂੰ ਤਾਂ ਇਹ ਆਪਣੇ ਲਗਦੇ ਨੇ। ਮੈਂ ਵੀ ਸੰਜੀਦਾ ਹੁੰਦਿਆਂ ਕਿਹਾ।

-ਹੁਣ ਸਵਾਲ ਇਹ ਐ ਕਿ ਇਕ ਘੰਟਾ ਹੋਰ ਕਿੱਦਾਂ ਕੱਟਣਾ? ਐੱਸ.ਪੀ. ਥਕਾਵਟ ਮਹਿਸੂਸ ਕਰਦਾ ਬੋਲਿਆ।

-ਪੂਰੇ ਬਾਜ਼ਾਰ ਦਾ ਇਕ ਚੱਕਰ ਫਿਰ ਕੱਢਦੇ ਆਂ। ਇਹਨਾਂ ਲੋਕਾਂ ਨੂੰ ਦੇਖਦੇ ਹਾਂ। ਆਪਣਾ ਕੱਲ੍ਹ ਯਾਦ ਕਰਦੇ ਹਾਂ। ਮੈਂ ਕਿਹਾ।

ਮਾਸਟਰ ਵੀ ਮੇਰੇ ਨਾਲ ਸਹਿਮਤ ਹੋ ਗਿਆ। ਕੋਕ ਨਾਲ ਢਿੱਡਾਂ ਨੂੰ ਕਾਫੀ ਆਸਰਾ ਹੋ ਗਿਆ ਸੀ। ਗਰਮੀ ਦਾ ਡੰਗ ਵੀ ਖੁੰਢਾ ਹੋ ਗਿਆ ਜਾਪਦਾ ਸੀ।

ਟੀਨ ਦੀਆਂ ਦੁਕਾਨਾਂ ਵਿਚ ਸਭ ਲੋਕ ਮਸਰੂਫ ਸਨ। ਉਹਨਾਂ ਲਈ ਗਰਮੀ ਸਰਦੀ ਦੇ ਕੋਈ ਅਰਥ ਨਹੀਂ ਸਨ। ਮੈਂ ਸੋਚਦਾ ਹਾਂ, ਉਹ ਵੀ ਸਾਡੇ ਲੋਕਾਂ ਵਾਂਗ ਖਾਲੀ ਜੇਬਾਂ ਨਾਲ ਇੱਥੇ ਪੁੱਜੇ ਹੋਣਗੇ। ਉਹਨਾਂ ਕੋ਼ਲ ਵੀ ਮਿਹਨਤ ਦਾ ਇਕੋ-ਇਕ ਸਰਮਾਇਆ ਹੋਵੇਗਾ।

ਗੇੜਾ ਕੱਢ ਕੇ ਅਸੀਂ ਸੱਤ ਕੁ ਵਜੇ ਫਿਰ ਉਸ ਦੁਕਾਨ 'ਤੇ ਆਏ। ਕਾਰ 'ਤੇ ਪਾਲਿਸ਼ ਕੀਤਾ ਜਾ ਚੁੱਕਾ ਸੀ। ਐਕਸੀਡੈਂਟ ਦੇ ਪੂਰੇ ਚਿੰਨ੍ਹ ਮਿਟ ਚੁੱਕੇ ਸਨ। ਮਾਸਟਰ ਖੁਸ਼ ਹੋ ਗਿਆ।

ਮਕੈਨਿਕ ਦਾ ਕਹਿਣਾ ਸੀ, ਅਜੇ ਪਾਲਿਸ਼ ਨੂੰ ਅੱਧਾ ਘੰਟਾ ਹੋਰ ਸੁੱਕ ਲੈਣ ਦਿੱਤਾ ਜਾਵੇ।

ਹੁਣ ਇਹ ਅੱਧਾ ਘੰਟਾ ਹੋਰ, ਸਾਡੇ ਸਿਰਾਂ ਵਿਚ ਬਦਾਣ ਵਾਂਗ ਵੱਜਾ। ਸਰੀਰਾਂ 'ਚੋਂ ਸੱਤਿਆ ਲਗਭਗ ਮੁੱਕ ਚੁੱਕੀ ਸੀ।

ਪਰ ਇੰਤਜ਼ਾਰ ਕਰਨ ਤੋਂ ਇਲਾਵਾ ਹੋਰ ਚਾਰਾ ਵੀ ਕੀ ਸੀ? ਔਖੇ ਸੌਖੇ ਸਰੀਰਾਂ ਨੂੰ ਤਿਆਰ ਕੀਤਾ ਤੇ ਇਕ ਪਾਸੇ ਨੂੰ ਹੋ ਤੁਰ ਪਏ। ਗਨੀਮਤ ਇਹ ਸੀ ਕਿ ਗਰਮੀ ਘਟ ਚੁੱਕੀ ਸੀ ਤੇ ਸਮੁੰਦਰ ਵੱਲੋਂ ਠੰਢੀ ਹਵਾ ਆਉਣ ਲੱਗ ਪਈ ਸੀ। ਬਹੁਤੀਆਂ ਦੁਕਾਨਾਂ ਬੰਦ ਹੋ ਚੁੱਕੀਆਂ ਸਨ। ਮਾਸਟਰ ਹੁਣ ਸਭ ਤੋਂ ਅੱਗੇ ਚੱਲ ਰਿਹਾ ਸੀ।

ਐੱਸ.ਪੀ. ਕਹਿਣ ਲੱਗਾ- ਹੁਣ ਦੇਖ ਕਿੱਦਾਂ ਬਗਲੇ ਵਾਂਗ ਲੱਤਾਂ ਟਿਕਾ ਟਿਕਾ ਕੇ ਤੁਰਦਾ। ਤੇਰਾਂ ਸੌ ਡਾਲਰ ਜੂ ਬਚ ਗਿਆ।

-ਪੂਰਾ ਤਾਂ ਘਰ ਨਹੀਂ ਜਾਣ ਦਿੰਦੇ। ਸਿੰਗਲ ਮਾਲਟ ਤੇ ਮੱਛੀ ਤੋਂ ਘੱਟ ਇਹਦੀ ਜਾਨ ਨਹੀਂ ਛੱਡਦੇ ਅੱਜ। ਮੈਂ ਕਿਹਾ।

ਸਾਡੀਆਂ ਜੀਭਾਂ 'ਤੇ ਸਕਾਚ ਤੇ ਮੱਛੀ ਦਾ ਸੁਆਦ ਤੈਰ ਗਿਆ।

ਫਰਲਾਂਗ ਕੁ ਚੱਲੇ ਹੋਵਾਂਗੇ ਕਿ ਸੜਕ ਦੇ ਇਕ ਪਾਸੇ ਪੰਜ ਛੇ ਮੁੰਡੇ ਹੱਥਾਂ ਵਿਚ ਬੀਅਰ ਦੀਆਂ ਬੋਤਲਾਂ ਫੜੀ ਪੀਂਦੇ ਨਜ਼ਰ ਆਏ। ਬੀਅਰ ਦੇਖ ਕੇ ਸਾਡੀ ਪਿਆਸ ਇੰਝ ਜਾਗ ਪਈ ਜਿਵੇਂ ਵਾਢੀਆਂ ਕਰਦਿਆਂ ਦੁਪਹਿਰੇ ਲੱਸੀ ਦੇਖਕੇ ਕਾਹਲ਼ੇ ਪੈ ਜਾਈਦਾ ਸੀ। ਅਸੀਂ ਉਹਨਾਂ ਮੁੰਡਿਆਂ ਵੱਲ ਤੁਰ ਪਏ।

ਕੋ਼ਲ ਪੁੱਜੇ ਤਾਂ ਇਕ ਮੁੰਡਾ ਰੌ਼ਲਾ ਪਾਉਣ ਲੱਗ ਪਿਆ- ਤਾਲਿਬਾਨ ਆਰ ਕਮਿੰਗ...।

ਤਿੰਨ ਦਾੜ੍ਹੀਆਂ ਤੇ ਦਸਤਾਰਾਂ ਵਾਲੇ ਸਰਦਾਰਾਂ ਨੂੰ ਉਹਨੀਂ ਤਾਲਿਬਾਨ ਸਮਝ ਲਿਆ ਸੀ।

ਜਿਸ ਦਿਨ ਤੋਂ ਅਫ਼ਗਾਨਿਸਤਾਨ ਉਪਰ ਤਾਲਿਬਾਨ ਦਾ ਕਬਜ਼ਾ ਹੋਇਆ ਹੈ, ਅਮਰੀਕਾ ਵਿਚ ਉਹਨਾਂ ਦਾ ਹੀ ਚਰਚਾ ਹੈ। ਟੀ.ਵੀ., ਰੇਡੀਓ ਤੇ ਅਖਬਾਰਾਂ, ਸਭ ਉਹਨਾਂ ਦੀਆਂ ਖਬਰਾਂ ਨੂੰ ਤਰਜੀਹ ਦੇ ਰਹੇ ਹਨ।

ਸਾਨੂੰ ਤਾਲਿਬਾਨ ਕਹੇ ਜਾਣ 'ਤੇ ਸਾਵਧਾਨ ਹੋਣਾ ਚਾਹੀਦਾ ਸੀ ਪਰ ਅਸੀਂ ਤਿੰਨੋਂ ਹੱਸ ਪਏ ਅਤੇ ਉਹਨਾਂ ਵੱਲ ਤੁਰੀ ਗਏ। ਕੋ਼ਲ ਜਾ ਕੇ ਅਸੀਂ ਕਿਹਾ ਕਿ ਅਸੀਂ ਇੰਡੀਅਨ ਸਿੱਖ ਹਾਂ, ਤਾਲਿਬਾਨ ਨਹੀਂ।

-ਓ ਯੂ ਆਰ ਸਿੰਘ। ਇਕ ਕਾ਼ਲਾ ਮੁੰਡਾ ਖੁਸ਼ ਹੋ ਕੇ ਬੋਲਿਆ। ਉਹ ਕਿਸੇ ਸਿੰਘ ਦੇ ਸਟੋਰ 'ਤੇ ਕੰਮ ਕਰ ਚੁੱਕਾ ਸੀ।

ਛੇਤੀ ਹੀ ਅਸੀਂ ਉਹਨਾਂ ਨਾਲ ਘੁ਼ਲ ਮਿ਼ਲ ਗਏ। ਅਸੀਂ ਪੁੱਛਿਆ ਕਿ ਸਾਨੂੰ ਬੀਅਰਾਂ ਕਿੱਥੋਂ ਮਿਲ ਸਕਦੀਆਂ ਹਨ?

ਇਕ ਸਪੈਨਿਸ਼ ਮੁੰਡਾ ਆਪਣੇ ਲਈ ਰੱਖੀਆਂ ਬੀਅਰ ਦੀਆਂ ਤਿੰਨ ਬੰਦ ਬੋਤਲਾਂ ਸਾਨੂੰ ਪੇਸ਼ ਕਰਨ ਲੱਗ ਪਿਆ।ਅਸੀਂ ਲੈਣ ਤੋਂ ਧੰਨਵਾਦ ਸਹਿਤ ਨਾਂਹ ਕਰ ਦਿੱਤੀ ਤੇ ਦੁਬਾਰਾ ਕਿਹਾ ਕਿ ਅਸੀਂ ਬੀਅਰ ਖਰੀਦਣੀ ਚਾਹੁੰਦੇ ਹਾਂ।

ਉਹਨਾਂ 'ਚੋਂ ਇਕ ਮੁੰਡਾ ਸਾਨੂੰ ਇੰਤਜ਼ਾਰ ਕਰਨ ਦਾ ਕਹਿ ਕੇ ਇਕ ਪਾਸੇ ਨੂੰ ਭੱਜ ਗਿਆ। ਕੁਝ ਦੇਰ ਬਾਅਦ ਜਦ ਪਰਤਿਆ ਤਾਂ ਉਸ ਦੇ ਮਗਰ ਉਹੋ ਸੋਹਣੀ ਕੁੜੀ ਆਪਣੀ ਰੇੜ੍ਹੀ ਧੱਕਦੀ ਆ ਰਹੀ ਸੀ।

ਹੁਣ ਉਹ ਕੁੜੀ ਬੀਅਰਾਂ ਵੇਚ ਰਹੀ ਸੀ। ਮਕੈਨਿਕ, ਮਜ਼ਦੂਰ ਵਿਹਲੇ ਹੋ ਚੁੱਕੇ ਸਨ। ਹੁਣ ਉਹਨਾਂ ਨੂੰ ਬੀਅਰ ਦੀ ਲੋੜ ਸੀ।

ਅਸੀਂ ਉਸ ਪਾਸੋਂ ਤਿੰਨ ਬੀਅਰਾਂ ਲਈਆਂ। ਐੱਸ.ਪੀ. ਨੇ ਫਟਾਫਟ ਸੌ ਡਾਲਰ ਦਾ ਨੋਟ ਉਸ ਨੂੰ ਫੜਾ ਦਿੱਤਾ। ਕੁੜੀ ਉਹਨਾਂ ਮੁੰਡਿਆਂ ਨਾਲ ਗੱਲੀਂ ਪਈ ਹੋਈ ਸੀ। ਉਸ ਨੇ ਅਜੇ ਨੋਟ ਵੱਲ ਧਿਆਨ ਵੀ ਨਹੀਂ ਸੀ ਦਿੱਤਾ ਕਿ ਅਸੀਂ ਉੱਥੋਂ ਤੁਰ ਪਏ।

ਅਸੀਂ ਉਸ ਮਿਹਨਤੀ ਕੁੜੀ ਦੀ ਸਮਝ ਤੇ ਮਿਹਨਤ ਦੀਆਂ ਗੱਲਾਂ ਕਰਦੇ ਕਾਰ ਵੱਲ ਤੁਰ ਪਏ।

ਕਾਰ ਤਿਆਰ ਸੀ। ਮਾਸਟਰ ਨੇ ਖੁਸ਼ੀ ਖੁਸ਼ੀ ਸੱਤ ਸੌ ਡਾਲਰ ਦੁਕਾਨਦਾਰ ਨੂੰ ਦਿੱਤੇ ਅਤੇ ਮਕੈਨਿਕ ਨੂੰ ਪੰਜਾਹ ਡਾਲਰ ਟਿੱਪ ਦਿੱਤੀ ਤੇ ਚਾਬੀਆਂ ਲੈ ਕੇ ਕਾਰ ਕੋਲ ਆ ਕੇ ਵਿਚ ਬੈਠਣ ਹੀ ਲੱਗੇ ਸੀ।

-ਸਿੰਘ...ਸਿੰਘ...।

ਉੱਚੀ ਉੱਚੀ ਆਵਾਜ਼ਾਂ ਦਿੰਦੀ ਉਹੋ ਸੋਹਣੀ ਕੁੜੀ ਸਾਡੀ ਵੱਲ ਭੱਜੀ ਆ ਰਹੀ ਸੀ। ਬਾਂਹ ਚੁੱਕ ਚੁੱਕ ਕੇ ਸਾਨੂੰ ਰੁਕਣ ਦਾ ਇਸ਼ਾਰਾ ਵੀ ਕਰ ਰਹੀ ਸੀ।

ਅਸੀਂ ਰੁਕ ਗਏ। ਕੁੜੀ ਹਫਦੀ ਸਾਡੇ ਕੋ਼ਲ ਆਈ। ਐੱਸ.ਪੀ. ਨੂੰ ਪੈਸੇ ਫੜਾਉਂਦੀ ਕਹਿਣ ਲੱਗੀ- ਸਿੰਘ, ਯੂਅਰ ਚੇਂਜ।

ਐੱਸ.ਪੀ. ਨੇ ਪੈਸੇ ਫੜਨ ਲਈ ਕਿੰਨੀ ਦੇਰ ਹੱਥ ਅੱਗੇ ਨਾ ਵਧਾਇਆ।

ਕੁੜੀ ਨੇ ਲਗਾਤਾਰ ਹੱਥ ਅੱਗੇ ਕਰੀ ਰੱਖਿਆ ਤੇ ਪੈਸੇ ਵਾਪਸ ਕਰਨ ਲਈ ਵਾਰ ਵਾਰ ਜ਼ੋਰ ਦੇ ਰਹੀ ਸੀ।

ਐੱਸ.ਪੀ. ਨੇ ਹੱਥ ਅੱਗੇ ਕੀਤਾ, ਸਾਨੂੰ ਲੱਗਾ, ਪੈਸੇ ਫੜਨ ਲੱਗਾ ਹੈ ਪਰ ਉਸ ਦਾ ਹੱਥ ਉਪਰ ਹੀ ਹੁੰਦਾ ਗਿਆ ਤੇ ਉਸ ਨੇ ਕੁੜੀ ਦੇ ਸਿਰ ਉਪਰ ਹੱਥ ਰੱਖ ਦਿੱਤਾ। ਏਨਾ ਹੀ ਕਿਹਾ- ਕੀਪ ਦ ਚੇਂਜ, ਯੰਗ ਲੇਡੀ।

ਕੁੜੀ ਹੱਕੀ ਬੱਕੀ ਜਿਹੀ ਉਸ ਵੱਲ ਦੇਖ ਰਹੀ ਸੀ।

ਮਾਸਟਰ ਨੇ ਵੀ ਹੱਥ ਹਿਲਾ ਕੇ ਉਸ ਨੂੰ ਅਲਵਿਦਾ ਆਖੀ ਤੇ 'ਕੀਪ ਦ ਚੇਂਜ' ਆਖ ਕੇ ਗੱਡੀ ਵਿਚ ਬੈਠ ਗਿਆ। ਅਸੀਂ ਵੀ ਉਸ ਨੂੰ 'ਬਾਈ, ਬਾਈ' ਕਰਦੇ ਕਾਰ ਵਿਚ ਬੈਠ ਗਏ। ਕੁੜੀ ਸਾਡੀ ਵੱਲ ਹੈਰਾਨ ਜਿਹੀ ਹੋਈ ਦੇਖੀ ਜਾ ਰਹੀ ਸੀ।

ਮਾਸਟਰ ਨੇ ਕਾਰ ਤੋਰ ਲਈ। ਅਸੀਂ ਦੇਖਦੇ ਰਹੇ, ਉਹ ਕੁੜੀ ਉਸੇ ਥਾਂ ਖੜ੍ਹੀ ਸਾਨੂੰ ਬਾਹਾਂ ਹਿਲਾ ਕੇ ਅਲਵਿਦਾ ਆਖ ਰਹੀ ਸੀ।

ਤੇ ਸਾਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਅਸੀਂ ਆਪਣੇ ਹੀ ਲੋਕਾਂ ਨੂੰ ਮਿਲ ਕੇ ਜਾ ਰਹੇ ਹਾਂ...। ਆਪਣੇ ਹੀ ਪਿੰਡ ਦੀ ਫੇਰੀ ਮਾਰ ਕੇ ਮੁੜ ਰਹੇ ਹਾਂ।

# ਸ਼ੇਖ਼ ਫ਼ਰੀਦ ਕੌਣ ਸੀ? – ਐਥਨੋਵਿਗਿਆਨਕ ਵਰਣਨ

***ਪੰਜਾਬੀ ਸਾਹਿਤ ਅਤੇ ਧਰਮ ਨਾਲ ਸਬੰਧਤ ਵਿਦਵਾਨਾਂ ਨੇ ਬਾਬਾ ਫ਼ਰੀਦ ਬਾਰੇ ਬਹੁਤ ਕੁੱਝ ਲਿਖਿਆ ਹੈ ਪਰ ਉਹ ਮੁੱਖ ਰੂਪ ਵਿਚ ਉਸ ਦੀ ਬਾਣੀ ਅਤੇ ਵਿਚਾਰਾਂ ਬਾਰੇ ਹੀ ਹੈ। ਉਸ ਦੇ ਜੀਵਨ ਅਤੇ ਸਮਾਜਿਕ ਪਿਛੋਕੜ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਪੰਜਾਬ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਪ੍ਰੋਫੈਸਰ ਅਤੇ ਸੋਸ਼ਿਓਲੋਜੀ ਵਿਭਾਗ ਦੇ ਮੁਖੀ ਡਾ. ਪ੍ਰਕਾਸ਼ ਸਿੰਘ ਜੰਮੂ ਅਤੇ ਡਾ. ਐੱਸ. ਐੱਸ. ਝੰਡ ਨੇ ਵੱਖ ਵੱਖ ਸਰੋਤਾਂ ਤੋਂ ਜਾਣਕਾਰੀ ਇਕੱਠੀ ਕਰ ਕੇ ਬਾਬਾ ਫ਼ਰੀਦ ਦੇ ਜੀਵਨ, ਪਿਛੋਕੜ, ਪੁਰਖਿਆਂ ਅਤੇ ਉਨ੍ਹਾਂ ਦੀਆਂ ਮੁਲਤਾਨ ਤੋਂ ਪੰਜਾਬ, ਦਿੱਲੀ ਅਤੇ ਹੋਰਨਾਂ ਸਥਾਨਾਂ ਦੀਆਂ ਯਾਤਰਾਵਾਂ ਬਾਰੇ ਇਹ ਖੋਜ ਭਰਪੂਰ ਲੇਖ ਪੰਜਾਬ ਟਾਈਮਜ਼ ਦੇ ਪਾਠਕਾਂ ਲਈ ਲਿਖਿਆ ਹੈ।***

ਹਜ਼ਰਤ ਖ਼ਵਾਜਾ ਫ਼ਰੀਦਉਦੀਨ ਮਸੂਦ ਗੰਜਸ਼ਕਰ ਨੂੰ ਕਈ ਨਾਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ, ਜਿਵੇਂ ਫ਼ਰੀਦਉਦੀਨ ਗੰਜਸ਼ਕਰ, ਫ਼ਰੀਦ ਅਲਦੀਨ ਮਸੂਦ ਗੰਜ-ਏ-ਸ਼ੱਕਰ, ਬਾਬਾ ਫ਼ਰੀਦਉਦੀਨ ਗੰਜਸ਼ੱਕਰ, ਬਾਬਾ ਫ਼ਰੀਦ, ਵਗ਼ੈਰਾ। ਇਸ ਲੇਖ ਵਿਚ ਇਨ੍ਹਾਂ ਨਾਵਾਂ ਵਿਚੋਂ ਆਖ਼ਰੀ ਦੋ ਨਾਵਾਂ ਜਾਂ ਕੇਵਲ ਫ਼ਰੀਦ ਦੀ ਹੀ ਵਰਤੋਂ ਕੀਤੀ ਗਈ ਹੈ, ਕਿਉਂਕਿ ਪੰਜਾਬੀ ਵਿਚ ਮੁੱਖ ਰੂਪ ਵਿਚ ਇਹ ਹੀ ਪ੍ਰਚੱਲਤ ਹੈ।

ਬਾਬਾ ਫ਼ਰੀਦ ਪੰਜਾਬ ਦੀ ਅਤੀ ਸਤਿਕਾਰਿਤ ਹਸਤੀ ਹੈ। ਉਹ ਪੰਜਾਬੀ ਵਿਚ ਕਵਿਤਾ ਲਿਖਣ ਵਾਲਾ ਪਹਿਲਾ ਵਿਅਕਤੀ ਹੈ। ਉਸ ਵੇਲੇ ਪੰਜਾਬ ਵਿਚ ਬੋਲੀ ਤਾਂ ਭਾਵੇਂ ਪੰਜਾਬੀ ਹੀ ਜਾਂਦੀ ਸੀ ਪਰ ਇਸ ਨੂੰ ਲਿਖਣ ਲਈ ਗੁਰਮੁਖੀ ਲਿਪੀ ਦਾ ਅਜੇ ਵਿਕਾਸ ਨਹੀਂ ਸੀ ਹੋਇਆ। ਇਸ ਲਈ ਬਾਬਾ ਫ਼ਰੀਦ ਨੇ ਆਪਣੀ



**ਡਾ. ਪ੍ਰਕਾਸ਼ ਸਿੰਘ ਜੰਮੂ**
**ਫ਼ੋਨ: 1-519-840-5534**



ਕਵਿਤਾ ਫ਼ਾਰਸੀ/ਉਰਦੂ ਅੱਖਰਾਂ ਵਿਚ ਲਿਖੀ। ਉਹ ਇਸਲਾਮ ਦੀ ਮੁੱਖ-ਧਾਰਾ ਵਿਚ ਵਿਕਸਤ ਸੂਫ਼ੀ

**ਡਾ. ਸੁਖਦੇਵ ਸਿੰਘ ਝੰਡ**
**ਫ਼ੋਨ: 1-647-567-9128**

ਸੰਪਰਦਾਵਾਂ ਵਿਚੋਂ ਇਕ, 'ਚਿਸ਼ਤੀ' ਦੇ ਬਾਨੀਆਂ ਵਿਚੋਂ ਸੀ। ਉਸ ਦੇ ਪੈਰੋਕਾਰਾਂ ਦੀ ਲੜੀ ਗੁਰੂ ਅਰਜਨ ਦੇਵ ਦੇ ਸਮੇਂ ਵੀ ਮੌਜੂਦ ਸੀ ਜੋ ਸਾਰੇ ਫ਼ਰੀਦ ਦੇ ਨਾਂ ਨਾਲ ਜਾਣੇ ਜਾਂਦੇ ਹਨ ਅਤੇ ਉਨ੍ਹਾਂ ਵਿਚੋਂ ਇਕ ਫ਼ਰੀਦ ਸਾਨੀ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ ਵੀ ਸੀ।

ਬਾਬਾ ਫ਼ਰੀਦ ਸੂਫ਼ੀਆਂ ਦੀਆਂ ਕੁੱਝ ਪ੍ਰੰਪਰਾਵਾਂ, ਜਿਵੇਂ ਉਹ ਵਿਆਹ ਨਹੀਂ ਕਰਾਉਂਦੇ, ਤੋਂ ਵੱਖਰਾ ਸੀ ਅਤੇ ਗ੍ਰਹਿਸਤੀ ਜੀਵਨ ਦਾ ਵਿਸ਼ਵਾਸੀ ਅਤੇ ਅਭਿਆਸੀ ਸੀ। ਉਸ ਦੀ ਕਵਿਤਾ/ਬਾਣੀ ਪੰਜਾਬੀ ਜੀਵਨ ਅਤੇ ਇਸਲਾਮੀ ਧਾਰਮਿਕ ਸੋਚ ਵਿਚ ਇਕ ਵਾਰਤਾਲਾਪ ਹੈ। ਸ਼ਾਇਦ ਏਸੇ ਕਰਕੇ ਉਸ ਦੇ 112 ਸਲੋਕ ਗੁਰੂ ਅਰਜਨ ਦੇਵ ਜੀ ਵੱਲੋਂ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੇ ਗਏ ਹਨ। ਕੁੱਝ ਵਿਦਵਾਨਾਂ ਨੇ ਇਨ੍ਹਾਂ ਸਲੋਕਾਂ ਦੀ ਗਿਣਤੀ 132 ਲਿਖੀ ਹੈ ਅਤੇ ਅਜਿਹਾ ਕਰਦਿਆਂ ਉਨ੍ਹਾਂ ਗੁਰੂ ਅਰਜਨ ਦੇਵ ਜੀ ਦੇ ਸੰਪਾਦਕੀ ਸਲੋਕ ਵੀ ਇਨ੍ਹਾਂ ਵਿਚ ਸ਼ਾਮਲ ਕਰ ਲਏ ਹਨ। ਬਾਬਾ ਫ਼ਰੀਦ ਫ਼ਾਰਸੀ, ਅਰਬੀ, ਪੰਜਾਬੀ ਤੇ ਪਸ਼ਤੋ ਦਾ ਵਿਦਵਾਨ ਸੀ ਅਤੇ ਕਈ ਧਾਰਮਿਕ ਸੋਚ-ਪ੍ਰਣਾਲੀਆਂ ਦਾ ਉੱਚ-ਪੱਧਰੀ ਗਿਆਤਾ ਵੀ ਸੀ। ਇਸ ਪ੍ਰਸੰਗ ਵਿਚ ਮਨੁੱਖੀ ਜੀਵਨ ਲਈ ਉਚਿਤ ਰਾਹਾਂ ਅਤੇ ਕਦਰਾਂ-ਕੀਮਤਾਂ ਦਾ ਖੋਜੀ ਵੀ ਸੀ। ਸ਼ਾਇਦ ਉਹ ਇਸਲਾਮ ਦੀ ਕੱਟੜਤਾ, ਜਿਵੇਂ ਸ਼ਰਾਬ ਅਤੇ ਸੰਗੀਤ ਦੀ ਸਖ਼ਤ ਮਨਾਹੀ ਤੋਂ ਸੰਤੁਸ਼ਟ ਨਹੀਂ ਸੀ ਅਤੇ ਪੰਜਾਬ ਦੇ ਮੁਸਲਮਾਨਾਂ ਲਈ ਕੁੱਝ ਵੱਖਰੇ ਰਾਹ ਦੀ ਭਾਲ ਵਿਚ ਸੀ। ਪੰਜਾਬ ਦੇ ਹਰ ਧਰਮ ਨਾਲ ਸਬੰਧਿਤ ਲੋਕ ਉਸ ਦਾ ਸਤਿਕਾਰ ਕਰਦੇ ਹਨ। ਪੰਜਾਬੀ ਸਾਹਿਤ ਅਤੇ ਧਰਮ ਨਾਲ ਸਬੰਧਤ ਵਿਦਵਾਨਾਂ ਨੇ ਬਾਬਾ ਫ਼ਰੀਦ ਬਾਰੇ ਬਹੁਤ ਕੁੱਝ ਲਿਖਿਆ ਹੈ ਪਰ ਉਹ ਮੁੱਖ ਰੂਪ ਵਿਚ ਉਸ ਦੀ ਬਾਣੀ ਅਤੇ ਉਸ ਦੇ ਵਿਚਾਰਾਂ ਬਾਰੇ ਹੀ ਹੈ। ਉਸ ਦੇ ਜੀਵਨ ਅਤੇ ਸਮਾਜਿਕ ਪਿਛੋਕੜ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਨ੍ਹਾਂ ਲਿਖਤਾਂ ਤੋਂ ਇਹ ਪਤਾ ਨਹੀਂ ਲੱਗਦਾ ਕਿ ਬਾਬਾ ਫ਼ਰੀਦ ਕੌਣ ਸੀ ਅਤੇ ਉਸ ਦਾ ਪਿਛੋਕੜ ਕੀ ਸੀ?

### ਬਾਬਾ ਫ਼ਰੀਦ ਕੌਣ ਸੀ?

ਇਸ ਕੌਣ ਦੇ ਸੁਆਲ ਦਾ ਜੁਆਬ ਬੜਾ ਮੁਸ਼ਕਿਲ ਹੈ। ਹਿੰਦੋਸਤਾਨ ਵਿਚ ਇਸਲਾਮ ਦੇ ਆਉਣ ਤੋਂ ਪਹਿਲਾਂ ਇਹ ਮੁਕਾਬਲਤਨ ਆਸਾਨ ਸੀ। ਜ਼ਾਤ ਪੁੱਛਣ ਨਾਲ ਆਦਮੀ ਦੀ ਸਮਾਜਿਕ ਸਥਿਤੀ ਦਾ ਪਤਾ ਲੱਗ ਜਾਂਦਾ ਸੀ। ਪਰ ਇਸਲਾਮ ਦੇ ਆਉਣ ਨਾਲ ਅਰਬ ਦੇਸ਼ਾਂ ਇਰਾਨ, ਅਫ਼ਗਾਨਿਸਤਾਨ ਅਤੇ ਹੋਰ ਕੇਂਦਰੀ ਏਸ਼ਿਆਈ ਮੁਲਕਾਂ ਵਿਚੋਂ ਵੱਖ-ਵੱਖ ਕਬੀਲਿਆਂ, ਰੰਗਾਂ, ਧਰਮਾਂ, ਸੰਪਰਦਾਵਾਂ, ਇਲਾਕਿਆਂ ਅਤੇ ਥਾਵਾਂ ਤੋਂ ਆ ਕੇ ਇੱਥੇ, ਖ਼ਾਸ ਕਰਕੇ ਪੰਜਾਬ ਵਿਚ ਵੱਸਣ ਵਾਲੇ ਲੋਕਾਂ ਦੀਆਂ ਧਾੜਾਂ ਨਾਲ ਇੱਥੋਂ ਦੀ ਸਮਾਜਿਕ ਬਣਤਰ ਵਿਚ ਕਈ ਬੁਨਿਆਦੀ ਤਬਦੀਲੀਆਂ ਆਈਆਂ, ਜਿਨ੍ਹਾਂ ਨਾਲ ਵੱਖ-ਵੱਖ ਕੌਮੀਅਤਾਂ ਦੀ ਨਵੀਂ 'ਖਿਚੜੀ' ਪੱਕਣੀ ਸ਼ੁਰੂ ਹੋ ਗਈ, ਜਿਸ ਵਿਚ ਲੋਕਾਂ ਨੂੰ ਆਪਣੀ ਸਮਾਜਿਕ ਪਛਾਣ ਮੁੜ ਪਰਿਭਾਸ਼ਿਤ ਕਰਨੀ ਪਈ। ਇਸ ਦਾ ਅੰਦਾਜ਼ਾ ਬਾਬਾ ਬੁੱਲ੍ਹੇ ਸ਼ਾਹ ਦੀ ਪ੍ਰੇਸ਼ਾਨੀ ਤੋਂ ਲਾਇਆ ਜਾ ਸਕਦਾ ਹੈ ਜਿਸ ਨੂੰ ਇਹ ਪਤਾ ਨਹੀਂ ਸੀ ਲੱਗਦਾ ਕਿ ਉਹ ਆਪਣੇ ਆਪ ਨੂੰ ਇਨ੍ਹਾਂ ਸਥਾਨਕ ਅਤੇ ਬਾਹਰੋਂ ਆਈਆਂ ਸਮਾਜਿਕ ਕਿਸਮਾਂ ਵਿਚੋਂ ਕਿਸ ਨਾਲ ਸਬੰਧਤ ਸਮਝੇ। ਇਸ ਲਈ ਆਖ਼ਰ ਉਸ ਨੇ "ਅੱਵਲ ਆਖ਼ਰ ਆਪ ਨੂੰ ਜਾਣਾ, ਦੂਜਾ ਨਾ ਕੋਈ ਹੋਰ ਪਛਾਣਾ" ਦਾ ਫ਼ੈਸਲਾ ਕਰ ਕੇ ਇਸ ਉਲਝਣ ਤੋਂ ਜਾਨ ਛੁਡਾਈ।

ਇੱਕ ਹਿੰਦੂ ਧਰਮ ਤੋਂ ਬਿਨਾਂ ਭਾਰਤ ਵਿਚਲੇ ਸਾਰੇ ਧਰਮਾਂ ਦੁਆਰਾ ਜਾਤ-ਪ੍ਰਣਾਲੀ ਦੇ ਕੀਤੇ ਗਏ ਖੰਡਨ ਦੇ ਬਾਵਜੂਦ, ਇਨ੍ਹਾਂ ਵਿਚੋਂ ਜਾਤ ਦੇ ਵਖਰੇਵੇਂ ਖ਼ਤਮ ਨਹੀਂ ਹੋਏ। ਵਿਅਕਤੀ ਦੀ ਜਾਤ ਦਾ ਪ੍ਰਸ਼ਨ ਹਰ ਧਰਮ ਵਿਚ ਕਾਇਮ ਰਿਹਾ ਹੈ। ਇਸ ਲਈ ਇਸ ਲੇਖ ਵਿਚ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਬਾਬਾ ਫ਼ਰੀਦ ਦੇ ਵਡੇਰੇ ਕਦੋਂ, ਕਿਉਂ ਤੇ ਕਿੱਥੋਂ ਆ ਕੇ ਪੰਜਾਬ ਵਿਚ ਵੱਸੇ। 'ਕੋਹਤੇਵਾਲ' ਨਾਲ ਬਾਬਾ ਫ਼ਰੀਦ ਦਾ ਕੀ ਸਬੰਧ ਸੀ, ਉਸ ਦੀ ਬੰਸਾਵਲੀ ਕੀ ਸੀ, ਉਸ ਦੀ ਧਾਰਮਿਕ ਪਛਾਣ ਕੀ ਸੀ, ਉਸ ਦਾ ਪਰਿਵਾਰਕ ਅਤੇ ਨਿੱਜੀ ਜੀਵਨ ਕੀ ਸੀ ਅਤੇ ਉਸ ਦਾ ਮੂਲ ਪੰਜਾਬ ਦੀ ਕਿਸ ਜਾਤ ਨਾਲ ਸਬੰਧਤ ਪ੍ਰਤੀਤ ਹੁੰਦਾ ਹੈ। ਇਸ ਲੇਖ ਵਿਚ ਇਨ੍ਹਾਂ ਸੁਆਲਾਂ ਦੇ ਜੁਆਬ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ।


### ਜਾਣਕਾਰੀ ਦੇ ਸਰੋਤ:

ਇਸ ਲੇਖ ਵਿਚ ਪੇਸ਼ ਕੀਤੇ ਗਏ ਤੱਥ ਹੇਠ ਲਿਖੇ ਸਰੋਤਾਂ ਵਿਚੋਂ ਪ੍ਰਾਪਤ ਕੀਤੇ ਗਏ ਹਨ: ਵਿਕੀਪੀਡੀਆ ਵਿਚ ਰਹਿਮਤ ਅੱਲਾ ਅਲਾਹੀ ਦਾ ਲੇਖ 'ਫ਼ਰੀਦਉੱਦੀਨ ਗੰਜਸ਼ੱਕਰ', ਫ਼ਰੀ ਪ੍ਰੈੱਸ ਵਿਚ ਮੀਰਾ ਐੱਸ. ਸਸ਼ੀਤਾਲ ਦਾ ਆਰਟੀਕਲ 'ਬਾਬਾ ਫ਼ਰੀਦਉੱਦੀਨ ਗੰਜਸ਼ੱਕਰ', ਵਿਕੀਪੀਡੀਆ ਡਾਟ ਆਰਗ ਵਿਚ 'ਫ਼ਰੀਦਉੱਦੀਨ ਗੰਜਸ਼ੱਕਰ', ਸੂਫ਼ੀ ਵਿੱਕੀ ਵਿਚੋਂ 'ਫ਼ਰੀਦਉੱਦੀਨ ਗੰਜਸ਼ੱਕਰ, ਵਿਕੀਪੀਡੀਆ ਵਿਚ ਹਜ਼ਰਤ ਸੱਈਅਦ ਬਾਬਾ ਫ਼ਰੀਦ ਉੱਦੀਨ ਮਸੂਦ ਗੰਜਸ਼ੱਕਰ, ਵਿੱਕੀਪੀਡੀਆ ਵਿਚ ਸਿੱਖ ਹਿਸਟਰੀ ਡਾਟ ਕਾਮ ਵਿਚ ਸੰਦੀਪ ਸਿੰਘ ਬਾਜਵਾ ਦਾ ਲੇਖ 'ਬਾਬਾ ਸ਼ੇਖ਼ ਫ਼ਰੀਦ ਸ਼ੱਕਰਗੰਜ, ਵਿਕੀਪੀਡੀਆ ਡਾਟ ਆਰਗ ਵਿਚ ਸ਼ੇਖ਼ ਉਲਆਲਮ ਕੁੱਤਬੇ ਅਕਬਰ ਦਾ 'ਸ਼ੇਖ ਮਸੂਦ ਗੰਜਸ਼ੱਕਰ', ਐਨਸਾਈਕਲੋਪੀਡੀਆ ਆਫ਼ ਸਿੱਖਿਜ਼ਮ ਵਿਚ ਗੁਰਬਚਨ ਸਿੰਘ ਤਾਲਿਬ ਦਾ ਲੇਖ 'ਸ਼ੇਖ ਫ਼ਰੀਦ, ਐੱਸ.ਐੱਸ. ਅਮੋਲ ਦੀ ਪੁਸਤਕ 'ਸ਼ੇਖ ਫ਼ਰੀਦ: ਜੀਵਨ ਅਤੇ ਰਚਨਾ' (ਪਟਿਆਲਾ, 2002), ਪਰਕਾਸ਼ ਸਿੰਘ ਜੰਮੂ ਦੀ ਪੁਸਤਕ 'ਕੰਬੋਜਾਂ ਦਾ ਇਤਿਹਾਸ' (ਪਟਿਆਲਾ, 2013), ਕਿਰਪਾਲ ਸਿੰਘ ਦਰਦੀ ਦੀ ਪੁਸਤਕ 'ਕੰਬੋਜ ਯੁੱਗਾਂ ਦੇ ਆਰ ਪਾਰ' (ਜਲੰਧਰ, 2005) ਅਤੇ ਮੁਹੰਮਦ ਯੂਨਸ ਦੀ ਪੁਸਤਕ 'ਤਾਰੀਖ਼ ਕੌਮ ਕੰਮੋਅ' (ਲਾਹੌਰ, 1996).

### ਬਾਬਾ ਫ਼ਰੀਦ ਦਾ ਪਿਛੋਕੜ

ਬਾਬਾ ਫ਼ਰੀਦ ਦੇ ਵਡੇਰੇ ਅਫ਼ਗਾਨਿਸਤਾਨ ਤੋਂ ਆ ਕੇ ਕੋਹਤੇਵਾਲ ਵਿਚ ਵੱਸੇ ਸਨ। ਇੱਥੇ ਆਉਣ ਤੋਂ ਪਹਿਲਾਂ ਉਨ੍ਹਾਂ ਦੀਆਂ ਵੀਹ ਪੀੜ੍ਹੀਆਂ ਦੀ ਰਿਹਾਇਸ਼ ਦਾ ਪਤਾ ਅਫ਼ਗਾਨਿਸਤਾਨ ਤੋਂ ਲੱਗਦਾ ਹੈ ਅਤੇ ਇੱਥੇ ਉਨ੍ਹਾਂ ਦੀ ਬੰਸਾਵਲੀ ਵੀ ਮਿਲਦੀ ਹੈ, ਜੋ 'ਸੂਫ਼ੀ ਵਿੱਕੀ' ਵਿਚਲੇ ਵਰਣਨ ਅਨੁਸਾਰ ਇਸ ਤਰ੍ਹਾਂ ਹੈ: 1. ਅਮੀਰ-ਉਲ-ਮੋਮਨੀਨ ਹਜ਼ਰਤ ਉਮਰ ਫ਼ਾਰੂਕ, 2. ਹਜ਼ਰਤ ਅਬਦੁੱਲਾ, 3. ਹਜ਼ਰਤ ਨਾਸੀਰ/ਮਨਸੂਰ ਸੁਲਮਾਨ, 4. ਹਜ਼ਰਤ ਸੁਲੇਮਾਨ, 5. ਹਜ਼ਰਤ ਅਧਾਮ, 6. ਹਜ਼ਰਤ ਇਬਰਾਹੀਮ ਬਲਖ਼ ਵਾਲੇ, 7. ਹਜ਼ਰਤ ਇਸ਼ਾਕ, 8. ਹਜ਼ਰਤ ਵਾਇਜ਼-ਉਲ-ਅਸਰਾਰ ਅਬਦੁੱਲਾ, 9. ਹਜ਼ਰਤ ਮਸੂਦ, 10. ਹਜ਼ਰਤ ਸੁਲੇਮਾਨ, 11. ਹਜ਼ਰਤ ਜਾਮਾਨਸ਼ਾਹ, 12. ਹਜ਼ਰਤ ਰਾਸੀਮਾਨ, 13. ਹਜ਼ਰਤ ਨਸੀਰ-ਉਦੀਨ, 14. ਸ਼ੇਖ਼ ਫ਼ਾਰੂਖ਼ ਸ਼ਾਹ ਕਾਬਲੀ, 15. ਹਜ਼ਰਤ ਸ਼ੁਹਾਬਉਦੀਨ, 16. ਹਜ਼ਰਤ ਮੁਹੰਮਦ ਸ਼ਾਹ, 17. ਹਜ਼ਰਤ ਯੂਸਫ਼, 18. ਸ਼ੇਖ਼ ਅਹਿਮਦ ਸ਼ਹੀਦ, 19. ਹਜ਼ਰਤ ਸ਼ੁਆਇਬ, 20. ਹਜ਼ਰਤ ਜਮਾਲ ਉਦੀਨ ਸੁਲੇਮਾਨ ਅਤੇ 21. ਖ਼ਵਾਜਾ ਫ਼ਰੀਦਉਦੀਨ ਮਸੂਦ ਗੰਜਸ਼ੱਕਰ। ਮੈਮਨ ਅਨੁਸਾਰ ਫ਼ਰੀਦ ਦੇ ਦੋ ਬੱਚੇ ਆਪਣੀ ਬੰਸਾਵਲੀ ਖ਼ਲੀਫ਼ਾ ਉਮਰ ਇਬਨ ਅਲ ਖ਼ਤਾਰ ਤੋਂ ਉਲੀਕਦੇ ਹਨ ਅਜਿਹਾ ਇਸਲਾਮਿਕ ਪੁਰਖਿਆਂ ਨਾਲ ਸਬੰਧ ਜੋੜਨ ਦਾ ਇੱਕ ਸੁਭਾਵਿਕ ਤਰੀਕਾ ਹੈ। ਮੀਰਾ ਸਸ਼ੀਤਾਲ ਮੁਤਾਬਕ ਉਹ ਫ਼ਰਗਨਾ ਸਥਿਤ ਆਊਤ ਅਤੇ ਕੂਫ਼ਾ ਤੋਂ ਆਏ ਸਨ। ਇੱਥੇ ਸ਼ਬਦ 'ਕੂਫ਼ਾ' ਕੰਬੋਜਾਂ ਦੇ ਚੀਨੀ ਉਚਾਰਨ 'ਕਾਉਫੂ' ਦਾ ਬਦਲਿਆ ਹੋਇਆ ਰੂਪ ਹੈ। ਜੇਕਰ ਇੱਕ ਪੀੜ੍ਹੀ ਦਾ ਸਮਾਂ 20 ਸਾਲ ਮੰਨ ਲਿਆ ਜਾਏ ਤਾਂ ਉਹ ਅਫ਼ਗਾਨਿਸਤਾਨ ਵਿਚ (20*20) 400 ਸਾਲ ਪਹਿਲਾਂ, ਭਾਵ ਅੱਠਵੀਂ ਸਦੀ ਵਿਚ ਆ ਕੇ ਵੱਸੇ ਹੋਣਗੇ।

ਜਮਾਲੀ ਦੇ ਸੀਰੀਅਲ 'ਆਫ਼ਰੀਨ' ਦੇ ਆਧਾਰ 'ਤੇ ਸ.ਸ. ਅਮੋਲ ਲਿਖਦਾ ਹੈ ਕਿ ਫ਼ਰੀਦ ਦਾ ਦਾਦਾ ਕਾਜ਼ੀ ਸ਼ੁਆਇਬ ਸੁਲਤਾਨ ਮਹਿਮੂਦ ਗਜ਼ਨਵੀ ਦਾ ਭਣੇਵਾਂ ਸੀ ਅਤੇ ਗਜ਼ਨੀ ਉਸ ਸਮੇਂ ਕਾਬਲ ਦੇ ਅਧੀਨ ਸੀ। ਉਹ ਇਹ ਵੀ ਕਹਿੰਦਾ ਹੈ ਕਿ ਕਾਬਲ ਦਾ ਬਾਦਸ਼ਾਹ ਫ਼ਾਰੂਖ਼ ਸ਼ਾਂਹ ਕਾਬਲੀ ਫ਼ਰੀਦ ਦੇ ਪੜਦਾਦੇ ਦਾ ਬਾਪ ਸੀ। ਪਰ ਇਹ ਗੱਲ ਠੀਕ ਨਹੀਂ ਲੱਗਦੀ, ਕਿਉਂਕਿ ਉਪਰੋਕਤ ਬੰਸਾਵਲੀ ਵਿਚ ਫ਼ਾਰੂਖ਼ ਸ਼ਾਹ ਫ਼ਰੀਦ ਤੋਂ ਸੱਤ ਪੀੜ੍ਹੀਆਂ ਉੱਪਰ ਸਥਿਤ ਹੈ, ਜਿਸ ਤੋਂ ਇਨ੍ਹਾਂ ਦੀ ਵੰਸ਼ਕ ਲੀਹ ਦਾ ਤਾਂ ਪਤਾ ਲੱਗਦਾ ਹੈ ਪਰ ਫ਼ਰੀਦ ਦੇ ਬਾਬੇ ਸ਼ੁਆਇਬ ਅਤੇ ਕਾਬਲੀ ਵਿਚਲਾ ਖੱਪਾ ਕੁੱਝ ਵਧੇਰੇ ਹੈ। ਪਰ ਇਕ ਗੱਲ ਜ਼ਰੂਰ ਸਪੱਸ਼ਟ ਹੈ ਕਿ ਫ਼ਰੀਦ ਦੇ ਵਡੇਰੇ ਅਫ਼ਗਾਨਿਸਤਾਨ ਦੇ ਹੁਕਮਰਾਨ ਵਰਗ ਨਾਲ ਸਬੰਧਤ ਸਨ ਅਤੇ ਸ਼ੁਆਇਬ ਉਸ ਪ੍ਰਬੰਧ ਵਿਚ ਇੱਕ ਕਾਜ਼ੀ, ਜੱਜ ਸੀ।



### ਕਾਬਲ ਛੱਡ ਕੇ ਪੰਜਾਬ ਆਉਣ ਦੇ ਕਾਰਨ:

ਬਾਬਾ ਫ਼ਰੀਦ ਦੇ ਵਡੇਰਿਆਂ ਦੇ ਕਾਬਲ ਛੱਡ ਕੇ ਪੰਜਾਬ ਵਿਚ ਕੋਹਤੇਵਾਲ ਆਉਣ ਦੇ ਕਾਰਨਾਂ ਅਤੇ ਇਸ ਦੇ ਸਮੇਂ ਬਾਰੇ ਇੱਕ ਤੋਂ ਵਧੇਰੇ ਮੱਤ ਨਜ਼ਰਗੋਚਰੇ ਹੋਏ ਹਨ। (ਅਮੋਲ, 2002-51) ਮੁਤਾਬਕ ਚੰਗੇਜ਼ ਖ਼ਾਨ ਦੇ ਪੋਤੇ ਹਲਾਕੂ ਦੁਆਰਾ ਹਮਲੇ ਦੌਰਾਨ ਹੋਏ ਜ਼ੁਲਮਾਂ ਕਾਰਨ, ਜਿਸ ਵਿਚ ਕਈ ਰਾਜਕੁਮਾਰ ਅਤੇ ਵਿਦਵਾਨ ਮਾਰੇ ਗਏ, ਫ਼ਰੀਦ ਦਾ ਦਾਦਾ ਕਾਜ਼ੀ ਸ਼ੁਆਇਬ ਆਪਣੇ ਪਰਿਵਾਰ, ਤਿੰਨ ਪੁੱਤਰਾਂ ਅਤੇ ਅਹਿਲਕਾਰਾਂ ਨੂੰ ਲੈ ਕੇ 1125 ਈ. ਵਿਚ ਲਾਹੌਰ ਆ ਗਿਆ। ਉਹ ਕੁੱਝ ਚਿਰ ਉੱਥੇ ਰਿਹਾ ਪਰ ਹਾਲਾਤ ਨੂੰ ਉਚਿਤ ਨਾ ਸਮਝਦੇ ਹੋਏ ਕਸੂਰ ਚਲਾ ਗਿਆ ਜੋ ਉਸ ਸਮੇਂ ਇਸਲਾਮੀ ਸੱਤਾ ਅਤੇ ਧਰਮ ਦਾ ਇੱਕ ਮਹੱਤਵਪੂਰਨ ਕੇਂਦਰ ਸੀ। ਇੱਥੋਂ ਦੇ ਨਵਾਬ ਨੇ ਸ਼ੁਆਇਬ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਆਪਣੇ ਉੱਚ-ਅਧਿਕਾਰੀਆਂ ਨੂੰ ਉਸ ਨੂੰ ਕਿਸੇ ਯੋਗ ਪਦਵੀ 'ਤੇ ਨਿਯੁਕਤ ਕਰਨ ਦੀ ਸਿਫ਼ਾਰਸ਼ ਕੀਤੀ ਜਿਸ ਦੇ ਸਿੱਟੇ ਵਜੋਂ ਕਾਜ਼ੀ ਸ਼ੁਆਇਬ ਨੂੰ ਆਪਣੀ ਮਨਮਰਜ਼ੀ ਦੀ ਥਾਂ ਉੱਤੇ ਪਦਵੀ ਧਾਰਨ ਦੀ ਮਨਜ਼ੂਰੀ ਆ ਗਈ ਅਤੇ ਉਸ ਨੇ ਇਹ ਪਦਵੀ ਸੰਭਾਲ ਲਈ। ਇਹ ਕਥਨ ਠੀਕ ਹੀ ਲੱਗਦਾ ਹੈ, ਸਿਵਾਏ ਇਸ ਗੱਲ ਦੇ ਕਿ ਉਹ ਹਲਾਕੂ ਦੇ ਜ਼ੁਲਮਾਂ ਤੋਂ ਬਚਣ ਲਈ ਕਾਬਲ ਛੱਡ ਕੇ ਆਇਆ ਸੀ, ਕਿਉਂਕਿ ਹਲਾਕੂ ਤਾਂ ਜੰਮਿਆ ਹੀ 1218 ਈ. ਵਿਚ ਸੀ ਅਤੇ ਚੰਗੇਜ਼ ਖ਼ਾਨ ਨੇ ਵੀ ਅਫ਼ਗਾਨਿਸਤਾਨ ਉੱਤੇ ਪਹਿਲਾ ਹਮਲਾ 1221 ਵਿਚ ਕੀਤਾ ਸੀ।

ਦੂਜੀ ਧਾਰਨਾ ਮੁਤਾਬਕ ਫ਼ਰੀਦ ਦੇ ਵਡੇਰੇ ਇੱਥੇ ਗੌਰੀਆਂ ਅਤੇ ਗ਼ਜ਼ਨਵੀਆਂ ਵਿਚ ਲੜਾਈਆਂ ਕਾਰਨ ਹੋਈਆਂ ਗੜਬੜਾਂ ਦੇ ਕਾਰਨ ਆਏ ਜੋ 548 ਤੋਂ 580 ਹਿਜਰੀ ਦੌਰਾਨ ਚੱਲਦੀਆਂ ਰਹੀਆਂ। ਨਿਜ਼ਾਮੀ (ਅਮੋਲ (2002, 51) ਮੁਤਾਬਕ ਪਹਿਲਾਂ ਫ਼ਰੀਦ ਦਾ ਬਾਪ ਜਮਾਲਉਦੀਨ ਸੁਲੇਮਾਨ ਸ਼ਹਾਬਉਦੀਨ ਗੌਰੀ ਨਾਲ 1157 ਈ. ਵਿਚ ਕਾਬਲ ਤੋਂ ਮੁਲਤਾਨ ਆਇਆ ਸੀ। ਸ਼ਹਾਬਉਦੀਨ ਕਿਉਂਕਿ ਲੜਾਈ ਵਿਚ ਮਾਰਿਆ ਗਿਆ ਸੀ, ਜਿਸ ਦਾ ਬਦਲਾ ਕੁਤਬਉਦੀਨ ਐਬਕ ਨੇ ਲਿਆ। ਇਸ ਲਈ ਹੋ ਸਕਦਾ ਹੈ ਕਿ ਜਮਾਲਉਦੀਨ ਉਸ ਤੋਂ ਪਿੱਛੋਂ ਇੱਥੇ ਹੀ ਰਹਿ ਗਿਆ ਹੋਵੇ ਅਤੇ ਮੁਲਤਾਨ ਛੱਡ ਕੇ ਕੁਹਤੇਵਾਲ ਰਹਿਣ ਲੱਗ ਪਿਆ ਹੋਵੇ। ਇਹ ਧਾਰਨਾ ਹਕੀਕਤ ਦੇ ਵਧੇਰੇ ਨੇੜੇ ਲੱਗਦੀ ਹੈ ਪਰ ਇੱਕ ਗੱਲ ਸਪੱਸ਼ਟ ਹੈ ਕਿ ਭਾਵੇਂ ਫ਼ਰੀਦ ਦਾ ਬਾਪ ਕਾਬਲ ਤੋਂ ਆ ਕੇ ਕੋਹਤੇਵਾਲ ਵੱਸਿਆ ਜਾਂ ਉਸ ਦਾ ਦਾਦਾ, ਫ਼ਰੀਦ ਦੇ ਵੱਡ-ਵਡੇਰੇ ਕਾਬਲ ਛੱਡ ਕੇ ਕੋਹਤੇਵਾਲ ਆ ਕੇ ਵੱਸੇ ਸਨ।

### ਬਾਬਾ ਫ਼ਰੀਦ ਦਾ ਪਰਿਵਾਰ:

ਕੋਹਤੇਵਾਲ ਵਿਚ ਸ਼ੇਖ਼ ਸ਼ੁਆਇਬ ਨੇ ਇਕ ਮਦਰੱਸਾ ਖੋਲ੍ਹਿਆ ਅਤੇ ਮਸੀਤ ਵੀ ਬਣਵਾਈ। ਉਸ ਦੇ ਤਿੰਨ ਪੁੱਤਰ ਸਨ ਅਤੇ ਉਸ ਦੀ ਮੌਤ ਤੋਂ ਪਿੱਛੋਂ ਉਸ ਦੇ ਪੁੱਤਰ ਜਮਾਲਉਦੀਨ ਸੁਲੇਮਾਨ ਨੇ ਕੰਮ ਸੰਭਾਲਿਆ। ਜਮਾਲਉਦੀਨ ਦਾ ਵਿਆਹ ਮਰੀਅਮ ਬੀਬੀ ਉਰਫ਼ ਕੁਰਸਮ ਬੀਬੀ ਨਾਲ ਹੋਇਆ ਜੋ ਚਿਸ਼ਤੀ ਸੰਪਰਦਾ ਦੇ ਬਾਨੀਆਂ ਵਿਚੋਂ ਇੱਕ, ਸ਼ੇਖ਼ ਵਜੀਹਉਦੀਨ ਖੋਜੇਂਦੀ ਦੀ ਧੀ ਸੀ। ਮੌਲਾਣਾ ਖੋਜੇਂਦੀ ਦਾ ਪਰਿਵਾਰ ਵੀ ਕਾਬਲ ਤੋਂ ਪਰਵਾਸ ਕਰ ਕੇ ਆਇਆ ਸੀ ਅਤੇ ਮੁਲਤਾਨ ਲਾਗੇ ਕੋਟ ਕਰੋੜ ਵਿਚ ਆ ਕੇ ਵੱਸਿਆ ਸੀ। ਬਾਅਦ ਵਿਚ ਇਹ ਵੀ ਕੋਹਤੇਵਾਲ ਆ ਕੇ ਵੱਸ ਗਏ ਜਿੱਥੇ ਮੌਲਾਣਾ ਦੀ ਮੌਤ ਹੋ ਗਈ। ਖੋਜੇਂਦੀ ਨੂੰ ਵੀ ਕਾਬਲ ਦੇ ਬਾਦਸ਼ਾਹ ਫ਼ਾਰੂਖ਼ਸ਼ਾਹ ਦੇ ਸਬੰਧੀ ਦੱਸਿਆ ਗਿਆ ਹੈ। ਬਾਜਵਾ ਬੀਬੀ ਕੁਰਸਮ ਨੂੰ ਅਲੀ ਦੇ ਉੱਤਰ-ਅਧਿਕਾਰੀਆਂ ਵਿਚੋਂ ਇੱਕ, ਮੁਹੰਮਦ ਅਬਦੁੱਲਾ ਦੀ ਲੀਹ ਵਿਚੋਂ ਦੱਸਦਾ ਹੈ। ਪਰ ਇਸ ਗੱਲ ਵਿਚ ਮਿਥਿਹਾਸਕ ਹੋਣ ਦੀ ਸੰਭਾਵਨਾ ਕਾਫ਼ੀ ਹੈ।

ਜਮਾਲਉਦੀਨ ਦੇ ਤਿੰਨ ਪੁੱਤਰ ਅਤੇ ਇੱਕ ਧੀ ਸਨ। ਪੁੱਤਰਾਂ ਦੇ ਨਾਂ ਸਨ: ਖ਼ਵਾਜਾ ਅਜ਼ੀਜ਼ਉਦੀਨ ਮਹਿਮੂਦ, ਫ਼ਰੀਦਉਦੀਨ ਮਸੂਦ ਅਤੇ ਖ਼ਵਾਜਾ ਨਸੀਬਉਦੀਨ ਮਹਿਮੂਦ ਮੁਤਵੱਕਲ। ਉਸ ਦੀ ਧੀ ਦਾ ਨਾਂ ਜਮੀਲਾ ਖ਼ਾਤੂਨ ਸੀ। ਸ਼ੇਖ਼ ਫ਼ਰੀਦ ਦਾ ਜਨਮ ਕੋਹਤੇਵਾਲ ਵਿਚ ਹੀ ਹੋਇਆ ਪਰ ਉਸ ਦੇ ਜਨਮ ਦੇ ਸਾਲ ਬਾਰੇ ਮੱਤ ਵੱਖ-ਵੱਖ ਹਨ। ਬਹੁਤਿਆਂ ਦੀ ਰਾਇ ਅਨੁਸਾਰ ਉਹ 1173 ਈ. ਮੁਤਾਬਿਕ 584 ਹਿਜਰੀ ਨੂੰ ਪੈਦਾ ਹੋਇਆ, ਜਦਕਿ ਹੋਰ ਵਿਦਵਾਨਾਂ ਨੇ 569 ਹਿਜਰੀ, 4 ਅਪ੍ਰੈਲ 1179 ਜਾਂ 1188 ਈ. ਵਿਚ ਹੋਇਆ ਲਿਖਿਆ ਹੈ।

### ਬਾਬਾ ਫ਼ਰੀਦ ਦੇ ਚਾਰ ਵਿਆਹ:

ਫ਼ਰੀਦ ਗ੍ਰਹਿਸਥ ਜੀਵਨ ਵਿਚ ਵਿਸ਼ਵਾਸ ਰੱਖਦਾ ਸੀ। ਇਸ ਸਬੰਧ ਵਿਚ ਉਸ ਦੇ ਚਾਰ ਵਿਆਹਾਂ ਦਾ ਵਰਣਨ ਮਿਲਦਾ ਹੈ, ਜਿਨ੍ਹਾਂ ਵਿਚੋਂ ਦਰਜਨ ਤੋਂ ਵੱਧ ਬੱਚਿਆਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਫ਼ਰੀਦ ਦਾ ਪਹਿਲਾ ਵਿਆਹ 621 ਹਿਜਰੀ ਵਿਚ ਬੀਬੀ ਨਜੀਬ-ਉਨ-ਨਿਸਾ ਨਾਲ ਫ਼ਰੀਦ ਦੀ ਮਾਂ ਦੀ ਮਰਜ਼ੀ ਨਾਲ ਹੋਇਆ ਜਿਸ ਦੇ ਮਾਪੇ ਮੁਲਤਾਨ ਦੇ ਵਾਸੀ ਸਨ। ਫ਼ਰੀਦ ਦੀ ਹਾਂਸੀ ਅਤੇ ਕੋਹਤੇਵਾਲ ਵਿਚ ਰਿਹਾਇਸ਼ ਦੌਰਾਨ ਇਹ ਉਸ ਦੇ ਨਾਲ ਰਹਿੰਦੀ ਸੀ। ਉਸ ਵਿਚੋਂ ਤਿੰਨ ਧੀਆਂ ਅਤੇ ਚਾਰ ਪੁੱਤਰ ਪੈਦਾ ਹੋਏ। ਧੀਆਂ ਦੇ ਨਾਂ ਸਨ: ਖ਼ਦੀਜਾ ਉਰਫ਼ ਸ਼ਰੀਫ਼-ਉਨ-ਨਿਸਾ ਜੋ ਵਿਆਹ ਦੇ ਪਹਿਲੇ ਦਿਨ ਹੀ ਮਰ ਗਈ, ਜਦਕਿ ਬਾਕੀ ਦੀਆਂ ਦੋ, ਅਸਗਾਰੀ ਅਤੇ ਬਸ਼ਾਰੀ ਬਚਪਨ ਵਿਚ ਹੀ ਚੱਲ ਵੱਸੀਆਂ। ਉਸ ਦੇ ਚਾਰ ਪੁੱਤਰਾਂ ਵਿਚੋਂ ਤਿੰਨ, ਮੁਹੰਮਦ ਨਾਇਮਉਦੀਨ, ਮੁਹੰਮਦ ਸੁਲਤਾਨਉਦੀਨ ਅਤੇ ਫ਼ਰੀਦ ਬਖ਼ਸ਼ ਬਚਪਨ ਵਿਚ ਹੀ ਚੱਲ ਵੱਸੇ, ਜਦਕਿ ਚੌਥਾ ਅਜੀਜ਼ਉਦੀਨ ਅਲਾਉਦੀਨ ਸਾਬਰੀ ਨਾਲ ਲੜਾਈ ਵਿਚ ਮਾਰਿਆ ਗਿਆ। ਫ਼ਰੀਦ ਦਾ ਦੂਜਾ ਵਿਆਹ 634 ਹਿਜਰੀ ਵਿਚ ਹਜੀਰਾ ਖ਼ਾਤੂਨ ਉਰਫ਼ ਖ਼ਾਤੂਨ ਬੇਗਮ ਨਾਲ ਹੋਇਆ, ਜਿਸ ਵਿਚੋਂ ਦਸ ਬੱਚੇ ਪੈਦਾ ਹੋਏ। ਪੁੱਤਰਾਂ ਦੇ ਨਾਂ ਸਨ: ਸ਼ਹਾਬਉਦੀਨ ਗੰਜ-ਏ-ਇਲਾਮ, ਨਿਜ਼ਾਮਉਦੀਨ ਸ਼ਹੀਦ ਜੋ ਖਿਲਜੀ ਕਾਲ ਵਿਚ ਰੰਥਨਬੋਰ ਦੀ ਲੜਾਈ ਵਿਚ ਮਾਰਿਆ ਗਿਆ, ਬਦਰਉਦੀਨ ਜੋ ਸਭ ਤੋਂ ਵੱਡਾ ਸੀ, ਮੁਹੰਮਦ ਯਾਕੂਬ ਜੋ ਅਬਦਾਲਾਂ (ਕੰਬੋਆਂ ਦਾ ਇੱਕ ਗੋਤ)

**(ਬਾਕੀ ਅਗਲੇ ਸਫੇ 'ਤੇ)**

*(ਪਿਛਲੇ ਸਫੇ ਦਾ ਬਾਕੀ)*

ਨਾਲ ਅਮਰੋਹੇ ਚਲਾ ਗਿਆ, ਅਤੇ ਸ਼ੇਖ਼ ਅਬਦੁੱਲਾ ਬੀਆਬਾਨੀ ਜੋ ਮੰਗੋਲਾਂ ਨਾਲ ਲੜਾਈ ਵਿਚ ਮਾਰਿਆ ਗਿਆ ਅਤੇ ਪਾਕਪਟਨ ਵਿਚ ਦਫ਼ਨਾਇਆ ਗਿਆ। ਉਸ ਦੀਆਂ ਧੀਆਂ ਦੇ ਨਾਂ ਸਨ: ਫ਼ਾਤਮਾ, ਸ਼ਰੀਫ਼ਾ, ਮਸਤੂਰਾ, ਹਾਜਰਾ ਅਤੇ ਜੈਨਬ ਜਿਨ੍ਹਾਂ ਵਿਚੋਂ ਚਾਰ ਬਚਪਨ ਵਿਚ ਹੀ ਮਰ ਗਈਆਂ।

ਫ਼ਰੀਦ ਦੀ ਤੀਜੀ ਸ਼ਾਦੀ ਉਸ ਦੇ ਇੱਕ ਮਰਹੂਮ ਚੇਲੇ ਦੀ ਵਿਧਵਾ, ਬੀਬੀ ਉਮੇ ਕਲਸੂਮ ਨਾਲ 639 ਵਿਚ ਹੋਈ। ਉਸ ਵਿਚੋਂ ਇੱਕ ਪੁੱਤਰ ਸੀ ਜਿਸ ਨੂੰ ਫ਼ਰੀਦ ਨੇ ਆਪਣੇ ਬੱਚਿਆਂ ਵਾਂਗ ਪਾਲਿਆ। ਉਸ ਦੇ ਬਾਕੀ ਬੱਚੇ ਪਹਿਲਾਂ ਹੀ ਮਰ ਚੁੱਕੇ ਸਨ। ਕੁੱਝ ਸਰੋਤਾਂ ਵਿਚ ਫ਼ਰੀਦ ਦੇ ਚੌਥੇ ਵਿਆਹ ਦੀ ਗੱਲ ਵੀ ਕੀਤੀ ਗਈ ਹੈ, ਜੋ ਹਜਾਬਰਾ ਨਾਂ ਦੀ ਔਰਤ ਨਾਲ ਹੋਇਆ ਦੱਸਿਆ ਜਾਂਦਾ ਹੈ। ਇਸ ਦੇ ਬਾਪ ਦਾ ਨਾਂ ਸੁਲਤਾਨ ਨਸੀਰਉਦੀਨ ਮੁਹੰਮਦ ਜਾਂ ਨਸੀਰਉਦੀਨ ਬਲਬਨ ਲਿਖਿਆ ਗਿਆ, ਜੋ ਠੀਕ ਨਹੀਂ ਹੋ ਸਕਦਾ। ਇੱਥੇ ਦੋ ਵਿਅਕਤੀਆਂ ਦੇ ਨਾਵਾਂ ਨੂੰ ਰਲ਼ਗੱਡ ਕਰ ਦਿੱਤਾ ਗਿਆ ਹੈ। ਬਲਬਨ ਦਾ ਠੀਕ ਨਾਂ ਗਿਆਸਉਦੀਨ ਬਲਬਨ ਸੀ ਜੋ 1200 ਈ. ਵਿਚ ਜੰਮਿਆ ਸੀ, ਗੁਲਾਮ ਵੰਸ਼ ਦਾ ਆਖ਼ਰੀ ਬਾਦਸ਼ਾਹ ਸੀ ਅਤੇ ਜਿਸ ਨੇ 1266 ਤੋਂ 1287 ਈ. ਵਿਚਕਾਰ ਰਾਜ ਕੀਤਾ ਸੀ। ਜੇਕਰ 1173 ਈ. ਨੂੰ ਫ਼ਰੀਦ ਦਾ ਜਨਮ ਸਾਲ ਮੰਨ ਲਿਆ ਜਾਵੇ ਤਾਂ 1265 ਈ. ਵਿਚ ਫ਼ਰੀਦ ਮਰ ਚੁੱਕਾ ਸੀ। ਇਸ ਲਈ ਬਾਦਸ਼ਾਹ ਬਲਬਨ ਦੀ ਧੀ ਨਾਲ ਉਸ ਦੇ ਵਿਆਹ ਦੀ ਗੱਲ ਸੰਭਵ ਨਹੀਂ ਹੈ, ਜਦਕਿ ਬਲਬਨ ਗਿਆਸਉਦੀਨ ਸੀ, ਸੁਲਤਾਨ ਮੁਹੰਮਦ ਨਸੀਰਉਦੀਨ ਕਬਾਚਾ/ਕਬਾਜਾ ਸੀ ਜੋ ਦਿੱਲੀ ਦੇ ਪਹਿਲੇ ਗੁਲਾਮ ਵੰਸ਼ੀ ਬਾਦਸ਼ਾਹ ਦਾ ਜਵਾਈ ਅਤੇ ਪ੍ਰਧਾਨ ਮੰਤਰੀ ਸੀ, ਜਿਸ ਨੇ ਕੁਤਬਉਦੀਨ ਐਬਕ ਦੀ ਮੌਤ ਉਪਰੰਤ ਆਪਣੇ ਆਪ ਨੂੰ ਸਿੰਧ ਦਾ ਬਾਦਸ਼ਾਹ ਘੋਸ਼ਿਤ ਕਰ ਦਿੱਤਾ ਅਤੇ ਆਪਣੇ ਨਾਂ ਦੇ ਸਿੱਕੇ ਵੀ ਜਾਰੀ ਕੀਤੇ ਸਨ, ਜਿਨ੍ਹਾਂ ਵਿਚ ਉਸ ਦੀ ਜਾਤ 'ਕਬਾਜਾ' (ਕੰਬੋਜਾ) ਲਿਖੀ ਹੋਈ ਹੈ, ਜਿਸ ਨੇ 1227 ਈ. ਵਿਚ ਮੰਗੋਲਾਂ ਨੂੰ ਮਾਰ ਭਜਾਇਆ ਸੀ ਅਤੇ ਫ਼ਰੀਦ ਦੇ ਇੱਕ ਪੁੱਤਰ ਦੀ ਮੌਤ ਵੀ ਏਸੇ ਲੜਾਈ ਵਿਚ ਹੋਈ ਸੀ, ਅਤੇ ਜਿਸ ਦੀ ਦਿੱਲੀ ਦੇ ਬਾਦਸ਼ਾਹ ਇਲਤੁਤਮਿਸ਼ ਨਾਲ ਲੜਾਈ ਦੌਰਾਨ 1228 ਈ. ਵਿਚ ਮੌਤ ਹੋ ਗਈ ਸੀ। (ਵਿਸਥਾਰ, ਜੰਮੂ, 2013, 395-397)। ਕੋਹਤੇਵਾਲ ਕਬਾਚੇ ਦੇ ਰਾਜ ਅਧੀਨ ਸੀ ਅਤੇ ਜੇਕਰ ਫ਼ਰੀਦ ਦਾ ਚੌਥਾ ਵਿਆਹ ਹਜਾਬਰਾ ਨਾਲ ਹੋਇਆ ਸੀ ਤਾਂ ਉਹ ਸਿਰਫ਼ ਨਸੀਰਉਦੀਨ ਕਬਾਚੇ ਦੀ ਧੀ ਹੀ ਹੋ ਸਕਦੀ ਹੈ।

**ਵਿੱਦਿਆ ਤੇ ਯਾਤਰਾਵਾਂ:**

ਫ਼ਰੀਦ ਨੇ ਮੁੱਢਲੀ ਵਿੱਦਿਆ ਆਪਣੇ ਪਿੰਡ ਕੋਹਤੇਵਾਲ ਵਿਚ ਪ੍ਰਾਪਤ ਕੀਤੀ। ਉਸ ਨੇ ਇਸਲਾਮੀ ਰਵਾਇਤਾਂ ਨੂੰ ਸਮਝਿਆ। ਉਹ ਨਮਾਜ਼ ਪੜ੍ਹਦਾ ਸੀ ਅਤੇ 7 ਸਾਲ ਦੀ ਉਮਰ ਵਿਚ ਪਵਿੱਤਰ ਕੁਰਾਨ ਪੜ੍ਹਨ ਵਿਚ ਮਾਹਿਰ ਹੋ ਗਿਆ ਸੀ। ਇਸ ਪਿੱਛੋਂ ਉਹ ਮੁਲਤਾਨ ਚਲਾ ਗਿਆ ਜਿੱਥੇ ਉਸ ਨੇ ਮੌਲਾਣਾ ਮਿਨਰਾਜ਼ਉਦੀਨ ਕੋਲੋਂ ਹਦੀਬ, ਫ਼ਿਕਾਰ, ਫ਼ਲਸਫ਼ੇ ਤੇ ਤਰਕ ਦਾ ਗਿਆਨ ਪ੍ਰਾਪਤ ਕੀਤਾ ਅਤੇ ਹੋਲੀ-ਹੌਲੀ ਕੁਰਾਨ ਸ਼ਰੀਫ਼ ਸਾਰਾ ਜ਼ਬਾਨੀ ਯਾਦ ਕਰ ਲਿਆ। ਏਥੇ ਹੀ ਉਸ ਦੀ ਮੁਲਾਕਾਤ ਖ਼ਵਾਜਾ ਕੁਤਬਉਦੀਨ ਬਖ਼ਤਿਆਰ ਕਾਕੀ ਨਾਲ ਹੋਈ ਜੋ ਹਿੰਦੋਸਤਾਨ ਵਿਚ ਸੂਫ਼ੀਆਂ ਦੇ ਚਿਸ਼ਤੀ ਸਿਲਸਲੇ/ਸੰਪਰਦਾ ਦਾ 'ਬਾਨੀ' ਸੀ ਅਤੇ ਦਿੱਲੀ ਜਾਂਦਾ ਹੋਇਆ ਮੁਲਤਾਨ ਠਹਿਰਿਆ ਸੀ। ਫ਼ਰੀਦ ਉਸ ਨੂੰ ਗੁਰੂ ਧਾਰਨਾ ਚਾਹੁੰਦਾ ਸੀ ਅਤੇ ਕਾਕੀ ਵੀ ਉਸ ਤੋਂ ਕਾਫ਼ੀ ਪ੍ਰਭਾਵਿਤ ਹੋਇਆ, ਪਰ ਉਸ ਨੇ ਫ਼ਰੀਦ ਨੂੰ ਹੋਰ ਨਿਪੁੰਨਤਾ ਹਾਸਲ ਕਰਨ ਦੀ ਸਲਾਹ ਦਿੱਤੀ।

ਸੋਲਾਂ ਸਾਲ ਦੀ ਉਮਰ ਵਿਚ ਉਹ ਹੱਜ ਕਰਨ ਲਈ ਮੱਕੇ ਵੱਲ ਤੁਰ ਪਿਆ। 593 ਤੋਂ 611 ਹਿਜਰੀ ਦੌਰਾਨ 18 ਸਾਲ ਉਹ ਇਸਲਾਮੀ ਜਗਤ ਵਿਚ ਘੁੰਮਦਾ ਫਿਰਦਾ ਵੱਖ-ਵੱਖ ਵਿਦਵਾਨਾਂ ਨਾਲ ਵਾਰਤਾਲਾਪ ਕਰਦਾ ਇਸਲਾਮ ਅਤੇ ਦੁਨੀਆ ਨੂੰ ਸਮਝਣ ਦੇ ਕਾਰਜ ਵਿਚ ਰੁੱਝਿਆ ਰਿਹਾ। ਉਹ ਅਫ਼ਗਾਨਿਸਤਾਨ ਵਿਚ ਗਜ਼ਨੀ ਗਿਆ, ਜਿੱਥੋਂ ਉਸ ਦੇ ਵਡੇਰੇ ਆ ਕੇ ਕੋਹਤੇਵਾਲ ਵੱਸੇ ਸਨ। ਏਥੇ ਉਹ ਇਮਾਮ ਹਦਾਦੀ ਕੋਲ ਰਿਹਾ। ਉਸ ਨੇ ਬਦਖ਼ਸ਼ਾਂ ਦੇ ਮਹਾਨ ਸੂਫ਼ੀ ਵਿਦਵਾਨ ਹਜ਼ਰਤ ਧੂਲ ਨੂਨ ਅਲ ਮਿਸਰੀ ਦੇ ਉੱਤਰ-ਅਧਿਕਾਰੀ ਸ਼ੇਖ਼ ਅਬਦਲ ਵਾਹਿਦ ਬਦੱਖਸ਼ਾਨੀ ਨਾਲ ਵੀ ਮੁਲਾਕਾਤ ਕੀਤੀ। ਉਹ ਮੱਕੇ ਅਤੇ ਮਦੀਨੇ ਵੀ ਗਿਆ, ਜਿੱਥੇ ਉਹ ਹਜ਼ਰਤ ਅਬਦਲ ਵਹਾਬ ਨੂੰ ਮਿਲਿਆ ਜਿਸ ਨੇ ਉਸ ਨੂੰ ਇੱਕ ਪੱਗ ਅਤੇ ਕੁੱਝ ਤੋਹਫ਼ੇ ਦਿੱਤੇ ਅਤੇ ਕਾਦਰੀ ਤੇ ਚਿਸ਼ਤੀ ਸੰਪਰਦਾਵਾਂ ਵਿਚ ਮੁਰੀਦ ਭਰਤੀ ਕਰਨ ਦੇ ਅਧਿਕਾਰ ਵੀ ਦਿੱਤੇ। ਏਥੇ ਉਹ ਸ਼ਹਾਬਉਦੀਨ ਸੁਹਰਾਵਰਦੀ, ਜੁਨੈਦ ਬਗਦਾਦੀ ਅਤੇ ਸ਼ੇਖ਼ ਅਬਦਲ ਵਾਹਿਦ ਕੋਲ ਰਹਿੰਦਾ ਰਿਹਾ। ਉਹ ਜੇਰੂਸ਼ਿਲਮ ਗਿਆ ਅਤੇ ਜਿੱਥੇ ਉਸ ਸਰਾਂ ਵਿਚ ਰਿਹਾ, ਉਸ ਸਰਾਂ ਦਾ ਵਰਣਨ ਵੀ ਮਿਲਦਾ ਹੈ। 'ਆਈਨੇ-ਅਕਬਰੀ' ਵਿਚ ਵੀ ਫ਼ਰੀਦ ਦੇ ਬੁਖਾਰਾ, ਬਦਖ਼ਸ਼ਾਂ, ਗਜ਼ਨੀ, ਕੰਧਾਰ ਅਤੇ ਕਿਰਮਾਨ ਆਦਿ ਥਾਵਾਂ 'ਤੇ ਜਾਣ ਦਾ ਵਰਣਨ ਮਿਲਦਾ ਹੈ। ਇਸ ਲੰਮੀ ਯਾਤਰਾ ਤੋਂ ਬਾਅਦ ਉਹ ਮੁਲਤਾਨ ਆਇਆ ਅਤੇ ਫਿਰ ਕੋਹਤੇਵਾਲ ਜਾ ਕੇ ਆਪਣੀ ਮਾਂ ਨੂੰ ਮਿਲਿਆ।

ਇਸ ਤੋਂ ਪਿੱਛੋਂ ਫ਼ਰੀਦ ਦਿੱਲੀ ਜਾ ਕੇ ਆਪਣੇ ਮੁਰਸ਼ਦ ਬਖ਼ਤਿਆਰ ਕਾਕੀ ਨੂੰ ਮਿਲਿਆ, ਜਿਸ ਨੇ ਉਸ ਨੂੰ ਹੋਰ ਸਿੱਖਿਆ ਹਾਸਲ ਕਰਨ, ਖ਼ਾਸ ਕਰਕੇ ਬੋਲੀ ਸੁਧਾਰਨ ਲਈ ਉਸ ਨੂੰ ਸਿਰਸੇ ਦੇ ਕਾਜ਼ੀ ਅਬਦਲ ਸ਼ਕੂਰ ਕੋਲ ਭੇਜਿਆ ਅਤੇ ਵਾਪਸੀ 'ਤੇ ਹਾਂਸੀ ਵਿਚ ਕਾਜ਼ੀ ਨਿਯੁਕਤ ਕਰ ਦਿੱਤਾ। ਦਿੱਲੀ ਪਹੁੰਚਣ 'ਤੇ ਕਾਕੀ ਨੇ ਉਸ ਨੂੰ ਇੱਕ ਮਜਲਿਸ ਵਿਚ ਇੱਕ ਕੁੱਲਾ ਤੇ ਪੱਗ ਦੇ ਕੇ ਚਿਸ਼ਤੀ ਸੰਪਰਦਾ ਵਿਚ ਸ਼ਾਮਲ ਕਰ ਲਿਆ ਅਤੇ ਫ਼ਰੀਦ ਗਜ਼ਨੀ ਗੇਟ ਦੇ ਨੇੜੇ ਇੱਕ ਹੁਜਰੇ/ਕੋਠੜੀ ਵਿਚ ਰਹਿਣ ਲੱਗਾ। ਏਥੇ ਇੱਕ ਦਿਨ ਸ਼ਿਲੇ ਦੌਰਾਨ, ਜਿਸ ਸਮੇਂ ਖਾਣ-ਪੀਣ 'ਤੇ ਸਖ਼ਤ ਪਾਬੰਦੀਆਂ ਹੁੰਦੀਆਂ ਹਨ ਅਤੇ ਸਖ਼ਤ ਤਪੱਸਿਆ ਕਰਨੀ ਪੈਂਦੀ ਹੈ, ਖ਼ਵਾਜਾ ਬਖ਼ਤਿਆਰ ਕਾਕੀ ਅਤੇ ਅਜਮੇਰ ਦਾ ਮੋਇਨਦੀਨ ਚਿਸ਼ਤੀ ਉਸ ਨੂੰ ਮਿਲਣ ਆਏ, ਪਰ ਉਹ ਕਮਜ਼ੋਰੀ ਕਾਰਨ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉੱਠ ਨਾ ਸਕਿਆ। ਫਰ ਉਹ ਦੋਵੇਂ ਉਸ ਤੋਂ ਏਨਾ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਉਸ ਨੂੰ 'ਦਸਤਾਰੇ-ਖ਼ਲਾਫ਼ਤ' ਦੇ ਕੇ ਕਾਕੀ ਦਾ ਖ਼ਲੀਫ਼ਾ ਪ੍ਰਵਾਨ ਕੀਤਾ। ਇਸ ਤੋਂ ਪਿੱਛੋਂ ਫ਼ਰੀਦ ਹਾਂਸੀ ਚਲਾ ਗਿਆ।

634 ਹਿਜਰੀ (1235 ਈ.) ਵਿਚ ਕਾਕੀ ਦੀ ਮੌਤ ਉਪਰੰਤ ਉਹ ਹਾਂਸੀ ਤੋਂ ਦਿੱਲੀ ਆ ਗਿਆ, ਜਿੱਥੇ ਕਾਜ਼ੀ ਹਮੀਦਉਦੀਨ ਨਗੌਰੀ ਨੇ ਕਾਕੀ ਦੀਆਂ ਵਸਤਾਂ ਉਸ ਨੂੰ ਦਿੱਤੀਆਂ ਅਤੇ ਕਾਕੀ ਦੀ ਇੱਛਾ ਅਨੁਸਾਰ ਦਰਵੇਸ਼ਾਂ ਦੀ ਮਜਲਿਸ ਵਿਚ ਉਸ ਨੂੰ ਸਨਮਾਨਿਤ ਅਤੇ ਪ੍ਰਵਾਨਿਤ ਕੀਤਾ ਗਿਆ, ਕਿਉਂਕਿ ਕਾਕੀ ਨੇ ਪਹਿਲਾਂ ਹੀ ਉਸ ਨੂੰ ਆਪਣਾ ਖ਼ਲੀਫ਼ਾ ਚੁਣਿਆ ਹੋਇਆ ਸੀ। ਇਸ ਮਜਲਿਸ ਵਿਚ ਦਿੱਲੀ ਦਾ ਬਾਦਸ਼ਾਹ ਇਲਤੁਤਮਿਸ਼ ਵੀ ਸ਼ਾਮਲ ਹੋਇਆ ਦੱਸਿਆ ਜਾਂਦਾ ਹੈ। ਫ਼ਰੀਦ ਦੇ ਅਜਮੇਰ ਜਾਣ ਦਾ ਵੀ ਵਰਣਨ ਮਿਲਦਾ ਹੈ, ਜਿੱਥੇ ਉਸ ਨੇ ਚਾਲੀ ਦਿਨਾਂ ਦਾ ਇੱਕ ਸ਼ਿਲਾ ਕੀਤਾ।

**ਦਿੱਲੀ ਤੋਂ ਵਾਪਸੀ:**

ਇਉਂ ਲੱਗਦਾ ਹੈ ਕਿ ਦਿੱਲੀ ਫ਼ਰੀਦ ਨੂੰ ਮੁਆਫ਼ਕ ਨਹੀਂ ਆਈ। ਇਸ ਲਈ ਉਸ ਨੇ ਕੋਹਤੇਵਾਲ ਵੱਲ ਚਾਲੇ ਪਾ ਦਿੱਤੇ। ਰਾਹ ਵਿਚ ਉਹ ਫ਼ਰੀਦਕੋਟ ਰੁਕਿਆ ਅਤੇ ਏਥੇ ਵੀ ਚਾਲੀ ਦਿਨਾਂ ਦਾ ਸ਼ਿਲਾ ਕੀਤਾ। ਏਥੇ ਉਸ ਸਮੇਂ ਮੋਖਲ ਦਾ ਰਾਜ ਸੀ ਅਤੇ ਇਸ ਥਾਂ ਦਾ ਨਾਂ 'ਮੋਖਲਪੁਰ' ਸੀ। ਰਾਜੇ ਮੋਖਲ ਨੇ ਉਸ ਤੋਂ ਪ੍ਰਭਾਵਿਤ ਹੋ ਕੇ ਇਸ ਥਾਂ ਦਾ ਨਾਂ 'ਫ਼ਰੀਦਕੋਟ' ਰੱਖ ਦਿੱਤਾ। ਏਥੇ ਫ਼ਰੀਦ ਨੂੰ ਇੱਕ ਵੀਹ ਸਾਲਾ ਨੌਜੁਆਨ ਨਿਜ਼ਾਮਉਦੀਨ ਮਿਲਿਆ, ਜੋ ਉਸ ਦਾ ਮੁਰੀਦ ਬਣ ਗਿਆ ਅਤੇ ਬਾਅਦ ਵਿਚ ਉਸ ਦਾ ਖ਼ਲੀਫ਼ਾ ਪ੍ਰਵਾਨ ਹੋਇਆ। ਫ਼ਰੀਦਕੋਟ ਵਿਚ ਹਰ ਸਾਲ 21 ਤੋਂ 23 ਨਵੰਬਰ ਤੱਕ ਬਾਬਾ ਫ਼ਰੀਦ ਦਾ ਆਗਮਨ-ਦਿਵਸ ਮੇਲੇ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਬਾਬਾ ਫ਼ਰੀਦ ਦੇ ਨਾਂ 'ਤੇ ਇੱਥੇ 1998 ਵਿਚ ਪੰਜਾਬ ਸਰਕਾਰ ਵੱਲੋਂ 'ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼' ਸਥਾਪਤ ਕੀਤੀ ਗਈ ਹੈ। ਇਕ ਅਰਬੀ ਯਾਤਰੀ ਇਬਨ ਬਤੂਤਾ ਜੋ ਇੱਥੇ 1334 ਈ. ਵਿਚ ਆਇਆ, ਨੇ ਲਿਖਿਆ ਹੈ ਕਿ ਫ਼ਰੀਦ ਹਿੰਦੋਸਤਾਨ ਦੇ ਬਾਦਸ਼ਾਹ ਦਾ ਸਲਾਹਕਾਰ ਸੀ ਜਿਸ ਨੇ ਅਯੋਧਨ ਨਾਮੀ ਪਿੰਡ ਉਸ ਨੂੰ ਦਾਨ ਕੀਤਾ ਸੀ। ਬਤੂਤਾ ਇੱਥੇ ਤੁਗ਼ਲਕ ਖ਼ਾਨਦਾਨ ਦੇ ਰਾਜ ਸਮੇਂ ਆਇਆ ਸੀ ਅਤੇ ਦਿੱਲੀ ਜਾਂਦਿਆਂ ਅਯੋਧਨ ਠਹਿਰਿਆ ਹੋਵੇਗਾ। ਹਿੰਦੋਸਤਾਨ ਦਾ ਇਹ ਬਾਦਸਾਹ ਨਜ਼ੀਰਉਦੀਨ ਕਬਾਜ਼ਾ ਹੋ ਸਕਦਾ ਹੈ ਜੋ ਬਾਬਾ ਫ਼ਰੀਦ ਦੇ ਸਮੇਂ ਸਿੰਧ ਉੱਤੇ ਰਾਜ ਕਰਦਾ ਸੀ। ਫ਼ਰੀਦ ਕੋਹਤੇਵਾਲ ਛੱਡ ਕੇ ਅਯੋਧਨ ਆ ਵੱਸਿਆ ਸੀ। ਅਯੋਧਨ ਕੋਹਤੇਵਾਲ ਦੇ ਨੇੜੇ ਹੀ ਸੀ ਅਤੇ ਇੱਥੇ ਸਤਲੁਜ ਦਰਿਆ ਉੱਪਰ ਇੱਕ ਪੱਤਣ ਵੀ ਸੀ। ਇੱਥੇ ਉਸ ਤੋਂ ਪਹਿਲਾਂ 'ਢੋਟ' ਗੋਤ ਦੇ ਰਾਜੇ ਰਾਜ ਕਰਦੇ ਸਨ। ਇਬਰਾਹੀਮ ਗਜ਼ਨੀ ਨੇ ਇਹ ਉਨ੍ਹਾਂ ਤੋਂ ਖੋਹਿਆ ਸੀ ਅਤੇ ਇਸ ਦਾ ਨਾਂ ਪਾਕਪੱਤਨ /ਪਾਕਪਟਨ ਰੱਖ ਦਿੱਤਾ ਗਿਆ ਸੀ। ਇੱਥੋਂ ਫ਼ਰੀਦ ਨੇ ਆਪਣੇ ਭਰਾ ਮੁਤਵੱਕਲ ਨੂੰ ਆਪਣੀ ਮਾਂ ਨੂੰ ਕੋਹਤੇਵਾਲ ਤੋਂ ਲਿਆਉਣ ਲਈ ਭੇਜਿਆ ਪਰ ਉਹ ਰਾਹ ਵਿਚ ਹੀ ਪ੍ਰਾਣ ਤਿਆਗ ਗਈ।

ਬਾਬਾ ਫ਼ਰੀਦ ਦਾ ਕਾਜ਼ੀ ਨਾਲ ਵਿਰੋਧ: ਅਯੋਧਨ ਦਾ ਕਾਜ਼ੀ ਜੋ ਮਸੀਤ ਦਾ ਇਮਾਮ ਵੀ ਸੀ, ਫ਼ਰੀਦ ਦਾ ਵਿਰੋਧੀ ਸੀ। ਉਹ ਸ਼ਾਇਦ ਲਈ ਕਿ ਕਾਜ਼ੀ ਇਸਲਾਮ ਦੀ ਮੁੱਖ-ਧਾਰਾ ਨਾਲ ਸਬੰਧਤ ਸੀ, ਜਦਕਿ ਫ਼ਰੀਦ ਇਸਲਾਮੀ ਮੁੱਖ-ਧਾਰਾ ਅੰਦਰ ਇੱਕ ਨਵੇਂ ਸਿਲਸਿਲੇ/ਸੰਪਰਦਾ ਦਾ ਪ੍ਰਚਾਰਕ ਸੀ। ਅਜਿਹੀ ਸਥਿਤੀ ਵਿਚ ਧਾਰਮਿਕ ਅਤੇ ਨਿੱਜੀ ਵਿਰੋਧ ਹੋਣੇ ਕੁਦਰਤੀ ਹਨ। ਕਾਜ਼ੀ ਨੇ ਪਹਿਲਾਂ ਸਰਕਾਰੀ ਸਾਧਨਾਂ ਰਾਹੀਂ ਫ਼ਰੀਦ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਸਫ਼ਲ ਨਾ ਹੋ ਸਕਿਆ। ਫਿਰ ਕਿਉਂਕਿ ਇਸਲਾਮ ਵਿਚ ਸ਼ਰਾਬ ਤੇ ਸੰਗੀਤ ਵਰਜਿਤ ਹਨ, ਪਰ ਸੂਫ਼ੀਆਂ ਵਿਚ ਇਨ੍ਹਾਂ ਉੱਤੇ ਪਾਬੰਦੀ ਨਹੀਂ ਹੈ, ਇਸ ਲਈ ਉਸ ਨੇ ਸੂਫ਼ੀਆਂ ਦੀਆਂ ਕਵਾਲੀਆਂ ਅਤੇ ਸ਼ਾਖਾ ਲਾਉਣ ਲਈ ਮੁਲਤਾਨ ਦੇ ਉਲੇਮਾ ਅਤੇ ਵਿਦਵਾਨਾਂ ਤੋਂ ਫ਼ਤਵਾ ਲੁਆਉਣ ਦੀ ਕੋਸ਼ਿਸ਼ ਕੀਤੀ ਪਰ ਉਹ ਫਿਰ ਵੀ ਸਫ਼ਲ ਨਾ ਹੋਇਆ। ਇਸ ਪਿੱਛੋਂ ਉਸ ਨੇ ਇੱਕ ਕਲੰਦਰ ਨੂੰ ਖੰਜਰ ਦੇ ਕੇ ਫ਼ਰੀਦ ਨੂੰ ਮਾਰਨ ਲਈ ਭੇਜਿਆ ਪਰ ਉਸ ਵੇਲੇ ਫ਼ਰੀਦ ਦਾ ਵਿਸ਼ੇਸ਼ ਚੇਲਾ ਨਿਜ਼ਾਮਉਦੀਨ ਉਸ ਦੀ ਰਾਖੀ ਕਰ ਰਿਹਾ ਸੀ ਜਿਸ ਨੂੰ ਵੇਖ ਕੇ ਕਲੰਦਰ ਭੱਜ ਗਿਆ। ਅਖ਼ੀਰ ਵਿਚ ਕਾਜ਼ੀ ਨੇ ਪਟਵਾਰੀ ਨੂੰ ਆਪਣੇ ਨਾਲ ਗੰਢਿਆ ਅਤੇ ਜ਼ਮੀਨ ਦੀ ਮਾਲਕੀ ਦੇ ਰਿਕਾਰਡ ਵਿਚ ਹੇਰਾ-ਫੇਰੀ ਕਰਨ ਦੀ ਕੋਸ਼ਿਸ਼ ਕੀਤੀ, ਪਰ ਇਸ ਦੌਰਾਨ ਹੀ ਪਟਵਾਰੀ ਦੀ ਮੌਤ ਹੋ ਗਈ ਅਤੇ ਕਾਜ਼ੀ ਦੀ ਇਹ ਸਕੀਮ ਵੀ ਸਿਰੇ ਨਾ ਚੜ੍ਹ ਸਕੀ।

**ਬਾਬਾ ਫ਼ਰੀਦ ਦੀ ਮੌਤ:**

ਬਾਬਾ ਫ਼ਰੀਦ ਦੀ ਮੌਤ ਦੇ ਸਾਲ ਬਾਰੇ ਵੱਖ-ਵੱਖ ਵਰਣਨ ਮਿਲਦੇ ਹਨ ਜੋ ਵੱਖ-ਵੱਖ ਸਰੋਤਾਂ ਵਿਚ 1263, ਅਕਤੂਬਰ 1265, 1266 ਅਤੇ 1268 ਈ. ਦੱਸੇ ਗਏ ਹਨ। ਇੱਕ ਵਿਦਵਾਨ ਅਨੁਸਾਰ ਬਾਬਾ ਫ਼ਰੀਦ ਦੀ ਮੌਤ 661 ਹਿਜਰੀ ਵਿਚ ਹੋਈ ਜਦੋਂ ਉਹ 92 ਸਾਲ ਦਾ ਸੀ, ਜਦਕਿ ਇੱਕ ਹੋਰ ਲੇਖਕ ਅਨੁਸਾਰ ਬਾਬਾ ਫ਼ਰੀਦ ਦੀ ਮੌਤ 86 ਸਾਲ ਦੀ ਉਮਰ ਵਿਚ ਹੋਈ। ਉਸ ਦੀ ਮੌਤ ਦਾ ਕਾਰਨ ਨਮੂਨੀਆ ਅਤੇ ਸਥਾਨ ਪਿੰਡ ਡੇਰਾ ਦੱਸਿਆ ਗਿਆ ਹੈ ਪਰ ਉਸ ਦਾ ਮਜ਼ਾਰ ਪਾਕਪਟਨ ਵਿਚ ਉਸ ਦੇ ਚੇਲੇ ਨਿਜ਼ਾਮਉਦੀਨ ਨੇ ਬਣਵਾਇਆ। ਫ਼ਰੀਦ ਦੇ ਵੰਸ਼ਜਾਂ ਨੂੰ 'ਫ਼ਰੀਦੀ' ਜਾਂ ਫ਼ਰੂਕੀ' ਆਖਿਆ ਜਾਂਦਾ ਹੈ। ਇਨ੍ਹਾਂ ਵਿਚੋਂ ਕੁਝ ਉੱਤਰ ਪ੍ਰਦੇਸ਼ ਵਿਚ ਬਦਾਉਣ ਰਹਿਣ ਲੱਗੇ। ਓਸੇ ਵੰਸ਼ ਵਿਚੋਂ ਇੱਕ ਸਲੀਮ ਚਿਸ਼ਤੀ ਸੀ ਜਿਸ ਦੀ ਧੀ ਜਹਾਂਗੀਰ ਦੀ ਮਤਰੇਈ ਮਾਂ ਸੀ। ਇਹ ਲੋਕ ਸ਼ੇਖ਼ੂਪੁਰੇ ਵਿਚ ਰਹਿਣ ਲੱਗੇ।

**ਸੂਫ਼ੀ ਅਤੇ ਚਿਸ਼ਤੀ:**

ਇਸਲਾਮ ਵਿਚ ਕਈ ਧਾਰਾਵਾਂ ਪੈਦਾ ਹੋਈਆਂ। ਇਨ੍ਹਾਂ ਵਿਚੋਂ ਇੱਕ ਨੂੰ 'ਸੂਫ਼ੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸੂਫ਼ੀਆਂ ਦੀਆਂ ਅੱਗੇ ਕਈ ਸ਼ਾਖ਼ਾਵਾਂ ਹਨ ਅਤੇ ਇਨ੍ਹਾਂ ਵਿਚੋਂ ਇੱਕ ਨੂੰ 'ਚਿਸ਼ਤੀ' ਆਖਿਆ ਜਾਂਦਾ ਹੈ। ਸ਼ੇਖ਼ ਫ਼ਰੀਦ ਦਿੱਲੀ, ਪੰਜਾਬ, ਹਰਿਆਣਾ ਖੇਤਰ ਵਿਚ ਇਸ ਸੋਚ-ਪ੍ਰਣਾਲੀ ਅਤੇ ਸੰਪਰਦਾ ਦੇ ਬਾਨੀਆਂ ਵਿਚੋਂ ਇਕ ਸੀ। ਸੂਫ਼ੀਆਂ ਦਾ ਵੰਸ਼-ਕਰਮ ਹਜ਼ਰਤ ਮੁਹੰਮਦ ਤੋਂ ਉਲੀਕਦਿਆਂ ਰਹਿਮਤ ਉਲਾ ਅਲਾਹਿ (ਵਿਕੀਪੀਡੀਆ) 19 ਉਤਰ-ਅਧਿਕਾਰੀਆਂ ਦੇ ਨਾਂ ਲਿਖਦਾ ਹੈ ਜਿਨ੍ਹਾਂ ਵਿਚੋਂ ਉਨੀਵਾਂ ਨਾਂ ਫ਼ਰੀਦਉਦੀਨ ਮਸੂਦ ਸ਼ੇਖ ਫ਼ਰੀਦ ਦਾ ਹੈ। ਇਸ ਸੂਚੀ ਅਨੁਸਾਰ ਚਿਸ਼ਤੀ ਸੰਪਰਦਾ ਦਸਵੇਂ, ਅਬੂਇਸ਼ਕ ਸਾਮੀ ਨਾਲ ਆਰੰਭ ਹੁੰਦੀ ਹੈ। ਇਸ ਲਈ ਇਸ ਤੋਂ ਪਹਿਲਿਆਂ ਦੇ ਨਾਂ ਨਹੀਂ ਦਿੱਤੇ ਗਏ। ਇਸ ਤੋਂ ਅੱਗੇ ਸਿਲਸਲੇਵਾਰ 11. ਅਬੂਅਹਿਮਦ ਅਬਦਾਲ (ਅਬਦਾਲ ਕੰਬੋਆਂ ਦਾ ਇੱਕ ਗੋਤ ਹੈ), 12. ਅਬੂ ਮੁਹੰਮਦ ਅਲਚਿਸ਼ਤੀ, 13. ਅਬੂ ਯੁਸਫ਼ ਨਿਸਾਰਉਦੀਨ, 14. ਕੁਤਬਉਦੀਨ ਮਸੂਦ, 15. ਹਾਜੀ ਸ਼ਰੀਫ਼ ਜਿੰਦਾਨੀ, 16. ਉਸਮਾਨ ਹਾਰੂਨੀ, 17. ਮੁਈਨਦੀਨ, 18. ਕੁੱਤਬਉਦੀਨ ਬਖ਼ਤਿਆਰ ਕਾਕੀ ਅਤੇ 19. ਫ਼ਰੀਦ ਉਦੀਨ ਮਸੂਦ ਦੇ ਨਾਂ ਆਉਂਦੇ ਹਨ। ਸ਼ੇਖ ਫ਼ਰੀਦ ਦੇ ਅੱਗੇ ਚਾਲੀ ਖ਼ਲੀਫ਼ੇ ਦੱਸੇ ਜਾਂਦੇ ਹਨ, ਜਿਨ੍ਹਾਂ ਵਿਚੋਂ ਇੱਕ ਨਿਜ਼ਾਮਉਦੀਨ ਔਲੀਆ ਸੀ। ਫ਼ਰੀਦ ਦੇ ਦਿੱਲੀ ਛੱਡ ਕੇ ਕੋਹਤੇਵਾਲ ਜਾਣ ਬਾਅਦ ਇਸ ਨੇ ਦਿੱਲੀ ਵਾਲੀ ਗੱਦੀ ਸੰਭਾਲੀ ਅਤੇ ਦਿੱਲੀ ਦਾ ਇਸਲਾਮੀ ਕੇਂਦਰ ਅਤੇ ਰੇਲਵੇ ਸਟੇਸ਼ਨ ਏਸੇ ਨਿਜ਼ਾਮਉਦੀਨ ਦੇ ਨਾਲ ਜੁੜਿਆ ਹੋਇਆ ਹੈ। ਸ਼ੇਖ਼ ਫ਼ਰੀਦ ਦੀ ਮੌਤ ਉਪਰੰਤ ਏਸੇ ਨੇ ਪਾਕਪਟਨ ਵਿਚ ਸ਼ੇਖ਼ ਫ਼ਰੀਦ ਦਾ ਮਕਬਰਾ ਬਣਵਾਇਆ। ਪੰਜਾਬ ਵਿਚ ਉਸ ਦੇ 14 ਖ਼ਲੀਫ਼ੇ ਦੱਸੇ ਗਏ ਹਨ ਜਿਨ੍ਹਾਂ ਵਿਚੋਂ ਤਿੰਨ ਕਾਫ਼ੀ ਪ੍ਰਸਿੱਧ ਹੋਏ। ਇਨ੍ਹਾਂ ਦੇ ਨਾਂ 'ਤੇ ਅੱਗੇ ਤਿੰਨ ਸਿਲਸਲੇ ਚਾਲੂ ਹੋਏ: ਦਿੱਲੀ ਵਾਲੇ ਨਿਜ਼ਾਮਉਦੀਨ ਔਲੀਆ ਦੇ ਪੈਰੋਕਾਰ 'ਨਿਜ਼ਾਮੀਆ', ਕਲੀਅਰੀ ਦੇ ਮਖ਼ਦੂਮ ਅਲਾਉਦੀਨ ਸਾਬਰ ਦੇ ਨਾਂ 'ਤੇ 'ਸਾਬਰੀਆ' ਅਤੇ ਹਾਂਸੀ ਦੇ ਸ਼ੇਖ਼ ਜਮਾਲਉਦੀਨ ਦੇ ਅਨੁਆਈ 'ਜਮਾਲੀਏ'।

**ਕਾਬਲ ਤੋਂ ਕੋਹਤੇਵਾਲ ਕਿਉਂ ਆਏ, ਸ਼ੇਖ਼ ਫ਼ਰੀਦ ਦੇ ਵਡੇਰੇ?**

ਸੁਆਲ ਪੈਦਾ ਹੁੰਦਾ ਹੈ ਕਿ ਸ਼ੇਖ ਫ਼ਰੀਦ ਦੇ ਵਡੇਰੇ ਅਫ਼ਗਾਨਿਸਤਾਨ, ਲਾਹੌਰ, ਕਸੂਰ ਛੱਡ ਕੇ ਕੋਹਤੇਵਾਲ ਆ ਕੇ ਕਿਉਂ ਵੱਸੇ? ਕੁੱਝ ਵਿਦਵਾਨ ਸਮਝਦੇ ਹਨ ਕਿ ਉਨ੍ਹਾਂ ਨੂੰ ਇਕਾਂਤ ਚਾਹੀਦੀ ਸੀ ਜੋ ਠੀਕ ਨਹੀਂ ਲੱਗਦਾ, ਕਿਉਂਕਿ ਇੱਕਲਵੰਜੀਆਂ ਥਾਵਾਂ ਨਾਲ ਤਾਂ ਸਾਰਾ ਪੰਜਾਬ ਭਰਿਆ ਪਿਆ ਸੀ। ਇਹ ਸਮਝਣ ਲਈ ਕੋਹਤੇਵਾਲ ਬਾਰੇ ਜਾਣਕਾਰੀ ਦੀ ਲੋੜ ਹੈ ਅਤੇ ਇਹ ਜੰਮੂ, ਦਰਦੀ ਅਤੇ ਹਸਨ ਦੀਆਂ ਪੁਸਤਕਾਂ ਵਿਚੋਂ ਮਿਲ ਜਾਂਦੀ ਹੈ। ਇਹ ਸੰਖੇਪ ਵਿਚ ਇਸ ਤਰ੍ਹਾਂ ਹੈ: ਕੋਹਤੇਵਾਲ ਜਿਸ ਨੂੰ ਕੋਠੇਵਾਲ, ਕੋਠਵਾਲ, ਖੋਟਵਾਲ, ਕਨਹੌਸੀ ਅਤੇ ਚਾਵਲੀ ਮੁਸ਼ਾਇਬ ਵੀ ਲਿਖਿਆ ਗਿਆ ਹੈ, ਪਾਕਿਸਤਾਨ ਦੇ ਵਿਹਾੜੀ ਜ਼ਿਲ੍ਹੇ ਵਿਚ ਬੂਰੇਵਾਲ ਨੇੜੇ ਸਥਿਤ ਸੀ ਜੋ ਮੁਲਤਾਨ ਤੋਂ ਲੱਗਭੱਗ 100 ਮੀਲ ਦੱਖਣ ਵਿਚ ਪੈਂਦਾ ਸੀ ਅਤੇ ਇਸ ਦੇ ਖੰਡਰ ਹੁਣ ਵੀ ਉੱਥੇ ਮਿਲਦੇ ਹਨ। ਛੇਵੀਂ, ਸੱਤਵੀਂ ਤੇ ਅੱਠਵੀਂ ਸਦੀ ਵਿਚ ਇੱਥੇ ਕੰਬੋਆਂ ਦੇ 'ਢੋਟ ਰਾਜੇ' ਰਾਜ ਕਰਦੇ ਸਨ। ਉਨ੍ਹਾਂ ਨੂੰ ਢੋਟ, ਢੋਟੇ, ਢੱਡੀ, ਢੱਟ, ਧੂਤ ਢੋਟੜੇ, ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਅੱਠਵੀਂ ਸਦੀ ਦੇ ਆਰੰਭ ਵਿਚ ਇੱਥੇ ਰਾਜਾ ਸੁੱਧ ਰਾਮ ਦਾ ਪੁੱਤਰ ਮਹੀਪਾਲ ਰਾਜ ਕਰਦਾ ਸੀ ਜੋ ਚੂਹਣੀਆ ਸਥਿਤ ਰਤਨਪਾਲ ਗੋਤ ਦੇ ਇੱਕ ਕੰਬੋਜ ਜਗੀਰਦਾਰ ਦੀ ਧੀ ਕੰਗਣਾ ਬ੍ਰਹਮ ਨਾਲ ਵਿਆਹਿਆ ਹੋਇਆ ਸੀ। ਇਸ ਨੂੰ ਕੰਗਣਵਾਲ ਪਿੰਡ ਜਿੱਥੇ ਬਾਅਦ ਵਿਚ ਰੇਲਵੇ ਸਟੇਸ਼ਨ ਬਣਿਆ, ਦਾਜ ਵਿਚ ਮਿਲਿਆ ਸੀ। ਇਸ ਵਿਚੋਂ ਇੱਕ ਪੁੱਤਰ ਮਹਾਚਾਵਰ ਅਤੇ ਇੱਕ ਧੀ ਪੈਦਾ ਹੋਏ। ਸਿੰਧ ਦੇ ਰਾਜੇ ਦਾਹਿਰ ਦੀ ਇੱਕ ਧੀ ਵੀ ਮਹੀਪਾਲ ਨਾਲ ਵਿਆਹੀ ਹੋਈ ਸੀ, ਜਿਸ ਵਿਚੋਂ ਗਿਆਰਾਂ ਪੁੱਤਰ ਅਤੇ ਇੱਕ ਧੀ ਪੈਦਾ ਹੋਏ। ਮਹੀਪਾਲ ਦਾ ਭਰਾ ਅੰਗਪਾਲ ਮੁਲਤਾਨ 'ਤੇ ਰਾਜ ਕਰਦਾ ਸੀ। ਮਹੀਪਾਲ ਨੇ ਸਤਲੁਜ ਵਿਚੋਂ ਇੱਕ ਨਹਿਰ ਖ਼ੁਦਵਾਈ ਜਿਸ ਦੀ ਵਰਤੋਂ ਸਿੰਜਾਈ ਅਤੇ ਢੋਆ-ਢੁਆਈ ਲਈ ਕੀਤੀ ਜਾਂਦੀ ਸੀ। ਕਿਉਂਕਿ ਕਾਸਮ ਨਾਲ ਲੜਾਈ ਦੌਰਾਨ ਇਨ੍ਹਾਂ ਦੋਹਾਂ ਭਰਾਵਾਂ ਨੇ ਦਾਹਿਰ ਦੀ ਮਦਦ ਕੀਤੀ ਸੀ, ਇਸ ਲਈ ਕਾਸਮ ਦੇ ਇੱਕ ਜਰਨੈਲ ਨੇ 714 ਹਿਜਰੀ ਵਿਚ ਮਹੀਪਾਲ ਨੂੰ ਹਰਾ ਕੇ ਇਸ ਸ਼ਰਤ 'ਤੇ ਉਸ ਨੂੰ ਰਾਜ ਕਰਨ ਦੀ ਆਗਿਆ ਦਿੱਤੀ ਕਿ ਉਹ ਹਰਜਾਨੇ ਵਜੋਂ ਕੁੱਝ ਤੈਅ ਕੀਤੀ ਗਈ ਰਾਸ਼ੀ ਉਸ ਨੂੰ ਦੇਵੇਗਾ ਅਤੇ ਜਦ ਤੱਕ ਉਹ ਇਸ ਦੀ ਅਦਾਇਗੀ ਨਹੀਂ ਕਰਦਾ, ਆਪਣਾ ਪੁੱਤਰ ਮਹਾਚਾਵਰ ਜ਼ਮਾਨਤ ਵਜੋਂ ਉਸ ਨੂੰ ਭੇਟ ਕਰੇਗਾ। ਕਿਉਂਕਿ ਉਸ ਦੇ ਕੋਲ ਇਸ ਰਕਮ ਦੀ ਅਦਾਇਗੀ ਨਾ ਹੋ ਸਕੀ, ਮਹਾਚਾਵਰ ਨੂੰ ਖ਼ਲੀਫ਼ੇ ਅੱਗੇ ਪੇਸ਼ ਕੀਤਾ ਗਿਆ, ਜਿੱਥੇ ਉਸ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ। ਉਸ ਨੇ ਇਹ ਕਬੂਲ ਕਰ ਲਿਆ। ਉਸ ਦਾ ਨਾਂ ਹਜ਼ਰਤ ਦੀਵਾਨ ਚਾਵਰੀ ਮੁਸਾਇਖ਼ ਰਹਿਮਤ ਉਲਾ ਰੱਖ ਦਿੱਤਾ ਗਿਆ। ਵਾਪਸ ਆ ਕੇ ਉਸ ਨੇ ਇਸਲਾਮ ਦਾ ਪ੍ਰਚਾਰ ਆਰੰਭ ਕੀਤਾ, ਪਰ 732 ਹਿਜਰੀ ਵਿਚ ਉਸ ਨੂੰ ਮਾਰ ਦਿੱਤਾ ਗਿਆ। ਮਹਾਚਾਵਰ ਦੀ ਭੈਣ ਕੰਗਣਾ ਨੇ ਵੀ ਖਿੜਕੀ ਵਿਚੋਂ ਛਾਲ ਮਾਰ ਕੇ ਖ਼ੁਦਕਸ਼ੀ ਕਰ ਲਈ। ਕੋਹਤੇਵਾਲ ਦਾ ਨਾਂ ਚਾਵਲੀ ਮੁਸਾਇਖ਼ ਇਸ ਘਟਨਾ ਦੀ ਯਾਦ ਵਿਚ ਰੱਖਿਆ ਗਿਆ। ਫ਼ਰੀਦ ਦੇ ਵੱਡੇ ਵਡੇਰੇ ਵੀ ਸ਼ਾਇਦ ਏਸੇ ਪ੍ਰਕਿਰਿਆ ਦੌਰਾਨ ਮੁਸਲਮਾਨ ਬਣਾ ਕੇ ਅਫ਼ਗਾਨਿਸਤਾਨ ਲਿਜਾਏ ਗਏ ਜਿੱਥੋਂ ਉਹ ਪਿੱਛੋਂ ਵੀ ਆ ਕੇ ਇੱਥੇ ਵੱਸੇ। 1947 ਵਿਚ ਵੀ ਇੱਥੇ ਹਿੰਦੂ ਕੰਬੋਜ ਰਹਿੰਦੇ ਸਨ ਅਤੇ 'ਸੂਫ਼ੀ ਵਿਕੀ' ਅਨੁਸਾਰ ਕੋਹਤੇਵਾਲ ਕੋਲ ਪੈਂਦਾ ਪਿੰਡ ਅਯੋਧਨ ਪਾਕਪਟਨ ਕਿਸੇ ਹਿੰਦੂ ਰਾਜੇ ਕੋਲੋਂ ਸੁਲਤਾਨ ਇਬਰਾਹੀਮ ਗ਼ਜ਼ਨਵੀ ਨੇ 1079 ਈ. (473 ਹਿਜਰੀ) ਵਿਚ ਜਿੱਤਿਆ ਸੀ।

**ਨਸੀਰਉਦੀਨ ਕਬਾਚਾ:**

ਅਬੂ ਬਕਰ ਕੂਫ਼ੀ ਨੇ ਸੱਤਵੀਂ, ਅੱਠਵੀਂ ਸਦੀ ਦੌਰਾਨ ਸਿੰਧ ਦੇ ਇਤਿਹਾਸ ਬਾਰੇ ਇੱਕ ਪੁਸਤਕ 'ਚਚਨਾਮਾ' ਲਿਖੀ ਜਿਸ ਵਿਚ ਕਾਸਮ ਦੇ ਹਮਲੇ ਵੇਲੇ 'ਚੱਚ'/'ਛੱਛ' ਗੋਤ ਦੇ ਕੰਬੋਜ ਰਾਜਿਆਂ ਅਤੇ ਉਨ੍ਹਾਂ ਦੀਆਂ ਕਾਸਮ ਨਾਲ ਹੋਈਆਂ ਲੜਾਈਆਂ ਦਾ ਵਰਨਣ ਕੀਤਾ ਗਿਆ ਹੈ। ਇਹ ਪੁਸਤਕ ਜੋ ਉਸ ਨੇ ਬਾਰ੍ਹਵੀਂ ਸਦੀ ਵਿਚ ਲਿਖੀ। ਉਹ ਹਿੰਦੋਸਤਾਨ ਦੇ ਬਾਦਸ਼ਾਹ ਕੁੱਤਬਦੀਨ ਐਬਕ ਦੇ ਵੱਡੇ ਵਜ਼ੀਰ ਨਜ਼ੀਰਉਦੀਨ ਕਬਾਚਾ ਨੂੰ ਭੇਟ ਕਰਨਾ ਚਾਹੁੰਦਾ ਸੀ ਤਾਂ ਜੋ ਸਿੰਧ ਦੀਆਂ ਲੜਾਈਆਂ ਵਿਚ ਇਨ੍ਹਾਂ ਲੇਖਕ ਅਤੇ ਕਬਾਚੇ ਦੇ ਪੁਰਖਿਆਂ ਦੁਆਰਾ ਪਾਏ ਗਏ ਯੋਗਦਾਨ, ਇਸਲਾਮ ਧਾਰਨ ਕਰਨ ਅਤੇ ਮੁਸਲਿਮ ਫ਼ੌਜਾਂ ਵਿਚ ਸ਼ਾਮਲ ਹੋ ਕੇ ਖ਼ੁਰਾਸਾਨ, ਅਫ਼ਗਾਨਿਸਤਾਨ ਅਤੇ ਅਜਾਮ ਖ਼ੇਤਰ ਵਿਚ ਪ੍ਰਾਪਤ ਕੀਤੀਆਂ ਗਈਆਂ ਜਿੱਤਾਂ ਦਾ ਚੇਤਾ ਕਰਾ ਕੇ ਕੋਈ ਜਗੀਰ ਵਗ਼ੈਰਾ ਪ੍ਰਾਪਤ ਕਰ ਸਕੇ। ਨਸੀਰਉਦੀਨ ਕਬਾਚੇ ਬਾਰੇ ਵਧੇਰੇ ਜਾਣਕਾਰੀ ਜੰਮੂ (2012, 395-7) ਵਿਚ ਮਿਲਦੀ ਹੈ। ਸੰਖੇਪ ਵਿਚ ਦੱਸਿਆ ਜਾਂਦਾ ਹੈ ਕਿ ਕਬਾਚਾ ਕੁਤੱਬਦੀਨ ਐਬਕ ਦਾ ਜਵਾਈ ਅਤੇ ਵੱਡਾ ਵਜ਼ੀਰ ਸੀ ਜਿਸ ਦੇ ਅਧਿਕਾਰ ਖ਼ੇਤਰ ਵਿਚ ਕਈ ਘੜਾਮ (ਪਟਿਆਲਾ ਤੋਂ ਲੈ ਕੇ ਸਿਰਸਾ, ਸਾਰਾ ਸਿੰਧ ਅਤੇ ਦੱਖਣੀ ਪੰਜਾਬ) ਸ਼ਾਮਲ ਸਨ। ਐਬਕ ਦੀ 1210 ਵਿਚ ਹੋਈ ਮੌਤ ਪਿੱਛੋਂ ਇਸ ਨੇ ਆਪਣੇ ਆਪ ਨੂੰ ਬਾਦਸ਼ਾਹ ਐਲਾਨ ਦਿੱਤਾ ਅਤੇ ਆਪਣੇ ਨਾਂ ਦੇ ਸਿੱਕੇ ਵੀ ਜਾਰੀ ਕੀਤੇ ਜਿਨ੍ਹਾਂ ਵਿਚ ਇਸ ਦਾ ਨਾਂ ਕਬਾਚਾ/ਕਬਾਜਾ/ਕਬਾਚਾਹਾ ਲਿਖਿਆ ਹੋਇਆ ਹੈ। 1227 ਈ. ਵਿਚ ਇਸ ਨੇ ਮੰਗੋਲਾਂ ਨੂੰ ਹਰਾਇਆ ਅਤੇ ਸ਼ੇਖ ਫ਼ਰੀਦ ਦਾ ਇੱਕ ਪੁੱਤਰ ਇਸ ਲੜਾਈ ਵਿਚ ਮਾਰਿਆ ਗਿਆ ਸੀ। 1228 ਵਿਚ ਇਲਤੁਤਮਿਸ਼ ਨਾਲ ਹੋਈ ਲੜਾਈ ਵਿਚ ਉਸ ਦੀ ਮੌਤ ਹੋ ਗਈ।

**ਸਾਰ:** 631 ਈ. ਤੋਂ ਲੈ ਕੇ 713 ਈ. ਤੱਕ ਸਿੰਧ ਉੱਪਰ 84 ਗੋਤੀ 'ਕੰਬੋਜਾਂ' ਦੇ 'ਚੱਚ' ਗੋਤ ਦੇ ਰਾਜਿਆਂ -ਚੱਚ, ਉਸ ਦੇ ਭਰਾ ਚੰਦਰ ਅਤੇ ਚੱਚ ਦੇ ਪੁੱਤਰ ਦਾਹਿਰ ਨੇ ਰਾਜ ਕੀਤਾ ਜਿਸ ਦੀਆਂ ਹੱਦਾਂ ਮਕਰਾਨ ਤੋਂ ਲੈ ਕੇ ਰਾਜਸਥਾਨ, ਅਤੇ ਸਿੰਧ ਤੋਂ ਲੈ ਕੇ ਕਸ਼ਮੀਰ ਤੱਕ ਫ਼ੈਲੀਆਂ ਹੋਈਆਂ ਸਨ। ਕਾਸਮ ਦੁਆਰਾ ਹਮਲੇ ਦੌਰਾਨ ਦਾਹਿਰ ਮਾਰਿਆ ਗਿਆ। ਇਸ ਲੜਾਈ ਦਾ ਵਰਣਨ ਅਲੀ ਸੂਫ਼ੀ ਨੇ ਬਾਰ੍ਹਵੀਂ ਸਦੀ ਵਿਚ ਲਿਖੀ ਪੁਸਤਕ 'ਚਚਨਾਮਾ' ਵਿਚ ਕੀਤਾ ਹੈ। ਇਹ ਪੁਸਤਕ ਜੋ ਕਿਸੇ ਪੁਰਾਣੇ ਅਰਬੀ/ਫ਼ਾਰਸੀ ਖਰੜੇ 'ਤੇ ਆਧਾਰਿਤ ਦੱਸੀ ਜਾਂਦੀ ਹੈ, 'ਕੂਫ਼ੀ' (ਕੰਬੋਜਾਂ ਦੇ ਚੀਨੀ ਰੂਪ 'ਕਾਊਫ਼' ਦਾ ਫ਼ਾਰਸੀ ਵਿਚ ਢਲਿਆ ਹੋਇਆ ਰੂਪ) ਪਹਿਲੇ ਭਾਰਤੀ ਮੁਸਲਿਮ ਬਾਦਸ਼ਾਹ ਕੁਤੱਬਦੀਨ ਐਬਕ ਦੇ ਵੱਡੇ ਵਜ਼ੀਰ ਨਸੀਰਉਦੀਨ ਕਬਾਚਾ ਨੂੰ ਭੇਟ ਕਰ ਕੇ ਕੋਈ ਖ਼ਿੱਲਤ ਵਗੈਰਾ ਲੈਣਾ ਚਾਹੁੰਦਾ ਸੀ। ਇਸ ਵਿਚ ਉਸ ਨੇ ਦੱਸਿਆ ਕਿ ਕਬਾਚੇ ਅਤੇ ਲੇਖਕ ਦੋਹਾਂ ਦੇ ਵਡੇਰਿਆਂ ਕਿਵੇਂ ਕਾਸਮ ਨਾਲ ਲੜਾਈ ਵਿਚ ਭਾਗ ਲਿਆ। ਹਾਰ ਜਾਣ ਉਪਰੰਤ ਉਹ ਮੁਸਲਿਮ ਬਣੇ ਅਤੇ ਇਸਲਾਮੀ ਫ਼ੌਜਾਂ ਵਿਚ ਸ਼ਾਮਲ ਹੋ ਕੇ ਖ਼ੁਰਾਸਾਨ, ਇਰਾਨ, ਅਜਾਮ ਅਤੇ ਅਫ਼ਗਾਨਿਸਤਾਨ ਖੇਤਰਾਂ ਵਿਚ ਇਸਲਾਮ ਦੇ ਵਿਸਥਾਰ ਵਿਚ ਹਿੱਸਾ ਪਾਇਆ ਸੀ। ਐਬਕ ਦੀ ਮੌਤ ਉਪਰੰਤ ਕਬਾਚਾ ਸਿੰਧ ਅਤੇ ਪੰਜਾਬ ਦਾ ਬਾਦਸ਼ਾਹ ਬਣ ਗਿਆ। ਇਸ ਨੇ ਆਪਣੇ ਨਾਂ ਦੇ ਸਿੱਕੇ ਜਾਰੀ ਕੀਤੇ ਜਿਨ੍ਹਾਂ ਤੋਂ ਉਸ ਦੇ ਕੰਬੋ ਹੋਣ ਦਾ ਪਤਾ ਲੱਗਦਾ ਹੈ। ਮੰਗੋਲਾਂ ਨਾਲ ਹੋਈ ਲੜਾਈ ਵਿਚ ਉਨ੍ਹਾਂ ਨੂੰ ਹਰਾਇਆ ਅਤੇ 1228 ਵਿਚ ਹਿੰਦੋਸਤਾਨ ਦੇ ਬਾਦਸ਼ਾਹ ਇਲਤੁਤਮਿਸ਼ ਨਾਲ ਹੋਈ ਲੜਾਈ ਵਿਚ ਮਾਰਿਆ ਗਿਆ। ਬਾਬੇ ਫ਼ਰੀਦ ਦਾ ਚੌਥਾ ਵਿਆਹ ਏਸੇ ਕਬਾਚੇ ਦੀ ਧੀ ਨਾਲ ਹੋਇਆ ਸੀ।

ਓਸੇ ਸਮੇਂ ਮੁਲਤਾਨ ਤੋਂ ਦੱਖਣ ਵੱਲ ਕੋਹਤੇਵਾਲ ਨਾਮੀ ਇੱਕ ਰਿਆਸਤ ਸੀ ਜਿਸ ਉੱਪਰ ਕੰਬੋਆਂ ਦੇ 'ਢੋਟ' ਗੋਤ ਨਾਲ ਸਬੰਧਤ ਰਾਜਾ ਸੁੱਧਪਾਲ ਰਾਜ ਕਰਦਾ ਸੀ ਜਿਸ ਦੀ ਇੱਕ ਪਤਨੀ ਰਾਜਾ ਦਾਇਰ ਦੀ ਧੀ ਸੀ। ਇਸ ਨੇ ਦਾਹਿਰ ਦੀ ਮਦਦ ਕੀਤੀ ਅਤੇ ਹਾਰ ਖਾਧੀ, ਪਰ ਕੋਹਤੇਵਾਲ ਉੱਤੇ ਹਿੰਦੂ ਢੋਟ ਕੰਬੋਆਂ ਦਾ ਰਾਜ ਗਿਆਰ੍ਹਵੀਂ ਸਦੀ ਦੇ ਅਖ਼ੀਰ ਤੱਕ ਚੱਲਦਾ ਰਿਹਾ। ਹਿੰਦੂ ਕੰਬੋਆਂ ਦੇ ਇਸਲਾਮ ਧਾਰਨ ਕਰਨ ਅਤੇ ਉਨ੍ਹਾਂ ਦੁਆਰਾ ਜਿੱਤੇ ਮੁਲਕਾਂ ਵਿਚ ਆਉਣ ਜਾਣ ਦੀ ਪ੍ਰਕਿਰਿਆ ਜਾਰੀ ਰਹੀ।

ਬਾਬਾ ਫ਼ਰੀਦ ਦੀ ਬੰਸਾਵਲੀ ਤੋਂ ਪਤਾ ਲੱਗਦਾ ਹੈ ਕਿ ਉਸ ਦੇ ਵਡੇਰੇ ਕੋਈ ਚਾਰ ਕੁ ਸਾਲ, ਵੀਹ ਪੀੜ੍ਹੀਆਂ, ਪਹਿਲਾਂ ਜਾ ਕੇ ਅਫ਼ਗਾਨਿਸਤਾਨ ਵਿਚ ਵੱਸੇ ਸਨ ਅਤੇ ਫ਼ਰੀਦ ਦੇ ਦਾਦੇ ਦੇ ਵੇਲੇ ਵੀ ਇਸ ਪਰਿਵਾਰ ਦੇ ਗ਼ਜ਼ਨੀ ਅਤੇ ਕਾਬਲ ਦੇ ਰਾਜਿਆਂ ਨਾਲ ਰਿਸ਼ਤੇਦਾਰੀਆਂ ਸਨ ਅਤੇ ਉਹ ਉੱਚ-ਪਦਵੀਆਂ ਉੱਤੇ ਸਥਾਪਿਤ ਸਨ। ਫ਼ਰੀਦ ਦਾ ਦਾਦਾ ਇੱਥੇ ਆਪਣੇ ਲਸ਼ਕਰ ਅਤੇ ਪਰਿਵਾਰ ਸਮੇਤ ਲਾਹੌਰ ਅਤੇ ਕਸੂਰ ਰੁਕਿਆ ਅਤੇ ਫਿਰ ਉਸ ਨੇ ਕੋਹਤੇਵਾਲ ਆ ਕੇ ਵਸੇਬਾ ਧਾਰਨ ਕੀਤਾ, ਸ਼ਾਇਦ ਇਸ ਲਈ ਕਿ ਇਹ ਉਸ ਦਾ ਜੱਦੀ ਸਥਾਨ ਸੀ ਜਿੱਥੋਂ ਉਨ੍ਹਾਂ ਦੇ ਵਡੇਰੇ ਕਦੀ ਅਫ਼ਗਾਨਿਸਤਾਨ ਵਿਚ ਜਾ ਕੇ ਵੱਸੇ ਸਨ। ਏਥੇ ਹੀ ਕਬਾਚੇ ਦੀ ਧੀ ਨਾਲ ਉਸ ਦਾ ਚੌਥਾ ਵਿਆਹ ਹੋਇਆ ਅਤੇ ਇਸ ਦੇ ਲਾਗੇ ਹੀ ਪਾਕਪਟਨ ਨਾਮੀ ਸਥਾਨ 'ਤੇ ਕਬਾਚੇ ਨੇ ਉਸ ਨੂੰ ਜਾਗੀਰ ਦਿੱਤੀ, ਅਤੇ ਏਸੇ ਥਾਂ 'ਤੇ ਉਸ ਦੀ ਮੌਤ ਹੋਈ ਅਤੇ ਉਸ ਦਾ ਮਜ਼ਾਰ ਸਥਾਪਿਤ ਹੋਇਆ।

ਸਪੱਸ਼ਟ ਹੈ ਕਿ ਸਿੰਧ ਦੇ ਚੱਚ ਰਾਜੇ, ਅਲੀ ਸੂਫ਼ੀ, ਕਬਾਚਾ, ਕੁਹਤੇਵਾਲ ਦੇ ਢੋਟ ਗੋਤ ਨਾਲ ਸਬੰਧਤ ਰਾਜੇ ਅਤੇ ਬਾਬਾ ਫ਼ਰੀਦ ਸਾਰੇ ਕੰਬੋਜ/ਕੰਬੋਅ ਕਬੀਲੇ ਨਾਲ ਸਬੰਧਤ ਸਨ।

# ਖੁੰਢੀਆਂ ਛੁਰੀਆਂ ਦੇ ਰਾਹਾਂ ਦਾ ਰਾਹੀ - ਹਰਬੀਰ ਸਿੰਘ ਭੰਵਰ

***ਦੋ ਕੁ ਸਾਲ ਪਹਿਲਾਂ ਜਦੋਂ ਭਾਸ਼ਾ ਵਿਭਾਗ ਪੰਜਾਬ ਵਲੋਂ ਪਿਛਲੇ ਛੇ ਸਾਲਾਂ ਦੇ ਅਣਐਲਾਨੇ ਪੁਰਸਕਾਰਾਂ ਦਾ ਐਲਾਨ ਹੋਇਆ ਤਾਂ ਸ. ਹਰਬੀਰ ਸਿੰਘ ਭੰਵਰ ਨੂੰ ਸ਼੍ਰੋਮਣੀ ਪੱਤਰਕਾਰ ਵਲਾ ਪੰਜ ਲੱਖਾ ਪੁਰਸਕਾਰ ਦੇਣ ਦਾ ਐਲਾਨ ਹੋਇਆ ਸੀ। ਜਿਹੜੇ ਅਜੇ ਤਕ (12 ਦਸੰਬਰ 2022) ਤਕ ਵੀ ਦਿੱਤੇ ਨਹੀਂ ਗਏ। ਪਰ ਦਵਿੰਦਰ ਸੇਖਾ ਦੀ ਸੰਪਾਦਨਾ ਵਿਚ ਉਸ ਲਈ ਅਭਿਨੰਦਨ ਗ੍ਰੰਥ ਛਾਪਣ ਦਾ ਪ੍ਰੋਗਰਾਮ ਬਣ ਗਿਆ। ਅਭਿਨੰਦਨ ਗ੍ਰੰਥ ਲਈ ਹਰਬੀਰ ਭੰਵਰ ਬਾਰੇ ਲਿਖਣ ਲਈ ਕਿਹਾ ਗਿਆ ਤਾਂ ਮੈਂ ਕਾਹਲੀ ਵਿਚ ਉਹਦਾ ਸੰਖੇਪ ਜਿਹਾ ਸ਼ਬਦ ਚਿੱਤਰ ਲਿਖ ਦਿੱਤਾ ਸੀ, ਪਰ ਮੇਰੀ ਤਸੱਲੀ ਨਹੀਂ ਸੀ ਹੋਈ। ਉਸ ਤੋਂ ਮਗਰੋਂ ਮੈਂ ਦੋ ਅਕਤੂਬਰ 2022 ਨੂੰ ਉਸ ਸ਼ਬਦ ਚਿੱਤਰ ਨੂੰ ਕੁਝ ਸੋਧ ਕੇ ਤੇ ਵਿਸਥਾਰ ਦੇ ਕੇ ਦੁਬਾਰਾ ਲਿਖਿਆ। ਉਹ ਲੇਖ ਮੈਂ ਕਿਸੇ ਥਾਂ ਛਪਵਾਇਆ ਨਹੀਂ ਸੀ ਕਿ 12 ਦਸੰਬਰ, 2022 ਨੂੰ ਉਹ ਇਹ ਸੰਸਾਰ ਤਿਆਗ ਕੇ ਸਦਾ ਲਈ ਸਾਥੋਂ ਵਿਛੜ ਗਿਆ। ਹੁਣ ਇਸ ਰੇਖਾ ਚਿੱਤਰ ਵਿਚ 'ਹੈ' ਨੂੰ 'ਸੀ' ਲਿਖਣ ਦੀ ਮੇਰੇ ਵਿਚ ਸ਼ਕਤੀ ਨਹੀਂ। -ਲੇਖਕ***

ਹਰਬੀਰ ਸਿੰਘ ਭੰਵਰ ਮੇਰਾ ਬਹੁਤ ਹੀ ਨਜ਼ਦੀਕੀ ਮਿੱਤਰ ਹੈ। ਮੈਂ ਉਸ ਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਉਹ ਅਜੇ ਅੱਲ੍ਹੜ ਜਿਹਾ ਮੁੱਛ ਫੁੱਟ ਗੱਭਰੂ ਸੀ ਅਤੇ ਪਿੰਡ ਮਧੇਕੇ, ਜ਼ਿਲ੍ਹਾ ਮੋਗਾ, (ਉਦੋਂ ਤਹਿਸੀਲ), ਵਿਚ ਨਵਾਂ-ਨਵਾਂ ਹੀ ਅਧਿਆਪਕ ਲੱਗਾ ਸੀ। ਇਹ ਗੱਲ ਸੰਨ 1958-59 ਦੇ ਲਾਗੇ ਦੀ ਹੈ। ਉਸ ਸਮੇਂ ਲਿਖਾਰੀ ਸਭਾ ਮੋਗਾ ਬਹੁਤ ਸਰਗਰਮ ਸੀ। ਉਸ ਦੀਆਂ ਮੀਟਿੰਗਾਂ ਉਂਝ ਤਾਂ ਹਰ ਮਹੀਨੇ ਦੇ ਪਹਿਲੇ ਐਤਵਾਰ ਮੋਗੇ ਹੁੰਦੀਆਂ ਸਨ ਪਰ ਕੁਝ ਨੇੜਲੇ ਸਾਹਿਤਕਾਰ ਸਾਥੀ ਉਸ ਐਤਵਾਰ ਤੋਂ ਬਿਨਾਂ ਵੀ ਕਿਸੇ ਇਕ ਦੇ ਘਰ ਮਿਲ ਬੈਠਦੇ। ਇਸੇ ਤਰ੍ਹਾਂ ਹੀ ਇਕ ਐਤਵਾਰ ਕੁਝ ਮਿੱਤਰ ਮੰਡੀ ਨਿਹਾਲ ਸਿੰਘ ਵਾਲਾ ਵਿਖੇ ਪ੍ਰੀਤਮ ਬਰਾੜ (ਪੱਤੋ) ਦੀ ਬੈਠਕ ਵਿਚ ਬੈਠੇ ਸਨ ਕਿ ਸੁਰਜੀਤ ਬਰਾੜ, ਮੇਰਾ ਸਕੂਲ ਤੇ ਜੇ.ਬੀ.ਟੀ. ਦਾ ਹਮਜਮਾਤੀ, ਇਕ ਅਲੂਏਂ ਜਿਹੇ ਮੁੰਡੇ ਨਾਲ ਸਾਡੇ ਕੋਲ ਆਇਆ ਅਤੇ ਉਸ ਮੁੰਡੇ ਦੀ ਜਾਣ-ਪਛਾਣ

**ਜਰਨੈਲ ਸਿੰਘ ਸੇਖਾ**

ਕਰਵਾਈ, "ਇਨ੍ਹਾਂ ਨੂੰ ਮਿਲੋ, ਇਹ ਨੇ ਹਰਬੀਰ ਸਿੰਘ ਭੰਵਰ, ਇਕ ਚਿੱਤਰਕਾਰ। ਇਨ੍ਹਾਂ ਦਾ ਪਿੰਡ ਲੁਧਿਆਣੇ ਜ਼ਿਲ੍ਹੇ ਵਿਚ ਪੱਖੋਵਾਲ ਹੈ ਅਤੇ ਸਾਡੇ ਸਕੂਲ ਵਿਚ ਨਵੇਂ ਮਾਸਟਰ ਲੱਗੇ ਹਨ।"

ਉਹ ਦੋਵੇਂ ਸਾਡੇ ਨਾਲ ਹੱਥ ਮਿਲਾ ਕੇ ਨਾਲ ਦੇ ਮੰਜੇ ਉਪਰ ਬੈਠ ਗਏ। ਚਲਦੀ ਗੱਲ ਬਾਤ ਫਿਰ ਸ਼ੁਰੂ ਹੋ ਗਈ। ਸੁਰਜੀਤ ਬਰਾੜ ਗੱਲਬਾਤ ਵਿਚ ਸ਼ਾਮਲ ਹੋ ਗਿਆ ਪਰ ਹਰਬੀਰ ਸਾਰਾ ਸਮਾਂ ਚੁੱਪ-ਚਾਪ ਬੈਠਾ ਰਿਹਾ। ਉਸਨੇ ਵਿਚਾਰ-ਵਟਾਂਦਰੇ 'ਚ ਕੋਈ ਹਿੱਸਾ ਨਹੀਂ ਲਿਆ। ਅਖੀਰ 'ਤੇ ਲਿਖਾਰੀ ਸਭਾ ਮੋਗਾ ਦੇ ਇਨਸਗਿਨੀਏ ਬਾਰੇ ਗੱਲ ਚੱਲੀ ਤਾਂ ਉਸ ਨੇ ਝੱਟ ਇਕ ਪੈਨਸਿਲ ਸਕੈੱਚ ਤਿਆਰ ਕਰ ਦਿੱਤਾ। ਸਾਰਿਆਂ ਵਲੋਂ ਉਹ ਸਕੈੱਚ ਸਲਾਹਿਆ ਗਿਆ। ਅਜਿਹੀ ਹੀ ਇਕ ਹੋਰ ਬੈਠਕ ਤੋਂ ਬਾਅਦ ਉਸ ਨੇ ਮੈਨੂੰ ਆਪਣੀ ਇਕ ਕਹਾਣੀ ਪੜ੍ਹਨ ਲਈ ਦਿੱਤੀ। ਕਹਾਣੀ ਪੜ੍ਹ ਕੇ ਮੈਂ ਉਸ ਨੂੰ ਕਿਹਾ, "ਹਰਬੀਰ, ਕਹਾਣੀ ਦਾ ਪਲਾਟ ਭਾਵੇਂ ਸਰਲ ਤੇ ਸਾਦਾ ਜਿਹਾ ਹੈ ਪਰ ਸ਼ੈਲੀ ਬਹੁਤ ਵਧੀਆ ਹੈ। ਚਿੱਤਰਕਾਰ ਦੇ ਨਾਲ ਨਾਲ ਤੂੰ ਇਕ ਚੰਗਾ ਲੇਖਕ ਵੀ ਹੈਂ।" ਜਦੋਂ ਵੀ ਅਸੀਂ ਕਿਸੇ ਫੰਕਸ਼ਨ ਵਿਚ ਇਕੱਠੇ ਹੁੰਦੇ, ਉਹ ਆਮ ਤੌਰ 'ਤੇ ਮੇਰੇ ਕੋਲ ਹੀ ਬੈਠਦਾ ਤੇ ਮੇਰੇ ਨਾਲ ਹੀ ਗੱਲਾਂ ਕਰਦਾ ਉਂਵ ਉਹ ਸੰਗਾਊ ਜਿਹਾ ਹੀ ਸੀ। ਇਸ ਤਰ੍ਹਾਂ ਅਸੀਂ ਕੁਝ ਕੁ ਮਿਲਣੀਆਂ ਵਿਚ ਹੀ ਦੋਸਤੀ ਵਾਲੇ ਪਾਸੇ ਕਦਮ ਵਧਾਉਣ ਲੱਗੇ। ਉਸ ਦੀਆਂ ਗੱਲਾਂ ਤੋਂ ਪਤਾ ਲੱਗਾ ਕਿ ਮੈਟ੍ਰਿਕ ਕਰਨ ਮਗਰੋਂ ਉਹ ਕੁੜੀਆਂ ਦੇ ਕਾਲਜ ਸਿੱਧਵਾਂ ਵਿਚ ਬੀ.ਐਡ. ਦੀਆਂ ਕਲਾਸਾਂ ਨੂੰ ਕੁਝ ਸਮਾਂ ਆਰਟਸ ਪੜ੍ਹਾਉਂਦਾ ਰਿਹਾ ਹੈ। ਉਹਦੇ ਬਹੁਤੇ ਨੇੜਲੇ ਅਧਿਆਪਕ ਸਾਥੀ ਉਸ ਦੇ ਚਿੱਤਰਕਾਰੀ ਦੇ ਸ਼ੌਕ ਨੂੰ ਉਤਸ਼ਾਹਿਤ ਕਰਦੇ ਰਹੇ ਅਤੇ ਉਸ ਕੋਲੋਂ ਆਪਣੇ ਸਕੂਲਾਂ ਦੀਆਂ ਕੰਧਾਂ ਉਪਰ ਮਾਟੋ ਲਿਖਵਾਉਂਦੇ ਰਹੇ।

ਹਰਬੀਰ ਦੀ ਫ਼ਿਤਰਤ ਹੈ ਜਿਹੜੀ ਗੱਲ ਉਸ ਦੇ ਮਨ ਵਿਚ ਇਕ ਵਾਰੀ ਆ ਜਾਵੇ, ਉਹ ਉਸ ਨੂੰ ਸਿਰੇ ਲਾ ਕੇ ਛੱਡਦਾ ਹੈ। ਉਸ ਸਮੇਂ ਉਹ ਉਸ ਗੱਲ ਦੇ ਨਫ਼ੇ ਨੁਕਸਾਨ ਬਾਰੇ ਬਿਲਕੁਲ ਨਹੀਂ ਸੋਚਦਾ। ਉਸ ਦੀ ਇਸ ਫ਼ਿਤਰਤ ਨੇ ਉਸ ਨੂੰ ਬੁਲੰਦੀਆਂ 'ਤੇ ਵੀ ਪਹੁੰਚਾਇਆ ਹੈ ਅਤੇ ਫ਼ਿਤਰਤ ਦੀ ਇਹ ਕਮਜ਼ੋਰੀ ਉਸਨੂੰ ਨਿਵਾਣਾਂ ਤਕ ਵੀ ਲੈ ਗਈ। ਹਰਬੀਰ ਦੇ ਮਨ 'ਚ ਆਈ ਕਿ ਚਿੱਤਰਕਾਰੀ ਵਿਚ ਨਿਪੁੰਨਤਾ ਤਾਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੇ ਕਿਸੇ ਮਹਾਨ ਚਿੱਤਰਕਾਰ ਦੀ ਸ਼ਾਗਿਰਦੀ ਕੀਤੀ ਜਾਵੇ। ਉਸ ਦੇ ਇਸ ਵਿਚਾਰ ਨੂੰ ਅਸੀਂ ਵੀ ਉਤਸ਼ਾਹਤ ਕੀਤਾ। ਉਸ ਨੇ ਕਈ ਨਾਮਵਰ ਚਿੱਤਰਕਾਰਾਂ ਨੂੰ ਆਪਣੇ ਮੰਤਵ ਬਾਰੇ ਚਿੱਠੀਆਂ ਲਿਖੀਆਂ ਪਰ ਕਿਸੇ ਵਲੋਂ ਵੀ ਕੋਈ ਜਵਾਬ ਨਾ ਆਇਆ। ਕੇਵਲ ਪ੍ਰਸਿੱਧ ਚਿਤਰਕਾਰ ਸ. ਸੋਭਾ ਸਿੰਘ ਤੋਂ ਉਸ ਨੂੰ ਹੁੰਗਾਰਾ ਮਿਲਿਆ ਅਤੇ ਉਹ ਅੰਦਰੇਟੇ (ਜ਼ਿਲ੍ਹਾ ਕਾਂਗੜਾ) ਚਲਾ ਗਿਆ। ਸ. ਸੋਭਾ ਸਿੰਘ ਦੀ ਹੌਸਲਾ ਅਫਜ਼ਾਈ ਅਤੇ ਪਹਾੜੀ ਵਾਤਾਵਰਨ ਰਾਸ ਆ ਜਾਣ 'ਤੇ ਉਸ ਨੇ ਅੰਦਰੇਟਾ ਰਹਿਣ ਲਈ ਆਪਣੀ ਬਦਲੀ ਕਰਵਾਉਣ ਦਾ ਫੈਸਲਾ ਕਰ ਲਿਆ। ਉਦੋਂ ਉਸ ਦਾ ਨਵਾਂ-ਨਵਾਂ ਹੀ ਵਿਆਹ ਹੋਇਆ ਸੀ। ਉਸ ਦੀ ਸੱਜ-ਵਿਆਹੀ ਪਤਨੀ (ਗੁਰਚਰਨ) ਦੇ ਤਰਲੇ, ਸਾਥੀਆਂ ਦੀਆਂ ਦਲੀਲਾਂ ਅਤੇ ਮਾਪਿਆਂ ਦੀਆਂ ਨਸੀਹਤਾਂ ਦਾ ਉਸ ਉਪਰ ਕੋਈ ਅਸਰ ਨਾ ਹੋਇਆ। ਪਿਤਾ ਹਰਨਾਮ ਸਿੰਘ ਦੇ ਸਿਰ ਉਪਰ ਵੱਡੇ ਪਰਿਵਾਰ, ਸੱਤ ਪੁੱਤ ਤੇ ਦੋ ਧੀਆਂ, ਦਾ ਭਾਰ ਸੀ। ਉਹ ਹੱਥੀਂ ਕਿਰਤ ਕਰ ਕੇ ਪਰਿਵਾਰ ਨੂੰ ਪਾਲ ਰਿਹਾ ਸੀ। ਉਹ ਆਜ਼ਾਦੀ ਘੁਲਾਟੀਆ ਸੀ ਪਰ ਉਸ ਨੇ ਨਾ ਹੀ ਸਰਕਾਰ ਤੋਂ ਕੋਈ ਆਰਥਿਕ ਲਾਭ ਦੀ ਆਸ ਰੱਖੀ ਅਤੇ ਨਾ ਹੀ ਆਪਣੇ ਬੱਚਿਆਂ ਤੋਂ। ਉਸ ਨੇ ਤਾਂ ਆਪਣੇ ਫਰਜ਼ ਦੀ ਪੂਰਤੀ ਕਰਦਿਆਂ ਬੱਚਿਆਂ ਨੂੰ ਚੰਗੀ ਵਿਦਿਆ ਦੁਆ ਕੇ ਰੁਜ਼ਗਾਰ ਸਿਰ ਕਰ ਦਿੱਤਾ ਸੀ। ਉਹ ਉਨ੍ਹਾਂ ਦੇ ਨਿੱਜੀ ਜੀਵਨ ਵਿਚ ਵੀ ਦਖ਼ਲ ਨਹੀਂ ਸੀ ਦਿੰਦਾ, ਪਰ ਜੇ ਕੋਈ ਗਲਤ ਰਾਹ 'ਤੇ ਜਾਂਦਾ ਦਿਸਦਾ ਤਾਂ ਉਸ ਨੂੰ ਨਸੀਅਤ ਜ਼ਰੂਰ ਦਿੰਦਾ ਕਿ 'ਇਹ ਰਾਹ ਠੀਕ ਨਹੀਂ', ਭਾਵੇਂ ਕੋਈ ਮੰਨੇ ਜਾਂ ਨਾ ਮੰਨੇ। ਹਰਬੀਰ ਨੇ ਵੀ ਪਿਤਾ ਦੀ ਨਸੀਅਤ ਨੂੰ ਅਣਗੌਲਿਆ ਕਰ ਕੇ 1963 ਵਿਚ ਆਪਣੀ ਬਦਲੀ ਜ਼ਿਲ੍ਹਾ ਕਾਂਗੜਾ ਵਿਚ ਕਰਵਾ ਕੇ ਰਿਹਾਇਸ਼ ਅੰਦਰੇਟੇ ਰੱਖ ਲਈ ਸੀ। ਜ਼ਿਲ੍ਹਾ ਕਾਂਗੜਾ ਉਦੋਂ ਪੰਜਾਬ ਦਾ ਹੀ ਹਿੱਸਾ ਹੁੰਦਾ ਸੀ। ਬਦਲੀ ਅੰਦਰੇਟੇ ਤੋਂ ਦਸ ਕਿਲੋਮੀਟਰ ਦੂਰ, ਗੌਰਮਿੰਟ ਹਾਈ ਸਕੂਲ ਪਪਰੋਲਾ ਦੀ ਹੋਈ। ਪਹਾੜੀ ਇਲਾਕਾ, ਅੰਦਰੇਟੇ ਤੋਂ ਪੈਦਲ ਤੁਰ ਕੇ ਜਾਣਾ, ਥੱਕ ਕੇ ਚੂਰ ਹੋ ਜਾਣਾ ਪਰ ਉਸ ਨੇ ਸਿਰੜ ਤੇ ਸਾਧਨਾ ਨਾ ਛੱਡੀ। ਭਾਵੇਂ ਚਿੱਤਰਕਾਰੀ ਲਈ ਸਮਾਂ ਘੱਟ ਨਿਕਲਦਾ ਪਰ ਦਾਰ ਜੀ (ਸ. ਸੋਭਾ ਸਿੰਘ) ਲਈ ਹਾਜ਼ਰੀ ਜ਼ਰੂਰ ਭਰਦਾ। ਨਾਲ-ਨਾਲ ਆਪਣੀ ਪੜ੍ਹਾਈ ਵੀ ਜਾਰੀ ਰੱਖੀ ਅਤੇ ਪੰਜਾਬੀ ਦੀ ਐਮ.ਏ. ਪਾਸ ਕਰ ਗਿਆ।

1966 ਮਗਰੋਂ ਹਿਮਾਚਲ ਪ੍ਰਦੇਸ਼ ਦੇ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਬੰਦ ਕਰ ਕੇ ਪੰਜਾਬੀ ਦੀਆਂ ਪੋਸਟਾਂ ਹੀ ਖਤਮ ਕਰ ਦਿੱਤੀਆਂ ਗਈਆਂ ਸਨ ਅਤੇ ਦੂਜੀ ਭਾਸ਼ਾ ਉਰਦੂ ਪੜ੍ਹਾਈ ਜਾਣ ਲੱਗ ਪਈ ਸੀ, ਜਿਸ ਕਾਰਨ ਪੰਜਾਬੀ ਵਾਲੀਆਂ ਪੋਸਟਾਂ ਪੰਜਾਬ ਵਿਚ ਚਲੀਆਂ ਗਈਆਂ। ਕਿਉਂਕਿ ਹਰਬੀਰ ਪੰਜਾਬੀ ਅਧਿਆਪਕ ਸੀ, ਉਸ ਨੂੰ ਵੀ ਪੰਜਾਬ ਆਉਣਾ ਪਿਆ। ਉਹ ਦਸੰਬਰ 1968 ਵਿਚ ਸੰਗਰੂਰ ਜ਼ਿਲ੍ਹੇ ਦੇ ਹਾਈ ਸਕੂਲ ਦੱਧਾਹੂਰ ਪੜ੍ਹਾਉਣ ਜਾ ਲੱਗਾ। ਕਿਉਂਕਿ ਪਰਿਵਾਰ ਤਾਂ ਪਿੱਛੇ ਅੰਦਰੇਟੇ ਹੀ ਸੀ ਸੋ ਉਹ ਆਪਣੀ ਬਾਰਾਂ-ਤੇਰਾਂ ਸਾਲ ਦੀ ਨੌਕਰੀ ਨੂੰ ਲੱਤ ਮਾਰ ਕੇ 1970 ਵਿਚ ਆਪਣੀ ਅਧਿਆਪਕ ਵਾਲੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਅੰਦਰੇਟੇ ਆ ਗਿਆ। ਜੇ ਉਹ ਸੱਤ ਕੁ ਸਾਲ ਹੋਰ ਨੌਕਰੀ ਕਰਦਾ ਤਾਂ ਪੈਨਸ਼ਨ ਦਾ ਹੱਕਦਾਰ ਬਣ ਸਕਦਾ ਸੀ। ਦਾਰ ਜੀ ਦੀ ਸਿਫਾਰਸ਼ ਨਾਲ ਉਸ ਨੂੰ ਪਾਲਮਪੁਰ ਯੂਨੀਵਰਸਿਟੀ ਵਿਚ ਆਡੀਟਰ ਦੀ ਨੌਕਰੀ ਮਿਲ ਗਈ। ਉਹ ਉਸ ਨੌਕਰੀ ਤੋਂ ਵੀ ਸੰਤੁਸ਼ਟ ਨਹੀਂ ਸੀ ਪਰ ਦਾਰ ਜੀ ਤੇ ਉਨ੍ਹਾਂ ਦੀ ਪਤਨੀ ਦੀ ਸੇਵਾ ਕਰਨ ਵਿਚ ਹਰਬੀਰ ਤੇ ਉਸ ਦੀ ਪਤਨੀ ਗੁਰਚਰਨ ਕੌਰ ਨੂੰ ਸੰਤੁਸ਼ਟੀ ਮਿਲਦੀ ਸੀ। ਉਨ੍ਹਾਂ ਦੰਪਤੀ ਦੀ ਸੇਵਾ ਕਰਨ ਵਿਚ ਕੋਈ ਕਸਰ ਨਾ ਛੱਡੀ। ਇੱਥੋਂ ਤਕ ਕਿ ਦਾਰ ਜੀ ਦੀ ਪਤਨੀ, ਸਰਦਾਰਨੀ ਇੰਦਰ ਕੌਰ ਦੀ ਬਿਮਾਰੀ ਸਮੇਂ ਗੁਰਚਰਨ ਕੌਰ ਨੇ ਰਾਤਾਂ ਝਾਗ ਕੇ ਵੀ ਸੇਵਾ ਕੀਤੀ ਅਤੇ ਉਨ੍ਹਾਂ ਦੀ ਮੌਤ ਹੋਣ 'ਤੇ ਸਾਰੀਆਂ ਰਸਮਾਂ ਦੋਹਾਂ ਜੀਆਂ ਨੇ ਨਿਭਾਈਆਂ। ਸਰਦਾਰਨੀ ਜੀ ਦੀ ਮੌਤ ਮਗਰੋਂ ਦਾਰ ਜੀ ਨੇ ਹਰਬੀਰ ਦੀ ਪਤਨੀ ਗੁਰਚਰਨ ਕੌਰ ਨੂੰ ਆਪਣੀ ਵਾਰਸ ਬਣਾ ਲਿਆ ਅਤੇ ਭੰਵਰ ਪਰਿਵਾਰ ਦਾਰ ਜੀ ਨਾਲ ਇਕ ਪਰਿਵਾਰ ਦੇ ਰੂਪ ਵਿਚ ਰਹਿਣ ਲੱਗਾ।

ਹਰਬੀਰ ਦੀਆਂ ਆਪਣੀਆਂ ਅਕਾਂਖਿਆਵਾਂ ਸਨ। ਉਹ ਉੱਚ ਵਿਦਿਆ ਪ੍ਰਾਪਤ ਕਰ ਕੇ ਕੁਝ ਬਣਨਾ ਚਾਹੁੰਦਾ ਸੀ, ਉਹ ਚਿੱਤਰਕਾਰੀ ਵਿਚ ਵੀ ਆਪਣਾ ਨਾਮ ਬਣਾਉਣਾ ਚਾਹੁੰਦਾ ਸੀ ਅਤੇ ਸਾਹਿਤ ਦੇ ਪਿੜ ਵਿਚ ਵੀ ਨਾਮਣਾ ਖੱਟਣਾ ਚਾਹੁੰਦਾ ਸੀ, ਪਰ ਨਿੱਤ ਅਠਾਰਾਂ ਵੀਹ ਕਿਲੋਮੀਟਰ ਦਾ ਪਹਾੜੀ ਸਫਰ ਉਸ ਦੀ ਭੁੱਖ ਨੂੰ ਭੁਲਾਈ ਰੱਖਦਾ। ਫਿਰ ਵੀ ਉੱਚ ਵਿਦਿਆ ਤਾਂ ਪ੍ਰਾਪਤ ਕਰ ਹੀ ਗਿਆ ਸੀ ਉਹ। ਪਰ ਨਾ ਉਹ ਚੰਗਾ ਚਿੱਤਰਕਾਰ ਬਣ ਸਕਿਆ ਅਤੇ ਨਾ ਹੀ ਨਾਮਵਰ ਸਾਹਿਤਕਾਰ। ਹੁਣ ਉਸ ਦੇ ਦਿਲ ਵਿਚ ਪੱਤਰਕਾਰੀ ਦੇ ਪਿੜ ਵਿਚ ਆਉਣ ਦੀ ਖਾਹਸ਼ ਪੈਦਾ ਹੋ ਗਈ ਸੀ। ਉਹ ਪਟਿਆਲਾ ਯੂਨੀਵਰਸਿਟੀ ਵਿਚ ਜਰਨਲਿਜ਼ਮ ਦੀ ਡਿਗਰੀ ਕਰਨੀ ਚਾਹੁੰਦਾ ਸੀ। ਗੁਰਚਰਨ ਤੇ ਦਾਰ ਜੀ ਇਸ ਦੇ ਹੱਕ ਵਿਚ ਨਹੀਂ ਸਨ। ਦਾਰ ਜੀ ਦਾ ਵਿਚਾਰ ਸੀ ਕਿ ਉਸ ਕੋਲ ਚੰਗੀ ਨੌਕਰੀ ਹੈ। ਹਰ ਰੋਜ਼ ਘਰ ਆ ਜਾਂਦਾ ਹੈ। ਉਸ ਨੂੰ ਚਾਹੀਦਾ ਹੈ ਕਿ ਆਪਣੀ ਡਿਊਟੀ ਮਗਰੋਂ ਘਰ ਆ ਕੇ ਉਨ੍ਹਾਂ ਨਾਲ ਹੱਥ ਵਟਾਇਆ ਕਰੇ। ਹਰਬੀਰ ਦਾ ਆਪਣਾ ਤਰਕ ਸੀ। ਉਹ ਸਮਝਦਾ ਸੀ ਕਿ ਬੋਹੜ ਦੇ ਦਰਖਤ ਹੇਠ ਹੋਰ ਕੋਈ ਦਰਖਤ ਨਹੀਂ ਮੌਲ ਸਕਦਾ। ਉਹ ਦਾਰ ਜੀ ਨੂੰ ਇਕ ਵਿਸ਼ਾਲ ਬੋਹੜ ਦੀ ਨਿਆਈਂ ਸਮਝਣ ਲੱਗ ਪਿਆ ਸੀ ਜਿੱਥੇ ਉਹਦੀ ਆਪਣੀ ਵੁੱਕਤ ਕੋਈ ਨਹੀਂ ਸੀ। ਉਹ ਆਪਣੇ ਬਲਬੂਤੇ ਅਗਾਂਹ ਵਧਣਾ ਚਾਹੁੰਦਾ ਸੀ। ਇਸੇ ਲਈ ਉਹ ਜਰਨਲਿਜ਼ਮ ਕਰਨੀ ਚਾਹੁੰਦਾ ਸੀ। ਮੇਰੀ ਰਾਏ ਵੀ ਇਹ ਸੀ ਕਿ ਉਸ ਨੂੰ ਜਰਨਲਿਜ਼ਮ ਵਿਚ ਦਾਖਲਾ ਲੈ ਲੈਣਾ ਚਾਹੀਦਾ ਹੈ। ਇਸ ਸੰਦਰਭ ਵਿਚ ਗੁਰਚਰਨ ਨਾਲ ਮੇਰੀ ਗੱਲ ਹੋਈ ਤਾਂ ਉਹ ਹਰਬੀਰ ਦੀ ਅਗਲੇਰੀ ਪੜ੍ਹਾਈ ਲਈ ਸਹਿਮਤ ਹੋ ਗਈ ਅਤੇ ਹਰਬੀਰ ਆਪਣੀ ਨੌਕਰੀ ਤੋਂ ਇਕ ਸਾਲ ਦੀ ਛੁੱਟੀ ਲੈ ਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾਖਲ ਹੋ ਗਿਆ।



ਪਟਿਆਲੇ ਤੋਂ ਜਰਨਲਿਜ਼ਮ ਦੀ ਡਿਗਰੀ ਪੂਰੀ ਕਰ ਕੇ ਹਰਬੀਰ ਮੁੜ ਆਪਣੀ ਯੂਨੀਵਰਸਿਟੀ ਵਾਲੀ ਨੌਕਰੀ ਕਰਨ ਲੱਗ ਪਿਆ ਅਤੇ ਨਾਲ ਹੀ ਅੰਗਰੇਜ਼ੀ ਅਖਬਾਰ 'ਇੰਡੀਅਨ ਐਕਸਪ੍ਰੈਸ' ਦਾ ਰਿਪੋਰਟਰ ਬਣ ਗਿਆ। ਉਨ੍ਹਾਂ ਦਿਨਾਂ (ਮਾਰਚ 1978) ਵਿਚ ਹੀ ਉਸ ਨੇ ਹਿਮਾਚਲ ਦੀ ਹੋਲੀ ਦਾ ਤਿਉਹਾਰ ਦਿਖਾਉਣ ਲਈ ਮੈਨੂੰ ਸੱਦਾ ਪੱਤਰ ਭੇਜਿਆ ਸੀ। ਮੈਂ ਬੜਾ ਅਨੰਦ ਮਾਣਿਆ ਅਤੇ ਉਸ ਬਾਰੇ ਇਕ ਲੇਖ ਵੀ ਲਿਖਿਆ 'ਰੰਗਾਂ ਦੇ ਚਤੇਰੇ ਸੰਗ ਰੰਗੋਲੀ' ਜਿਹੜਾ ਪ੍ਰੋ. ਗੁਰਭਜਨ ਗਿੱਲ ਤੇ ਪੁਰਦਮਨ ਸਿੰਘ ਬੇਦੀ ਵਲੋਂ ਸੰਪਾਦਿਤ ਕੀਤੇ ਦਾਰ ਜੀ ਦੇ 'ਸਿਮ੍ਰਤੀ ਗ੍ਰੰਥ' ਵਿਚ ਛਪਿਆ। ਉਸ ਦਿਨ ਹੀ ਹਰਬੀਰ ਨੇ ਮੇਰੇ ਕੋਲ ਆਪਣੀ ਮੁਹੱਬਤ ਦੀ ਸ਼ੁਰੂਆਤ ਦਾ ਜ਼ਿਕਰ ਕੀਤਾ। ਖੈਰ! ਇਕ ਪਾਸੜ ਮੁਹੱਬਤ ਦਾ ਜ਼ਿਕਰ ਤਾਂ ਉਸ ਬਹੁਤ ਪਹਿਲਾਂ ਹੀ ਕੀਤਾ ਸੀ ਪਰ ਕਥਿਤ ਮਾਸ਼ੂਕਾ ਨੱਕ 'ਤੇ ਮੱਖੀ ਨਹੀਂ ਸੀ ਬਹਿਣ ਦਿੰਦੀ। ਗੁਰਚਰਨ ਦੀ ਉਹ ਗੂੜ੍ਹੀ ਸਹੇਲੀ ਬਣੀ ਹੋਈ ਸੀ ਅਤੇ ਹਰਬੀਰ ਨੂੰ ਉਹ ਜੀਜਾ ਜੀ ਕਹਿਣ ਲੱਗ ਪਈ ਸੀ। ਮੈਂ ਹਰਬੀਰ ਨੂੰ ਪਿਆਰ ਮੁਹੱਬਤ ਦੇ ਰਾਹ ਪੈਣ ਤੋਂ ਸਾਵਧਾਨ ਕਰਦਾ ਰਿਹਾ ਸੀ। ਪਰ ਜਦੋਂ ਹਰਬੀਰ ਨੂੰ ਇਹ ਮਹਿਸੂਸ ਹੋਣ ਲੱਗ ਪਿਆ ਕਿ ਗੁਰਚਰਨ ਦਾਰ ਜੀ ਵੱਲ ਵੱਧ ਧਿਆਨ ਦੇਣ ਲੱਗੀ ਹੈ ਅਤੇ ਉਸ ਦੀ ਪਰਵਾਹ ਨਹੀਂ ਕਰਦੀ ਤਾਂ ਉਹ ਉਸ ਅਧਿਆਪਕਾ ਵੱਲ ਹੋਰ ਰੁਚਿਤ ਹੋਣ ਲੱਗਾ। ਅਖੀਰ ਉਸ ਨੂੰ ਦੂਜੇ ਪਾਸਿਉਂ ਹੁੰਗਾਰਾ 1977 ਵਿਚ ਹੋਲੀ ਵਾਲੇ ਦਿਨ ਮਿਲ ਗਿਆ ਸੀ। ਜਿਸ ਬਾਰੇ ਉਸ ਨੇ ਮੈਨੂੰ ਇਕ ਚਿੱਠੀ ਵਿਚ ਸਾਰਾ ਵੇਰਵਾ ਬਿਆਨ ਕਰ ਦਿੱਤਾ ਸੀ। ਹਰਬੀਰ ਨੂੰ ਮੈਂ ਬਹੁਤ ਵਰਜਿਆ ਪਰ ਉਹ ਅਗਾਂਹ ਹੀ ਅਗਾਂਹ ਵਧਦਾ ਗਿਆ।

ਫਿਰ ਜਦੋਂ ਹਰਬੀਰ ਆਪਣੀ ਯੂਨੀਵਰਸਿਟੀ ਵਾਲੀ ਨੌਕਰੀ ਤੋਂ ਅਸਤੀਫਾ ਦੇ ਕੇ ਇੰਡੀਅਨ ਐਕਸਪ੍ਰੈਸ ਦਾ ਸਟਾਫ ਰਿਪੋਰਟਰ ਬਣ ਕੇ ਅੰਮ੍ਰਿਤਸਰ ਚਲਾ ਗਿਆ ਤਾਂ ਪਰਿਵਾਰ ਵਿਚ ਤਕਰਾਰ ਹੋਰ ਵਧ ਗਿਆ। ਹਰਬੀਰ ਚਾਹੁੰਦਾ ਸੀ ਕਿ ਗੁਰਚਰਨ ਉਸ ਕੋਲ ਆ ਕੇ ਅੰਮ੍ਰਿਤਸਰ ਰਹੇ। ਗੁਰਚਰਨ ਕਿਸੇ ਵੀ ਸੂਰਤ ਵਿਚ ਦਾਰ ਜੀ ਨੂੰ ਇਕੱਲਿਆਂ ਛੱਡ ਕੇ ਅੰਮ੍ਰਿਤਸਰ ਨਹੀਂ ਸੀ ਆਉਣਾ ਚਾਹੁੰਦੀ। ਗੁਰਚਰਨ ਦੇ ਸੱਦੇ 'ਤੇ ਮੈਂ ਅੰਦਰੇਟੇ ਗਿਆ। ਮੇਰੀ ਦਾਰ ਜੀ ਨਾਲ ਵੀ ਗੱਲ ਹੋਈ। ਉਨ੍ਹਾਂ ਤਾਂ ਸਪੱਸ਼ਟ ਕਹਿ ਦਿੱਤਾ ਸੀ ਕਿ ਜੇ ਗੁਰਚਰਨ ਅੰਮ੍ਰਿਤਸਰ ਜਾ ਕੇ ਰਹਿਣਾ ਚਾਹੁੰਦੀ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਉਹ ਪਹਿਲਾਂ ਵੀ ਇਕੱਲੇ ਰਹਿੰਦੇ ਰਹੇ ਹਨ, ਹੁਣ ਵੀ ਉਹ ਇਕੱਲੇ ਰਹਿ ਸਕਣਗੇ। ਸੱਚੀ ਗੱਲ ਤਾਂ ਇਹ ਹੈ, ਇਹ ਮੈਂ ਵੀ ਨਹੀਂ ਸੀ ਚਾਹੁੰਦਾ ਕਿ ਅੱਸੀ ਸਾਲ ਦੀ ਉਮਰ ਨੂੰ ਢੁੱਕੇ ਦਾਰ ਜੀ ਨੂੰ ਨੌਕਰਾਂ ਦੇ ਸਿਰ 'ਤੇ ਛੱਡਿਆ ਜਾਵੇ। ਮੈਂ ਗੁਰਚਰਨ ਨੂੰ ਹਰਬੀਰ ਦੇ ਅਧਿਆਪਕਾ ਨਾਲ ਸਬੰਧਾਂ ਬਾਰੇ ਵੀ ਦੱਸ ਦਿੱਤਾ ਜਿਸ ਦਾ ਕਿ ਉਸ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਅਤੇ ਉਸ ਨੇ ਅਧਿਆਪਕਾ ਨੂੰ ਧਮਕਾਇਆ ਵੀ ਸੀ। ਹਾਲਾਤ ਦੀ ਗੰਭੀਰਤਾ ਨੂੰ ਸਮਝ ਕੇ ਮੈਂ ਗੁਰਚਰਨ ਨੂੰ ਇਸ ਗੱਲ 'ਤੇ ਜ਼ੋਰ ਪਾਇਆ ਕਿ ਉਹ ਹਫਤੇ, ਦੋ ਹਫਤੇ ਮਗਰੋਂ ਕੁਝ ਦਿਨਾਂ ਲਈ ਹਰਬੀਰ ਕੋਲ ਰਹਿ ਆਇਆ ਕਰੇ। ਉਹ ਇਸ ਗੱਲ ਨੂੰ ਮੰਨ ਵੀ ਗਈ ਅਤੇ ਹਰਬੀਰ ਵੀ ਸਹਿਮਤ ਹੋ ਗਿਆ ਸੀ। ਫਿਰ ਹਾਲਾਤ ਐਸੇ ਬਣੇ ਕਿ ਅਧਿਆਪਕਾ ਦੇ ਅੰਮ੍ਰਿਤਸਰ ਦੇ ਗੇੜੇ ਵਧਦੇ ਗਏ ਅਤੇ ਗੁਰਚਰਨ ਨੇ ਅੰਮ੍ਰਿਤਸਰ ਜਾਣਾ ਛੱਡ ਦਿੱਤਾ। ਮੈਂ ਹਰਬੀਰ ਨੂੰ ਬਹੁਤ ਸਮਝਾਇਆ ਕਿ ਜਿਹੜੇ ਰਾਹ ਉਹ ਤੁਰ ਪਿਆ ਹੈ, ਉਹ ਖੁੰਢੀਆਂ ਛੁਰੀਆਂ ਵਾਲਾ ਰਾਹ ਹੈ। ਜਿਹੜਾ ਇਸ ਰਾਹ ਤੁਰਿਆ, ਉਹ ਲਹੂ ਲੁਹਾਨ ਹੀ ਹੋਇਆ। ਉਸ ਨੂੰ ਇਹ ਰਾਹ ਤਿਆਗ ਦੇਣਾ ਚਾਹੀਦਾ ਹੈ। ਉਸ ਨੂੰ ਭਵਿੱਖ ਵਿਚ ਆਉਣ ਵਾਲੀਆਂ ਮੁਸੀਬਤਾਂ ਤੋਂ ਜਾਣੂ ਵੀ ਕਰਵਾਇਆ ਪਰ ਉਸ ਦੇ ਸਿਰ ਉਪਰ ਇਸ਼ਕ ਦਾ ਭੂਤ ਸਵਾਰ ਸੀ। ਉਸ ਮੇਰੀਆਂ ਦਲੀਲਾਂ ਦਾ ਜਵਾਬ ਦੇਣ ਦੀ ਥਾਂ ਉਲਟਾ ਜਸਵੰਤ ਸਿੰਘ ਕੰਵਲ ਦੇ ਇਸ਼ਕ ਦਾ ਕਿੱਸਾ ਛੂਹ ਲਿਆ ਜਿਹੜਾ ਉਨ੍ਹਾਂ ਦਿਨਾਂ ਵਿਚ ਹੀ ਆਪਣੀ ਮਾਸ਼ੂਕ, ਡਾਕਟਰ ਜਸਵੰਤ ਗਿੱਲ ਨੂੰ ਆਪਣੇ ਪਿੰਡ, ਢੁੱਡੀ ਕੇ ਲੈ ਆਏ ਸਨ। ਉਨ੍ਹਾਂ ਦੇ ਪਰਿਵਾਰ ਨੇ ਕੋਈ ਵਿਰੋਧ ਨਹੀਂ ਸੀ ਕੀਤਾ। ਉਸ ਨੇ ਕਿਸੇ ਦੀ ਨਹੀਂ ਸੁਣੀ ਤੇ ਆਪਣੇ ਮਨ ਆਏ ਰਾਹ 'ਤੇ ਤੁਰਦਾ ਰਿਹਾ।

ਹਰਬੀਰ ਸਿੰਘ ਵਿਚ ਜਿੱਥੇ ਨਿਮਰਤਾ, ਸੱਚਾਈ, ਇਮਾਨਦਾਰੀ, ਲੋਕ ਸੇਵਾ ਦੀ ਲਗਨ ਅਤੇ ਸਵੈਮਾਨ ਹੈ ਉੱਥੇ ਆਕੜ, ਗੁੱਸਾ ਤੇ ਜ਼ਿੱਦ ਵੀ ਬਹੁਤ ਹੈ। ਦਾਰ ਜੀ ਨਾਲ ਕਈ ਗੱਲਾਂ 'ਤੇ ਮਤਭੇਦ ਕਾਰਨ ਦੋਨਾਂ ਦੀ 'ਈਗੋ' ਦੀ ਲੜਾਈ ਜਾਂ 'ਸ਼ਖ਼ਸੀਅਤ ਦੀ ਲੜਾਈ' ਅਜਿਹੀ ਵਿਗੜੀ ਕਿ ਘਰੇਲੂ ਜੀਵਨ ਤੀਲਾ-ਤੀਲਾ ਹੋ ਗਿਆ। ਦੋਨਾਂ ਦਾ ਇਹ ਟਕਰਾਅ ਦੋ ਪੀੜ੍ਹੀਆਂ ਦੀ ਲੜਾਈ ਵੀ ਸੀ, ਜਿਸ ਦੀ ਸਭ ਤੋਂ ਵੱਧ ਸਜ਼ਾ ਉਸਦੇ ਇਕਲੌਤੇ ਪੁੱਤਰ ਹਿਰਦੇਪਾਲ ਸਿੰਘ ਨੂੰ ਭੁਗਤਣੀ ਪਈ ਜਿਸ ਨੂੰ ਬਚਪਨ ਵਿਚ ਹੀ ਅਨੇਕਾਂ ਮਾਨਸਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਹਰਬੀਰ ਦਾ ਘਰੇਲੂ ਜੀਵਨ ਬੜਾ ਹੀ ਗੁੰਝਲਦਾਰ ਬਣ ਗਿਆ। ਜਿਸਦਾ ਕੋਈ ਹੱਲ ਨਜ਼ਰ ਨਹੀਂ ਆਉਂਦਾ। ਉਹ ਖੁਦ ਅਤੇ ਸਾਰੇ ਭੈਣ ਭਰਾ, ਨੇੜਲੇ ਰਿਸ਼ਤੇਦਾਰ ਅਤੇ ਦੋਸਤ ਬੜੇ ਹੀ ਪ੍ਰੇਸ਼ਾਨ ਹਨ। ਉਸ ਦੀ ਇਕ ਸਿਫ਼ਤ ਵੀ ਹੈ, ਉਸ ਵਿਚ ਫ਼ੈਸਲਾ ਕਰਨ ਦੀ ਸ਼ਕਤੀ ਹੈ। ਭਾਵੇਂ ਕਿੰਨਾ ਹੀ ਪ੍ਰੇਸ਼ਾਨ ਹੋਏ ਤੇ ਕਿਸ ਤਰ੍ਹਾਂ ਦੇ ਹਾਲਾਤ ਹੋਣ ਉਹ ਦੁਚਿੱਤੀ ਵਿਚ ਨਹੀਂ ਰਹਿੰਦਾ। ਸਭ ਪੱਖ ਸੋਚ ਕੇ ਇਕਦਮ ਕੋਈ ਫ਼ੈਸਲਾ ਕਰ ਲੈਂਦਾ ਹੈ ਅਤੇ ਉਸ ਫ਼ੈਸਲੇ 'ਤੇ (ਭਾਵੇਂ ਫ਼ੈਸਲਾ ਗਲਤ ਹੀ ਹੋਏ) ਪਹਿਰਾ ਦਿੰਦਾ ਹੈ। ਇਹ ਉਸਦੇ ਅੜੀਅਲ ਸੁਭਾਅ ਦੀ ਨਿਸ਼ਾਨੀ ਵੀ ਹੈ।


ਮੈਂ ਹਰਬੀਰ ਨੂੰ ਬੱਚਿਆਂ ਵਾਂਗ ਰੋਂਦਿਆਂ, ਹੱਸਦਿਆਂ, ਗੁੱਸੇ ਅਤੇ ਨਫ਼ਰਤ ਵਿਚ ਅੱਗ-ਬਗੋਲਾ ਹੁੰਦਿਆਂ ਦੇਖਿਆ ਹੈ। ਉਸਨੂੰ ਅੰਦਰੋਂ-ਬਾਹਰੋਂ ਜਾਨਣ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਉਸ ਦਾ ਛੋਟਾ ਬੇਟਾ ਬਿੱਟੂ ਅੰਦਰੇਟੇ ਦਾਰ ਜੀ ਦੀ ਕੋਠੀ ਵਿਚਲੀ ਤਲਾਈ ਵਿਚ ਡੁੱਬ ਕੇ ਸਦਾ ਲਈ ਤੁਰ ਗਿਆ ਤਾਂ ਦਾਰ ਜੀ ਦੇ ਧਰਵਾਸ ਨੇ ਗੁਰਚਰਨ ਨੂੰ ਤਾਂ ਸਹਿਣਸ਼ੀਲ ਬਣਾ ਦਿੱਤਾ ਪਰ ਹਰਬੀਰ ਦੀਆਂ ਧਾਹਾਂ ਕਿਸੇ ਦੇ ਰੋਕਿਆਂ ਨਹੀਂ ਸੀ ਰੁਕਦੀਆਂ। ਗੁਰਚਰਨ ਦੇ ਆਪਣੇ ਹੰਝੂ ਤ੍ਰਿਪ-ਤ੍ਰਿਪ ਕਿਰਦੇ ਰਹਿੰਦੇ। ਜਦੋਂ ਬੀਬੀ ਇੰਦਰ ਕੌਰ (ਸੁਪਤਨੀ ਸ. ਸੋਭਾ ਸਿੰਘ) 15 ਜਨਵਰੀ, 1967 ਨੂੰ ਸੁਰਗਵਾਸ

(ਪਿਛਲੇ ਸਫੇ ਦਾ ਬਾਕੀ)

## ਪ੍ਰਤੀਕਰਮ

# ਸਵਰਾਜਬੀਰ ਦਾ ਭੰਬਲਭੂਸਾ

ਸਵਰਾਜਬੀਰ ਦੀ ਲਿਖਤ 'ਸਰਮਾਏ ਦਾ ਸਾਮਰਾਜ'(ਅੰਕ 49, 3 ਦਸੰਬਰ 2022) ਪੜ੍ਹਨ ਨੂੰ ਮਿਲੀ।ਉਸਨੇ ਬਿਲਕੁਲ ਠੀਕ ਨੋਟ ਕੀਤਾ ਹੈ ਕਿ 'ਵਿਸ਼ਵੀਕਰਨ ਨੇ ਸਰਮਾਏ ਦਾ ਅਜਿਹਾ ਸਾਮਰਾਜ(ਐਂਪਾਇਰ)ਪੈਦਾ ਕੀਤਾ ਹੈ ਕਿ ਮਨੁੱਖਤਾ ਦੀ ਸਾਰੀ ਕਿਰਤ ਤੇ ਸਿਰਜਣ ਸ਼ਕਤੀ ਇਸ ਦੇ ਅਧੀਨ ਹੋ ਗਈ ਹੈ।' ਉਸਨੇ ਇਹ ਵੀ ਠੀਕ ਨੋਟ ਕੀਤਾ ਹੈ ਕਿ 'ਇਸ ਸਾਮਰਾਜ ਵਿਚ ਮਨੁੱਖ ਬਹੁਤ ਤੇਜ਼ੀ ਨਾਲ ਟੁੱਟ ਰਿਹਾ ਹੈ',



**ਪਰਮਜੀਤ ਰੋਡੇ**
**ਫੋਨ:737-274-2370**

ਇਹ 'ਸਾਰੀ ਦੁਨੀਆਂ ਦੇ ਲੋਕਾਂ ਨੂੰ ਮਨੁੱਖਤਾ ਤੋਂ ਵਿਛੁੰਨਿਆਂ ਕਰਨ ਦੇ ਰਾਹੇ ਪਿਆ ਹੋਇਆ ਹੈ', ਇਸਨੇ 'ਮਨੁੱਖ ਨੂੰ ਧੁਰ ਅੰਦਰੋਂ ਤੋੜ ਕੇ ਅੰਤਾਂ ਦਾ ਇਕੱਲਾ ਕਰ ਦਿੱਤਾ ਹੈ' ਅਤੇ ਇਸਨੇ 'ਲੋਕਾਈ ਦੇ ਬਹੁਤ ਵੱਡੇ ਹਿੱਸੇ ਨੂੰ ਹੱਡ-ਭੰਨਵੀਂ ਮਿਹਨਤ ਕਰਨ ਦੇ ਨਾਲ-ਨਾਲ ਇੰਨਾ ਨਿਮਾਣਾ ਤੇ ਨਿਤਾਣਾ ਬਣਾ ਦਿੱਤਾ ਹੈ ਕਿ ਉਹ ਆਪਣੇ ਸਮਾਜਿਕ,ਸੱਭਿਆਚਾਰਕ ਤੇ ਮਨੁੱਖੀ ਵਾਸਤਿਆਂ ਤੋਂ ਦੂਰ ਹੋ ਰਿਹਾ ਹੈ' ਪਰ ਜਦੋਂ ਸਵਰਾਜਬੀਰ ਲੋਕਾਂ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਦਿਵਾਉਣ ਦੇ ਮਸਲੇ ਦਾ ਸਾਹਮਣਾ ਕਰਦਾ ਹੈ ਤਾਂ ਉਸਦੀ ਸੋਚ 'ਚੋਂ ਨਿਰਾਸ਼ਾ ਅਤੇ ਭੰਬਲਭੂਸਾ ਸਾਫ-ਸਾਫ ਝਲਕਦਾ ਹੈ।

ਸਵਰਾਜਬੀਰ ਲਿਖਦਾ ਹੈ,'ਕਦੇ ਇਹ ਉਮੀਦ ਰੱਖੀ ਜਾਂਦੀ ਸੀ ਕਿ ਸਨਅਤੀ ਕਾਮੇ ਸਰਮਾਏਦਾਰੀ ਨਿਜ਼ਾਮ ਨੂੰ ਪਲਟਾਉਣ ਵਿਚ ਪ੍ਰਮੁੱਖ ਭੂਮਿਕਾ ਨਿਭਾਉਣਗੇ।' ਫਿਰ ਉਹ ਦੋ ਇਤਾਲਵੀ ਚਿੰਤਕਾਂ ਦੀ ਕਿਤਾਬ 'ਸਾਮਰਾਜ'(ਐਂਪਾਇਰ) 'ਚੋਂ ਹਵਾਲਾ ਦਿੰਦਾ ਹੈ-'ਇਨ੍ਹਾਂ ਚਿੰਤਕਾਂ ਅਨੁਸਾਰ ਸਨਅਤੀ ਮਜ਼ਦੂਰਾਂ ਦੁਆਰਾ ਸਮਾਜ ਬਦਲਣ ਵਿਚ ਮੋਹਰੀ ਭੂਮਿਕਾ ਨਿਭਾਉਣ ਦਾ ਦੌਰ ਖਤਮ ਹੋ ਗਿਆ ਹੈ; ਹੁਣ ਇੰਟਰਨੈੱਟ ਅਤੇ ਗਿਆਨ-ਖੇਤਰ ਵਿਚ ਕੰਮ ਕਰ ਰਹੇ ਕਾਮਿਆਂ ਦਾ ਇਹ 'ਸਮੂਹ' ਸਮਾਜ ਬਦਲਣ 'ਚ ਅਹਿਮ ਭੂਮਿਕਾ ਨਿਭਾਵੇਗਾ।' ਫਿਰ ਉਹ ਇਸ 'ਭੂਮਿਕਾ ਬਾਰੇ ਆਸ' ਬੱਝਣ ਦੀ ਗੱਲ ਵੀ ਕਰਦਾ ਹੈ। ਇੰਝ ਕਰਦਿਆਂ ਸਵਰਾਜਬੀਰ ਨੇ ਕਈ ਕੁਝ ਰਲਗੱਡ ਕੀਤਾ ਹੈ ਅਤੇ ਕਈ ਭੰਬਲਭੂਸੇ ਵੀ ਖੜ੍ਹੇ ਕੀਤੇ ਹਨ।

ਜਦੋਂ ਮਾਰਕਸਵਾਦ ਸਰਮਾਏਦਾਰੀ ਨਿਜ਼ਾਮ ਨੂੰ ਪਲਟਾਉਣ, ਭਾਵ ਸਮਾਜਵਾਦੀ ਇਨਕਲਾਬ ਲਿਆਉਣ ਲਈ ਸਨਅਤੀ ਮਜ਼ਦੂਰਾਂ ਦੀ ਪ੍ਰਮੁੱਖ ਭੂਮਿਕਾ ਦੀ ਗੱਲ ਕਰਦਾ ਹੈ ਤਾਂ ਇਸਦੇ ਦੋ ਪ੍ਰਸੰਗ ਹਨ: 1)ਮਜ਼ਦੂਰ ਜਮਾਤ ਇਹ ਆਗੂ ਭੂਮਿਕਾ ਆਪਣੀ ਸਿਆਸੀ ਪਾਰਟੀ, ਭਾਵ ਕਮਿਊਨਿਸਟ ਪਾਰਟੀ ਦੀ ਅਗਵਾਈ ਰਾਹੀਂ ਅਦਾ ਕਰਦੀ ਹੈ; 2)ਕਿਉਂਕਿ ਸਰਮਾਏਦਾਰੀ ਨਿਜ਼ਾਮ ਨੂੰ ਪਲਟਾਉਣ 'ਚ ਸਭ ਤੋਂ ਵੱਧ ਮੁਫਾਦ ਸਨਅਤੀ ਮਜ਼ਦੂਰ ਜਮਾਤ ਦੇ ਹੁੰਦੇ ਹਨ ਅਤੇ ਉਸ ਕੋਲ ਗੁਆਉਣ ਲਈ ਕੁਝ ਵੀ ਨਹੀਂ ਹੁੰਦਾ ਸਿਵਾਇ ਗੁਲਾਮੀ ਦੀਆਂ ਜ਼ੰਜੀਰਾਂ ਦੇ,ਇਸ ਲਈ ਮੂਹਰਲੀਆਂ ਸਫਾਂ 'ਚ ਹੋ ਕੇ ਲੜਨ ਲਈ ਲੋੜੀਂਦੀ ਦ੍ਰਿੜਤਾ ਅਤੇ ਹੌਸਲਾ ਮਜ਼ਦੂਰ ਜਮਾਤ ਤੋਂ ਵੱਧ ਹੋਰ ਕਿਸੇ ਜਮਾਤ ਕੋਲ ਨਹੀਂ ਹੋ ਸਕਦੇ। ਸੋ,ਇੰਟਰਨੈੱਟ ਅਤੇ ਗਿਆਨ-ਖੇਤਰ 'ਚ ਕੰਮ ਕਰਦੇ ਕਾਮਿਆਂ ਦੇ ਜਿਹੜੇ 'ਸਮੂਹਾਂ' ਦੀ ਗੱਲ ਸਵਰਾਜਬੀਰ ਅਤੇ ਇਸਦੇ ਇਤਾਲਵੀ 'ਚਿੰਤਕ' ਕਰਦੇ ਹਨ, ਉਹ ਨਾ ਤਾਂ ਕਮਿਊਨਿਸਟ ਪਾਰਟੀ ਦਾ ਬਦਲ ਬਣ ਸਕਦੇ ਹਨ ਅਤੇ ਨਾ ਹੀ ਲੜਾਈ 'ਚ ਸਨਅਤੀ ਮਜ਼ਦੂਰਾਂ ਦੀ ਥਾਂ ਲੈ ਸਕਦੇ ਹਨ। ਅਸਲ 'ਚ ਇਨ੍ਹਾਂ 'ਚਿੰਤਕਾਂ' ਦਾ 'ਸਰਮਾਏਦਾਰੀ ਨਿਜ਼ਾਮ ਨੂੰ ਉਲਟਾਉਣ ਜਾਂ ਇਨਕਲਾਬ ਨਾਲ ਕੋਈ ਲਾਗਾ-ਦੇਗਾ ਨਹੀਂ,ਉਹ ਸਿਰਫ 'ਸਮਾਜ ਬਦਲਣ' ਵਰਗੀ ਗੋਲ-ਮੋਲ ਭਾਸ਼ਾ ਵਰਤ ਰਹੇ ਹਨ ਜਿਸਤੋਂ ਉਨ੍ਹਾਂ ਦਾ ਭਾਵਹੋਰ ਜੋ ਮਰਜ਼ੀ ਹੋਵੇ, ਇਨਕਲਾਬ ਕਦਾਚਿਤ ਨਹੀਂ ਹੋ ਸਕਦਾ।

ਸਮਾਜ ਦੇ ਵਿਕਾਸ 'ਚ ਬੁੱਧੀਜੀਵੀਆਂ, ਵਿਗਿਆਨੀਆਂ,ਖੋਜੀਆਂ ਵਿਗਿਆਨੀਆਂ,ਮਾਹਿਰਾਂ ਅਤੇ ਆਰਟਿਸਟਾਂ ਵਗੈਰਾ ਦਾ ਹਮੇਸ਼ਾ ਅਹਿਮ ਰੋਲ ਰਿਹਾ ਹੈ ਅਤੇ ਅੱਜ ਵੀ ਹੈ, ਸਮੇਤ ਇੰਟਰਨੈੱਟ ਅਤੇਗਿਆਨ-ਖੇਤਰ 'ਚ ਕੰਮ ਕਰ ਰਹੇ ਕਾਮਿਆਂ ਦੇ। ਇਸੇ ਕਰਕੇ ਪ੍ਰਤਿਭਾਸ਼ਾਲੀ ਕਮਿਊਨਿਸਟ ਲੀਡਰ ਲੈਨਿਨ,ਸਟਾਲਿਨ ਤੇ ਮਾਓ ਨੇ ਇਨ੍ਹਾਂ ਦੀਆਂ ਸੇਵਾਵਾਂ ਲੈਣ ਅਤੇ ਇਨਕਲਾਬ ਦੇ ਹੱਕ 'ਚ ਭੁਗਤਾਉਣ ਲਈ ਵਿਸ਼ੇਸ਼ ਕੋਸ਼ਿਸ਼ਾਂ ਜੁਟਾਉਣ ਦੀ ਗੱਲ ਕੀਤੀ ਹੈ ਪਰ 'ਸਰਮਾਏਦਾਰੀ ਨਿਜ਼ਾਮ ਪਲਟਾਉਣ' ਦੀ ਸਮਰੱਥਾ ਸਿਰਫ ਇਨਕਲਾਬੀ ਸਿਆਸਤ ਨੂੰ ਪਰਨਾਈ ਹੋਈ ਮਜ਼ਦੂਰ ਜਮਾਤ ਦੀ ਪਾਰਟੀ (ਕਮਿਊਨਿਸਟ ਪਾਰਟੀ) ਦੀ ਅਗਵਾਈ 'ਚ ਸਨਅਤੀ ਮਜ਼ਦੂਰ ਜਮਾਤ ਦੇ ਹੋਰਨਾਂ ਤਬਕਿਆਂ ਦੇ ਮੂਹਰਲੀਆਂ ਸਫਾਂ 'ਚ ਹੋ ਕੇ ਲੜਨ 'ਚ ਹੈ।

ਸਵਰਾਜਬੀਰ ਅੱਗੇ ਲਿਖਦਾ ਹੈ ਕਿ 'ਨੇਗਰੀ ਤੇ ਹਰਟਡ ਨੇ ਇਹ ਧਾਰਨਾ ਵੀ ਦਿੱਤੀ ਸੀ ਕਿ ਸਰਮਾਏ ਦੇ ਸਾਮਰਾਜ ਵਿਚ ਰਿਆਸਤ/ਸਟੇਟ ਦੀ ਭੂਮਿਕਾ ਘਟ ਜਾਵੇਗੀ ਪਰ ਇਸਤੋਂ ਉਲਟ ਹਰ ਦੇਸ਼ ਵਿਚ ਰਿਆਸਤ/ਸਟੇਟ ਮਜ਼ਬੂਤ ਤੇ ਦਮਨਕਾਰੀ ਹੋਈ ਹੈ।' ਇੱਥੇ ਵੀ ਸਵਰਾਜਬੀਰ ਦੀ ਮਸਲੇ ਪ੍ਰਤੀ ਅਸਪਸ਼ਟਤਾ ਦਿਖਾਈ ਦਿੰਦੀ ਹੈ। ਮੇਰੀ ਸਮਝ ਮੁਤਾਬਕ ਸਾਮਰਾਜ 'ਚ ਜਦੋਂ ਵੀ ਰਿਆਸਤ/ਸਟੇਟ ਦੀ ਭੂਮਿਕਾ ਘਟਣ ਦੀ ਗੱਲ ਹੁੰਦੀ ਹੈ ਤਾਂ ਇਸਦਾ ਪ੍ਰਸੰਗ ਪਬਲਿਕ ਸੈਕਟਰ ਬਨਾਮ ਪ੍ਰਾਈਵੇਟ ਸੈਕਟਰ ਹੁੰਦਾ ਹੈ। ਅੱਜ ਦੁਨੀਆ ਭਰ ਦੀਆਂ ਸਰਕਾਰਾਂ ਵੱਖ-ਵੱਖ ਅਦਾਰਿਆਂ ਨੂੰ ਪਬਲਿਕ ਸੈਕਟਰ ਤੋਂ ਖੋਹ ਕੇ ਪ੍ਰਾਈਵੇਟ ਕੰਪਨੀਆਂ/ਕਾਰਪੋਰੇਸ਼ਨਾਂ ਨੂੰ ਦੇ ਰਹੀਆਂ ਹਨ(ਇਹ ਵਰਤਾਰਾ ਅਸੀਂ ਭਾਰਤ 'ਚ ਵੀ ਦੇਖ ਰਹੇ ਹਾਂ)। ਇਸੇ ਨੂੰ ਕਈ ਚਿੰਤਕ,ਰਿਆਸਤ\ਸਟੇਟ ਦੀ ਭੂਮਿਕਾ ਦਾ ਘਟਣਾ ਕਹਿੰਦੇ ਹਨ ਪਰ ਇਸਦਾ ਸਟੇਟ ਦੇ ਘੱਟ ਜਾਂ ਵੱਧ ਦਮਨਕਾਰੀ ਹੋਣ ਨਾਲ ਕੋਈ ਸੰਬੰਧ ਨਹੀਂ ਬਣਦਾ। ਦਮਨ ਦਾ ਸੰਬੰਧ ਇਸ ਹਕੀਕਤ ਨਾਲ ਹੈ ਕਿ ਕੋਈ ਲੋਕਲਹਿਰ,ਰਿਆਸਤ/ਸਟੇਟ ਲਈ ਕਿੱਡਾ ਵੱਡਾ ਚੈਲਿੰਜ ਹੈ? ਜੇ ਸਟੇਟ ਨੇ ਕਿਸਾਨੀ ਘੋਲ ਦੌਰਾਨ ਦਮਨ-ਚੱਕਰ ਨਹੀਂ ਚਲਾਇਆ ਤਾਂ ਇਸਦਾ ਕਾਰਨ ਸਿਰਫ ਵਿਸ਼ਾਲ ਲਾਮਬੰਦੀ ਅਤੇ ਕਿਸਾਨਾਂ ਤੇ ਹੋਰਨਾਂ ਤਬਕਿਆਂ ਦੀ ਏਕਤਾ ਈ ਨਹੀਂ ਸੀ। ਵੱਡਾ ਕਾਰਨ ਇਸ ਘੋਲ ਦਾ ਆਰਥਿਕ ਮੰਗਾਂ ਤੱਕ ਸੀਮਤ ਰਹਿਣਾ ਅਤੇ ਸਰਕਾਰ ਦੀ ਚੋਣਸਿਆਸਤ ਦੀਆਂ ਗਿਣਤੀਆਂ-ਮਿਣਤੀਆਂ ਸਨ। ਇਸ ਘੋਲ ਨੇ ਸਟੇਟ ਦੇ ਇਕ ਅੰਗ ਸਰਕਾਰ ਲਈ ਤਾਂ ਸਮੱਸਿਆਵਾਂ ਖੜ੍ਹੀਆਂ ਕੀਤੀਆਂ ਪਰ ਸਮੁੱਚੀ ਰਿਆਸਤ/ਸਟੇਟ ਨੂੰ ਇਸ ਘੋਲ ਤੋਂ ਕੋਈ ਖਤਰਾ ਨਹੀਂ ਸੀ। ਅੱਜ ਜੇ ਬਸਤਰ ਦੇ ਜੰਗਲਾਂ ਅਤੇ ਕਸ਼ਮੀਰ 'ਚ ਦਮਨਚੱਕਰ ਚੱਲ ਰਿਹਾ ਹੈ ਤਾਂ ਕਾਰਨ ਸਪਸ਼ਟ ਹਨ ਕਿ ਇਹ ਦੋਨੋਂ ਲਹਿਰਾਂ ਰਿਆਸਤ/ਸਟੇਟ ਦੇ ਗਲਾਵੇਂ ਨੂੰ ਹੱਥ ਪਾਉਣ ਦੀ ਕੋਸ਼ਿਸ਼ਕਰ ਰਹੀਆਂ ਹਨ।

ਰਿਆਸਤ/ਸਟੇਟ ਬਾਰੇ ਮਾਰਕਸਵਾਦੀ-ਲੈਨਿਨਵਾਦੀ ਸਮਝ ਸਪਸ਼ਟ ਹੈ ਕਿ ਸਟੇਟ,ਸਮਾਜਿਕਵਿਕਾਸ ਦੇ ਖਾਸਪੜਾਅ 'ਤੇ ਪੈਦਾ ਹੋਈ ਸੀ ਅਤੇ ਖਾਸਪੜਾਅ 'ਤੇ ਪਹੁੰਚ ਕੇ ਹੀ ਖਤਮ ਹੋਵੇਗੀ। ਇਹ ਨਿੱਜੀਜਾਇਦਾਦ ਦੇ ਹੋਂਦ 'ਚ ਆਉਣ ਨਾਲ ਹੀ ਹੋਂਦ 'ਚ ਆਈ ਸੀ ਅਤੇ ਨਿੱਜੀਜਾਇਦਾਦ ਦੇ ਖਤਮ ਹੋਣ ਨਾਲ ਹੀ ਖਤਮ ਹੋਵੇਗੀ। ਸਮਾਜਿਕਵਿਕਾਸ ਦਾ ਸਮਾਜਵਾਦੀ ਪੜਾਅ ਮੁਕੰਮਲ ਹੋਣ ਤੋਂ ਬਾਅਦਦੁਨੀਆ ਜਦੋਂ ਕਮਿਊਨਿਜ਼ਮ ਵੱਲ ਵਧੇਗੀ ਤਾਂ ਸਟੇਟ ਲਗਾਤਾਰ ਕਮਜ਼ੋਰ ਵੀ ਹੁੰਦੀ ਜਾਵੇਗੀ ਅਤੇ ਇਸਦੀ ਭੂਮਿਕਾ ਵੀ ਘਟਦੀ ਜਾਵੇਗੀ। ਲੈਨਿਨ ਇਸਨੂੰ ਰਿਆਸਤ/ਸਟੇਟ ਦਾ 'ਮੁਰਝਾਉਂਦੇ' ਜਾਣਾ ਕਹਿੰਦਾ ਹੈ।

## ਖੁੰਢੀਆਂ ਛੁਰੀਆਂ ਦੇ ਰਾਹਾਂ ਦਾ ਰਾਹੀ - ਹਰਬੀਰ ਸਿੰਘ ਭੰਵਰ

(ਬਾਕੀ ਅਗਲੇ ਸਫੇ 'ਤੇ)

ਹੋਏ ਤਾਂ ਹੰਝੂਆਂ ਦੀ ਝੜੀ ਵਿਚ ਹੀ ਉਸਨੇ ਸਾਰੀਆਂ ਅੰਤਮ ਰਸਮਾਂ ਪੂਰੀਆਂ ਕੀਤੀਆਂ ਸਨ (ਦਾਰ ਜੀ ਉਸ ਸਮੇਂ ਚੰਡੀਗੜ੍ਹ ਗਏ ਹੋਏ ਸਨ)। ਅੰਦਰੇਟਾ ਛੱਡ ਕੇ ਜਦੋਂ ਉਹ ਅੰਮ੍ਰਿਤਸਰ ਆਇਆ ਤਾਂ ਉਦੋਂ ਵੀ ਉਹ ਰੋਇਆ ਸੀ।

ਹਰਬੀਰ ਦੀ ਧਾਰਨਾ ਹੈ ਕਿ ਆਪਣੀ ਸੋਚ ਕੋਈ ਵੀ ਹੋਏ ਪੱਤਰਕਾਰੀ ਵਿਚ ਨਿਰਪੱਖ ਰਹਿਣਾ ਚਾਹੀਦਾ ਹੈ। ਉਹ ਇਸ ਧਾਰਨਾ 'ਤੇ ਪੂਰਾ ਉਤਰਦਾ ਆਇਆ ਹੈ। ਇਸ ਲਈ ਉਸ ਨੇ ਮੁਸ਼ਕਿਲਾਂ ਵੀ ਬੜੀਆਂ ਝੱਲੀਆਂ ਹਨ। ਨਹੀਂ ਤਾਂ ਆਮ ਪੱਤਰਕਾਰਾਂ ਵਾਂਗ ਅਨੇਕਾਂ ਫ਼ਾਇਦੇ ਉਠਾ ਸਕਦਾ ਸੀ ਪਰ ਉਹ ਆਪਣੀ ਵਿਚਾਰਧਾਰਾ 'ਤੇ ਅਡੋਲ ਚਲਦਾ ਰਿਹਾ। ਜਦੋਂ ਅੰਮ੍ਰਿਤਸਰ ਇੰਡੀਅਨ ਐਕਸਪ੍ਰੈਸ ਦਾ ਸਟਾਫ ਰਿਪੋਟਰ ਸੀ ਤਾਂ ਉਨ੍ਹਾਂ ਨਿਰਪੱਖ ਪੱਤਰਕਾਰੀ ਨੂੰ ਅੰਜਾਮ ਦੇਣ ਦੀ ਥਾਂ ਆਪਣੀ ਪਾਲਿਸੀ ਅਨੁਸਾਰ ਚਲਾਉਣਾ ਚਾਹਿਆ ਤਾਂ ਉਸ ਨੇ ਅਸਤੀਫਾ ਦੇਣ ਵਿਚ ਇਕ ਮਿੰਟ ਵੀ ਨਹੀਂ ਸੀ ਲਾਇਆ।

ਹਰਬੀਰ ਨੇ ਇੰਡੀਅਨ ਐਕਸਪ੍ਰੈਸ ਅਖਬਾਰ ਤੋਂ ਅਸਤੀਫਾ ਦਿੱਤਾ ਤਾਂ ਸ. ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨੇ ਉਸ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੋਕ ਸੰਪਰਕ ਅਫ਼ਸਰ ਬਣਾ ਦਿੱਤਾ। ਓਥੇ ਉਸ ਨੇ ਚਾਰ ਕੁ ਵਰ੍ਹੇ ਕੰਮ ਕੀਤਾ। ਇਸਦੇ ਨਾਲ ਨਾਲ ਹੀ ਖ਼ਬਰ ਏਜੰਸੀ ਯੂ.ਐਨ.ਆਈ. ਤੇ ਯਪੀ ਆਈ ਤੇ ਬੀਬੀਸੀ ਲਈ ਕੰਮ ਕਰਦਾ ਰਿਹਾ। ਸ਼੍ਰੋਮਣੀ ਕਮੇਟੀ ਦੀ ਨੌਕਰੀ ਨੇ ਉਸ ਨੂੰ ਸਿੱਖ ਸਿਆਸਤ ਵਿਚ ਨਿਪੁੰਨ ਬਣਾ ਦਿੱਤਾ ਸੀ।

ਫਿਰ ਉਹ ਅੰਮ੍ਰਿਤਸਰ ਵਿਚ ਹੀ ਟ੍ਰਿਬਿਊਨ ਅਖਬਾਰ ਦਾ ਸਟਾਫ ਰਿਪੋਰਟ ਬਣ ਗਿਆ। ਉਸ ਸਮੇਂ ਧਰਮ ਯੁੱਧ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਜੀਵਨੀ 'ਪੰਜਾਬ ਦਾ ਲੋਕ ਨਾਇਕ' ਲਿਖਣ ਵਿਚ ਰੁੱਝਿਆ ਹੋਣ ਕਰਕੇ ਉਸ ਦੀ ਰਿਹਾਇਸ਼ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਹੀ ਸੀ। ਨੀਲਾ ਤਾਰਾ ਕਾਰਵਾਈ ਦੌਰਾਨ ਉਸ ਦਾ ਆਪਣਾ ਸਾਰਾ ਘਰ ਬਾਰ ਲੁੱਟਿਆ ਗਿਆ। ਜਿਹੜਾ ਸੰਤਾਪ ਅੰਮ੍ਰਿਤਸਰ ਅਤੇ ਸਾਰੇ ਪੰਜਾਬ ਨੇ 1984 ਵਿਚ ਭੋਗਿਆ, ਉਹ ਹਰਬੀਰ ਸਿੰਘ ਨੇ 'ਡਾਇਰੀ ਦੇ ਪੰਨੇ' ਦੇ ਰੂਪ ਵਿਚ ਲਿਖਿਆ ਅਤੇ ਪੁਸਤਕ ਰੂਪ ਵਿਚ ਛਪਵਾਇਆ।

ਪੰਜਾਬ ਸਮੱਸਿਆ ਕਿਵੇਂ ਪੈਦਾ ਹੋਈ, ਕਿਵੇਂ ਗੁੰਝਲਦਾਰ ਬਣੀ, ਇਸ ਬਾਰੇ ਵੀ ਉਸਨੇ ਅਨੇਕਾਂ ਲੇਖ ਲਿਖੇ, ਜੋ ਰੋਜ਼ਾਨਾ ਅਜੀਤ, ਪੰਜਾਬੀ ਟ੍ਰਿਬਿਊਨ, ਜੱਗ ਬਾਣੀ ਤੇ ਹੋਰ ਅਖ਼ਬਾਰਾਂ ਵਿਚ ਅਕਸਰ ਛਪਦੇ ਰਹੇ ਹਨ। ਪੰਜਾਬ ਸਮੱਸਿਆ ਬਾਰੇ ਉਸ ਨੇ ਬੜਾ ਨਿਧੜਕ ਹੋ ਕੇ ਲਿਖਿਆ ਹੈ। ਜਿਸ ਕਾਰਨ ਉਸ ਨੂੰ ਸਰਕਾਰੀ ਅਤੇ ਗ਼ੈਰ-ਸਰਕਾਰੀ ਜਬਰ ਦਾ ਸਾਹਮਣਾ ਵੀ ਕਰਨਾ ਪਿਆ ਹੈ। ਉਹ ਅਡੋਲ ਆਪਣੀ ਡਗਰ 'ਤੇ ਤੁਰਦਾ ਗਿਆ ਤੇ ਤੁਰਦਾ ਜਾ ਰਿਹਾ ਹੈ।

ਇਸ ਦਾ ਉਸ ਨੂੰ ਖਮਿਆਜ਼ਾ ਵੀ ਭੁਗਤਣਾ ਪਿਆ ਹੈ। ਕਈ ਵਾਰੀ ਉਸਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਵੀ ਮਿਲਦੀਆਂ ਰਹੀਆਂ ਅਤੇ ਇਸ ਕਾਰਨ ਹੀ ਉਸ ਨੇ ਅਨੇਕਾਂ ਹੀ ਸਿਆਸੀ ਲੀਡਰਾਂ ਨੂੰ ਨਾਰਾਜ਼ ਕਰ ਲਿਆ। ਉਸ ਦੀ ਬਦਲੀ ਅੰਮ੍ਰਿਤਸਰ ਤੋਂ ਸ਼ਿਮਲਾ ਦੀ ਕਰ ਦਿੱਤੀ ਗਈ। ਮੰਤਰੀਆਂ ਸੰਤਰੀਆ ਨੇ ਸਾਮ, ਦਾਮ ਦੰਡ ਭੇਦ ਜਿਹੇ ਹਥਿਆਰਾਂ ਨਾਲ ਆਪਣੀ ਡਗਰ 'ਤੇ ਤੋਰਨਾ ਚਾਹਿਆ ਪਰ ਉਹ ਨਿਡਰ ਹੋ ਕੇ ਆਪਣੀ ਡਗਰ 'ਤੇ ਚਲਦਾ ਰਿਹਾ। ਉਸ ਨੂੰ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਅਤੇ ਇਕ ਸੀਨੀਅਰ ਮੰਤਰੀ ਹੱਥ ਧੋ ਕੇ ਉਸ ਦੀ ਸ਼ਿਮਲੇ ਤੋਂ ਟਰਾਂਸਫ਼ਰ ਕਰਵਾਉਣ ਲਈ ਹੱਥ ਧੋ ਕੇ ਉਹਦੇ ਮਗਰ ਪੈ ਗਏ। ਉਸ ਨੇ ਆਪਣੇ ਅਸੂਲਾਂ ਨਾਲ ਸਮਝੌਤਾ ਨਹੀਂ ਕੀਤਾ, ਭਾਵੇਂ ਕਿ ਮੈਨੇਜਮੈਂਟ ਨੇ ਉਸ ਦੀ ਬਦਲੀ ਸ਼ਿਮਲਾ ਪਟਿਆਲੇ ਦੀ ਕਰ ਦਿੱਤੀ।

ਟ੍ਰਿਬਿਊਨ ਸਮੂਹ ਦਾ ਐਡੀਟਰ ਉਸ ਦੇ ਕੰਮ ਤੋਂ ਖੁਸ਼ ਸੀ। ਉਸ ਨੂੰ ਉਹਦੀ ਹਮਾਇਤ ਵੀ ਸੀ। ਪਟਿਆਲੇ ਵੀ ਉਹ ਨਿਰਪੱਖਤਾ ਨਾਲ ਖਬਰਾਂ ਭੇਜਦਾ ਰਿਹਾ। ਉਸ ਉਪਰ ਦੋ ਵਾਰ ਜਾਨਲੇਵਾ ਹਮਲਾ ਵੀ ਹੋਇਆ। ਉਹਦੇ ਨਾ ਚਾਹੁੰਦਿਆਂ ਵੀ ਉਸ ਨੂੰ ਸਕਿਉਰਟੀ ਦੇ ਦਿੱਤੀ ਗਈ। ਮੈਂ ਉਸ ਦਾ ਪਤਾ ਲੈਣ ਲਈ ਪਟਿਆਲੇ ਗਿਆ। ਪਟਿਆਲੇ ਤੋਂ ਉਸੇ ਦਿਨ ਆਪਣੇ ਪਿੰਡ, ਸੇਖਾ ਕਲਾਂ ਮੁੜਨਾ ਔਖਾ ਸੀ, ਇਸ ਲਈ ਮੈਂ ਉਸ ਕੋਲ ਰਾਤ ਰਹਿਣ ਦਾ ਸੋਚ ਕੇ ਹੀ ਘਰੋਂ ਗਿਆ ਸੀ। ਸ਼ਾਮ ਦਾ ਖਾਣ ਖਾਣ ਤੋਂ ਪਹਿਲਾਂ ਹੀ ਹਰਬੀਰ ਨੇ ਮੈਨੂੰ ਕਿਹਾ, "ਜਰਨੈਲ, ਭਾਵੇਂ ਮੈਨੂੰ ਸਕਿਉਰਟੀ ਮਿਲੀ ਹੋਈ ਹੈ ਪਰ ਫੇਰ ਵੀ ਏਥੇ ਬਹੁਤ ਖਤਰਾ ਹੈ। ਤੂੰ ਜਾਂ ਤਾਂ ਡਾਕਟਰ ਗੁਰਦਰਸ਼ਨ (ਮੇਰੇ ਸਕੇ ਮਾਮੇ ਦਾ ਲੜਕਾ) ਕੋਲ ਚਲਿਆ ਜਾ ਜਾਂ ਮੈਂ ਆਪਣੇ ਦੋਸਤ ਨੂੰ ਫੋਨ ਕਰ ਦਿੰਦਾ ਹਾਂ, ਉਸ ਕੋਲ ਰਾਤ ਰਹਿ ਪਵੀਂ। ਮੈਂ ਨਹੀਂ ਚਾਹੁੰਦਾ ਕਿ ਮੇਰੇ ਕਾਰਨ ਤੇਰਾ ਕੋਈ ਨੁਕਸਾਨ ਹੋਵੇ।"

"ਇਹ ਭੁੱਲ ਜਾ ਕਿ ਤੈਨੂੰ ਛੱਡ ਕੇ ਮੈਂ ਕਿਤੇ ਹੋਰ ਚਲਿਆ ਜਾਵਾਂਗਾ। ਜੇ ਕੋਈ ਗੜਬੜ ਹੋਈ ਤਾਂ ਮੈਂ ਤੇਰੇ ਮੂਹਰੇ ਹੋਵਾਂਗਾ।" ਉਹਦੇ ਕੋਲ ਇਕ ਰਾਤ ਮੈਂ ਤਿੰਨ ਦਿਨ ਪਟਿਆਲੇ ਉਸ ਕੋਲ ਰਿਹਾ। ਉਹ ਜਿੰਨਾ ਚਿਰ ਵੀ ਪਟਿਆਲੇ ਰਿਹਾ, ਆਪਣੀ ਡਿਊਟੀ ਪ੍ਰਤੀ ਸੁਹਿਰਦ ਰਿਹਾ।

ਸਿੱਖ ਸੱਭਿਆਚਾਰ ਤੇ ਸਿੱਖ ਸਿਆਸਤ ਬਾਰੇ ਦੂਸਰੇ ਸਟਾਫ ਰਿਪੋਰਟਾਂ ਨਾਲੋਂ ਵੱਧ ਜਾਣਕਾਰੀ ਹੋਣ ਕਾਰਨ ਮੁੜ ਉਸ ਦੀ ਬਦਲੀ ਅੰਮ੍ਰਿਤਸਰ ਦੀ ਹੀ ਕਰ ਦਿੱਤੀ। ਫਿਰ ਉਹ 1998 ਵਿਚ ਅੰਮ੍ਰਿਤਸਰੋਂ ਹੀ ਟ੍ਰਿਬਿਊਨ ਅਖਬਾਰ ਤੋਂ ਰਿਟਾਇਰ ਹੋਇਆ।

ਜਥੇਦਾਰ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨੂੰ ਹਰਬੀਰ ਦੀ ਯੋਗਤਾ ਦਾ ਪਤਾ ਸੀ, ਉਸ ਨੇ ਉਹਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੀਡੀਆ ਅਫਸਰ ਬਣਾ ਲਿਆ। ਜਿੰਨਾ ਸਮਾਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਕਮੇਟੀ ਦੇ ਪ੍ਰਧਾਨ ਰਹੇ, ਭੰਵਰ ਮੀਡੀਆ ਅਫਸਰ ਵਜੋਂ ਸੇਵਾਵਾਂ ਨਿਭਾਉਂਦਾ ਰਿਹਾ। ਬੀਬੀ ਜਾਗੀਰ ਕੌਰ ਦੇ ਕਮੇਟੀ ਦਾ ਪ੍ਰਧਾਨ ਬਣ ਜਾਣ ਮਗਰੋਂ ਉਹ ਸ਼੍ਰੋਮਣੀ ਕਮੇਟੀ ਨੂੰ ਅਲਵਿਦਾ ਕਹਿ ਲੁਧਿਆਣੇ ਆ ਗਿਆ।

ਉਸ ਨੇ ਕੰਮ ਕਈ ਅਦਾਰਿਆਂ ਵਿਚ ਕੀਤਾ ਪਰ ਪੈਨਸ਼ਨ ਦਾ ਹੱਕਦਾਰ ਕਿਸੇ ਅਦਾਰੇ ਵਲੋਂ ਵੀ ਨਾ ਬਣਿਆ। ਲੁਧਿਆਣਾ ਦੇ ਰਣਧੀਰ ਸਿੰਘ ਨਗਰ ਵਿਚ ਭਲੇ ਵੇਲਿਆਂ ਵਿਚ ਇਕ ਮਕਾਨ ਬਣਾ ਲਿਆ ਸੀ। ਉਸ ਮਕਾਨ ਤੋਂ ਬਿਨਾ ਉਸ ਕੋਲ ਹੋਰ ਰਾਸ ਪੂੰਜੀ ਨਹੀਂ ਸੀ। ਲੁਧਿਆਣੇ ਆਉਣ ਤੋਂ ਪਹਿਲਾਂ ਹੀ ਉਸ ਨੇ ਕਿਰਾਏਦਾਰ ਨੂੰ ਮਕਾਨ ਵਿਹਲਾ ਕਰਨ ਲਈ ਨੋਟਿਸ ਦੇ ਦਿੱਤਾ ਸੀ ਪਰ ਕਿਰਾਏਦਾਰ ਨੇ ਨੋਟਿਸ ਨੂੰ ਕੂੜੇਦਾਨ ਦੀ ਭੇਟ ਕਰ ਦਿੱਤਾ ਅਤੇ ਅਰਾਮ ਨਾਲ ਉਸ ਦੇ ਮਕਾਨ ਵਿਚ ਰਹਿੰਦਾ ਰਿਹਾ। ਖੂਬੀ ਇਹ ਕਿ ਉਸ ਤੋਂ ਮਗਰੋਂ ਉਸ ਨੇ ਕਿਰਾਇਆ ਦੇਣਾ ਵੀ ਬੰਦ ਕਰ ਦਿੱਤਾ। ਹਰਬੀਰ ਨੂੰ ਕੁਝ ਸਮਾਂ ਕਿਰਾਏ ਦੇ ਮਕਾਨ ਵਿਚ ਗੁਜ਼ਾਰਾ ਕਰਨਾ ਪਿਆ, ਫਿਰ ਕੈਲਾਸ਼ ਦੇ ਨਾਮ 'ਤੇ ਇਕ ਬਣਿਆ ਬਣਾਇਆ ਮਕਾਨ ਖਰੀਦ ਲਿਆ। ਆਪਣਾ ਮਕਾਨ ਹਾਸਲ ਕਰਨ ਲਈ ਉਸ ਨੂੰ ਲੰਮਾ ਸਮਾਂ ਕਚਹਿਰੀਆਂ ਦੇ ਧੱਕੇ ਖਾਣੇ ਪਏ। ਕਈ ਸਾਲ ਦੀ ਕਾਨੂੰਨੀ ਲੜਾਈ ਮਗਰੋਂ ਬੜੀ ਮੁਸ਼ਕਲ ਨਾਲ ਕਿਰਾਏਦਾਰ ਕੋਲੋਂ ਮਕਾਨ ਖਾਲੀ ਕਰਵਾਇਆ।

> ***ਨੋਟ: ਜਿਸ ਦਿਨ ਇਹ ਲੇਖ ਲਿਖਿਆ ਗਿਆ ਤਾਂ ਉਸ ਤੋਂ ਕੁਝ ਦਿਨਾਂ ਬਾਅਦ ਹੀ ਹਰਬੀਰ ਦੇ ਦਿਲ 'ਤੇ ਪਾਏ ਹੋਏ ਪੇਸਮੇਕਰ ਨੇ ਕੰਮ ਕਰਨਾ ਬਹੁਤ ਘੱਟ ਕਰ ਦਿੱਤਾ ਸੀ। ਦੋਬਾਰਾ ਨਵਾਂ ਪੇਸਮੇਕਰ ਪਵਾਉਣਾ ਪਿਆ। ਪਰ ਉਹ ਰਾਸ ਨਾ ਆਇਆ। ਕੈਲਾਸ਼ ਕਦੀ ਹਰਬੀਰ ਨੂੰ ਹਸਪਤਾਲ ਲੈ ਜਾਂਦੀ, ਜਦੋਂ ਹਸਪਤਾਲ ਤੋਂ ਛੁੱਟੀ ਮਿਲਦੀ ਤਾਂ ਘਰ ਲੈ ਆਉਂਦੀ। ਹਸਪਤਾਲ ਦੇ ਚੱਕਰਾਂ ਵਿਚ ਜ਼ਿੰਦਗੀ ਨਾਲ ਸੰਘਰਸ਼ ਕਰਦਾ ਹੋਇਆ ਸੰਘਰਸ਼ਸ਼ੀਲ ਇਨਸਾਨ ਅਖੀਰ ਬਾਰਾਂ ਦਸੰਬਰ ਵੀਹ ਸੌ ਬਾਈ ਦੀ ਸਵੇਰ ਨੂੰ ਜ਼ਿੰਦਗੀ ਤੋਂ ਹਾਰ ਖਾ ਗਿਆ। -ਜ. ਸ. ਸੇਖਾ***

ਲੁਧਿਆਣੇ ਆ ਕੇ ਉਹ ਕੁਝ ਸਮਾਂ ਹਿੰਦੀ ਅਖਬਾਰ ਦੈਨਿਕ ਭਾਸਕਰ ਦਾ ਬਿਊਰੋ ਚੀਫ ਰਿਹਾ, ਉਹ ਨੌਕਰੀ ਵੀ ਉਸ ਨੂੰ ਰਾਸ ਨਾ ਆਈ ਤਾਂ ਉਸ ਤੋਂ ਪਾਸੇ ਹੋ ਫਾਸਟਵੇਅ ਟੀਵੀ ਵਾਲਿਆਂ ਦਾ ਨਿਊਜ਼ ਐਡੀਟਰ ਬਣ ਗਿਆ। ਉਨ੍ਹਾਂ ਨਾਲ ਨਿਭਣਾ ਤਾਂ ਉਸ ਦੇ ਸੁਭਾਅ ਦੇ ਅਨੁਕੂਲ ਹੀ ਨਹੀਂ ਸੀ, ਛੇਤੀ ਹੀ ਉਨ੍ਹਾਂ ਨੂੰ ਅਲਵਿਦਾ ਕਹਿ ਦਿੱਤਾ।

ਹਰਬੀਰ ਸਿੰਘ ਭੰਵਰ ਨੇ ਪੱਤਰਕਾਰੀ ਪੇਸ਼ੇ ਵਿਚ ਆਉਣ ਤੋਂ ਪਹਿਲਾਂ ਵੀ ਕੁਝ ਪੁਸਤਕਾਂ ਲਿਖੀਆਂ ਸਨ। ਪੱਤਰਕਾਰੀ ਦੌਰਾਨ ਉਸ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਜੀਵਨੀ ਲਿਖੀ। ਦਰਬਾਰ ਸਾਹਿਬ ਅੰਮ੍ਰਿਤਸਰ ਉਪਰ ਫੌਜ ਵਲੋਂ ਕੀਤੇ ਗਏ ਹਮਲੇ ਦੇ ਅੱਖੀਂ ਡਿੱਠੇ ਤੇ ਕੰਨੀਂ ਸੁਣੇ ਬਿਰਤਾਂਤ 'ਡਾਇਰੀ ਦੇ ਪੰਨੇ, ਜੋ ਇਤਿਹਾਸ ਬਣ ਗਏ' ਨੂੰ ਕਿਤਾਬੀ ਰੂਪ ਦਿੱਤਾ। ਉਹ ਪੁਸਤਕ ਇੰਨੀ ਪ੍ਰਸੰਗਕ ਸੀ ਕਿ ਉਸ ਦੀਆਂ ਕਈ ਅਡੀਸ਼ਨਾਂ ਛਪੀਆਂ। ਉਸ ਪੁਸਤਕ ਦੀਆਂ ਇਕ ਲੱਖ ਤੋਂ ਵੱਧ ਕਾਪੀਆਂ ਲੋਕਾਂ ਦੇ ਹੱਥਾਂ ਵਿਚ ਪਹੁੰਚੀਆਂ ਹੋਣਗੀਆਂ। ਹੁਣ ਉਹ ਸਭ ਪਾਸਿਆਂ ਤੋਂ ਵਿਹਲਾ ਸੀ। ਉਸ ਨੂੰ ਆਪਣੀ ਜ਼ਿੰਦਗੀ ਵਿਚ ਅਨੇਕ ਘਟਨਾਵਾਂ ਨਾਲ ਦੋ ਚਾਰ ਹੋਣਾ ਪਿਆ ਸੀ। ਲਿਖਣ ਲਈ ਉਨ੍ਹਾਂ ਤਜਰਬਿਆਂ ਦਾ ਉਸ ਕੋਲ ਭਰਪੂਰ ਮਸਾਲਾ ਸੀ। ਉਸ ਨੂੰ ਉਹ ਕਲਮ ਬੰਦ ਕਰਨ ਲੱਗਾ। ਕੈਲਾਸ਼ ਦੀ ਪੈਨਸ਼ਨ ਤੋਂ ਬਿਨਾਂ ਉਸ ਦੀ ਆਮਦਨ ਦਾ ਹੋਰ ਕੋਈ ਵਸੀਲਾ ਨਹੀਂ ਸੀ। ਪੰਜਾਬੀ ਦਾ ਕੋਈ ਪਬਲਿਸ਼ਰ ਰਾਇਲਟੀ ਦੇ ਕੇ ਉਸ ਦੀਆਂ ਪੁਸਤਕਾਂ ਛਾਪਣ ਲਈ ਤਿਆਰ ਨਹੀਂ ਸੀ, ਫੇਰ ਵੀ ਉਹ ਲਿਖੀ ਜਾ ਰਿਹਾ ਸੀ। ਅੱਖਾਂ ਵਿਚ ਕਾਲਾ ਮੋਤੀਆ ਉਤਰ ਆਇਆ, ਉਹ ਲਿਖੀ ਜਾ ਰਿਹਾ ਸੀ। ਹੌਲੀ ਹੌਲੀ ਨਿਗਾਹ ਕਮਜ਼ੋਰ ਹੁੰਦੀ ਗਈ, ਉਹ ਮੈਗਨੀਫਾਈ ਸ਼ੀਸ਼ਾ ਲੈ ਕੇ ਲਿਖੀ ਜਾਂਦਾ। ਉਸ ਨੂੰ ਆਪਣਾ ਪਰੋਸਟੇਟ ਦਾ ਅਪਰੇਸ਼ਨ ਕਰਵਾਉਣਾ ਪਿਆ ਪਰ ਉਸ ਨੇ ਲਿਖਣਾ ਨਹੀਂ ਛੱਡਿਆ। ਉਸ ਦੇ ਤਜਰਬਿਆਂ ਦਾ ਨਿਚੋੜ ਨੇ ਇਹ ਪੁਸਤਕਾਂ; 'ਕਾਲ਼ੇ ਦਿਨ', ਲਹੂ ਭਿੱਜੀ ਪੱਤਰਕਾਰੀ, ਤੀਜਾ ਘੱਲੂਘਾਰਾ, 'ਮੇਰੀ ਕੈਨੇਡਾ ਫੇਰੀ', 'ਸ. ਸੋਭਾ ਸਿੰਘ, ਜੀਵਨ ਤੇ ਕਲਾ', 'ਪੰਜਾਬੀ ਨਾਟਕ ਦੀ ਨਕੜ ਦਾਦੀ, ਨੋਰਾ ਰਿਚਰਡ', 'ਕਲਾਕਾਰਾਂ ਦੀ ਧਰਤੀ, ਅੰਦਰੇਟਾ'।

ਅਜੇ ਵੀ ਬਹੁਤ ਕੁਝ ਲਿਖਣ ਵਾਲਾ ਰਹਿੰਦਾ ਸੀ ਕਿ ਉਹਦੀਆਂ ਅੱਖਾਂ ਦੀ ਜੋਤ ਬੁਝਣ ਕਿਨਾਰੇ ਹੋ ਗਈ ਜਿਸ ਕਾਰਨ ਮਜਬੂਰਨ ਕਲਮ ਨੂੰ ਅਲਵਿਦਾ ਕਹਿਣੀ ਪੈ ਗਈ। ਸ਼ਾਇਦ ਇਸੇ ਗੱਲ ਦਾ ਝੋਰਾ ਸੀ ਕਿ ਉਸ ਨੂੰ ਦਿਲ ਦਾ ਬਹੁਤ ਭਿਆਨਕ ਦੌਰਾ ਪਿਆ। ਦਿਲ ਦਾ ਅਪਰੇਸ਼ਨ ਹੋਇਆ, ਦਿਲ 'ਤੇ ਪੇਸਮੇਕਰ ਪਿਆ। ਜ਼ਿੰਦਗੀ ਬਚ ਗਈ। ਬਿਮਾਰੀ ਉਪਰ ਢੇਰਾਂ ਪੈਸਾ ਖਰਚ ਹੋਇਆ ਜਿਸ ਕਾਰਨ ਕੈਲਾਸ਼ ਵਾਲਾ ਮਕਾਨ ਵੇਚਣਾ ਪਿਆ। ਹੁਣ ਉਹ ਪਚਾਸੀਵੇਂ ਸਾਲ ਵਿਚ ਡਿੱਕੋ ਡੋਲੇ ਖਾਂਦਾ ਘਰ ਵਿਚ ਬੈਠਾ ਖਬਰਾਂ 'ਤੇ ਚਰਚਾਵਾਂ ਸੁਣ ਕੇ ਸਮਾਂ ਬਤੀਤ ਕਰ ਰਿਹਾ ਹੈ। ਉਮਰ ਦੇ ਅਖੀਰਲੇ ਮਰਹਲੇ 'ਤੇ, ਪਿੱਛੇ ਜਿਹੇ, ਭਾਸ਼ਾ ਵਿਭਾਗ ਵਲੋਂ ਛੇ ਸਾਲਾਂ ਦੇ ਰਹਿੰਦੇ ਸ਼੍ਰੋਮਣੀ ਪੁਰਸਕਾਰਾਂ ਦਾ ਐਲਾਨ ਹੋਇਆ ਸੀ ਜਿਸ ਵਿਚ ਸ਼੍ਰੋਮਣੀ ਪੱਤਰਕਾਰ ਵਜੋਂ ਹਰਬੀਰ ਸਿੰਘ ਭੰਵਰ ਦਾ ਨਾਮ ਵੀ ਸ਼ਾਮਿਲ ਸੀ, ਪਰ ਕਿਸੇ ਵਿਅਕਤੀ ਵਲੋਂ ਛੇਆਂ ਸਾਲਾਂ ਦੇ ਸਾਰੇ ਪੁਰਸਕਾਰਾਂ ਦੀ ਵੈਧਤਾ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣ ਕਾਰਨ ਇਹ ਪੰਜ ਲੱਖ ਵਾਲਾ ਪੁਰਸਕਾਰ ਵੀ ਐਲਾਨ ਹੀ ਰਹਿ ਗਿਆ ਤੇ ਸਾਹਿਤ ਸਿਆਸਤ ਦੀ ਭੇਟ ਚੜ੍ਹ ਗਿਆ।

ਉਹ ਖੁੰਢੀਆਂ ਛੁਰੀਆਂ ਦੇ ਰਾਹ ਤੁਰਿਆ ਹੈ। ਪੈਰ ਲਹੂ-ਲੁਹਾਨ ਹੋਏ ਪਰ ਉਹ ਤੁਰਦਾ ਰਿਹਾ। ਉਸ ਦੀ ਸ਼ਖ਼ਸੀਅਤ ਦੋ ਪੁੜਾਂ ਵਿਚਾਲੇ ਦਰੜੀ ਜਾਂਦੀ ਰਹੀ। ਇਕ ਪਾਸੇ ਇਕ ਨਿਰਪੱਖ ਅਤੇ ਈਮਾਨਦਾਰ ਪੱਤਰਕਾਰ ਹੋਣ ਦੇ ਨਾਤੇ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਰਿਹਾ। ਨਿਰਪੱਖ ਮੀਡੀਆ ਕਰਮੀਆਂ ਨੂੰ ਸਦਾ ਹੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਸਥਾਪਤੀ ਹਰ ਕਿਸਮ ਦੇ ਮੀਡੀਆ ਨੂੰ ਆਪਣੇ ਪੱਖ ਵਿਚ ਭੁਗਤਾਉਣ ਲਈ ਹਰ ਹਰਬਾ ਵਰਤਦੀ ਹੈ। ਕਈ ਵਾਰ ਸਥਾਪਤੀ ਅਜੇਹਾ ਰੂਪ ਵੀ ਧਾਰਨ ਕਰ ਲੈਂਦੀ ਹੈ ਕਿ ਆਪਣੇ ਖ਼ਿਲਾਫ ਇਕ ਸ਼ਬਦ ਬੋਲਿਆ ਵੀ ਸਹਿਣ ਨਹੀਂ ਕਰਦੀ ਤੇ ਹਾਲਾਤ ਅਜੇਹੇ ਵੀ ਬਣਾ ਦਿੱਤੇ ਜਾਂਦੇ ਹਨ ਕਿ ਵਿਰੋਧੀ ਆਵਾਜ਼ ਦੱਬ ਕੇ ਰਹਿ ਜਾਂਦੀ ਹੈ। ਅਜੇਹੇ ਹਾਲਾਤ 1975 ਵਾਲੀ ਐਮਰਜੈਂਸੀ ਸਮੇਂ ਵੀ ਬਣੇ ਸਨ ਅਤੇ ਅਜੋਕੇ ਹਾਲਾਤ ਦਾ ਵੀ ਉਸ ਸਮੇਂ ਨਾਲੋਂ ਬਹੁਤਾ ਫਰਕ ਨਹੀਂ। ਜੇ ਅਜੋਕੇ ਸੰਦਰਭ ਵਿਚ ਗੱਲ ਕਰਨੀ ਹੋਵੇ ਤਾਂ ਸੋਚਿਆ ਜਾ ਸਕਦਾ ਹੈ ਕਿ ਹਰਬੀਰ ਸਿੰਘ ਭੰਵਰ ਦਾ ਹਸ਼ਰ ਕੀ ਹੁੰਦਾ!

ਹਰਬੀਰ ਸਿੰਘ ਭੰਵਰ ਦੇ ਹਾਲਾਤ ਭਾਵੇਂ ਚੰਗੇ ਹੋਣ ਜਾਂ ਮਾੜੇ, ਉਸ ਨੂੰ ਕਿਸੇ ਉਪਰ ਕੋਈ ਗਿਲਾ ਨਹੀਂ।

# ਕੈਨੇਡਾ ਵਿਚ ਪੰਜਾਬੀ ਵਿਦਿਆਰਥੀਆਂ ਨਾਲ ਕੀ ਵਾਪਰਦਾ ਹੈ?

ਆਸਟ੍ਰੇਲੀਆ ਨੂੰ ਛੱਡ ਕੇ ਕਿਸੇ ਵੀ ਹੋਰ ਦੇਸ਼ ਨਾਲੋਂ ਕੈਨੇਡਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਸਭ ਤੋਂ ਜ਼ਿਆਦਾ ਸਵੀਕਾਰ ਕਰਦਾ ਹੈ। ਕੈਨੇਡਾ ਵਿਚ ਓਨਟਾਰੀਓ ਅਤੇ ਬ੍ਰਿਟਿਸ਼ ਕੋਲੰਬੀਆ ਵਰਗੇ ਸੂਬੇ ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸਭ ਤੋਂ ਮਜ਼ਬੂਤ ਇਕਾਗਰਤਾ ਰੱਖਦੇ ਹਨ।

ਭਾਰਤ ਤੋਂ, ਖਾਸ ਤੌਰ 'ਤੇ ਪੰਜਾਬ ਤੋਂ, ਕੈਨੇਡਾ ਆਉਣ ਵਾਲੇ ਵਿਦਿਆਰਥੀਆਂ ਵਿਚ ਖ਼ੁਦਕੁਸ਼ੀਆਂ ਵਿਚ ਹਾਲ ਹੀ ਵਿਚ ਵਾਧਾ ਚਿੰਤਾਜਨਕ ਮੁੱਦਾ ਹੈ, ਅਤੇ ਇਸ 'ਤੇ ਤੁਰੰਤ ਧਿਆਨ ਦੇਣ ਦੀ



**ਡਾ. ਰਾਜੇਸ਼ ਕੇ ਪੱਲਣ**

ਲੋੜ ਹੈ। ਬਰੈਂਪਟਨ (ਓਨਟਾਰੀਓ) ਸ਼ਹਿਰ ਵਿਚ ਹੀ ਨਹੀਂ, ਸਗੋਂ ਵੈਨਕੂਵਰ (ਬ੍ਰਿਟਿਸ਼ ਕੋਲੰਬੀਆ) ਵਰਗੀਆਂ ਹੋਰ ਥਾਵਾਂ 'ਤੇ ਵੀ ਪੰਜਾਬੀ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀਆਂ ਕਰਕੇ ਮੌਤਾਂ ਦਾ ਵਧਣਾ ਗੰਭੀਰ ਚਿੰਤਾ ਅਤੇ ਸਹਿਮ ਦਾ ਕਾਰਨ ਹੈ।

ਭਾਰਤ, ਖਾਸ ਕਰਕੇ ਪੰਜਾਬ ਤੋਂ, ਵਿਦਿਆਰਥੀ ਚੰਗੇ ਭਵਿੱਖ ਦੀ ਇੱਛਾ ਨਾਲ ਕੈਨੇਡਾ ਆਉਂਦੇ ਹਨ। ਇਸ ਰੁਝਾਨ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਪੰਜਾਬ ਵਿਚ ਨੌਕਰੀਆਂ ਦੀ ਕਮੀ ਹੈ: ਖੇਤੀਬਾੜੀ ਸੈਕਟਰ ਉੱਥੇ ਦਾ ਮੁੱਖ ਆਧਾਰ ਹੈ, ਅਤੇ ਇੱਥੋਂ ਤੱਕ ਕਿ ਉਸ ਖੇਤਰ ਵਿਚ, ਨੌਕਰੀਆਂ ਦੇ ਮੌਕੇ ਤੇਜ਼ੀ ਨਾਲ ਸੁੰਗੜ ਰਹੇ ਹਨ, ਅਤੇ ਇਸ ਤੋਂ ਇਲਾਵਾ, ਨੌਜਵਾਨ ਨੌਕਰੀਆਂ ਕਰਨ ਲਈ ਉਤਸੁਕ ਨਹੀਂ ਹਨ। ਉਦਯੋਗਿਕ ਖੇਤਰ ਵਿਚ ਵੀ ਕੋਈ ਗੁਣਾਤਮਕ ਤਬਦੀਲੀ ਪ੍ਰਭਾਵਿਤ ਨਹੀਂ ਹੁੰਦੀ; ਅਫ਼ਸੋਸ ਦੀ ਗੱਲ ਹੈ ਕਿ ਪ੍ਰਾਂਤ ਦੇ ਆਰਥਿਕ ਇੰਜਣ ਨੂੰ ਵਧੇਰੇ ਵਿਹਾਰਕ ਅਤੇ ਜੀਵੰਤ ਬਣਾਉਣ ਲਈ ਸਿਸਟਮ ਵਿਚ ਕੋਈ ਉਦਯੋਗਿਕ ਪਲਾਂਟ ਨਹੀਂ ਲਗਾਏ ਗਏ ਹਨ। ਅਨੀਮਿਕ ਸਰਕਾਰੀ ਸੈਕਟਰ ਬਾਰੇ ਅਸੀਂ ਜਿੰਨੀ ਘੱਟ ਗੱਲ ਕਰੀਏ, ਓਨਾ ਹੀ ਚੰਗਾ ਹੈ।

ਇਸ ਲਈ, ਪੰਜਾਬ ਦੇ ਨੌਜਵਾਨ 12ਵੀਂ ਜਮਾਤ ਕਰਨ ਤੋਂ ਬਾਅਦ ਹੀ, ਖੇਤੀਬਾੜੀ ਖੇਤਰ ਵਿਚ ਨੌਕਰੀਆਂ ਕਰਨ ਤੋਂ ਝਿਜਕ ਦੇ ਨਾਲ-ਨਾਲ ਉਦਯੋਗਿਕ ਖੇਤਰ ਵਿਚ ਅਢੁਕਵੇਂ ਮੌਕਿਆਂ ਕਾਰਨ, ਥੋਕ ਵਿਚ ਵਿਦੇਸ਼ ਵੱਲ ਕੂਚ ਕਰ ਰਹੇ ਹਨ। ਨਤੀਜੇ ਵਜੋਂ, ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਕਿਸੇ ਵੀ ਤਰੀਕੇ ਨਾਲ ਰੁਜ਼ਗਾਰ ਦੇਣ ਲਈ ਬਦਲਵੇਂ ਸਾਧਨਾਂ ਬਾਰੇ ਸੋਚਣਾ ਪੈਂਦਾ ਹੈ। ਕੋਸ਼ਿਸ਼ ਵਿਚ, ਉਨ੍ਹਾਂ ਲਈ ਸੁਰੱਖਿਅਤ ਤਰੀਕਾ ਇਹ ਹੈ ਕਿ ਉਹ ਆਪਣੇ ਬੱਚਿਆਂ ਨੂੰ ਕੈਨੇਡਾ ਵਰਗੇ ਦੇਸ਼ਾਂ ਵਿਚ ਭੇਜਣ, ਜਿੱਥੇ ਅੰਤਰਰਾਸ਼ਟਰੀ ਵਿਦਿਆਰਥੀ ਵੱਡੀ ਪੱਧਰ 'ਤੇ ਸਵੀਕਾਰਯੋਗ ਹਨ।

ਇਸ ਬੇਮਿਸਾਲ ਕੰਮ ਨੂੰ ਕਰਨ ਲਈ, ਮਾਪੇ ਆਪਣੇ ਰਸਤੇ ਤੋਂ ਬਾਹਰ ਹੋ ਜਾਂਦੇ ਹਨ ਅਤੇ ਸਾਲਾਂ ਦੀ ਬੱਚਤ ਤੋਂ ਬਾਅਦ ਇਕੱਠੀ ਕੀਤੀ ਗਈ ਸੰਪਤੀ ਨੂੰ ਗਿਰਵੀ ਰੱਖ ਕੇ ਆਪਣੇ ਆਪ ਨੂੰ ਕਰਜ਼ਿਆਂ ਨਾਲ ਓਵਰਲੋਡ ਕਰਦੇ ਹਨ। ਉਨ੍ਹਾਂ ਦੀ ਪੂਰੀ ਕੋਸ਼ਿਸ਼ ਹੈ ਕਿ ਉਨ੍ਹਾਂ ਦੇ ਬੱਚੇ ਜਲਦੀ ਤੋਂ ਜਲਦੀ ਕੈਨੇਡਾ ਵਰਗੇ ਦੇਸ਼ਾਂ ਵਿਚ ਸੈਟਲ ਹੋਣ। ਉਨ੍ਹਾਂ ਉੱਤੇ ਅਜਿਹੀ ਭੇਡ-ਮਾਨਸਿਕਤਾ ਹਾਵੀ ਹੁੰਦੀ ਹੈ ਕਿ ਉਹ ਹਾਲਾਤ ਦੇ ਵਿਗਾੜ ਤੋਂ ਦੁਖੀ ਮਹਿਸੂਸ ਕਰਦੇ ਹਨ। ਉਹ ਆਪਣੀ ਕਾਰਵਾਈ ਦੇ ਫਾਇਦਿਆਂ ਅਤੇ ਨੁਕਸਾਨ ਨੂੰ ਤੋਲਣ ਤੋਂ ਬਿਨਾਂ ਆਪਣੇ ਬੱਚਿਆਂ ਨੂੰ ਕੈਨੇਡਾ ਵਰਗੇ ਦੇਸ਼ਾਂ ਵਿਚ ਭੇਜਣ ਲਈ ਮਜਬੂਰ ਹੋ ਜਾਂਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਬਹੁਤ ਘੱਟ ਅਹਿਸਾਸ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਹਰੇ ਭਰੇ ਚਰਾਗਾਹਾਂ ਵਿਚ ਚਰਾਉਣ ਦੇਣ ਦੇ ਉਨ੍ਹਾਂ ਦੀਆਂ ਗਲਤ ਧਾਰਨਾਵਾਂ ਦੇ ਖ਼ਤਰਨਾਕ ਨਤੀਜੇ ਉਨ੍ਹਾਂ ਨੂੰ ਬਹੁਤ ਸਾਰੀਆਂ ਮੁਸੀਬਤਾਂ ਵਿਚ ਲੈ ਜਾ ਰਹੇ ਹਨ।

ਪੰਜਾਬ ਦੇ ਵਿਦਿਆਰਥੀਆਂ ਦਾ ਇਕ ਵੱਡਾ ਬਹਾਨਾ ਇਹ ਹੈ ਕਿ ਕਿਉਂਕਿ ਪੰਜਾਬ ਵਿਚ ਨੌਕਰੀ ਦੇ ਮੌਕੇ ਉਪਲੱਬਧ ਨਹੀਂ ਹਨ ਅਤੇ ਉਨ੍ਹਾਂ ਦੇ ਸਾਥੀ ਵਿਦਿਆਰਥੀ ਅਤੇ ਰਿਸ਼ਤੇਦਾਰ ਵਿਦੇਸ਼ਾਂ ਵਿਚ ਜਾ ਰਹੇ ਹਨ, ਤਾਂ ਉਨ੍ਹਾਂ ਨੂੰ ਵੀ ਇਸ ਦਾ ਪਾਲਣ ਕਰਨਾ ਚਾਹੀਦਾ ਹੈ। ਭਾਵੇਂ ਕੁਝ ਮਾਪੇ ਬੇਈਮਾਨ ਟਰੈਵਲ ਏਜੰਟਾਂ ਨੂੰ ਮੋਟੀਆਂ ਰਕਮਾਂ ਦੇ ਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਣ ਦੀ ਸਮਰੱਥਾ ਨਹੀਂ ਰੱਖਦੇ, ਜੋ ਕਿ ਖਾਸ ਤੌਰ 'ਤੇ ਰਿਕਾਰਡ ਕੀਤੀਆਂ ਵੀਡੀਓਜ਼ ਰਾਹੀਂ ਵਿਦੇਸ਼ਾਂ ਦੀ ਚਕਾਚੌਂਧ ਦਿਖਾ ਕੇ ਆਪਣੀ ਮੰਜ਼ਿਲ ਦੀ ਗੁਲਾਬੀ ਤਸਵੀਰ ਦਿਖਾਉਂਦੇ ਹਨ ਪਰ ਉਨ੍ਹਾਂ ਵਿਚੋਂ ਬਹੁਤੇ ਟਰੈਵਲ ਏਜੰਟਾਂ ਦੀਆਂ ਅਨੈਤਿਕ ਚਾਲਾਂ ਵਿਚ ਫਸ ਜਾਂਦੇ ਹਨ ਅਤੇ ਉਨ੍ਹਾਂ ਦੇ ਸ਼ੈਤਾਨ ਮਨਸੂਬਿਆਂ ਦਾ ਆਸਾਨੀ ਨਾਲ ਸ਼ਿਕਾਰ ਹੋ ਜਾਂਦੇ ਹਨ।

ਕਿਉਂਕਿ ਪੰਜਾਬ ਵਿਚ ਨੌਜਵਾਨਾਂ ਦੁਆਰਾ ਨਸ਼ਿਆਂ ਦੀ ਵਰਤੋਂ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ, ਇਸ ਲਈ ਮਾਪਿਆਂ ਨੂੰ ਸਖ਼ਤ ਕਦਮ ਚੁੱਕਣ ਲਈ ਦਬਾਅ ਪਾਇਆ ਜਾਂਦਾ ਹੈ। ਪੰਜਾਬ ਵਿਚ ਵਿਆਪਕ ਪੱਧਰ 'ਤੇ ਫੈਲੀ ਨਸ਼ਿਆਂ ਦੀ ਤਸਕਰੀ, ਨਸ਼ਿਆਂ ਦੀ ਵਰਤੋਂ ਅਤੇ ਵੱਧ ਵਰਤੋਂ ਨਾਲ ਹੋ ਰਹੀਆਂ ਮੌਤਾਂ ਕਾਰਨ ਮਾਪੇ ਕਾਹਲੀ ਅਤੇ ਬਿਨਾਂ ਸੋਚੇ ਸਮਝੇ ਫੈਸਲਾ ਲੈਣ ਲਈ ਮਜਬੂਰ ਹਨ। ਉਨ੍ਹਾਂ ਦੀ ਬੱਚਤ ਜੂਏ 'ਤੇ ਖੇਡਣ ਦੇ ਯੋਗ ਨਹੀਂ ਹੈ। ਇਸ ਜੂਏ ਨੂੰ ਖੇਡਦੇ ਹੋਏ, ਉਹ ਇਸ ਦੇ




ਮਾਮੂਲੀ ਨਿਯਮਾਂ ਤੋਂ ਅੰਨ੍ਹੇ ਹੋ ਜਾਂਦੇ ਹਨ ਜਾਂ, ਇਸ ਮਾਮਲੇ ਲਈ, ਕੋਈ ਨਿਯਮ ਨਹੀਂ ਹਨ। ਸਿੱਧੇ ਸ਼ਬਦਾਂ ਵਿਚ, ਉਹ ਪੰਜਾਬ ਵਿਚ ਫੈਲੇ ਨਸ਼ਿਆਂ ਦੀ ਭਿਆਨਕ ਮਾਰ ਤੋਂ ਆਪਣੇ ਬੱਚਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਬੱਚਿਆਂ ਨੂੰ ਕਿਸੇ ਹੋਰ ਮਹਾਂਦੀਪ ਵਿਚ ਮੌਕਾ ਦੇਣ ਦੀਆਂ ਬੇਚੈਨ ਕੋਸ਼ਿਸ਼ਾਂ ਕਰਦੇ ਹਨ।

ਬੱਚਿਆਂ ਦੇ ਵਿਦੇਸ਼ ਦੀ ਧਰਤੀ 'ਤੇ ਉਤਰਨ ਤੋਂ ਬਾਅਦ, ਉਨ੍ਹਾਂ ਦੇ ਆਗਮਨ ਦੇ ਹਨੀਮੂਨ ਪੀਰੀਅਡ ਵਿਚ, ਕਲਪਨਾ ਦੀ ਧਰਤੀ ਬਾਰੇ ਉਨ੍ਹਾਂ ਦੇ ਗੁਲਾਬੀ ਸੁਪਨਿਆਂ ਦੀ ਬਹੁਤ ਸਾਰੀ ਚਮਕ ਖਤਮ ਹੋ ਜਾਂਦੀ ਹੈ। ਨਵੀਆਂ ਅਤੇ ਨੰਗੀਆਂ ਹਕੀਕਤਾਂ, ਉਨ੍ਹਾਂ ਦੇ ਚਿਹਰੇ 'ਤੇ ਨਜ਼ਰ ਮਾਰਦੀਆਂ ਹਨ ਕਿਉਂਕਿ ਉਹ ਪਰਦੇਸੀ ਸਭਿਆਚਾਰ, ਸਮਾਜਿਕ ਮਾਹੌਲ, ਨਵੇਂ ਤਰੀਕਿਆਂ ਅਤੇ ਸਾਧਨਾਂ ਨਾਲ ਜੁੜਨ ਦੇ ਕੰਡਿਆਲੇ ਰਸਤੇ 'ਤੇ ਚੱਲਦੇ ਹਨ ਅਤੇ ਉਨ੍ਹਾਂ ਦੇ ਸਾਧਨ ਅਕਸਰ ਉਨ੍ਹਾਂ ਦੇ ਸਿਰੇ ਤੋਂ ਬਹੁਤ ਘੱਟ ਹੁੰਦੇ ਹਨ। ਉਨ੍ਹਾਂ ਦੀ ਬਹੁਤੀ ਊਰਜਾ ਸੱਭਿਆਚਾਰਕ ਝਟਕੇ ਨੂੰ ਦੂਰ ਕਰਨ ਵਿਚ ਵਿਅਰਥ ਜਾਂਦੀ ਹੈ।

ਜਦੋਂ ਨੌਕਰੀਆਂ ਲੱਭਣ ਦੇ ਔਖੇ ਕੰਮ ਨਾਲ ਜੂਝਣ ਦੀ ਗੱਲ ਆਉਂਦੀ ਹੈ, ਤਾਂ ਉਨ੍ਹਾਂ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਨਵੇਂ ਆਉਣ ਵਾਲਿਆਂ ਲਈ ਨੌਕਰੀਆਂ ਬਹੁਤ ਘੱਟ ਹਨ ਅਤੇ ਬਹੁਤ ਦੂਰ ਹਨ। ਜੇ ਅਤੇ ਜਦੋਂ ਉਹ ਲਗਾਤਾਰ ਸੰਘਰਸ਼ਾਂ ਤੋਂ ਬਾਅਦ ਕੁਝ ਨੌਕਰੀਆਂ ਪ੍ਰਾਪਤ ਕਰਦੇ ਵੀ ਹਨ, ਤਾਂ ਉਹ ਅਕਸਰ, ਬਰਗਰ-ਫਲਿਪਿੰਗ ਨੌਕਰੀਆਂ ਹੁੰਦੀਆਂ ਹਨ। ਇਸ ਤੋਂ ਇਲਾਵਾ, ਰੁਜ਼ਗਾਰਦਾਤਾ, ਆਪਣੇ ਵਿੱਤੀ ਦੰਦਾਂ ਦੇ ਦਰਦ ਤੋਂ ਚੰਗੀ ਤਰ੍ਹਾਂ ਜਾਣੂ ਹੋਣ ਕਰਕੇ, ਉਨ੍ਹਾਂ 'ਤੇ ਬੋਝ ਪਾਉਣ ਦਾ ਰੁਝਾਨ ਰੱਖਦੇ ਹਨ, ਉਨ੍ਹਾਂ ਨੂੰ ਘੱਟ ਤਨਖਾਹ ਦਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਹਫ਼ਤੇ ਵਿਚ ਸਿਰਫ 40 ਘੰਟੇ ਕੰਮ ਕਰਨ ਦਾ ਕਾਨੂੰਨ ਹੈ। ਫਿਰ ਉਨ੍ਹਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਮਾਮੂਲੀ ਰਕਮ ਦਿੱਤੀ ਜਾਂਦੀ ਹੈ ਕਿਉਂਕਿ ਮਾਲਕ ਉਨ੍ਹਾਂ ਦੀਆਂ ਕਮਜ਼ੋਰੀਆਂ ਨਾਲ ਖੇਡਦੇ ਹਨ ਅਤੇ ਬੇਰਹਿਮੀ ਨਾਲ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ।

ਉਨ੍ਹਾਂ ਦੀ ਦੋਹਰੀ ਮਾਰ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਉਨ੍ਹਾਂ ਨੂੰ ਰਿਹਾਇਸ਼ ਲਈ ਕਾਫ਼ੀ ਰਕਮ ਅਦਾ ਕਰਨੀ ਪੈਂਦੀ ਹੈ ਅਤੇ ਜਿਸ ਸੰਸਥਾ ਵਿਚ ਉਹ ਦਾਖਲ ਹੁੰਦੇ ਹਨ, ਉੱਥੇ ਮੋਟੀ ਟਿਊਸ਼ਨ ਫੀਸ ਦਾ ਵਾਧੂ ਦਬਾਅ ਪੈਂਦਾ ਹੈ। ਉਨ੍ਹਾਂ ਦੇ ਕੈਨੇਡੀਅਨ ਹਮਰੁਤਬਾ ਨਾਲੋਂ ਕਿਤੇ ਜ਼ਿਆਦਾ। ਉਨ੍ਹਾਂ ਲਈ ਕਾਫ਼ੀ ਚਕਨਾਚੂਰ ਅਨੁਭਵ ਹੁੰਦਾ ਹੈ। ਆਪਣਾ ਗੁਜ਼ਾਰਾ ਚਲਾਉਣ ਲਈ, ਉਹ ਰਿਹਾਇਸ਼ ਸਾਂਝੀ ਕਰਦੇ ਹਨ ਜਿੱਥੇ ਚਾਰ ਜਾਂ ਪੰਜ ਵਿਦਿਆਰਥੀ ਕਿਰਾਏ ਦੇ ਬੇਸਮੈਂਟਾਂ ਵਿਚ ਇਕੱਠੇ ਹੁੰਦੇ ਹਨ। ਬੋਰਡਿੰਗ ਅਤੇ ਰਿਹਾਇਸ਼ ਦੇ ਅਸਮਾਨੀ ਖਰਚਿਆਂ ਨੂੰ ਚੁੱਕਣ ਤੋਂ ਇਲਾਵਾ, ਉਨ੍ਹਾਂ ਵਿਚੋਂ ਕੁਝ ਨੂੰ ਕੂਪਿਡ ਦੇ ਤੀਰਾਂ ਨਾਲ ਮਾਰਿਆ ਜਾਂਦਾ ਹੈ ਅਤੇ ਇੱਕ ਵੱਡਾ ਹਿੱਸਾ ਬੈਕੁਸ ਲਈ ਗੀਤ ਗਾਉਂਦਾ ਹੈ।

ਮਾਤਾ-ਪਿਤਾ ਉਨ੍ਹਾਂ ਨੂੰ ਵਿਦੇਸ਼ ਭੇਜਣ ਲਈ ਲਏ ਕਰਜ਼ੇ ਦੀ ਅਦਾਇਗੀ ਕਰਨ ਲਈ ਉਨ੍ਹਾਂ ਦੇ ਪੈਸੇ ਭੇਜਣ ਦੀ ਉਡੀਕ ਕਰਦੇ ਹਨ। ਉਨ੍ਹਾਂ ਵਿਚੋਂ ਕੁਝ ਰਾਤ ਦੀਆਂ ਸ਼ਿਫਟਾਂ ਵਿਚ ਕੰਮ ਕਰ ਕੇ ਮਾਮੂਲੀ ਰਕਮ ਭੇਜਦੇ ਹਨ, ਜੋ ਕਾਫੀ ਨਹੀਂ ਹੁੰਦੀ।

ਇਹ ਸਭ ਕੁਝ ਬਹੁਤ ਸਾਰੇ ਮਾਮਲਿਆਂ ਵਿਚ ਖੁਦਕੁਸ਼ੀਆਂ ਦੇ ਘਿਨਾਉਣੇ ਰੁਝਾਨ ਵੱਲ ਲੈ ਜਾਂਦਾ ਹੈ ਕਿਉਂਕਿ ਉਹ ਆਪਣੇ ਆਪ ਨੂੰ ਸ਼ੈਤਾਨ ਅਤੇ ਡੂੰਘੇ ਸਮੁੰਦਰ ਦੇ ਵਿਚਕਾਰ ਲੱਭਦੇ ਹਨ। ਆਪਣੇ ਰੋਜ਼ਾਨਾ ਦੇ ਖਰਚਿਆਂ ਨੂੰ ਪੂਰਾ ਕਰਨ ਤੋਂ ਅਸਮਰੱਥ, ਅਤੇ ਆਪਣੇ ਮਾਪਿਆਂ ਦੁਆਰਾ ਆਪਣੇ ਸਿਰ 'ਤੇ ਡੈਮੋਕਲੀਜ ਦੀ ਤਲਵਾਰ ਨਾਲ ਕਾਠੀ, ਉਹ ਵਧਦੇ ਦਬਾਅ ਤੋਂ ਪੈਦਾ ਹੋਈ ਨਿਰਾਸ਼ਾ ਦੇ ਰੋਹ ਵਿਚ ਖੁਦਕੁਸ਼ੀ ਕਰਨ ਤੋਂ ਇਲਾਵਾ ਹੋਰ ਕੁਝ ਨਹੀਂ ਸੋਚਦੇ। ਕਿਉਂਕਿ ਸੁਰੰਗ ਦੇ ਅੰਤ ਤੱਕ ਕੋਈ ਰੌਸ਼ਨੀ ਦੀ ਕਿਰਨ ਨਹੀਂ ਦਿਖਾਈ ਦਿੰਦੀ; ਇਸ ਲਈ ਉਹ ਆਤਮ ਹੱਤਿਆ ਕਰਨ ਦੇ ਅਤਿਅੰਤ ਅਤੇ ਦੁਖਦਾਈ ਕਦਮ ਦਾ ਸਹਾਰਾ ਲੈਂਦੇ ਹਨ।

ਇੱਕ ਵਾਰ ਜਦੋਂ ਉਹ ਅਣਸੁਖਾਵੇਂ ਹਾਲਾਤ ਦਾ ਸ਼ਿਕਾਰ ਹੋ ਜਾਂਦੇ ਹਨ, ਤਾਂ ਉਨ੍ਹਾਂ ਅਤੇ ਉਨ੍ਹਾਂ ਦੇ ਮਾਪਿਆਂ ਦੀਆਂ ਸਾਰੀਆਂ ਉਮੀਦਾਂ ਮਿੱਟੀ ਵਿਚ ਮਿਲ ਜਾਂਦੀਆਂ ਹਨ। ਵਿਦਿਆਰਥੀਆਂ ਨੂੰ ਇਸ ਕਾਰਨ ਦੁੱਖ ਝੱਲਣਾ ਪੈਂਦਾ ਹੈ ਕਿ ਕੈਨੇਡਾ ਦੇ ਵਿਦੇਸ਼ੀ ਸਮੁੰਦਰੀ ਕਿਨਾਰਿਆਂ 'ਤੇ ਆਪਣੇ ਮਹਿੰਗੇ ਦੌਰੇ ਦੀ ਯੋਜਨਾ ਬਣਾਉਣ ਤੋਂ ਪਹਿਲਾਂ, ਉਨ੍ਹਾਂ ਨੂੰ ਭਾਸ਼ਾ ਦੀ ਰੁਕਾਵਟ, ਸੱਭਿਆਚਾਰ-ਗਿਰਧਾਂ ਅਤੇ ਬਹੁਤ ਜ਼ਿਆਦਾ ਟਿਊਸ਼ਨ ਫੀਸਾਂ ਦੇ ਨਾਲ-ਨਾਲ ਬੋਰਡਿੰਗ ਅਤੇ ਰਿਹਾਇਸ਼ ਦੇ ਭਾਰੀ ਖਰਚਿਆਂ ਦਾ ਸਾਹਮਣਾ ਕਰਨ ਲਈ ਸਹੀ ਢੰਗ ਨਾਲ ਸਿਖਲਾਈ ਨਹੀਂ ਦਿੱਤੀ ਗਈ ਹੁੰਦੀ। ਉਹ ਆਪਣੇ ਆਪ ਨੂੰ ਇੱਕ ਪਰੇਸ਼ਾਨੀ ਵਿਚ ਪਾਉਂਦੇ ਹਨ ਅਤੇ ਹਨੇਰੇ ਵਿਚ ਘੁੰਮਦੇ ਰਹਿੰਦੇ ਹਨ- ਕੋਈ ਸਹਾਇਤਾ ਢਾਂਚਾ ਨਹੀਂ, ਕੋਈ ਤਣਾਅ-ਮੁਕਤ ਕਰਨ ਵਾਲਾ ਅਤੇ ਕੋਈ ਭਾਵਨਾਤਮਕ ਜਾਂ ਵਿੱਤੀ ਬੈਸਾਖੀਆਂ ਨਹੀਂ।

ਭਾਰਤ ਤੋਂ ਪੰਜਾਬੀ ਵਿਦਿਆਰਥੀਆਂ ਵਿਚ ਖੁਦਕੁਸ਼ੀਆਂ ਦੀ ਸਮੱਸਿਆ ਦਾ ਅਧਿਐਨ ਕਰਨ ਤੋਂ ਬਾਅਦ, ਕੈਨੇਡਾ ਦੀ ਫੈਡਰਲ ਸਰਕਾਰ ਰਾਹੀਂ ਸੰਘਰਸ਼ਸ਼ੀਲ ਵਿਦਿਆਰਥੀਆਂ ਨੂੰ ਰਾਹਤ ਦੇਣ ਲਈ ਖਗੋਲ ਟਿਊਸ਼ਨ ਫੀਸ ਦੇ ਢਾਂਚੇ ਵਿਚ ਕਟੌਤੀ ਕਰਨ ਲਈ ਇੱਕ ਉਪਚਾਰਕ ਸੁਝਾਅ ਦਿੱਤਾ ਜਾ ਸਕਦਾ ਹੈ। ਸਪੈਕਟ੍ਰਮ ਦੇ ਉਲਟ ਪਾਸੇ, ਚਾਹਵਾਨ ਵਿਦਿਆਰਥੀਆਂ ਦੇ ਨਾਲ-ਨਾਲ ਬਹੁਤ ਜ਼ਿਆਦਾ ਉਤਸ਼ਾਹੀ ਮਾਪਿਆਂ ਨੂੰ ਵਿਦੇਸ਼ਾਂ ਵਿਚ ਆਪਣੇ ਬਦਕਿਸਮਤ ਅਤੇ ਗਲਤ ਸਲਾਹ ਵਾਲੇ ਧਾੜੇ ਸ਼ੁਰੂ ਕਰਨ ਤੋਂ ਪਹਿਲਾਂ ਵਿਦੇਸ਼ੀ ਕਿਨਾਰਿਆਂ ਦੀਆਂ ਜ਼ਮੀਨੀ ਹਕੀਕਤਾਂ ਬਾਰੇ ਮਾਰਗਦਰਸ਼ਨ ਕਰਨ ਲਈ ਇੱਕ ਵਿਹਾਰਕ ਪ੍ਰਣਾਲੀ ਹੋਣੀ ਚਾਹੀਦੀ ਹੈ।

# ਫ਼ਿਲਮਾਂ ਵੱਲ ਆਈ ਗਾਇਕ ਰਾਜ ਬਰਾੜ ਦੀ ਧੀ ਸਵਿਤਾਜ ਬਰਾੜ

ਰਾਜ ਬਰਾੜ ਪੰਜਾਬੀ ਸੰਗੀਤ ਦਾ ਨਾਮੀ ਕਲਾਕਾਰ ਸੀ, ਜਿਸ ਨੇ ਬੜੇ ਹੀ ਖ਼ੂਬਸੂਰਤ ਗੀਤਾਂ ਦੀ ਸਿਰਜਣਾ ਕਰ ਕੇ ਇਨ੍ਹਾਂ ਨੂੰ ਆਪਣੀ ਸੁਰੀਲੀ ਆਵਾਜ਼ ਦਿੱਤੀ। ਉਸਦਾ ਬੇਵਕਤੇ ਤੁਰ ਜਾਣਾ ਪੰਜਾਬੀ ਸੰਗੀਤ ਲਈ ਨਾ ਪੂਰਾ ਹੋਣ ਵਾਲਾ ਘਾਟਾ ਹੈ। ਰਾਜ ਬਰਾੜ ਜਿੰਨਾ ਵਧੀਆ ਗਾਇਕ ਤੇ ਗੀਤਕਾਰ ਸੀ ਉਨਾ ਹੀ ਵਧੀਆ ਅਦਾਕਾਰ ਵੀ ਸੀ। ਗਾਇਕੀ ਤੋਂ ਬਾਅਦ ਉਸ ਦੇ ਕਦਮ ਫ਼ਿਲਮਾਂ ਵੱਲ ਵਧ ਰਹੇ ਸਨ। ਉਸਨੇ 'ਪੁਲਿਸ ਇਨ ਪੌਲੀਵੁੱਡ' ਅਤੇ 'ਜਵਾਨੀ ਜ਼ਿੰਦਾਬਾਦ' ਫ਼ਿਲਮਾਂ ਕੀਤੀਆਂ। ਕਈ ਫ਼ਿਲਮਾਂ ਦਾ ਕੰਮ ਅਜੇ ਬਾਕੀ ਸੀ, ਜੋ 'ਹੋਣੀ' ਨੇ ਪੂਰਾ ਨਾ ਹੋਣ ਦਿੱਤਾ।

ਜ਼ਿਕਰਯੋਗ ਹੈ ਕਿ ਹੁਣ ਰਾਜ ਬਰਾੜ ਦੀ ਹੋਣਹਾਰ ਧੀ ਸਵਿਤਾਜ ਬਰਾੜ ਆਪਣੇ ਪਿਤਾ ਦੇ ਸੁਪਨੇ ਪੂਰੇ ਕਰਨ ਦੀ ਸੋਚ ਨਾਲ ਗਾਇਕੀ ਦੇ ਨਾਲ ਨਾਲ ਪੰਜਾਬੀ ਸਿਨਮੇ ਲਈ ਵੀ ਸਰਗਰਮ ਹੈ। ਕਈ ਨਾਮੀਂ ਗਾਇਕਾਂ ਨਾਲ ਉਸਦੇ ਗੀਤ ਦਰਸ਼ਕਾਂ ਦੀ ਪਸੰਦ ਬਣੇ ਹਨ। ਇਸ ਤੋਂ ਇਲਾਵਾ ਪਿਛਲੇ ਸਾਲ ਸਿੱਧੂ ਮੂਸੇਵਾਲਾ ਨਾਲ ਆਈ ਫ਼ਿਲਮ 'ਮੂਸਾ ਜੱਟ' ਵਿਚ ਵੀ ਉਸਦੀ ਅਦਾਕਾਰੀ ਵੇਖਣ ਨੂੰ ਮਿਲੀ। ਭਾਵੇਂ 'ਮੂਸਾ ਜੱਟ' ਸਵਿਤਾਜ ਦੀ ਪਹਿਲੀ ਫ਼ਿਲਮ ਸੀ ਪਰ ਉਸਨੇ ਸੂਟਿੰਗ ਦੌਰਾਨ ਸੀਨੀਅਰ ਕਲਾਕਾਰਾਂ ਤੋਂ ਵੀ ਬਹੁਤ ਕੁਝ ਸਿੱਖਿਆ। ਭਾਵੇਂ ਪਹਿਲੀ ਫ਼ਿਲਮ ਨੇ ਉਸਨੂੰ ਖ਼ਾਸ ਪਹਿਚਾਣ ਨਾ ਦਿੱਤੀ ਪਰ ਦਰਸ਼ਕਾਂ ਨੇ ਉਸਦੀ ਆਮਦ ਨੂੰ ਖਿੜੇ ਮੱਥੇ ਜੀ ਆਇਆਂ ਕਿਹਾ।



ਸਵੀਤਾਜ ਨੇ ਆਪਣੀਆਂ ਕਮੀਆਂ ਨੂੰ ਦੂਰ ਕਰਨ ਲਈ ਹੋਰ ਮਿਹਨਤ ਕੀਤੀ ਅਤੇ ਹੁਣ ਉਸਦੀ ਹਰੀਸ਼ ਵਰਮਾ ਨਾਲ ਇਕ ਰੁਮਾਂਟਿਕ ਫ਼ਿਲਮ 'ਤੇਰੇ ਲਈ' ਆਈ ਹੈ। ਸਵਿਤਾਜ ਬਰਾੜ ਮੁਤਾਬਕ ਇਹ ਫ਼ਿਲਮ ਉਸਦੀ ਜ਼ਿੰਦਗੀ ਦੀ ਅਹਿਮ ਫ਼ਿਲਮ ਹੈ ਜੋ ਉਸਦੇ ਫ਼ਿਲਮੀ ਖੇਤਰ ਵਿਚ ਪੈਰ ਮਜ਼ਬੂਤ ਕਰੇਗੀ। ਇਸ ਵਿਚ ਉਹ ਇਕ ਐਸੀ ਲੜਕੀ ਦਾ ਕਿਰਦਾਰ ਨਿਭਾ ਰਹੀ ਹੈ, ਜੋ ਆਪਣੀ ਜ਼ਿੰਦਗੀ ਆਪਣੇ ਅਸੂਲਾਂ 'ਤੇ ਜਿਉਂਦੀ ਹੈ। ਘਰ ਤੋਂ ਦੂਰ ਰਹਿ ਕੇ ਨੌਕਰੀ ਕਰ ਰਹੀ ਉਸ ਕੁੜੀ ਦੀ ਜ਼ਿੰਦਗੀ ਇਕਦਮ ਉਦੋਂ ਪਲਟਦੀ ਹੈ ਜਦੋਂ ਉਸਦਾ ਪਰਿਵਾਰ ਉਸਦੀ ਬਿਨਾਂ ਕਿਸੇ ਰਜ਼ਾਮੰਦੀ ਤੋਂ ਉਸਦੇ ਵਿਆਹ ਦੀ ਤਿਆਰੀ ਸ਼ੁਰੂ ਕਰ ਦਿੰਦਾ ਹੈ। ਉਸਦਾ ਇਹ ਕਿਰਦਾਰ ਅਜੋਕੀ ਨੌਜਵਾਨ ਪੀੜ੍ਹੀ ਤੋਂ ਪ੍ਰੇਰਿਤ ਹੈ। ਇਹ ਫ਼ਿਲਮ ਮਨੋਰੰਜਨ ਦੇ ਨਾਲ ਨਾਲ ਅਜੋਕੀ ਨੌਜਵਾਨ ਪੀੜ੍ਹੀ ਦੀ ਜ਼ਿੰਦਗੀ ਨੂੰ ਵੀ ਪਰਦੇ 'ਤੇ ਪੇਸ਼ ਕਰਦੀ ਹੈ।

ਫ਼ਿਲਮਾਂ ਤੋਂ ਇਲਾਵਾ ਦਰਸ਼ਕ ਸਵੀਤਾਜ ਨੂੰ ਐਮੀ ਵਿਰਕ ਦੇ ਗੀਤ 'ਜੱਟ ਖੱਬੀ ਸੀਟ 'ਤੇ ਬੰਦੂਕ ਰੱਖਦਾ...' ਤੇ ਜੌਰਡਨ ਸੰਧੂ ਦੇ ਗੀਤ 'ਮੁੰਡਾ ਸਰਦਾਰਾਂ ਦਾ...' ਵਿਚ ਵੀ ਪਸੰਦ ਕਰ ਚੁੱਕੇ ਹਨ। ਸਵਿਤਾਜ ਬਰਾੜ ਕੋਲ ਭਵਿੱਖ ਵਿਚ ਕਈ ਚੰਗੀਆਂ ਫ਼ਿਲਮਾਂ ਹਨ ਜੋ ਉਸਦੇ ਫ਼ਿਲਮੀ ਕਰੀਅਰ ਨੂੰ ਮਜ਼ਬੂਤ ਕਰਨਗੀਆਂ।

***-ਸੁਰਜੀਤ ਜੱਸਲ***



# ਇਕ ਵਾਰ ਫਿਰ ਰਾਣੀ ਮੁਖਰਜੀ

ਫਿਲਮੀ ਦ੍ਰਿਸ਼ ਤੋਂ ਗਾਇਬ ਹੋਈ ਅਦਾਕਾਰਾ ਰਾਣੀ ਮੁਖਰਜੀ ਹੁਣ ਇਕ ਵਾਰ ਫਿਰ ਦਰਸ਼ਕਾਂ ਦੇ ਰੂ-ਬ-ਰੂ ਹੋ ਰਹੀ ਹੈ। ਅਗਲੇ ਸਾਲ ਉਸ ਦੀ ਫਿਲਮ 'ਮਿਸਿਜ਼ ਚੈਟਰਜੀ ਵਰਸਿਜ਼ ਨਾਰਵੇ' ਰਿਲੀਜ਼ ਹੋ ਰਹੀ ਹੈ। ਇਹ ਫਿਲਮ ਆਸ਼ਿਮਾ ਛਿੱਬਰ ਨੇ ਨਿਰਦੇਸ਼ਤ ਕੀਤੀ ਹੈ ਅਤੇ ਇਸ ਫਿਲਮ ਵਿਚ ਰਾਣੀ ਮੁਖਰਜੀ ਤੋਂ ਇਲਾਵਾ ਕ੍ਰਿਸਤੀਨਾ ਉਕਸਕੂਲਾ, ਏਰਕੀ ਲੌਰ, ਕੈਰਲ ਟਮ ਆਦਿ ਕਲਾਕਾਰਾਂ ਨੇ ਕੰਮ ਕੀਤਾ ਹੈ।

ਫਿਲਮ 'ਮਿਸਿਜ਼ ਚੈਟਰਜੀ ਵਰਸਿਜ਼ ਨਾਰਵੇ' ਹਾਲਾਂਕਿ 2021 ਦੇ ਅੱਧ ਵਿਚ ਬਣਨੀ ਸ਼ੁਰੂ ਹੋ ਗਈ ਸੀ ਅਤੇ ਅਕਤੂਬਰ ਵਿਚ ਤਿਆਰ ਵੀ ਹੋ ਗਈ ਸੀ ਪਰ ਕੁਝ ਕਾਰਨਾਂ ਕਰ ਕੇ ਜਿਨ੍ਹਾਂ ਵਿਚੋਂ ਕੋਵਿਡ-19 ਕਾਰਨ ਹਰ ਖੇਤਰ ਵਿਚ ਛਾਈ ਮੰਦੀ ਇਕ ਸੀ, ਇਹ ਫਿਲਮ ਰਿਲੀਜ਼ ਕਰਨ ਤੋਂ ਰੋਕ ਦਿੱਤੀ ਗਈ ਸੀ। ਹੁਣ ਇਹ ਫਿਲਮ 3 ਮਾਰਚ, 2023 ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਹ ਫਿਲਮ ਇਕ ਸੱਚੀ ਘਟਨਾ 'ਤੇ ਆਧਾਰਿਤ ਹੈ ਜਿਸ ਵਿਚ ਨਾਰਵੇ ਦੀ ਵੈਲਫੇਅਰ ਸਰਵਿਸਜ਼ ਨੇ ਇਕ ਭਾਰਤੀ ਜੋੜੀ ਤੋਂ ਉਨ੍ਹਾਂ ਦੇ ਬੱਚੇ ਲੈ ਲਏ ਸਨ। ਫਿਲਮ ਵਿਚ ਰਾਣੀ ਮੁਖਰਜੀ ਦੀ ਭੂਮਿਕਾ ਬਹੁਤ ਅਹਿਮ ਹੈ। ਉਹ ਆਪਣੇ ਬੱਚਿਆਂ ਲਈ ਦਿਨ-ਰਾਤ ਇਕ ਕਰ ਦਿੰਦੀ ਹੈ।

# ਜਿਊਂਦੇ ਰਹਿਣ ਦੀ ਕਹਾਣੀ ਬੁਣਦੀ ਫਿਲਮ 'ਵਧ'

**ਗੁਰਜੰਟ ਸਿੰਘ**

ਫਿਲਮ 'ਵਧ' ਜਿਸ ਵਿਚ ਮੁੱਖ ਭੂਮਿਕਾਵਾਂ ਵਿਚ ਸੰਜੈ ਮਿਸ਼ਰਾ ਅਤੇ ਨੀਨਾ ਗੁਪਤਾ ਹਨ, ਬੇਹੱਦ ਮਾਰਮਿਕ ਫਿਲਮ ਹੈ। ਫਿਲਮਸਾਜ਼ ਜਸਪਾਲ ਸਿੰਘ ਸੰਧੂ ਦੀ ਇਸ ਫਿਲਮ ਵਿਚ ਅਪਰਾਧੀ ਅਤੇ ਪੀੜਤ ਦਾ ਫਾਸਲਾ ਬਿਲਕੁਲ ਸਿਫਰ ਹੋ ਜਾਂਦਾ ਹੈ। ਦਰਸ਼ਕ ਲਈ ਇਹ ਫੈਸਲਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਪੀੜਤ ਅਪਰਾਧੀ ਕਿਵੇਂ ਹੋ ਸਕਦਾ ਹੈ? ਇਸੇ ਕਰ ਕੇ ਫਿਲਮ ਦਾ ਮੁੱਖ ਕਿਰਦਾਰ ਇਹ ਕਹਿੰਦਾ ਹੈ ਕਿ ਉਸ ਨੇ ਕਿਸੇ ਦਾ ਕਤਲ ਨਹੀਂ ਕੀਤਾ ਅਤੇ ਨਾ ਹੀ ਕੋਈ ਅਪਰਾਧ ਕੀਤਾ ਹੈ, ਉਸ ਨੇ ਤਾਂ ਜ਼ਾਲਮ ਦਾ 'ਵਧ' ਕੀਤਾ ਹੈ।

ਇਸ ਫਿਲਮ ਵਿਚ ਮਾਨਵ ਵਿਜ, ਸੌਰਭ ਸਚਦੇਵ, ਦਿਵਾਕਰ ਕੁਮਾਰ ਵਰਗੇ ਉਮਦਾ ਅਤੇ ਹੰਢੇ-ਵਰਤੇ ਅਦਾਕਰਾਂ ਨੇ ਆਪੋ-ਆਪਣੀ ਕਲਾ ਦੇ ਜੌਹਰ ਦਿਖਾਏ ਹਨ, ਉਹ ਬੇਮਿਸਾਲ ਹਨ ਪਰ ਜੋ ਕਿਰਦਾਰ ਸੰਜੈ ਮਿਸ਼ਰਾ ਅਤੇ ਨੀਨਾ ਗੁਪਤਾ ਦੇ ਹਿੱਸੇ ਆਏ ਹਨ, ਉਨ੍ਹਾਂ ਨੇ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਹ ਦੋਵੇਂ ਅਦਾਕਾਰ ਆਪਣੀਆਂ ਪਹਿਲੀ ਫਿਲਮਾਂ ਵਿਚ ਚਰਿੱਤਰ ਕਿਰਦਾਰ ਨਿਭਾਉਂਦੇ ਰਹੇ ਹਨ ਅਤੇ ਇਨ੍ਹਾਂ ਨੂੰ ਕਿਸੇ ਫਿਲਮ ਵਿਚ ਲੀਡ ਰੋਲ ਮਿਲਣ ਲਈ ਬਹੁਤ ਵਕਤ ਲੱਗ ਗਿਆ ਹੈ ਪਰ ਉਨ੍ਹਾਂ ਇਸ ਮੌਕੇ ਜੋ ਜਲੌਅ ਪੈਦਾ ਕੀਤਾ ਹੈ, ਉਹ ਲਾਜਵਾਬ ਹੈ। ਹੁਣ ਤਾਂ ਸੰਜੇ ਮਿਸ਼ਰਾ ਅਜਿਹਾ ਅਦਾਕਾਰ ਹੋ ਨਿੱਬੜਿਆ ਹੈ ਕਿ ਉਸ ਨੂੰ ਆਧਾਰ ਬਣਾ ਕੇ ਫਿਲਮਾਂ ਲਿਖੀਆਂ ਜਾਣ ਲੱਗੀਆਂ ਹਨ। ਕੁਝ ਲੋਕ ਇਸ ਫਿਲਮ ਨੂੰ 'ਦ੍ਰਿਸ਼ਯਮ' ਨਾਲ ਜੋੜ ਰਹੇ ਹਨ ਕਿ ਇਹ ਫਿਲਮ ਘੱਟ ਬਜਟ ਵਾਲੀ 'ਦ੍ਰਿਸ਼ਯਮ' ਹੀ ਹੈ ਪਰ ਅਜਿਹਾ ਆਖਣ ਵਾਲੇ ਇਹ ਨਹੀਂ ਜਾਣਦੇ ਕਿ ਜਿਸ ਤਰ੍ਹਾਂ ਦੀ ਸੂਖਮ ਕਲਾਕਾਰੀ ਇਸ ਫਿਲਮ ਵਿਚ ਪੇਸ਼ ਹੋਈ ਹੈ, ਉਸ ਬਾਰੇ 'ਦ੍ਰਿਸ਼ਯਮ' ਦਾ ਨਿਰਦੇਸ਼ਕ ਸੋਚ ਵੀ ਨਹੀਂ ਸਕਿਆ ਹੈ।

ਫਿਲਮ ਦਾ ਨਾਇਕ ਅਤੇ ਨਾਇਕਾ, ਦੋਵੇਂ ਹੀ ਅੱਧਖੜ ਉਮਰ ਦੇ ਹਨ। ਦਿਲਚਸਪ ਗੱਲ ਇਹ ਵੀ ਹੈ ਕਿ ਫਿਲਮ ਦੀ ਕਹਾਣੀ ਰਿਸ਼ਤਿਆਂ ਦੇ ਤਾਣੇ-ਬਾਣੇ ਵਿਚ ਉਲਝੀ ਹੋਈ ਨਹੀਂ ਹੈ ਬਲਕਿ ਇਹ ਤਾਂ ਜ਼ਿੰਦਗੀ ਦੀ ਉਹ ਲੜਾਈ ਹੈ ਜੋ ਹਰ ਸਾਧਾਰਨ ਜਾਂ ਅਸਾਧਾਰਨ ਬੰਦੇ ਨੂੰ ਲੜਨੀ ਪੈਂਦੀ ਹੈ। ਇਸ ਫਿਲਮ ਅੰਦਰ ਜੋ ਬੇਵਸੀ ਮੁੱਖ ਕਿਰਦਾਰਾਂ ਵਿਚ ਭਰੀ ਗਈ ਹੈ, ਉਸੇ ਨੇ ਹੀ ਇਸ ਫਿਲਮ ਨੂੰ ਖਾਸ ਬਣਾ ਦਿੱਤਾ ਹੈ। ਜਿਹੜਾ ਸਕੂਲ ਮਾਸਟਰ ਕਿਸੇ ਵਿਦਿਆਰਥੀ ਦੇ ਥੱਪੜ ਮਾਰਨ ਤੋਂ ਬਾਅਦ ਤਿੰਨ ਦਿਨਾਂ ਤੱਕ ਸੌਂ ਨਹੀਂ ਸੀ ਸਕਦਾ, ਉਹ ਕਿਸੇ ਦਾ ਕਤਲ ਕਿਵੇਂ ਕਰ ਸਕਦਾ ਹੈ?

ਅਸਲ ਵਿਚ ਫਿਲਮ ਅਜਿਹੀ ਅਪਰਾਧ-ਕਹਾਣੀ ਪੇਸ਼ ਕਰਦੀ ਹੈ ਜਿਸ ਵਿਚ ਜਿਵੇਂ-ਜਿਵੇਂ ਫਿਲਮ ਅਗਾਂਹ ਵਧਦੀ ਜਾਂਦੀ ਹੈ, ਅਪਰਾਧੀ ਅਤੇ ਪੀੜਤ ਵਿਚਕਾਰਲਾ ਫਾਸਲਾ ਧੁੰਦਲਾ ਹੁੰਦਾ ਜਾਂਦਾ ਹੈ। ਫਿਲਮ ਵਿਚ ਸ਼ੰਭੂ ਨਾਥ ਮਿਸ਼ਰਾ ਰਿਟਾਇਰ ਸਕੂਲ ਮਾਸਟਰ ਹੈ। ਉਸ ਦੀ ਪਤਨੀ ਸੰਜੂ ਮਿਸ਼ਰਾ ਗੋਡਿਆਂ ਦੀ ਬਿਮਾਰੀ ਨਾਲ ਹਾਲੋ-ਬੇਹਾਲ ਹੈ। ਇਹ ਜੋੜੀ ਆਪਣੇ ਪੁੱਤਰ ਦੀ ਪੜ੍ਹਾਈ ਲਈ ਪਰਜਾਪਤੀ ਪਾਂਡੇ ਤੋਂ ਪੈਸੇ ਉਧਾਰ ਲੈਂਦੇ ਹਨ। ਪਾਂਡੇ ਜਦੋਂ ਵੀ ਕਰਜ਼ਾ ਵਸੂਲੀ ਲਈ ਆਉਂਦਾ ਹੈ ਤਾਂ ਨਾ ਸਿਰਫ ਉਥੇ ਬੈਠ ਕੇ ਮੀਟ-ਸ਼ਰਾਬ ਖਾਂਦਾ-ਪੀਂਦਾ ਹੈ ਸਗੋਂ ਅੱਯਾਸ਼ੀ ਲਈ ਕੁੜੀਆਂ ਵੀ ਲਿਆਉਂਦਾ ਹੈ। ਸ਼ੰਭੂ ਨਾਥ ਸਬਰ ਦੇ ਘੁੱਟ ਭਰ ਕੇ ਰਹਿ ਜਾਂਦਾ ਹੈ।

ਇਸੇ ਦੌਰਾਨ ਵਿਦੇਸ਼ ਪੜ੍ਹਨ ਗਿਆ ਪੁੱਤਰ ਵੀ ਉਨ੍ਹਾਂ ਤੋਂ ਬੇਮੁਖ ਹੋ ਜਾਂਦਾ ਹੈ। ਫਿਰ ਹਾਲਾਤ ਅਜਿਹੇ ਬਣਦੇ ਹਨ ਕਿ ਸ਼ੰਭੂ ਨਾਥ ਦਾ ਸਬਰ ਜਵਾਬ ਦੇ ਦਿੰਦਾ ਹੈ ਅਤੇ ਉਹ ਪਾਂਡੇ ਨੂੰ ਜਾਨ ਤੋਂ ਮਾਰ ਦਿੰਦਾ ਹੈ। ਇਸ ਤੋਂ ਬਾਅਦ ਨਿਰਦੇਸ਼ ਜਸਪਾਲ ਸਿੰਘ ਸੰਧੂ ਨੇ ਜੋ ਕਹਾਣੀ ਬੁਣੀ ਹੈ, ਉਹ ਵਾਕਈ ਵੱਖਰੀ ਹੈ। ਦਰਸ਼ਕ ਸਾਰੀ ਫਿਲਮ ਦੌਰਾਨ ਪੱਬਾਂ ਭਾਰ ਹੋਇਆ ਰਹਿੰਦਾ ਹੈ। ਫਿਲਮ ਦਾ ਸੰਗੀਤ ਵੀ ਖੂਬ ਹੈ।



*ਫਿਲਮ 'ਵਧ' ਦੇ ਇਕ ਦ੍ਰਿਸ਼ ਵਿਚ ਸੰਜੇ ਮਿਸ਼ਰਾ ਅਤੇ ਨੀਨਾ ਗੁਪਤਾ।*

# ਸਵਰਾ ਭਾਸਕਰ ਦੀ ਜੱਦੋ-ਜਹਿਦ ਦੀ ਕਹਾਣੀ

**ਆਮਨਾ ਕੌਰ**

ਵੱਖ-ਵੱਖ ਸਮਾਜਿਕ ਅਤੇ ਸਿਆਸੀ ਮੁੱਦਿਆਂ 'ਤੇ ਆਪਣੀ ਆਵਾਜ਼ ਬੁਲੰਦ ਕਰਨ ਵਾਲੀ ਅਦਾਕਾਰਾ ਸਵਰਾ ਭਾਸਕਰ ਇਕ ਵਾਰ ਫਿਰ ਚਰਚਾ ਵਿਚ ਹੈ। ਇਕ ਇੰਟਰਵਿਊ ਦੌਰਾਨ ਉਸ ਨੇ ਗਿਲੇ-ਸ਼ਿਕਵੇ ਵਾਲੇ ਲਹਿਜ਼ੇ ਵਿਚ ਕਿਹਾ ਕਿ 6-7 ਵੱਡੀਆਂ ਸਫਲ ਵਿਚ ਕੰਮ ਕਰਨ ਦੇ ਬਾਵਜੂਦ ਉਸ ਨੂੰ ਉਤਨਾ ਕੰਮ ਨਹੀਂ ਮਿਲਿਆ ਜਿੰਨਾ ਮਿਲਣਾ ਚਾਹੀਦਾ ਸੀ।

ਯਾਦ ਰਹੇ ਕਿ ਸਵਰਾ ਭਾਸਕਰ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਾਲ 2009 ਵਿਚ ਫਿਲਮ 'ਮਾਧੋਲਾਲ ਕੀਪ ਵਾਕਿੰਗ' ਨਾਲ ਕੀਤੀ ਸੀ। ਇਸ ਤੋਂ ਬਾਅਦ ਫਿਲਮ 'ਤਨੂ ਵੈੱਡਸ ਮਨੂ' (2011), 'ਰਾਂਝਨਾ' (2013), 'ਪ੍ਰੇਮ ਰਤਨ ਧਨ ਪਾਇਓ' (2015), 'ਨਿਲ ਬਟੇ ਸੰਨਾਟਾ' (2016), 'ਅਨਾਰਕਲੀ ਆਫ ਆਰਾਹ' (2017), 'ਵੀਰੇ ਦੀ ਵੈਡਿੰਗ' (2018), ਸ਼ੌਰਟ ਫਿਲਮ 'ਕੋਰਮਾ' ਆਦਿ ਵਿਚ ਕੰਮ ਕੀਤਾ।

ਅਸਲ ਵਿਚ ਸਵਰਾ ਭਾਸਕਰ ਦੇ ਕਈ ਬਿਆਨ ਅਤੇ ਸਰਗਰਮੀ ਤੂਫਾਨ ਖੜ੍ਹਾ ਕਰਦੇ ਰਹੇ ਹਨ। ਸਵਰਾ ਭਾਸਕਰ ਦਾ ਕਹਿਣਾ ਹੈ ਕਿ ਉਹ ਤਾਂ ਕੋਈ ਤੂਫਾਨ ਖੜ੍ਹਾ ਨਹੀਂ ਕਰਦੀ ਪਰ ਸੱਤਾਧਾਰੀ ਪਾਰਟੀ ਨਾਲ ਜੁੜਿਆ ਆਈ.ਟੀ. ਅਤੇ ਹੋਰ ਅਜਿਹੇ ਲੋਕ ਉਸ ਨੂੰ ਜਣਾ-ਬੁਝ ਕੇ ਨਿਸ਼ਾਨਾ ਬਣਾਉਂਦੇ ਹਨ। ਚੇਤੇ ਰਹੇ ਕਿ ਮੋਦੀ ਸਰਕਾਰ ਦੇ ਕਈ ਫੈਸਲਿਆਂ ਦਾ ਸਵਰਾ ਭਾਸਕਰ ਡਟ ਕੇ ਵਿਰੋਧ ਕਰਦੀ ਹੈ। ਉਹ ਖੁਦ ਆਖਦੀ ਹੈ ਕਿ ਉਸ ਦਾ ਨੁਕਸਾਨ ਆਈ.ਟੀ. ਸੈੱਲ ਦੇ ਕੀਤੇ ਦੁਰ-ਪ੍ਰਚਾਰ ਕਾਰਨ ਹੀ ਹੁੰਦਾ ਹੈ। ਉਂਝ, ਇਹ ਗੱਲ ਧਿਆਨ ਦੇਣ ਵਾਲੀ ਹੈ ਕਿ ਸਵਰਾ ਭਾਸਕਰ ਜਦੋਂ ਵੀ ਕਿਸੇ ਮੁੱਦੇ 'ਤੇ ਬੋਲਦੀ ਹੈ, ਉਸ ਦੇ ਵਿਰੋਧੀ ਇਕਦਮ ਸਰਗਰਮ ਹੋ ਜਾਦੇ ਹਨ। ਹੁਣ ਵੀ ਜਦੋਂ ਕੰਮ ਘੱਟ ਮਿਲਣ ਬਾਰੇ ਉਸ ਦਾ ਬਿਆਨ ਆਇਆ ਤਾਂ ਵਿਰੋਧੀਆਂ ਨੇ ਉਸ ਖਿਲਾਫ ਟਰੋਲਾਂ ਦੀ ਝੜੀ ਲਾ ਦਿੱਤੀ। ਇਹ ਗੱਲ ਵੱਖਰੀ ਹੈ ਕਿ ਸੋਸ਼ਲ ਮੀਡੀਆ ਉਤੇ ਉਸ ਦੇ ਹੱਕ ਵਿਚ ਵੀ ਬਥੇਰੇ ਲੋਕ ਨਿੱਤਰ ਆਉਂਦੇ ਹਨ ਪਰ ਵਿਰੋਧੀ ਲੋਕ ਜਿੰਨੇ ਨੀਵੇਂ ਪੱਧਰ 'ਤੇ ਜਾ ਕੇ ਸਵਰਾ ਭਾਸਕਰ ਦੇ ਚਰਿੱਤਰ 'ਤੇ ਹਮਲਾ ਬੋਲਦੇ ਹਨ, ਉਹ ਵਾਕਈ ਬਹੁਤ ਸ਼ਰਮਸਾਰ ਕਰਨ ਵਾਲਾ ਹੁੰਦਾ ਹੈ। ਅਸਲ ਮਸਲਾ ਇਹ ਹੈ ਕਿ ਜਿਸ ਤਰ੍ਹਾਂ ਸੱਤਾਧਾਰੀ ਪਾਰਟੀ ਨਾਲ ਜੁੜੇ ਲੋਕ ਮੋਦੀ ਸਰਕਾਰ ਦੀ ਨੁਕਤਾਚੀਨੀ ਬਰਦਾਸ਼ਤ ਨਹੀਂ ਕਰਦੇ, ਉਸੇ ਤਰ੍ਹਾਂ ਕਲਾ ਦੇ ਖੇਤਰ ਵਿਚ ਸਰਗਰਮ ਸੰਜੀਦਾ ਲੋਕਾਂ ਨੂੰ ਅਜਿਹੇ ਵਿਰੋਧ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ। ਇਹ ਗੱਲ ਸਾਫ ਹੈ ਕਿ ਸਵਰਾ ਭਾਸਕਰ ਆਪਣੀ ਤਰ੍ਹਾਂ ਦੀ ਵਿਲੱਖਣ ਅਦਾਕਾਰਾ ਹੈ ਅਤੇ ਕਲਾ ਦੇ ਮਾਮਲੇ ਵਿਚ ਉਹ ਕਿਸੇ ਤੋਂ ਵੀ ਘੱਟ ਨਹੀਂ ਪਰ ਮੁਲਕ ਵਿਚ ਅੱਜ ਕੱਲ੍ਹ ਜੋ ਸਿਆਸਤ ਅਤੇ ਸਰਗਰਮੀ ਚੱਲ ਰਹੀ ਹੈ, ਉਸ ਅੰਦਰ ਸਰਕਾਰ ਖਿਲਾਫ ਇਕ ਵੀ ਸ਼ਬਦ ਉਚਾਰਨ ਵਾਲੇ ਨੂੰ ਵੀ ਬੁਰੀ ਤਰ੍ਹਾਂ ਲਤਾੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।



ਪਿੱਛੇ ਜਿਹੇ ਸਵਰਾ ਭਾਸਕਰ ਦੀ ਫਿਲਮ 'ਜਹਾਂ ਚਾਰ ਯਾਰ' ਆਈ ਸੀ। ਇਸ ਫਿਲਮ ਵਿਚ ਸਵਰਾ ਭਾਸਕਰ ਤੋਂ ਇਲਾਵਾ ਮਿਹਰ ਵਿਜ, ਪੂਜਾ ਚੋਪੜਾ ਅਤੇ ਸ਼ਿਖਾ ਤਲਸਾਨੀਆ ਨੇ ਵੀ ਕੰਮ ਕੀਤਾ ਹੈ। ਇਹ ਫਿਲਮ ਚਾਰ ਵਿਆਹੁਤਾ ਸਹੇਲੀਆਂ ਦੀ ਜੀਵਨ ਯਾਤਰਾ ਹੈ ਜੋ ਆਪਣੀ ਜ਼ਿੰਦਗੀ ਵਿਚੋਂ ਫੁਰਸਤ ਦੇ ਕੁਝ ਪਲ ਕੱਢ ਕੇ ਗੋਆ ਜਾਂਦੀਆਂ ਹਨ। ਕਲਾ ਦੇ ਪੱਖ ਤੋਂ ਇਸ ਫਿਲਮ ਦੀ ਚਰਚਾ ਹੋਈ ਸੀ ਅਤੇ ਜਿਸ ਤਰ੍ਹਾਂ ਦਾ ਕਿਰਦਾਰ ਸਵਰਾ ਭਾਸਕਰ ਨੇ ਇਸ ਫਿਲਮ ਵਿਚ ਨਿਭਾਇਆ, ਉਹ ਵੀ ਯਾਦਗਾਰੀ ਹੋ ਨਿਬੜਿਆ ਹੈ। ਹੁਣ ਸਵਰਾ ਭਾਸਕਰ 'ਮੀਮਾਂਸਾ' ਅਤੇ 'ਮਿਸਿਜ਼ ਫਾਲਨੀ' ਵਿਚ ਕੰਮ ਕਰ ਰਹੀ ਹੈ। ਉਸ ਦਾ ਕਹਿਣਾ ਹੈ ਕਿ ਉਹ ਸਮਾਜਿਕ ਅਤੇ ਸਿਆਸੀ ਮੰਚ 'ਤੇ ਆਪਣੀ ਸਰਗਰਮੀ ਜਾਰੀ ਰੱਖੇਗੀ, ਇਸ ਲਈ ਭਾਵੇਂ ਉਸ ਨੂੰ ਕਿੰਨੀ ਵੀ ਕੀਮਤ ਕਿਉਂ ਨਾ ਤਾਰਨੀ ਪਵੇ। ਉਸ ਮੁਤਾਬਕ, ਜਿੰਨੀ ਕੁ ਲੋੜ ਹੈ, ਓਨਾ ਕੁ ਕੰਮ ਤਾਂ ਮਿਲ ਹੀ ਜਾਂਦਾ ਹੈ, ਫਿਰ ਵਾਧੂ ਕੰਮ ਮੰਗਣ ਲਈ ਆਪਣੀ ਜ਼ਮੀਰ ਨੂੰ ਗਹਿਣੇ ਕਿਉਂ ਧਰਿਆ ਜਾਵੇ? ਉਹ ਮਾਣ ਨਾਲ ਦੱਸਦੀ ਹੈ ਕਿ ਉਸ ਦੇ ਬੇਬਾਕ ਵਿਚਾਰਾਂ ਕਰ ਕੇ ਬਥੇਰੇ ਲੋਕ ਉਸ ਦਾ ਆਦਰ-ਸਤਿਕਾਰ ਕਰਦੇ ਹਨ। ਘੱਟੋ-ਘੱਟ ਇਹ ਲੋਕ ਚਾਪਲੂਸ ਨਹੀਂ, ਨਾ ਮੈਂ ਚਾਪਲੂਸ ਹੈ; ਇਸੇ ਕਰ ਕੇ ਮੈਂ ਕਿਸੇ ਦੀ ਪ੍ਰਵਾਹ ਨਹੀਂ ਕਰਦੀ।


Harjas Wedding Studio
HARJAS
WEDDING STUDIO
Photography & Cinematography
ਫੋਟੋਗ੍ਰਾਫੀ ਅਤੇ ਵੀਡੀਓਗ੍ਰਾਫੀ
Photography & Videography
ਪੰਜਾਬੀ ਵਿਆਹਾਂ ਦੇ ਰੀਤੀ-ਰਿਵਾਜਾਂ ਦੀ ਮੁਹਾਰਤ ਹਾਸਿਲ
Other Services
Dj and Led Screen Services
Decoration Services
Dholi
Photo Booth
Bridal Makeup
Turban Tying
We cover Midwest USA
Indiana,Illinois,Wisconsin
Michigan,Ohio
Follows us
Instagram
Facebook
YouTube
@HARJASWEDDINGSTUDIO
Www.Harjasweddingstudio.com
Contact
646-639-7320
317-747-0029
Harkirat Singh Ahluwalia
Creative Director
Harjas Media Group